**Reo-Bankowned Properties**
From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S. Rai**
ਇੰਮੀਗ੍ਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

**Obama Care Covered CA**
ਐਪਲੀਕੇਸ਼ਨ ਭਰਨ ਲਈ ਸਾਨੂੰ ਫੋਨ ਕਰੋ
ਕੋਈ ਫੀਸ ਨਹੀਂ
COVERED CALIFORNIA
Certified Insurance Agent
Ph: 510-797-7989
e-mail: Duabba1@gmail.com
2450 Peralta Blvd. # 203, Fremont, CA 94536
Insurance Services Since 1999 License # 0C70672



Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 06, February 11, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਦਿਹਾਤੀ ਜੋਸ਼ ਨੇ ਰਵਾਇਤੀ ਧਿਰਾਂ ਡਰਾਈਆਂ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦਾ ਕੰਮ ਅਮਨ-ਅਮਾਨ ਨਾਲ ਸਿਰੇ ਚੜ੍ਹ ਗਿਆ ਹੈ। ਹੁਣ 11 ਮਾਰਚ ਨੂੰ ਪਤਾ ਲੱਗੇਗਾ ਕਿ ਪੰਜਾਬੀਆਂ ਨੇ ਕਿਸ ਸਿਆਸੀ ਧਿਰਾਂ ਦੇ ਹੱਕ ਵਿਚ ਫਤਵਾ ਦਿੱਤਾ ਹੈ। ਵੋਟਾਂ ਪੈਣ ਅਤੇ ਨਤੀਜੇ ਆਉਣ ਵਿਚ ਮਹੀਨੇ ਤੋਂ ਵੱਧ ਦਾ ਵਕਫ਼ਾ ਹੋਣ ਅਤੇ ਸੂਬੇ ਵਿਚ ਪਹਿਲੀ ਵਾਰ ਮੁਕਾਬਲਾ ਤਿੰਨ ਧਿਰੀ ਰਹਿਣ ਕਰ ਕੇ ਸਿਆਸੀ ਪੰਡਿਤਾਂ ਲਈ ਨਤੀਜੇ ਕਿਆਸਣੇ ਔਖੇ ਹਨ। ਇਸ ਦੇ ਬਾਵਜੂਦ ਵੋਟਰਾਂ ਦੇ ਹਾਵ-ਭਾਵ ਨੂੰ ਆਧਾਰ ਬਣਾ ਕੇ ਅੱਟੇ-ਸੱਟੇ ਲਾਏ ਜਾ ਰਹੇ ਹਨ। ਇਸ ਵਾਰ ਸਭ ਤੋਂ ਵੱਧ ਚਰਚਾ ਪੇਂਡੂ ਵੋਟਰਾਂ ਵੱਲੋਂ ਚੋਣਾਂ ਵਿਚ ਵਿਖਾਈ ਦਿਲਚਸਪੀ ਦੀ ਹੈ।

ਪੰਜਾਬ ਦੇ ਪੇਂਡੂ ਵੋਟਰਾਂ ਨੇ ਇਸ ਵਾਰ ਖੁੱਲ੍ਹ ਕੇ ਵੋਟ ਪਾਈ। ਦਿਹਾਤੀ ਖੇਤਰ ਦੇ ਲੋਕਾਂ ਨੇ ਕਈ ਥਾਂਈਂ 90 ਫੀਸਦੀ ਤੱਕ ਵੋਟਾਂ ਪਾਈਆਂ, ਪਰ ਜਲੰਧਰ, ਅੰਮ੍ਰਿਤਸਰ ਤੇ ਲੁਧਿਆਣਾ ਸ਼ਹਿਰਾਂ ਦੇ ਕਈ ਹਲਕਿਆਂ ਵਿਚ ਵੋਟਾਂ ਦਾ ਭੁਗਤਾਨ 60 ਫੀਸਦੀ ਦੇ ਨੇੜੇ ਹੀ ਰਿਹਾ। ਪਿੰਡਾਂ ਦੇ ਵੋਟਰਾਂ ਦੀ ਗਿਣਤੀ 1 ਕਰੋੜ 33 ਲੱਖ 42 ਹਜ਼ਾਰ 926 ਹੈ, ਜੋ ਕੁੱਲ ਵੋਟਰਾਂ ਦਾ 64 ਫੀਸਦੀ ਬਣਦਾ ਹੈ।

## ਪੇਂਡੂ ਵੋਟ ਬੈਂਕ ਦੇ 'ਆਪ' ਵੱਲ ਝੁਕਾਅ ਦੀ ਚਰਚਾ



18 ਤੋਂ 39 ਸਾਲ ਤੱਕ ਦੀ ਉਮਰ ਦੇ ਨੌਜਵਾਨਾਂ ਦੀਆਂ ਵੋਟਾਂ ਦੀ ਗਿਣਤੀ 1 ਕਰੋੜ 2 ਲੱਖ 44 ਹਜ਼ਾਰ 410 ਹੈ ਜੋ 50 ਫੀਸਦੀ ਤੋਂ ਜ਼ਿਆਦਾ ਹੈ। ਨੌਜਵਾਨਾਂ ਤੇ ਪੇਂਡੂ ਖੇਤਰ ਦੇ ਜ਼ਿਆਦਾਤਰ ਵੋਟਰਾਂ ਦਾ ਰੁਖ 'ਆਪ' ਵੱਲ ਮੰਨਿਆ ਜਾ ਰਿਹਾ ਹੈ। ਜ਼ਾਹਰ ਹੈ ਕਿ ਪਿੰਡਾਂ ਦੀ ਵੋਟ ਹੀ ਅਗਲੀ ਸਰਕਾਰ ਤੈਅ ਕਰੇਗੀ। ਉਧਰ, ਸਿਆਸੀ ਮਾਹਿਰ ਅਧਿਐਨ ਕਰ ਰਹੇ ਹਨ ਕਿ ਪਿੰਡਾਂ ਦੀ ਵੋਟ ਆਖਰ ਕਿਸ ਦੇ ਹੱਕ ਵਿਚ ਭੁਗਤੀ। ਆਮ ਤੌਰ 'ਤੇ ਜ਼ਿਆਦਾ ਪੇਂਡੂ ਵੋਟ ਅਕਾਲੀ ਦਲ ਦੇ ਹੱਕ ਵਿਚ ਭੁਗਤਦੀ ਹੈ ਅਤੇ ਸ਼ਹਿਰੀ ਕਾਂਗਰਸ ਵੱਲ ਝੁਕਾਅ ਰੱਖਦੀ ਹੈ,

*(ਬਾਕੀ ਸਫਾ 6 'ਤੇ)*

## ਪਰਵਾਸੀਆਂ ਦੀਆਂ 4450 ਲੱਖ ਫੋਨ ਕਾਲਾਂ...

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਾਸੀਆਂ ਨੂੰ ਬਾਹਰਲੇ ਮੁਲਕਾਂ ਤੋਂ ਆਈਆਂ ਫੋਨ ਕਾਲਾਂ ਦਾ ਰਿਕਾਰਡ ਬਣਿਆ ਹੈ। ਚੋਣਾਂ ਦੇ 7 ਦਿਨਾਂ ਦੌਰਾਨ ਪੰਜਾਬ ਵਿਚ ਵਿਚ ਕੈਨੇਡਾ, ਅਮਰੀਕਾ, ਯੂ.ਕੇ., ਇਟਲੀ ਤੇ ਆਸਟਰੇਲੀਆ ਤੋਂ ਸਭ ਤੋਂ ਵੱਧ ਫੋਨ ਆਏ। ਦੇਸ਼ ਦੀਆਂ ਮੁੱਖ ਟੈਲੀ-ਕਮਿਊਨੀਕੇਸ਼ਨ ਕੰਪਨੀਆਂ ਵੱਲੋਂ ਜਾਰੀ ਕੀਤੇ ਅੰਕੜੇ ਮੁਤਾਬਕ 7 ਦਿਨਾਂ ਵਿਚ ਵਿਦੇਸ਼ਾਂ ਤੋਂ ਪੰਜਾਬ ਵਾਸੀਆਂ ਨੂੰ 4450 ਲੱਖ ਫੋਨ ਕਾਲਾਂ ਕੀਤੀਆਂ ਗਈਆਂ। ਫੋਨ ਕਰਨ ਦਾ ਸਭ ਤੋਂ ਵੱਡਾ ਕਾਰਨ ਪੰਜਾਬ ਵਿਧਾਨ ਸਭਾ ਚੋਣਾਂ ਸਨ ਜਿਨ੍ਹਾਂ ਬਾਰੇ ਦੇਸ਼-ਵਿਦੇਸ਼ ਬੈਠਾ ਹਰ ਪੰਜਾਬੀ ਬਹੁਤ ਉਤਸੁਕ ਸੀ। ਬਾਹਰ ਵੱਸਦੇ ਪੰਜਾਬੀਆਂ ਨੇ ਵਾਰ-ਵਾਰ ਫੋਨ ਕਰ ਕੇ ਆਪਣੇ ਘਰਦਿਆਂ, ਦੋਸਤਾਂ, ਮਿੱਤਰਾਂ ਤੇ ਸਕੇ ਸਬੰਧੀਆਂ ਨੂੰ ਵੋਟ ਪਾਉਣ ਲਈ ਕਿਹਾ।


# ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਲਈ ਭਖਿਆ ਚੋਣ ਪਿੜ

**ਨਵੀਂ ਦਿੱਲੀ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਵਿਹਲੀ ਹੋਈ ਪੰਜਾਬ ਦੀ ਸਿਆਸਤ ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਦੀਆਂ ਚੋਣਾਂ ਵਿਚ ਜੁਟ ਗਈ ਹੈ। ਦਿੱਲੀ ਕਮੇਟੀ ਲਈ 26 ਫਰਵਰੀ ਨੂੰ ਵੋਟਾਂ ਪੈਣਗੀਆਂ। ਇਹ ਚੋਣਾਂ ਵੀ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਪਰਖ ਹੋਏਗੀ। ਇਨ੍ਹਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਤੇ ਕਾਂਗਰਸ ਭਾਵੇਂ ਸਿੱਧੇ ਰੂਪ ਵਿਚ ਹਿੱਸਾ ਨਹੀਂ ਲੈ ਰਹੀਆਂ, ਪਰ ਇਨ੍ਹਾਂ ਦੀ ਹਮਾਇਤ ਨਾਲ ਬਾਦਲ ਵਿਰੋਧੀ ਸਿੱਖ ਧੜੇ ਮੈਦਾਨ ਵਿਚ ਡਟੇ ਹਨ। ਇਸ ਲਈ ਪੰਜਾਬ ਵਾਲਾ ਭੇੜ ਹੀ ਦਿੱਲੀ ਵਿਚ ਵੇਖਣ ਨੂੰ ਮਿਲੇਗਾ। ਇਸ ਵੇਲੇ ਡੀ.ਐਸ.ਜੀ.ਐਮ.ਸੀ. ਦੀ ਕਮਾਨ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੇ ਹੱਥ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਵਤਾਰ ਸਿੰਘ ਵੱਲੋਂ ਬਣਾਏ ਪੰਥਕ ਸੇਵਾ ਦਲ ਵੀ ਮੈਦਾਨ ਵਿਚ ਹਨ। ਸਰਨਾ ਧੜੇ ਨੂੰ ਕਾਂਗਰਸ ਦੀ ਹਮਾਇਤ ਹਾਸਲ ਹੁੰਦੀ ਹੈ। ਇਨ੍ਹਾਂ ਧੜਿਆਂ ਤੋਂ ਬਿਨਾ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵੀ ਸਰਗਰਮ ਹਨ।

ਇਸ ਲਈ ਪੰਜਾਬ ਨਾਲ ਸਬੰਧਤ ਪੰਥਕ ਮਸਲੇ ਦਿੱਲੀ ਵਿਚ ਅਕਾਲੀ ਦਲ ਲਈ ਵੱਡੀ ਚੁਣੌਤੀ ਬਣਨਗੇ। ਇਸੇ ਰਣਨੀਤੀ ਤਹਿਤ ਅਕਾਲੀ ਦਲ ਵੱਲੋਂ ਡੇਰਾ ਸਿਰਸਾ ਦੀ ਹਮਾਇਤ ਲੈਣ ਵਾਲੇ ਦਿਨ ਹੀ ਪਰਮਜੀਤ ਸਿੰਘ ਸਰਨਾ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਚਿੱਠੀ ਲਿਖ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖਤ ਦੇ ਹੁਕਮਨਾਮੇ ਦਾ ਉਲੰਘਣ ਕਰਨ ਦੇ ਦੋਸ਼ ਵਿਚ ਸਜ਼ਾ ਲਾਉਣ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵੀ ਮੁੱਦਾ ਬਣੇਗੀ।


**We Do Real Estate in Bay Area & Central Valley**
We do loans anywhere in California

Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING Presents
PARADISE BALLROOMS banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering • Silverware • Chinaware • Decorated Hall • Linen
• Several Bar Options • Security • Wait Staff • Full Setup Including Table cloth, napkins, chairs etc.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# 'ਪੰਜਾਬ ਲੋਕ ਰੰਗ' ਪੰਜ ਸ਼ਹਿਰਾਂ ਵਿਚ ਪੇਸ਼ ਕਰੇਗਾ ਨਾਟਕ 'ਹੁਕਮੋ ਦੀ ਹਵੇਲੀ'

**ਫਰੀਮਾਂਟ (ਐਸ. ਅਸ਼ੋਕ ਭੌਰਾ):** ਪੰਜਾਬ ਲੋਕ ਰੰਗ ਵਲੋਂ ਨਾਮੀ ਨਿਰਦੇਸ਼ਕ ਸੁਰਿੰਦਰ ਧਨੋਆ ਦਾ ਲਿਖਿਆ ਤੇ ਨਿਰਦੇਸ਼ਿਤ ਨਾਟਕ 'ਹੁਕਮੋ ਦੀ ਹਵੇਲੀ' ਅਗਲੇ ਦੋ ਮਹੀਨਿਆਂ ਵਿਚ ਕੈਲੀਫੋਰਨੀਆ ਦੇ ਪੰਜ ਵੱਡੇ ਸ਼ਹਿਰਾਂ ਵਿਚ ਪੇਸ਼




ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਪੰਜਾਬ ਲੋਕ ਰੰਗ 'ਮਿੱਟੀ ਰੁਦਨ ਕਰੇ', 'ਸਰਦਲ ਦੇ ਆਰ ਪਾਰ', 'ਗੁਰੂ ਮਾਨਿਓ ਗ੍ਰੰਥ', 'ਗਦਰ ਐਕਸਪ੍ਰੈਸ', 'ਪੱਤਣਾਂ 'ਤੇ ਰੋਣ ਖੜੀਆਂ' ਅਤੇ 'ਉਮਰਾਂ ਲੰਘੀਆਂ ਪੱਬਾਂ ਭਾਰ' ਸਫਲਤਾ ਪੂਰਵਕ ਪੇਸ਼ ਕਰ ਚੁਕਾ ਹੈ।

ਨਾਟਕ 'ਹੁਕਮੋ ਦੀ ਹਵੇਲੀ' ਪਹਿਲੀ ਵਾਰ 10 ਦਸੰਬਰ 2016 ਨੂੰ ਸੈਨ ਹੋਜ਼ੇ ਦੇ ਐਵਰਗਰੀਨ ਪ੍ਰਫਾਰਮਿੰਗ ਆਰਟ ਸੈਂਟਰ ਵਿਚ ਖੇਡਿਆ ਗਿਆ ਸੀ ਜਿਸ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਸੀ। ਨਾਟਕ ਪ੍ਰਤੀ ਦਰਸ਼ਕਾਂ ਦੀ ਉਤਸੁਕਤਾ ਨੂੰ ਵੇਖਦਿਆਂ 11 ਫਰਵਰੀ ਨੂੰ ਇਹ ਨਾਟਕ ਰਿਵਰ ਵੈਲੀ ਹਾਈ ਸਕੂਲ ਯੂਬਾ ਸਿਟੀ, 18 ਫਰਵਰੀ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ, 25 ਫਰਵਰੀ ਨੂੰ ਗਰੈਂਡ ਥਿਏਟਰ ਟਰੇਸੀ, 26 ਮਾਰਚ ਨੂੰ ਵੈਟਰਨ ਮੈਮੋਰੀਅਲ ਹਾਲ ਫਰਿਜ਼ਨੋ ਅਤੇ 8 ਅਪਰੈਲ ਨੂੰ ਰੀਨੋ (ਨੇਵਾਡਾ) ਵਿਖੇ ਖੇਡਿਆ ਜਾਵੇਗਾ।

ਤਕਰੀਬਨ ਅੱਸੀ ਕੁ ਸਾਲ ਪੁਰਾਣੀ ਵਿਰਾਸਤ ਨੂੰ ਦਿਖਾਉਣ ਵਾਲਾ ਇਹ ਨਾਟਕ ਪੁਰਾਤਨ ਪਰੰਪਰਾਵਾਂ ਨੂੰ ਆਧੁਨਿਕ ਪ੍ਰਸੰਗ ਵਿਚ ਬੋਲੀ, ਸ਼ੈਲੀ, ਪਹਿਰਾਵੇ, ਰਹਿਣ-ਸਹਿਣ ਅਤੇ ਸੰਸਕ੍ਰਿਤੀ ਨੂੰ ਰੂਪਮਾਨ ਕਰਦਾ ਹੈ।

ਨਾਟਕ ਦੇ ਅਹਿਮ ਕਿਰਦਾਰਾਂ ਵਿਚ ਜੈਲਦਾਰਨੀ (ਜਸਵਿੰਦਰ ਧਨੋਆ), ਮੀਰ ਕਾਸਮ ਜਵੰਦਾ (ਅਨੂਪ ਚੀਮਾ), ਕੋਕਲਾਂ (ਸ਼ਕਤੀ ਮਾਣਕ), ਜ਼ੁਲੈਖਾਂ (ਸੋਨੀਆ ਚੇੜਾ), ਮੀਰ ਬਖਸ਼ (ਦਰਸ਼ਨ ਔਜਲਾ), ਗੁਰਦਿੱਤ ਸਿੰਘ ਰੇਤਗੜੀਆ (ਪਰਮਪਾਲ ਸਿੰਘ), ਲਾਟੂ (ਸੋਨੂੰ ਰਾਣਾ), ਭੰਬੀਰੀ (ਜਸਵਿੰਦਰ ਸੱਗੀ), ਤਾਰਾਂ (ਗੁਰਜੀਤ ਕੌਰ), ਜ਼ੈਲਦਾਰ (ਸੁਰਿੰਦਰ ਧਨੋਆ) ਅਤੇ ਸੂਤਰਧਾਰ ਦਾ ਰੋਲ (ਮੀਤ ਰਨਮੀਤ) ਨੇ ਨਿਭਾਇਆ ਹੈ। ਨਾਟਕ ਦੀ ਕਹਾਣੀ ਦਰਸ਼ਕਾਂ ਨੂੰ ਆਪਣੇ ਨਾਲ ਨਾਲ ਤੋਰੀ ਰੱਖਦੀ ਹੈ। ਸੁਰਿੰਦਰ ਧਨੋਆ ਅਨੁਸਾਰ ਇਹ ਨਾਟਕ ਜਲਦੀ ਹੀ ਸੰਯੁਕਤ ਅਰਬ ਅਮੀਰਾਤ ਅਤੇ ਕੈਨੇਡਾ ਵਿਚ ਖੇਡਿਆ ਜਾਵੇਗਾ। ਹੋਰ ਜਾਣਕਾਰੀ ਲਈ ਫੋਨ: 510-377-4197 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਚੌਟਾਲੇ ਨੂੰ ਮਿਲੀ ਤਿੰਨ ਹਫਤਿਆਂ ਦੀ ਪੈਰੋਲ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੂੰ ਤਿੰਨ ਹਫਤਿਆਂ ਦੀ ਪੈਰੋਲ ਦੇ ਦਿੱਤੀ। ਉਹ ਅਧਿਆਪਕ ਭਰਤੀ ਘੁਟਾਲੇ ਦੇ ਕੇਸ ਵਿਚ 10 ਸਾਲਾਂ ਦੀ ਸਜ਼ਾ ਭੁਗਤ ਰਹੇ ਹਨ।

# ਬੇਹਿਸਾਬ ਰਕਮ ਜੁਮਾਂ ਕਰਵਾਉਣ ਵਾਲਿਆਂ ਦੀ ਸ਼ਾਮਤ

**ਨਵੀਂ ਦਿੱਲੀ:** ਨੋਟਬੰਦੀ ਤੋਂ ਬਾਅਦ 18 ਲੱਖ ਲੋਕਾਂ ਨੇ ਬੇਹਿਸਾਬ 4.7 ਲੱਖ ਕਰੋੜ ਰੁਪਏ ਜਮ੍ਹਾਂ ਕਰਵਾਏ। ਸੈਂਟਰਲ ਬੋਰਡ ਫਾਰ ਡਾਇਰੈਕਟ ਟੈਕਸਜ਼ ਦੇ ਚੇਅਰਮੈਨ ਨੇ ਕਿਹਾ ਕਿ ਇਨ੍ਹਾਂ 'ਚੋਂ 13 ਲੱਖ ਲੋਕਾਂ ਨੂੰ ਈ-ਮੇਲ ਅਤੇ

ਐਸ.ਐਮ.ਐਸ. ਭੇਜ ਕੇ ਜਾਣਕਾਰੀ ਮੰਗੀ ਗਈ ਹੈ। ਖਾਤਾ ਧਾਰਕਾਂ ਨੂੰ ਈ-ਵੈਰੀਫਿਕੇਸ਼ਨ ਰਾਹੀਂ ਡਿਟੇਲ ਦੇਣੀ ਹੋਵੇਗੀ। ਜਿਹੜੇ ਲੋਕਾਂ ਨੂੰ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਹੈ, ਉਨ੍ਹਾਂ ਲਈ ਯੂਜ਼ਰ ਗਾਈਡ ਵੀ ਲਿਆਂਦੀ ਗਈ ਹੈ। ਵੈੱਬਸਾਈਟ 'ਤੇ ਕੈਸ਼ ਟ੍ਰਾਂਜ਼ੈਕਸ਼ਨ 2016 ਨਾਮ ਦਾ ਲਿੰਕ ਦਿੱਤਾ ਗਿਆ ਹੈ। ਈ-ਵੈਰੀਫਿਕੇਸ਼ਨ ਲਈ ਨੋਟਬੰਦੀ ਦੌਰਾਨ ਹੋਏ ਡਿਪਾਜ਼ਿਟ ਨਾਲ ਜੁੜੀ ਟ੍ਰਾਂਜੈਕਸ਼ਨ ਡਿਟੇਲ ਇਥੇ ਦਿਖਾਈ ਦੇਵੇਗੀ। ਇਥੇ ਇਹ ਦੱਸਣਾ ਹੋਵੇਗਾ ਕਿ ਉਨ੍ਹਾਂ ਦਾ ਪੈਨ ਨੰਬਰ ਬੈਂਕ ਖਾਤੇ ਨਾਲ ਸਬੰਧਤ ਹੈ। ਅਜਿਹਾ ਨਹੀਂ ਹੁੰਦਾ ਤਾਂ ਦੂਸਰੇ ਆਪਸ਼ਨ ਰਾਹੀਂ ਇਨਕਮ ਟੈਕਸ ਵਿਭਾਗ ਨੂੰ ਜਾਣਕਾਰੀ ਭੇਜੀ ਜਾਏਗੀ।

## ਸਿੱਖਾਂ ਬਾਰੇ ਲਤੀਫ਼ਿਆਂ 'ਤੇ ਰੋਕ ਲਾਉਣ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਿੱਖ ਭਾਈਚਾਰੇ ਬਾਰੇ ਚੁਟਕਲਿਆਂ 'ਤੇ ਰੋਕ ਸਬੰਧੀ ਹਦਾਇਤਾਂ ਜਾਰੀ ਕਰਨ ਤੋਂ ਅਸਮਰੱਥਾ ਪ੍ਰਗਟਾਉਂਦਿਆਂ ਕਿਹਾ ਹੈ ਕਿ ਅਦਾਲਤਾਂ ਨਾਗਰਿਕਾਂ ਲਈ ਨੈਤਿਕਤਾ ਬਾਰੇ ਹਦਾਇਤਾਂ ਜਾਰੀ ਨਹੀਂ ਕਰ ਸਕਦੀਆਂ ਅਤੇ ਜੇ ਅਜਿਹੀਆਂ ਹਦਾਇਤਾਂ ਜਾਰੀ ਕਰ ਵੀ ਦਿੱਤੀਆਂ ਜਾਣ ਤਾਂ ਇਨ੍ਹਾਂ ਨੂੰ ਲਾਗੂ ਕਰਵਾਉਣਾ ਸੰਭਵ ਨਹੀਂ ਹੋਵੇਗਾ।

ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਆਰ ਬਾਨੂਮਤੀ 'ਤੇ ਆਧਾਰਿਤ ਬੈਂਚ ਨੇ ਕਿਹਾ ਕਿ ਅਦਾਲਤਾਂ ਲੋਕਾਂ ਨੂੰ ਜਨਤਕ ਥਾਵਾਂ 'ਤੇ ਵਿਸ਼ੇਸ਼ ਤਰੀਕੇ ਦਾ ਵਿਹਾਰ ਕਰਨ ਸਬੰਧੀ ਹਦਾਇਤਾਂ ਜਾਰੀ ਨਹੀਂ ਕਰ ਸਕਦੀਆਂ ਅਤੇ ਜੇ ਉਹ ਲਾਗੂ ਕਰ ਵੀ ਦੇਣ ਤਾਂ ਇਨ੍ਹਾਂ ਨੂੰ ਸੜਕਾਂ 'ਤੇ ਲਾਗੂ ਕੌਣ ਕਰਵਾਏਗਾ? ਇਸੇ ਦੌਰਾਨ ਬੈਂਚ ਨੇ ਕਿਹਾ ਕਿ ਇੰਟਰਨੈੱਟ, ਐਸ ਐਮ ਐਸ ਅਤੇ ਸੰਚਾਰ ਦੇ ਹੋਰ ਮਾਧਿਅਮਾਂ ਰਾਹੀਂ ਸਿੱਖਾਂ ਬਾਰੇ ਫੈਲਾਏ ਜਾਂਦੇ ਭੱਦੇ ਚੁਟਕਲਿਆਂ ਖ਼ਿਲਾਫ਼ ਪਾਈਆਂ ਗਈਆਂ ਪਟੀਸ਼ਨਾਂ ਸਬੰਧੀ ਉਹ ਰਸਮੀ ਫ਼ੈਸਲਾ ਦੇਣਗੇ।

## ਹੁਣ 100 ਦੇ ਨੋਟਾਂ ਦੀ ਵਾਰੀ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਵੱਲੋਂ ਛੇਤੀ ਹੀ 100 ਰੁਪਏ ਦੇ ਨਵੇਂ ਨੋਟ ਜਾਰੀ ਕਰਨ ਦੀ ਤਿਆਰੀ ਹੈ। ਇਹ ਨੋਟ ਮਹਾਤਮਾ ਗਾਂਧੀ ਸੀਰੀਜ਼-2005 ਵਰਗੇ ਹੀ ਹੋਣਗੇ।

ਰਿਜ਼ਰਵ ਬੈਂਕ ਵੱਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ 'ਚ ਦੱਸਿਆ ਹੈ ਕਿ ਇਨ੍ਹਾਂ ਨੋਟਾਂ ਦੇ ਦੋਵੇਂ ਨੰਬਰ ਪੈਨਲਾਂ 'ਤੇ ਇਨਸੈੱਟ ਲੈਟਰ ਵਿਚ 'ਆਰ' ਲਿਖਿਆ ਹੋਵੇਗਾ। ਇਨ੍ਹਾਂ ਨੋਟਾਂ ਉਤੇ ਪ੍ਰਿੰਟਿੰਗ ਸਾਲ ਵਜੋਂ 2017 ਛਪਿਆ ਹੋਵੇਗਾ।

## ਪੁਰਾਣੇ ਨੋਟ ਰੱਖਣ ਬਦਲੇ ਸਜ਼ਾ ਵਾਲਾ ਬਿੱਲ ਪਾਸ

**ਨਵੀਂ ਦਿੱਲੀ:** ਲੋਕ ਸਭਾ ਨੇ ਇਕ ਬਿੱਲ ਪਾਸ ਕਰ ਦਿੱਤਾ ਹੈ ਜਿਸ ਵਿਚ 500/1000 ਰੁਪਏ ਦੇ ਬੰਦ ਹੋਏ 10 ਤੋਂ ਜ਼ਿਆਦਾ ਕਰੰਸੀ ਨੋਟ ਕੋਲ ਰੱਖਣ ਬਦਲੇ 10 ਹਜ਼ਾਰ ਰੁਪਏ ਜੁਰਮਾਨਾ ਲਾਉਣ ਦੀ ਵਿਵਸਥਾ ਹੈ। ਸਰਕਾਰ ਨੇ ਕਿਹਾ ਕਿ ਇਸ ਦਾ ਨਿਸ਼ਾਨਾ ਬੰਦ ਹੋਏ ਨੋਟਾਂ ਨਾਲ ਮਤਵਾਜ਼ੀ ਆਰਥਿਕਤਾ ਚਲਾਉਣ ਤੋਂ ਰੋਕਣਾ ਹੈ।

ਸਪੈਸੀਫਾਈਡ ਬੈਂਕ ਨੋਟ (ਦੇਣਦਾਰੀਆਂ ਖਤਮ ਕਰਨ) ਬਿੱਲ 'ਤੇ ਚਰਚਾ ਦਾ ਜਵਾਬ ਦਿੰਦਿਆਂ ਵਿਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਇਸ ਨਾਲ ਬੰਦ ਕੀਤੇ ਨੋਟਾਂ ਪ੍ਰਤੀ ਸਰਕਾਰ ਦੀ ਦੇਣਦਾਰੀ ਖਤਮ ਹੋ ਜਾਵੇਗੀ ਅਤੇ ਮਤਵਾਜ਼ੀ ਕਰੰਸੀ ਵਜੋਂ ਵਰਤਣ ਦੀ ਸੰਭਾਵਨਾ ਵੀ ਖਤਮ ਹੋ ਜਾਵੇਗੀ। ਇਹ ਬਿੱਲ 30 ਦਸੰਬਰ ਨੂੰ ਜਾਰੀ ਆਰਡੀਨੈਂਸ ਦੀ ਥਾਂ ਲਵੇਗਾ।

ਗ੍ਰੰਥੀ ਸਿੰਘ ਦੀ ਲੋੜ ਹੈ
ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ) ਲਈ ਗ੍ਰੰਥੀ ਸਿੰਘ ਦੀ ਲੋੜ ਹੈ। ਗੁਰਬਾਣੀ ਦੀ ਵਿਆਖਿਆ ਅੰਗਰੇਜ਼ੀ ਵਿਚ ਵੀ ਕਰ ਸਕਣ ਵਾਲੇ ਗ੍ਰੰਥੀ ਸਿੰਘ ਨੂੰ ਤਰਜੀਹ।
ਸੰਪਰਕ ਕਰੋ, ਭਾਈ ਸੱਜਣ ਸਿੰਘ
ਫੋਨ: 718-347-5659

Anu Attorney
Professional Law Group, PLLC.
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW (Only In WA)
*Divorce *Annulment
*International Custody
INCORPORATIONS (Only In WA)
*International Contracts, Mergers
*Attorney Supreme Court of India
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India
Evening Appointments Available



# ਅਮੋਲਕ ਸਿੰਘ ਜੰਮੂ ਨੂੰ ਸਦਮਾ ਪਿਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਸ. ਦਲੀਪ ਸਿੰਘ 93 ਸਾਲ ਦੀ ਉਮਰੇ ਲੰਘੀ ਚਾਰ ਫਰਵਰੀ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਪੰਚਕੂਲੇ (ਹਰਿਆਣਾ) ਵਿਚ ਆਪਣੇ ਛੋਟੇ ਪੁੱਤਰ ਬਲਵਿੰਦਰ ਸਿੰਘ ਜੰਮੂ ਪਾਸ ਰਹਿੰਦੇ ਸਨ। ਬਲਵਿੰਦਰ ਸਿੰਘ ਜੰਮੂ ਮੋਹਾਲੀ ਤੋਂ ਛਪਦੇ ਅਖਬਾਰ 'ਸਪੋਕਸਮੈਨ' ਦੇ ਐਡੀਟਰ ਹਨ ਅਤੇ ਇਨ੍ਹੀਂ ਦਿਨੀਂ ਅਮਰੀਕਾ ਆਏ ਹੋਏ ਸਨ।



ਸ. ਦਲੀਪ ਸਿੰਘ ਆਪਣੇ ਪਿਛੇ ਦੋ ਪੁੱਤਰਾਂ ਤੋਂ ਇਲਾਵਾ ਨੂੰਹਾਂ ਜਸਪ੍ਰੀਤ ਕੌਰ ਤੇ ਹਰਵਿੰਦਰ ਕੌਰ, ਧੀਆਂ ਸੁਰਿੰਦਰ ਕੌਰ ਤੇ ਪਰਮਿੰਦਰ ਕੌਰ (ਜਵਾਈ ਜਗਦੀਸ਼ ਸਿੰਘ ਹਾਂਡਾ) ਛਡ ਗਏ ਹਨ। ਵੱਡੀ ਧੀ ਸੁਰਿੰਦਰ ਕੌਰ ਦਾ ਪਤੀ ਕਈ ਸਾਲ ਪਹਿਲਾਂ ਚਲਾਣਾ ਕਰ ਗਿਆ ਸੀ। ਇਸ ਤੋਂ ਬਿਨਾ ਉਹ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਜੀਵਨ ਸਾਥਣ ਮਾਤਾ ਸੁਰਜੀਤ ਕੌਰ 2012 ਵਿਚ ਵਿਛੋੜਾ ਦੇ ਗਏ ਸਨ। ਸਵਰਗੀ ਸ. ਦਲੀਪ ਸਿੰਘ 5 ਭਰਾ ਤੇ 3 ਭੈਣਾਂ ਸਨ ਜਿਨ੍ਹਾਂ ਵਿਚੋਂ ਖੁਦ ਉਨ੍ਹਾਂ ਸਮੇਤ 4 ਭਰਾ ਤੇ 2 ਭੈਣਾਂ ਇਸ ਜਹਾਨੋਂ ਕੂਚ ਕਰ ਚੁਕੇ ਹਨ।

ਸ. ਦਲੀਪ ਸਿੰਘ ਲੰਮਾ ਸਮਾਂ ਪੀ.ਏ.ਪੀ. (ਪੰਜਾਬ ਆਰਮਡ ਪੁਲਿਸ) ਵਿਚ ਨੌਕਰੀ ਕਰਨ ਉਪਰੰਤ ਇੰਸਪੈਕਟਰ ਵਜੋਂ 1984 ਵਿਚ ਰਿਟਾਇਰ ਹੋਏ ਸਨ। 93 ਸਾਲ ਦੀ ਉਮਰ ਵਿਚ ਵੀ ਉਹ ਪੂਰੀ ਤਰ੍ਹਾਂ ਸਿਹਤਮੰਦ ਸਨ। ਪੁਲਿਸ ਵਿਚ ਰਹਿਣ ਕਾਰਨ ਉਹ ਪੂਰੇ ਡਿਸਿਪਲਿਨ ਵਾਲੀ ਜ਼ਿੰਦਗੀ ਜਿਉਂਦੇ ਸਨ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਸਵੇਰੇ-ਸ਼ਾਮ ਬਿਲਾ ਨਾਗਾ ਸੈਰ ਕਰਦੇ ਅਤੇ ਹਮੇਸ਼ਾ ਕੋਈ ਨਾ ਕੋਈ ਕਿਤਾਬ ਪੜ੍ਹਦਿਆਂ ਆਪਣੇ ਆਪ ਨੂੰ ਮਸ਼ਰੂਫ ਰੱਖਦੇ। 2014 ਵਿਚ ਉਹ ਜਦੋਂ ਪਹਿਲੀ ਵਾਰ ਅਮਰੀਕਾ ਆਏ ਤਾਂ ਵਾਪਸ ਇੰਡੀਆ ਜਾਣ ਲੱਗੇ ਪੁੱਤਰ (ਅਮੋਲਕ ਸਿੰਘ) ਨੂੰ ਕਹਿਣ ਲੱਗੇ, "ਲੜਨਾ ਹੈ ਲੜਨਾ, ਹਾਰ ਨਹੀਂ ਮੰਨਣੀ।" ਅਜੇ ਕੁਝ ਮਹੀਨੇ ਪਹਿਲਾਂ ਵੀ ਉਹ ਸ਼ਿਕਾਗੋ ਆਏ ਸਨ। ਕਿਸੇ ਨੂੰ ਨਹੀਂ ਸੀ ਜਾਪਦਾ ਕਿ ਉਹ ਅਚਾਨਕ ਇੰਜ ਚਲੇ ਜਾਣਗੇ।

# ਸਿੰਧੂ ਜਲ ਸੰਧੀ ਉਤੇ ਖਤਰੇ ਦੇ ਬੱਦਲ

**ਇਸਲਾਮਾਬਾਦ:** ਸਿੰਧੂ ਜਲ ਸੰਧੀ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਸੰਘਰਸ਼ ਦਾ ਅਨੋਖਾ ਉਦਹਾਰਨ ਰਹੀ ਹੈ, ਪਰ 1990 ਦੇ ਦਹਾਕੇ ਦੀ ਸ਼ੁਰੂਆਤ ਵਿਚ ਪਾਣੀ ਦੀ ਘਾਟ ਨੇ ਇਸ ਸੰਧੀ 'ਚ ਤਣਾਅ ਪੈਦਾ ਕਰ ਦਿੱਤਾ ਅਤੇ ਹੁਣ ਇਸ ਦੇ ਕਾਇਮ ਰਹਿਣ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

ਸੰਯੁਕਤ ਰਾਸ਼ਟਰ ਦੀ ਰਿਪੋਰਟ 'ਚ ਇਹ ਗੱਲ ਕੀਤੀ ਗਈ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੀ ਰਿਪੋਰਟ ਮੁਤਾਬਕ, ਇਹ ਸੰਧੀ 2 ਮੁੱਦਿਆਂ ਦਾ ਹੱਲ ਕਰਨ 'ਚ ਅਸਫਲ ਰਹੀ ਹੈ। ਪਹਿਲਾ ਮੁੱਦਾ ਖੁਸ਼ਕ ਮੌਸਮ ਵਿਚ ਨਦੀ ਦਾ ਵਹਾਅ ਘੱਟ ਹੋਣ 'ਤੇ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਜਲ ਦੀ ਵੰਡ ਦਾ ਹੈ ਅਤੇ ਦੂਸਰਾ ਮੁੱਦਾ ਪਾਕਿਸਤਾਨ 'ਚ ਚਨਾਬ ਨਦੀ ਦੇ ਵਹਾਅ 'ਤੇ ਪਾਣੀ ਦੀ ਘਾਟ ਦਾ ਸਮੂਹਿਕ ਅਸਰ ਹੈ।

ਰਿਪੋਰਟ ਦੇ ਅਨੁਸਾਰ ਜਿਹਲਮ ਅਤੇ ਨੀਲਮ ਨਦੀਆਂ 'ਤੇ ਵੂਲਾਰ ਬੈਰਾਜ ਅਤੇ ਕਿਸ਼ਨਗੰਗਾ ਯੋਜਨਾ ਦੀ ਵੀ ਇਹੀ ਸਮੱਸਿਆ ਹੈ ਜਿਥੇ ਕਣਕ ਦੀ ਫਸਲ ਦੌਰਾਨ ਪਾਣੀ ਦੀ ਘਾਟ ਕਾਰਨ ਸਥਿਤੀ ਗੰਭੀਰ ਹੋ ਜਾਂਦੀ ਹੈ ਅਤੇ ਖਰੀਫ ਦੌਰਾਨ ਵਹਾਅ 20 ਫੀਸਦੀ ਤੱਕ ਰਹਿ ਜਾਂਦਾ ਹੈ।

# ਕਤਰ ਏਅਰਵੇਅਜ਼ ਨੇ ਭਰੀ ਸਭ ਤੋਂ ਲੰਮੀ ਉਡਾਣ

**ਦੋਹਾ:** ਕਤਰ ਏਅਰਵੇਅਜ਼ ਨੇ ਦੋਹਾ ਤੋਂ ਆਕਲੈਂਡ ਲਈ ਉਡਾਣ ਸ਼ੁਰੂ ਕੀਤੀ ਹੈ ਜੋ ਵਿਸ਼ਵ ਦੀ ਸਭ ਤੋਂ ਲੰਮੀ ਦੂਰੀ ਦੀ ਵਪਾਰਕ ਸੇਵਾ ਉਡਾਣ ਹੈ। ਕਿਊਆਰ-920 ਉਡਾਣ ਕਤਰ ਦੀ ਰਾਜਧਾਨੀ ਤੋਂ ਰਵਾਨਾ ਹੋਈ।

ਬੋਇੰਗ 777 ਆਪਣੀ ਮੰਜ਼ਿਲ (ਆਕਲੈਂਡ) 'ਤੇ ਪਹੁੰਚਣ ਲਈ 16 ਘੰਟੇ ਤੇ 20 ਮਿੰਟ ਲਵੇਗਾ ਅਤੇ ਪੰਜ ਮੁਲਕਾਂ ਤੋਂ ਦੀ 14535 ਕਿਲੋਮੀਟਰ ਦਾ ਪੈਂਡਾ ਤੈਅ ਕਰੇਗਾ।


# ਅੰਤਰ-ਰਾਜੀ ਜਲ ਵਿਵਾਦਾਂ ਦੇ ਹੱਲ ਲਈ ਮਿਥੀ ਜਾਵੇਗੀ ਮਿਆਦ

**ਨਵੀਂ ਦਿੱਲੀ:** ਦਰਿਆਈ ਪਾਣੀਆਂ ਸਬੰਧੀ ਝਗੜਿਆਂ ਨੂੰ ਮਿਥੇ ਸਮੇਂ ਵਿਚ ਨਿਬੇੜਨ ਦੇ ਮਕਸਦ ਨਾਲ ਸਰਕਾਰ ਵੱਲੋਂ ਅੰਤਰ-ਰਾਜੀ ਦਰਿਆਈ ਪਾਣੀ ਵਿਵਾਦ ਐਕਟ ਵਿਚ ਸੋਧ ਕਰਨ ਲਈ ਵਿਚਾਰ ਕੀਤੀ ਜਾ ਰਹੀ ਹੈ। ਟ੍ਰਿਬਿਊਨਲ ਕਾਇਮ ਕਰ ਕੇ ਝਗੜਿਆਂ ਨੂੰ ਮਿਥੀ ਮਿਆਦ 'ਚ ਨਿਬੇੜਨ ਦਾ ਬੰਦੋਬਸਤ ਕੀਤਾ ਜਾਵੇਗਾ।

ਰਾਜ ਸਭਾ ਵਿਚ ਇਸ ਸਬੰਧੀ ਜ਼ਿਮਨੀ ਸਵਾਲਾਂ ਦਾ ਜਵਾਬ ਦਿੰਦਿਆਂ ਊਰਜਾ ਮੰਤਰੀ ਪਿਯੂਸ਼ ਗੋਇਲ ਨੇ ਕਿਹਾ ਕਿ ਇਹ ਅਜਿਹਾ ਮੁੱਦਾ ਹੈ ਜਿਹੜਾ ਦੇਸ਼ ਲਈ ਸਮੱਸਿਆ ਬਣਿਆ ਹੋਇਆ ਹੈ ਅਤੇ ਵੱਖ-ਵੱਖ ਟ੍ਰਿਬਿਊਨਲਾਂ ਵੱਲੋਂ ਆਪਣਾ ਫ਼ੈਸਲਾ ਦੇਣ ਲਈ ਲਾਏ ਜਾਂਦੇ ਲੰਬੇ ਸਮੇਂ ਬਾਰੇ ਸਾਰਿਆਂ ਨੂੰ ਪਤਾ ਹੈ। ਮੌਜੂਦਾ ਕਾਨੂੰਨ ਵਿਚ ਇਸ ਸਬੰਧੀ ਕੋਈ ਮਿਆਦ ਨਹੀਂ ਮਿਥੀ ਗਈ। ਕਾਵੇਰੀ ਜਲ ਟ੍ਰਿਬਿਊਨਲ ਨੇ 26 ਸਾਲ ਤਿੰਨ ਮਹੀਨੇ ਲੈ ਲਏ ਹਨ ਪਰ ਮਾਮਲਾ ਹਾਲੇ ਵੀ ਸੁਪਰੀਮ ਕੋਰਟ ਵਿਚ ਲਮਕ ਰਿਹਾ ਹੈ।


ਰਵੀ ਬਾਠ

ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ



ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626
rvbaat@gmail.com

*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741

**5887A Lone Tree Way**
**Antioch, CA 94531**

Better Homes Real Estate | MASON-McDUFFIE



ਸੰਜਨਾ ਪ੍ਰਭਾਕਰ

ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ

*(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)*

- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849

*email: sanjana4loans@gmail.com*



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

Arcus Lending — America's Premier Mortgage Experts
*Arcus NMLS # 1035734*

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ



PERSONAL INJURY ATTORNEYS

LAW OFFICES OF MANPREET S. BAINS
LAW OFFICES OF WILLIAM E. WEISS

AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਅਮਨ-ਅਮਾਨ ਨਾਲ ਨੇਪਰੇ ਚੜ੍ਹਿਆ ਪੰਜਾਬ ਦਾ ਚੋਣ ਅਮਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਲਈ ਵੋਟਾਂ ਪੈਣ ਦਾ ਅਮਲ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ। ਪਾਰਟੀ ਆਗੂਆਂ ਨੇ ਚੋਣ ਪ੍ਰਚਾਰ ਨੂੰ ਭਖਾਉਂਦਿਆਂ ਸੂਬੇ ਦੀ ਰਾਜਸੀ ਫਿਜ਼ਾ ਅੰਦਰ ਸ਼ਬਦੀ ਜ਼ਹਿਰ ਤਾਂ ਘੋਲਿਆ, ਪਰ ਲੋਕਾਂ ਨੇ ਵੋਟਾਂ ਦੌਰਾਨ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ। ਸੂਬੇ ਵਿਚ 78.6 ਫੀਸਦੀ ਲੋਕਾਂ ਨੇ ਆਪਣੇ ਜਮਹੂਰੀ ਹੱਕ ਦੀ ਵਰਤੋਂ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ (ਆਪ), ਬਸਪਾ ਹੋਰਨਾਂ ਸਿਆਸੀ ਪਾਰਟੀਆਂ ਤੋਂ 304 ਆਜ਼ਾਦ ਉਮੀਦਵਾਰਾਂ ਸਣੇ 1145 ਉਮੀਦਵਾਰਾਂ ਦੀ ਸਿਆਸੀ ਕਿਸਮਤ ਵੋਟਿੰਗ ਮਸ਼ੀਨਾਂ ਵਿਚ ਬੰਦ ਹੋ ਗਈ ਹੈ। ਵੋਟਾਂ ਦੀ ਗਿਣਤੀ 11 ਮਾਰਚ ਨੂੰ ਹੋਵੇਗੀ। ਪੰਜਾਬ ਦੇ ਦਿਹਾਤੀ ਖੇਤਰ ਦੇ ਲੋਕਾਂ ਨੇ ਕਈ ਥਾਈਂ 90 ਫੀਸਦੀ ਤੱਕ ਵੋਟਾਂ ਪਾਈਆਂ। ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਸ਼ਹਿਰਾਂ ਦੇ ਕਈ ਹਲਕਿਆਂ ਵਿਚ ਵੋਟਾਂ ਦਾ ਭੁਗਤਾਨ 60 ਫੀਸਦੀ ਦੇ ਨਜ਼ਦੀਕ ਹੀ ਰਿਹਾ। ਮਾਲਵਾ ਅਤੇ ਸਰਹੱਦੀ ਖੇਤਰ ਦੇ ਜ਼ਿਲ੍ਹਿਆਂ ਵਿਚਲੇ ਵਿਧਾਨ ਸਭਾ ਹਲਕਿਆਂ ਵਿਚ ਵੋਟ ਪ੍ਰਤੀਸ਼ਤ 80 ਫੀਸਦੀ ਤੋਂ ਵੀ ਟੱਪ ਗਈ ਹੈ।

ਪੰਜਾਬ ਦੇ ਚਰਚਿਤ ਵਿਧਾਨ ਸਭਾ ਹਲਕਿਆਂ ਵਿਚੋਂ ਲੰਬੀ ਵਿਚ 78 ਫੀਸਦੀ ਵੋਟਾਂ ਪਈਆਂ ਜਦੋਂ ਕਿ ਜਲਾਲਾਬਾਦ ਵਿਚ 86 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ। ਪਟਿਆਲਾ ਵਿਧਾਨ ਸਭਾ ਹਲਕੇ ਵਿਚ 67 ਫੀਸਦੀ ਲੋਕਾਂ ਨੇ ਹੀ ਵੋਟਾਂ ਪਾਈਆਂ। ਬਠਿੰਡਾ ਜ਼ਿਲ੍ਹੇ ਦੇ ਮੌੜ ਮੰਡੀ ਹਲਕੇ ਵਿਚ ਜਿਥੇ ਚੋਣ ਪ੍ਰਚਾਰ ਦੌਰਾਨ ਬੰਬ ਧਮਾਕਾ ਹੋ ਗਿਆ ਸੀ, ਵਿਚ ਵੀ ਵੋਟਰਾਂ ਦਾ ਉਤਸ਼ਾਹ ਮੱਠਾ ਨਹੀਂ ਪਿਆ। ਇਸ ਹਲਕੇ ਦੇ 85 ਫੀਸਦੀ ਵੋਟਰਾਂ ਨੇ ਜਮਹੂਰੀ ਹੱਕ ਦਾ ਪ੍ਰਯੋਗ ਕੀਤਾ। ਮਜੀਠਾ ਹਲਕੇ ਵਿਚ 68 ਫੀਸਦੀ ਵੋਟਾਂ ਪਈਆਂ। ਅੰਮ੍ਰਿਤਸਰ ਦੱਖਣੀ ਹਲਕੇ ਵਿਚ ਸਭ ਤੋਂ ਘੱਟ 58 ਫੀਸਦੀ ਵੋਟਾਂ ਪਈਆਂ। ਸੰਗਰੂਰ ਜ਼ਿਲ੍ਹੇ ਦੇ ਸਾਰੇ ਹਲਕਿਆਂ ਵਿਚ 80 ਫੀਸਦੀ ਤੋਂ ਜ਼ਿਆਦਾ ਮਤਦਾਨ ਹੋਇਆ। ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ ਸਭ ਤੋਂ ਜ਼ਿਆਦਾ 85 ਫੀਸਦੀ ਵੋਟਾਂ ਪਈਆਂ ਜਦੋਂ ਕਿ ਅੰਮ੍ਰਿਤਸਰ ਵਿਚ ਸਭ ਤੋਂ ਘੱਟ 67 ਫੀਸਦੀ ਮਤਦਾਨ ਹੋਇਆ। ਸਾਰੇ 117 ਵਿਧਾਨ ਸਭਾ ਹਲਕਿਆਂ ਅਤੇ ਅੰਮ੍ਰਿਤਸਰ ਸੰਸਦੀ ਹਲਕੇ ਦੀ ਉਪ ਚੋਣ ਲਈ ਵੋਟਾਂ ਪੈਣ ਦਾ ਕੰਮ ਸਵੇਰੇ 8 ਵਜੇ ਸ਼ੁਰੂ ਹੋਇਆ ਤੇ ਪੋਲਿੰਗ ਬੂਥਾਂ 'ਤੇ ਸਵੇਰ ਤੋਂ ਹੀ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਦੁਪਹਿਰ ਤੱਕ 40 ਫੀਸਦੀ ਤੋਂ ਜ਼ਿਆਦਾ ਵੋਟਾਂ ਭੁਗਤ ਚੁੱਕੀਆਂ ਸਨ। ਵੋਟਾਂ ਪੈਣ ਦਾ ਸਮਾਂ 5 ਵਜੇ ਤੱਕ ਸੀ, ਪਰ ਕਈ ਥਾਈਂ ਸ਼ਾਮੀ 7 ਵਜੇ ਤੋਂ ਬਾਅਦ ਵੀ ਲਾਈਨਾਂ ਲੱਗੀਆਂ ਹੋਈਆਂ ਸਨ। ਚੋਣ ਕਮਿਸ਼ਨ ਵੱਲੋਂ ਪੰਜਾਬ ਵਿਚ ਪਹਿਲੀ ਵਾਰ 33 ਵਿਧਾਨ ਸਭਾ ਹਲਕਿਆਂ ਵਿਚ ਵੀ.ਵੀ.ਪੀ.ਏ.ਟੀ. ਮਸ਼ੀਨਾਂ ਰਾਹੀਂ ਵੋਟਾਂ ਪਾਉਣ ਦੇ ਤਜਰਬੇ ਨੂੰ ਸਫਲ ਦੱਸਦਿਆਂ ਵੀ.ਕੇ.ਸਿੰਘ ਨੇ ਦੱਸਿਆ ਕਿ ਇਨ੍ਹਾਂ ਹਲਕਿਆਂ ਵਿਚ 6668 ਵੀ.ਵੀ.ਪੀ.ਏ.ਟੀ. ਮਸ਼ੀਨਾਂ ਰਾਹੀਂ ਵੋਟਾਂ ਪਾਈਆਂ ਗਈਆਂ।

*78.6 ਫੀਸਦੀ ਲੋਕਾਂ ਨੇ ਕੀਤੀ ਜਮਹੂਰੀ ਹੱਕ ਦੀ ਵਰਤੋਂ*



### ਪੰਜਾਬ ਵਿਧਾਨ ਸਭਾ ਲਈ ਵੋਟ ਫੀਸਦੀ

**ਚੰਡੀਗੜ੍ਹ:** ਸੰਗਰੂਰ ਵਿਚ 83 ਫੀਸਦੀ, ਫਾਜ਼ਿਲਕਾ ਵਿਚ 81, ਫਿਰੋਜ਼ਪੁਰ ਵਿਚ 80, ਫਰੀਦਕੋਟ ਵਿਚ 80, ਬਰਨਾਲਾ ਵਿਚ 80, ਬਠਿੰਡਾ ਵਿਚ 82, ਮਾਨਸਾ ਵਿਚ 85, ਫਤਿਹਗੜ੍ਹ ਸਾਹਿਬ ਵਿਚ 80, ਮੁਹਾਲੀ ਵਿਚ 69, ਪਟਿਆਲਾ ਵਿਚ 77, ਮੁਕਤਸਰ ਵਿਚ 81, ਲੁਧਿਆਣਾ ਵਿਚ 73, ਜਲੰਧਰ ਵਿਚ 72, ਅੰਮ੍ਰਿਤਸਰ ਵਿਚ 67, ਗੁਰਦਾਸਪੁਰ ਵਿਚ 72, ਪਠਾਨਕੋਟ ਵਿਚ 77, ਤਰਨਤਾਰਨ ਵਿਚ 74, ਕਪੂਰਥਲਾ ਵਿਚ 74, ਹੁਸ਼ਿਆਰਪੁਰ 72, ਰੋਪੜ ਵਿਚ 75, ਮੋਗਾ ਵਿਚ 75 ਅਤੇ ਨਵਾਂ ਸ਼ਹਿਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਿਆਂ ਵਿਚ 77 ਫੀਸਦੀ ਵੋਟਾਂ ਪਈਆਂ।

### ਕੇਜਰੀਵਾਲ ਦਾ ਚੋਣ ਕਮਿਸ਼ਨ ਨੂੰ ਸਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਚੋਣ ਕਮਿਸ਼ਨ ਤੇ ਪੰਜਾਬ ਪੁਲਿਸ ਉਤੇ ਸਵਾਲ ਚੁੱਕੇ ਹਨ। ਆਪ ਦੇ ਆਗੂ ਰੌਬੀ ਬਰਾੜ ਨੂੰ ਸ਼ਰੇਆਮ ਗੋਲੀ ਮਾਰਨ ਦੀ ਘਟਨਾ 'ਤੇ ਕੇਜਰੀਵਾਲ ਨੇ ਸਵਾਲ ਕੀਤਾ ਹੈ ਕਿ ਚੋਣ ਕਮਿਸ਼ਨ ਕੀ ਕਰ ਰਿਹਾ ਹੈ? ਪੰਜਾਬ ਪੁਲਿਸ ਕੀ ਕਰ ਰਹੀ ਹੈ? ਕਾਬਲੇਗੌਰ ਹੈ ਕਿ ਰਾਮਪੁਰਾ ਫੂਲ ਵਿਚ ਆਮ ਆਦਮੀ ਪਾਰਟੀ ਦੇ ਰਾਮਪੁਰਾ ਯੂਥ ਕੋਆਰਡੀਨੇਟਰ ਰੌਬੀ ਬਰਾੜ ਦੇ ਪੱਟ ਵਿਚ ਗੋਲੀ ਵੱਜ ਗਈ ਸੀ। ਇਸ ਮਾਮਲੇ ਵਿਚ ਕੇਜਰੀਵਾਲ ਨੇ ਪੰਜਾਬ ਦੇ ਪ੍ਰਸ਼ਾਸਨ ਉਤੇ ਟਵੀਟ ਰਾਹੀ ਸੁਆਲ ਚੁੱਕੇ ਹਨ।

### 300 ਤੋਂ ਵੱਧ ਉਮੀਦਵਾਰਾਂ ਨੇ ਪਹਿਲੀ ਵਾਰ ਖੁਦ ਨੂੰ ਪਾਈ ਵੋਟ

**ਲੁਧਿਆਣਾ:** ਵੋਟਾਂ ਦੌਰਾਨ 300 ਤੋਂ ਵੱਧ ਅਜਿਹੇ ਉਮੀਦਵਾਰ ਸਨ, ਜਿਨ੍ਹਾਂ ਨੇ ਪਹਿਲੀ ਵਾਰ ਆਪਣੀ ਵੋਟ ਖੁਦ ਨੂੰ ਪਾਈ, ਇਨ੍ਹਾਂ 'ਚੋਂ ਬਹੁਗਿਣਤੀ ਤਾਂ ਭਾਵੇਂ ਆਜ਼ਾਦ ਉਮੀਦਵਾਰ ਸਨ, ਪਰ ਮਾਨਤਾ ਪ੍ਰਾਪਤ ਰਾਜਸੀ ਪਾਰਟੀਆਂ ਵਿਚੋਂ ਸਭ ਤੋਂ ਵੱਧ ਗਿਣਤੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਹੈ, ਜੋ ਕਿ ਪਹਿਲੀ ਵਾਰ ਚੋਣ ਮੈਦਾਨ 'ਚ ਉਤਰੇ ਸਨ। ਅਕਾਲੀ ਦਲ ਦੇ ਦੋ ਦਰਜਨ ਜਦਕਿ ਕਾਂਗਰਸ ਦੇ ਵੀ ਇਕ ਦਰਜਨ ਦੇ ਕਰੀਬ ਉਮੀਦਵਾਰ ਅਜਿਹੇ ਸਨ।

# ਪੰਜਾਬ ਚੋਣਾਂ ਦੀ ਸਿਆਸੀ ਜੰਗ ਦਾ ਲੇਖਾ-ਜੋਖਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦਾ ਅਮਲ ਸਿਰੇ ਚੜ੍ਹ ਗਿਆ ਹੈ। ਹੁਣ ਉਮੀਦਵਾਰਾਂ ਤੇ ਉਨ੍ਹਾਂ ਦੇ ਸਮਰਥਕਾਂ ਦੀਆਂ ਨਜ਼ਰਾਂ 11 ਮਾਰਚ ਨੂੰ ਆਉਣ ਵਾਲੇ ਨਤੀਜਿਆਂ ਉਤੇ ਹਨ। ਕੁੱਲ 117 ਸੀਟਾਂ ਵਿਚੋਂ 84 ਵਿਧਾਨ ਸਭਾ ਹਲਕੇ ਜਨਰਲ ਸ਼੍ਰੇਣੀ ਦੇ ਹਨ ਅਤੇ 34 ਰਾਖਵੇਂ ਹਨ। ਕੁੱਲ 1145 ਉਮੀਦਵਾਰਾਂ ਵਿਚੋਂ 81 ਉਮੀਦਵਾਰ ਔਰਤਾਂ ਹਨ ਅਤੇ ਇਕ ਉਮੀਦਵਾਰ ਤੀਜੇ ਲਿੰਗ ਨਾਲ ਸਬੰਧਤ ਹੈ। ਅਕਾਲੀ ਦਲ-ਭਾਜਪਾ ਗਠਜੋੜ ਜਿਹੜਾ ਕਿ ਪਿਛਲੇ 10 ਸਾਲਾਂ ਤੋਂ ਸੱਤਾ ਵਿਚ ਹੈ, ਪਿਛਲੀ ਵਾਰ ਦੀ ਤਰ੍ਹਾਂ ਹੀ ਕ੍ਰਮਵਾਰ 94 ਤੇ 23 ਸੀਟਾਂ ਤੋਂ ਚੋਣਾਂ ਲੜ ਰਿਹਾ ਹੈ।

ਕਾਂਗਰਸ ਪਾਰਟੀ ਰਾਜ ਦੀਆਂ ਸਾਰੀਆਂ 117 ਸੀਟਾਂ ਉਤੇ ਚੋਣਾਂ ਲੜ ਰਹੀ ਹੈ, ਜਦੋਂ ਕਿ ਸੂਬੇ ਵਿਚ ਪਹਿਲੀ ਵਾਰੀ ਵਿਧਾਨ ਸਭਾ ਚੋਣਾਂ ਲੜ ਰਹੀ ਆਮ ਆਦਮੀ ਪਾਰਟੀ 112 ਸੀਟਾਂ 'ਤੇ ਚੋਣ ਲੜ ਰਹੀ ਹੈ ਅਤੇ 5 ਸੀਟਾਂ ਉਸ ਨੇ ਆਪਣੇ ਗਠਜੋੜ ਵਿਚ ਸ਼ਾਮਲ ਬੈਂਸ ਭਰਾਵਾਂ ਦੀ ਅਗਵਾਈ ਵਾਲੀ ਲੋਕ ਇਨਸਾਫ ਪਾਰਟੀ ਲਈ ਛੱਡੀਆਂ ਹਨ। ਅਕਾਲੀ-ਭਾਜਪਾ ਗਠਜੋੜ, ਕਾਂਗਰਸ ਅਤੇ ਆਮ ਆਦਮੀ ਪਾਰਟੀ ਤੋਂ ਇਲਾਵਾ ਰਾਜ ਵਿਚ ਸੁੱਚਾ ਸਿੰਘ ਛੋਟੇਪੁਰ ਦੀ ਅਗਵਾਈ ਵਾਲੀ ਆਪਣਾ ਪੰਜਾਬ ਪਾਰਟੀ, ਬਸਪਾ, ਤ੍ਰਿਣਮੂਲ ਕਾਂਗਰਸ ਅਤੇ ਅਕਾਲੀ ਦਲ (ਅੰਮ੍ਰਿਤਸਰ) ਤੋਂ ਇਲਾਵਾ ਖੱਬੀਆਂ ਪਾਰਟੀਆਂ ਵੀ ਚੋਣ ਮੈਦਾਨ ਵਿਚ ਹਨ, ਪਰ ਅਗਲੀ ਸਰਕਾਰ ਬਣਾਉਣ ਲਈ ਮੁੱਖ ਮੁਕਾਬਲਾ ਅਕਾਲੀ-ਭਾਜਪਾ ਗਠਜੋੜ, ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਹੀ ਸਮਝਿਆ ਜਾ ਰਿਹਾ ਹੈ।



### ਚੋਣ ਅਮਲ 'ਤੇ ਆਇਆ 120 ਕਰੋੜ ਦਾ ਖਰਚਾ

**ਚੰਡੀਗੜ੍ਹ:** ਪੰਜਾਬ ਦੇ ਚੋਣ ਅਮਲ ਉਤੇ ਤਕਰੀਬਨ 120 ਕਰੋੜ ਰੁਪਏ ਦਾ ਖਰਚਾ ਆਇਆ ਹੈ। ਸੂਬਾਈ ਚੋਣ ਅਧਿਕਾਰੀਆਂ ਨੇ ਪੂਰੇ ਅਮਲ ਨੂੰ ਪਿਛਲੇ ਸਾਲ ਮਨਜ਼ੂਰ ਕੀਤੇ ਗਏ 132 ਕਰੋੜ ਰੁਪਏ ਦੇ ਬਜਟ ਅੰਦਰ ਹੀ ਮੁਕੰਮਲ ਕਰ ਲਿਆ। ਨੇਮਾਂ ਮੁਤਾਬਕ ਲੋਕ ਸਭਾ ਚੋਣਾਂ 'ਤੇ ਹੋਏ ਖਰਚੇ ਵਿਚੋਂ ਅੱਧੀ ਰਕਮ ਦਾ ਭੁਗਤਾਨ ਸੂਬਾ ਸਰਕਾਰਾਂ ਕਰਦੀਆਂ ਹਨ, ਪਰ ਵਿਧਾਨ ਸਭਾ ਚੋਣਾਂ ਦੌਰਾਨ ਚੋਣ ਬਿੱਲ ਦਾ ਸਾਰਾ ਖਰਚਾ ਸੂਬਾ ਸਰਕਾਰਾਂ ਨੂੰ ਹੀ ਸਹਿਣ ਕਰਨਾ ਪੈਂਦਾ ਹੈ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵੱਡੀ ਮਸ਼ਕ ਹੈ ਅਤੇ ਕੁਝ ਬਿੱਲ ਅਜੇ ਪਾਸ ਹੋਣੇ ਬਾਕੀ ਹਨ, ਪਰ ਖਰਚੇ ਦੇ ਅੰਕੜਿਆਂ 'ਚ ਕੋਈ ਬਦਲਾਅ ਨਹੀਂ ਹੋਣ ਵਾਲਾ।

# ਆਮਦਨ ਕਰ ਵਿਭਾਗ ਵੱਲੋਂ ਆਮ ਆਦਮੀ ਪਾਰਟੀ ਨੂੰ ਘੇਰਾ

**ਦਿੱਲੀ:** ਆਮਦਨ ਕਰ ਵਿਭਾਗ ਨੇ ਦਾਅਵਾ ਕੀਤਾ ਹੈ ਕਿ ਆਮ ਆਦਮੀ ਪਾਰਟੀ ਨੂੰ ਦਾਨ (ਡੋਨੇਸ਼ਨ) ਵਜੋਂ ਮਿਲੀ 27 ਕਰੋੜ ਦੀ ਰਾਸ਼ੀ ਸਬੰਧੀ ਪਾਰਟੀ ਵੱਲੋਂ ਤਿਆਰ ਆਡਿਟ ਰਿਪੋਰਟ 'ਚ ਕਈ ਖਾਮੀਆਂ ਹਨ ਤੇ ਰਿਪੋਰਟ ਪੂਰੀ ਤਰ੍ਹਾਂ ਗਲਤ ਹੈ। ਵਿਭਾਗ ਨੇ ਰਿਪੋਰਟ ਚੋਣ ਕਮਿਸ਼ਨ ਨੂੰ ਸੌਂਪਦਿਆਂ ਸੁਝਾਅ ਦਿੱਤਾ ਹੈ ਕਿ ਰਿਪੋਰਟ ਦੇ ਆਧਾਰ ਉਤੇ 'ਆਪ' ਨੂੰ ਜਿਥੇ ਆਈ.ਟੀ. ਐਕਟ ਤਹਿਤ ਆਮਦਨ ਕਰ ਵਿਚ ਮਿਲਦੀ ਛੋਟ ਨੂੰ ਖਤਮ ਕੀਤਾ ਜਾ ਸਕਦਾ ਹੈ, ਉਥੇ ਪਾਰਟੀ ਦੀ ਮਾਨਤਾ ਰੱਦ ਕਰਨ ਸਬੰਧੀ ਸਖਤ ਫੈਸਲਾ ਵੀ ਲਿਆ ਜਾ ਸਕਦਾ ਹੈ, ਪਰ ਇਹ ਫੈਸਲਾ ਲੈਣ ਦਾ ਅਧਿਕਾਰ ਸਿਰਫ ਚੋਣ ਕਮਿਸ਼ਨ ਕੋਲ ਹੀ ਹੈ।

ਚੋਣ ਕਮਿਸ਼ਨ ਨੂੰ ਸੌਂਪੀ ਰਿਪੋਰਟ ਵਿਚ ਆਮਦਨ ਕਰ ਵਿਭਾਗ ਨੇ ਕਿਹਾ ਕਿ ਉਸ ਵੱਲੋਂ ਪਿਛਲੇ ਇਕ ਸਾਲ ਤੋਂ ਆਮ ਆਦਮੀ ਪਾਰਟੀ ਦੇ ਖਾਤਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸਾਲ 2013-14 ਤੇ 2014-15 ਦੇ ਰਿਕਾਰਡ ਦੀ ਕੀਤੀ ਘੋਖ ਤੋਂ ਸਪਸ਼ਟ ਹੈ ਕਿ ਇਸ ਵਿਚ ਕਈ 'ਵਾਸਤਵਿਕ ਉਕਾਈਆਂ' ਹਨ ਤੇ ਪਾਰਟੀ ਨੂੰ ਦਾਨ ਵਜੋਂ ਮਿਲੀ ਅਸਲ ਰਾਸ਼ੀ ਨਾਲ ਅੰਕੜੇ ਮੇਲ ਨਹੀਂ ਖਾਂਦੇ। ਉਨ੍ਹਾਂ ਕਿਹਾ ਕਿ ਪਾਰਟੀਆਂ ਵੱਲੋਂ ਆਮ ਕਰ ਕੇ ਆਡਿਟ ਰਿਪੋਰਟ ਆਪਣੇ ਚਾਰਟਰਡ ਅਕਾਊਂਟੈਂਟਾਂ ਦੀ ਸਲਾਹ ਨਾਲ ਤਿਆਰ ਕੀਤੀ ਜਾਂਦੀ ਹੈ ਤੇ ਮਗਰੋਂ ਇਸ ਦੀ ਇਕ ਕਾਪੀ ਕਾਨੂੰਨ ਮੁਤਾਬਕ ਆਮਦਨ ਕਰ ਵਿਭਾਗ ਨੂੰ ਸੌਂਪਣੀ ਹੁੰਦੀ ਹੈ। ਅਧਿਕਾਰੀਆਂ ਨੇ ਕਿਹਾ ਕਿ ਪਾਰਟੀ ਦੇ ਖਜ਼ਾਨਚੀ ਨੇ ਟੈਕਸ ਅਧਿਕਾਰੀਆਂ ਕੋਲ ਖਾਤਿਆਂ 'ਚ 'ਕੁਝ ਖਾਮੀਆਂ' ਹੋਣ ਦੀ ਗੱਲ ਕਬੂਲੀ ਹੈ ਤੇ ਦਾਨ ਵਜੋਂ ਮਿਲੀ 27 ਕਰੋੜ ਦੀ ਰਾਸ਼ੀ ਦੇ ਰਿਕਾਰਡ 'ਚ ਕੁਝ ਘਾਟਾਂ ਹਨ।




# ਮਾਹਰਾਂ ਨੂੰ ਚੋਣ ਨਤੀਜਿਆਂ ਵਿਚ ਕੋਈ 'ਚਮਤਕਾਰ' ਹੋਣ ਦੀ ਉਮੀਦ

**ਜਲੰਧਰ:** ਵਿਧਾਨ ਸਭਾ ਚੋਣਾਂ ਲਈ ਵੋਟਿੰਗ ਖਤਮ ਹੋਣ ਤੋਂ ਬਾਅਦ 1145 ਉਮੀਦਵਾਰਾਂ ਦੀਆਂ 11 ਮਾਰਚ ਤੱਕ ਧੜਕਣਾਂ ਤੇਜ਼ ਰਹਿਣਗੀਆਂ। ਵਿਧਾਨ ਸਭਾ ਚੋਣਾਂ ਲਈ ਇਸ ਵਾਰ ਵੀ ਸੰਤੁਸ਼ਟੀਜਨਕ ਹੋਈ ਵੋਟਿੰਗ ਤੋਂ ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਨਤੀਜੇ ਹੈਰਾਨ ਕਰਨ ਵਾਲੇ ਤਾਂ ਹੋਣਗੇ ਹੀ ਸਗੋਂ ਵੱਡੀਆਂ ਸਿਆਸੀ ਪਾਰਟੀਆਂ ਨੇ ਵੀ ਜ਼ਿਆਦਾਤਰ ਸੀਟਾਂ 'ਤੇ ਤਿਕੋਣੇ ਰਹੇ ਚੋਣ ਮੁਕਾਬਲਿਆਂ 'ਚ ਕੋਈ 'ਚਮਤਕਾਰ' ਹੋਣ ਦੀ ਸੰਭਾਵਨਾ ਜ਼ਾਹਰ ਕੀਤੀ ਹੀ ਹੈ।

ਉਮੀਦਵਾਰਾਂ ਕੋਲ ਚਾਹੇ ਇਸ ਵਾਰ ਪ੍ਰਚਾਰ ਲਈ ਸਮਾਂ ਘੱਟ ਸੀ, ਪਰ ਉਨ੍ਹਾਂ ਨੂੰ ਇਸ ਵਾਰ ਪਿਛਲੀਆਂ ਚੋਣਾਂ ਤੋਂ ਅਲੱਗ ਤਰ੍ਹਾਂ ਦੀ ਚੋਣ ਮੁਹਿੰਮ ਕਰਨੀ ਪਈ, ਜਿਸ 'ਚ ਪਹਿਲਾਂ ਤਾਂ ਸਿਰਫ ਦੋ ਪਾਰਟੀਆਂ ਹੀ ਇਕ ਦੂਜੇ 'ਤੇ ਸਿਆਸੀ ਹਮਲੇ ਕਰਦੀਆਂ ਰਹੀਆਂ ਤੇ ਦੋ ਪਾਰਟੀਆਂ ਦੇ ਚੋਣ ਮੈਦਾਨ 'ਚ ਹੋਣ ਕਰ ਕੇ ਸਿਆਸੀ ਪਾਰਟੀਆਂ ਨੂੰ ਜ਼ਿਆਦਾ ਮੁਸ਼ਕਲ ਨਹੀਂ ਆਉਂਦੀ ਸੀ, ਪਰ ਇਸ ਵਾਰ ਤੀਜੀ ਆਈ ਆਮ ਆਦਮੀ ਪਾਰਟੀ ਨੇ ਜ਼ਰੂਰ ਦੂਸਰੀਆਂ ਪਾਰਟੀਆਂ ਦਾ ਹਿਸਾਬ ਕਿਤਾਬ ਖਰਾਬ ਕੀਤਾ ਹੈ, ਜਿਸ ਕਰ ਕੇ ਅਕਾਲੀ-ਭਾਜਪਾ ਤੇ ਕਾਂਗਰਸ ਨੂੰ ਜ਼ਿਆਦਾਤਰ ਸੀਟਾਂ 'ਤੇ ਤਿਕੋਣੇ ਮੁਕਾਬਲਿਆਂ ਦਾ ਸਾਹਮਣਾ ਕਰਨਾ ਪਿਆ ਜਦਕਿ ਕਈ ਸੀਟਾਂ 'ਤੇ ਚੁਕੋਨਾ ਜਾਂ ਕਈ ਜਗ੍ਹਾ ਤਾਂ 5 ਤੋਂ ਜ਼ਿਆਦਾ ਪ੍ਰਮੁੱਖ ਉਮੀਦਵਾਰ ਵੀ ਰਹੇ ਹਨ। ਉਂਜ ਉਮੀਦਵਾਰਾਂ ਦੇ ਸਮਰਥਕ ਤਾਂ ਵੋਟਿੰਗ ਖਤਮ ਹੋਣ ਸਾਰ ਹੀ ਆਪਣੇ ਸੰਪਰਕ ਸੂਤਰਾਂ ਤੋਂ ਪਤਾ ਕਰਦੇ ਰਹੇ ਕਿ ਲੋਕ ਕਿਸ ਪਾਰਟੀ ਵੱਲ ਜ਼ਿਆਦਾ ਭੁਗਤੇ ਹਨ। ਸਾਰੀਆਂ ਸਿਆਸੀ ਪਾਰਟੀਆਂ ਨੇ ਚਾਹੇ ਸੋਸ਼ਲ ਮੀਡੀਆ ਵਿਚ ਚੋਣ ਲੜਾਈ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਲੜੀ, ਪਰ ਇਹ ਵੀ ਭੁੱਲਣਾ ਨਹੀਂ ਹੋਵੇਗਾ ਕਿ ਰਾਜ ਵਿਚ ਵੱਡੇ ਵੋਟਰਾਂ ਦੀ ਗਿਣਤੀ ਇਹੋ ਜਿਹੀ ਹੈ ਜਿਹੜੀ ਕਿ ਸੋਸ਼ਲ ਮੀਡੀਆ ਨਾਲ ਦੂਰ ਦਾ ਸਬੰਧ ਵੀ ਨਹੀਂ ਰੱਖਦੀ ਹੈ ਤੇ ਉਨ੍ਹਾਂ ਦੀ ਵੋਟਿੰਗ ਹੀ ਪਾਰਟੀਆਂ ਦੀ ਹਾਰ ਜਿੱਤ ਦਾ ਫੈਸਲਾ ਕਰ ਦਿੰਦੀ ਹੈ।

ਸੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੇ ਫ਼ਰਜ਼ੀ ਪ੍ਰਚਾਰ ਹੋਣ ਨਾਲ ਤਾਂ ਸਾਹਮਣੇ ਆ ਗਿਆ ਹੈ ਕਿ ਜਿਸ ਤਰ੍ਹਾਂ ਨਾਲ ਲੋਕ ਸੋਸ਼ਲ ਮੀਡੀਆ 'ਚ ਫ਼ਰਜ਼ੀ ਦਸਤਾਵੇਜ਼ ਪਾ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ ਤੇ ਲੋਕਾਂ ਦਾ ਹੁਣ ਸੋਸ਼ਲ ਮੀਡੀਆ 'ਤੇ ਕੋਈ ਭਰੋਸਾ ਨਹੀਂ ਰਹਿ ਗਿਆ ਹੈ। ਉਧਰ, ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਰਾਜ ਵਿਚ ਹੋਈ ਵੋਟਿੰਗ ਦੇ ਨਤੀਜੇ 11 ਮਾਰਚ ਨੂੰ ਕੋਈ ਵੀ ਹੋਣ, ਪਰ ਨਤੀਜਿਆਂ ਦਾ ਪੰਜਾਬ 'ਤੇ ਆਉਣ ਵਾਲੇ ਸਮੇਂ ਜ਼ਰੂਰ ਅਸਰ ਪੈਣ ਦੀ ਸੰਭਾਵਨਾ ਹੈ। 11 ਮਾਰਚ ਨੂੰ ਆਉਣ ਵਾਲੇ ਚਮਤਕਾਰੀ ਨਤੀਜਿਆਂ ਦਾ ਉਮੀਦਵਾਰਾਂ ਤੋਂ ਇਲਾਵਾ ਪੰਜਾਬ ਤੇ ਦੂਸਰੇ ਰਾਜਾਂ ਦੇ ਲੋਕਾਂ ਦੀਆਂ ਵੀ ਨਜ਼ਰਾਂ ਰਹਿਣਗੀਆਂ।



# ਅਕਾਲੀ ਦਲ ਨੂੰ ਪੁੱਠੀ ਪੈ ਸਕਦੀ ਹੈ ਡੇਰਾ ਸਿਰਸਾ ਦੀ ਹਮਾਇਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਡੇਰਾ ਸਿਰਸਾ ਦੀ ਹਮਾਇਤ ਲੈਣਾ ਅਕਾਲੀ ਦਲ ਨੂੰ ਮਹਿੰਗਾ ਪੈ ਰਿਹਾ ਹੈ। ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਹਿ ਰਹੇ ਹਨ ਕਿ ਉਹ ਹਮਾਇਤ ਮੰਗਣ ਨਹੀਂ ਗਏ, ਸਗੋਂ ਡੇਰਾ ਸਿਰਸਾ ਨੇ ਖੁਦ ਹੀ ਹਮਾਇਤ ਦਿੱਤੀ ਹੈ। ਬਾਦਲ ਇਸ ਗੱਲ ਦਾ ਜਵਾਬ ਨਹੀਂ ਸਕੇ ਕਿ ਅਕਾਲੀ ਦਲ ਦੇ ਕਈ ਉਮੀਦਵਾਰ ਜਿਨ੍ਹਾਂ ਵਿਚ ਮੰਤਰੀ ਵੀ ਸ਼ਾਮਲ ਹਨ, ਡੇਰਾ ਸਿਰਸਾ ਕੀ ਲੈਣ ਗਏ ਸਨ।

ਸੂਤਰਾਂ ਦੀ ਮੰਨੀਏ ਤਾਂ ਡੇਰੇ ਦੀ ਹਮਾਇਤ ਅਕਾਲੀ ਦਲ ਨੂੰ ਵੱਡਾ ਨੁਕਸਾਨ ਪਹੁੰਚਾ ਸਕਦੀ ਹੈ। ਇਕ ਤਾਂ ਪੰਥਕ ਧਿਰਾਂ ਅਕਾਲੀ ਦਲ ਤੋਂ ਨਾਰਾਜ਼ ਹੋ ਗਈਆਂ ਹਨ। ਇਨ੍ਹਾਂ ਵਿਚੋਂ ਕਈ ਅਕਾਲੀ ਦਲ ਦੀ ਹੁਣ ਤੱਕ ਕਿਸੇ ਨਾ ਕਿਸੇ ਰੂਪ ਵਿਚ ਹਮਾਇਤ ਵੀ ਕਰ ਰਹੀਆਂ ਸਨ। ਦੂਜਾ ਡੇਰਾ ਪ੍ਰੇਮੀਆਂ ਵਿਚ ਵੀ ਦੁਚਿੱਤੀ ਦਾ ਮਾਹੌਲ ਬਣ ਗਿਆ। ਡੇਰਾ ਸ਼ਰਧਾਲੂ ਖਾਸਕਰ ਪੇਂਡੂ ਦਲਿਤ ਕਾਂਗਰਸ ਤੇ ਆਮ ਆਦਮੀ ਪਾਰਟੀ ਦੀ ਹਮਾਇਤ ਕਰ ਰਹੇ ਸਨ। ਡੇਰਾ ਦੇ ਚੋਣਾਂ ਤੋਂ ਐਨ ਪਹਿਲਾਂ ਅਕਾਲੀ ਦਲ ਦੇ ਹੱਕ ਵਿਚ ਫੈਸਲਾ ਆਉਣ ਕਰ ਕੇ ਉਨ੍ਹਾਂ ਲਈ ਬੜੀ ਔਖੀ ਹਾਲਤ ਬਣ ਗਈ।

ਸਿਆਸੀ ਮਾਹਿਰ ਮੰਨਦੇ ਹਨ ਕਿ ਡੇਰੇ ਦੀ ਹਮਾਇਤ ਅਕਾਲੀ ਦਲ ਨੂੰ ਮਹਿੰਗੀ ਹੀ ਪਵੇਗੀ। ਇਕ ਸਿੱਖ ਵੋਟ ਅਕਾਲੀ ਦਲ ਤੋਂ ਖਿਸਕੇਗਾ। ਇਹ ਸਿੱਖ ਵੋਟ ਕਾਂਗਰਸ ਨੂੰ ਨਫਰਤ ਕਰਦਾ ਹੈ। ਇਸ ਲਈ ਇਸ ਵਾਰ ਉਨ੍ਹਾਂ ਕੋਲ ਆਮ ਆਦਮੀ ਪਾਰਟੀ ਵਰਗਾ ਬਦਲ ਮੌਜੂਦ ਹੈ। ਦੂਜਾ ਡੇਰੇ ਦੀ ਵੋਟ ਵੀ ਪੂਰੀ ਤਰ੍ਹਾਂ ਅਕਾਲੀ ਦਲ ਦੇ ਹੱਕ ਵਿਚ ਨਹੀਂ ਭੁਗਤੇਗੀ, ਕਿਉਂਕਿ ਡੇਰਾ ਸ਼ਰਧਾਲੂਆਂ ਅੰਦਰ ਅਕਾਲੀ ਦਲ ਪ੍ਰਤੀ ਗਿਲਾ ਹੈ। ਸ਼ਰਧਾਲੂ ਸੋਚਦੇ ਹਨ ਕਿ ਅਕਾਲੀ ਦਲ ਨੇ ਹੀ ਡੇਰੇ ਦੇ ਸਤਿਸੰਗ ਪ੍ਰੋਗਰਾਮ ਪੰਜਾਬ ਵਿਚ ਬੰਦ ਕਰਵਾਏ ਹਨ।



## ਅਕਾਲੀ ਦਲ ਨੇ ਡੇਰੇ ਤੱਕ ਨਹੀਂ ਕੀਤੀ ਪਹੁੰਚ: ਬਾਦਲ

**ਸੁਨਾਮ:** ਡੇਰਾ ਸਿਰਸਾ ਵੱਲੋਂ ਅਕਾਲੀ-ਭਾਜਪਾ ਗੱਠਜੋੜ ਨੂੰ ਸਮਰਥਨ ਦੇਣ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦਾ ਭਲਾ ਚਾਹੁਣ ਵਾਲੀ ਕੋਈ ਵੀ ਧਿਰ ਉਨ੍ਹਾਂ ਦਾ ਸਮਰਥਨ ਕਰ ਸਕਦੀ ਹੈ। ਭਾਵੇਂ ਉਹ ਡੇਰਾ ਸਿਰਸਾ ਹੋਵੇ, ਸਭ ਦਾ ਸਵਾਗਤ ਹੈ। ਡੇਰੇ ਨੇ ਸੂਬੇ ਦੇ ਭਲੇ ਲਈ 'ਆਜ਼ਾਦਾਨਾ' ਫੈਸਲਾ ਕੀਤਾ ਹੈ ਤੇ ਅਕਾਲੀ ਦਲ ਵੱਲੋਂ ਡੇਰੇ ਤੱਕ ਕੋਈ ਪਹੁੰਚ ਨਹੀਂ ਕੀਤੀ ਗਈ।

## ਵੋਟਾਂ ਪਿਛੋਂ ਡੇਰੇ ਬਾਰੇ ਬਦਲੇ ਅਕਾਲੀ ਦਲ ਦੇ ਸੁਰ

**ਨਵੀਂ ਦਿੱਲੀ:** ਵਿਧਾਨ ਸਭਾ ਚੋਣ ਲਈ ਵੋਟਾਂ ਪੈਣ ਮਗਰੋਂ ਡੇਰਾ ਸਿਰਸਾ ਦੀ ਹਮਾਇਤ ਬਾਰੇ ਅਕਾਲੀ ਦਲ ਦੇ ਸੁਰ ਬਦਲ ਗਏ ਹਨ। ਵੋਟਾਂ ਦਾ ਕੰਮ ਮੁਕੰਮਲ ਹੋਣ ਦੇ ਨਾਲ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਡੇਰਾ ਮੁਖੀ ਨੂੰ ਖੂਬ ਰਗੜੇ ਲਾਏ। ਉਨ੍ਹਾਂ ਨੇ ਡੇਰਾ ਮੁਖੀ ਰਾਮ ਰਹੀਮ 'ਤੇ ਨਿਸ਼ਾਨ ਸੇਧਦਿਆਂ ਕਿਹਾ ਕਿ ਉਸ ਅਪਰਾਧੀ ਸੋਚ ਦੇ ਬਹੁਰੂਪੀਏ ਖਿਲਾਫ਼ ਉਨ੍ਹਾਂ ਦਾ ਸਟੈਂਡ ਪਹਿਲਾਂ ਵਾਲਾ ਹੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਟੈਂਡ ਅਖੌਤੀ ਡੇਰੇਦਾਰਾਂ ਖਿਲਾਫ਼ ਜੋ ਪਹਿਲਾਂ ਸੀ, ਉਹ ਅੱਜ ਵੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਚੋਣਾਂ 'ਚ ਡੇਰਾ ਸਿਰਸਾ ਵੱਲੋਂ ਹਮਾਇਤ ਕਰਨ ਦੇ ਬਾਵਜੂਦ ਦਿੱਲੀ ਕਮੇਟੀ ਮਹਿਸੂਸ ਕਰਦੀ ਹੈ ਕਿ ਸਿੱਖ ਵਿਰੋਧੀ ਤਾਕਤਾਂ ਨੂੰ ਪਨਾਹ ਦੇਣ ਪਿੱਛੇ ਡੇਰੇ ਦੀ ਵੱਡੀ ਭੂਮਿਕਾ ਰਹੀ ਹੈ। ਜੀ.ਕੇ. ਨੇ ਕਿਹਾ ਕਿ ਡੇਰਾ ਮੁਖੀ ਦੇ ਕਿਸੇ ਵੀ ਸਤਿਸੰਗ ਦੇ ਪੰਜਾਬ 'ਚ ਹੋਣ ਦਾ ਡਟਵਾਂ ਵਿਰੋਧ ਕੀਤਾ ਜਾਏਗਾ।

## ਡੇਰਾ ਪ੍ਰੇਮੀਆਂ ਨੇ ਸਿਆਸੀ ਵਿੰਗ ਦੀ ਪ੍ਰਵਾਹ ਨਾ ਕੀਤੀ

**ਸੰਗਰੂਰ:** ਡੇਰਾ ਸਿਰਸਾ ਦੇ ਰਾਜਨੀਤਿਕ ਵਿੰਗ ਵੱਲੋਂ ਅਕਾਲੀ-ਭਾਜਪਾ ਗਠਜੋੜ ਦੇ ਸਮਰਥਨ ਲਈ ਕੀਤੇ ਖੁੱਲ੍ਹੇ ਐਲਾਨ ਦੇ ਬਾਵਜੂਦ ਬਹੁਤੇ ਡੇਰਾ ਪ੍ਰੇਮੀਆਂ ਨੇ ਆਪਣੀ ਵੋਟ ਦੀ ਵਰਤੋਂ ਮਰਜ਼ੀ ਨਾਲ ਕੀਤੀ। ਵਿੰਗ ਵੱਲੋਂ ਦੋ ਦਿਨ ਪਹਿਲਾਂ ਕੀਤੇ ਐਲਾਨ ਨਾਲ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰਾਂ ਦੇ ਚਿਹਰੇ 'ਤੇ ਰੌਣਕ ਆ ਗਈ ਸੀ, ਪਰ ਮਾਲਵੇ ਦੇ ਵੱਖ-ਵੱਖ ਹਲਕਿਆਂ ਵਿਚ ਡੇਰਾ ਪ੍ਰੇਮੀ ਬਗਾਵਤ ਦੇ ਰੌਂਅ ਵਿਚ ਨਜ਼ਰ ਆਏ। ਉਨ੍ਹਾਂ ਦਾ ਕਹਿਣਾ ਸੀ ਕਿ ਡੇਰਾ ਮੁਖੀ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਹਦਾਇਤ ਨਹੀਂ ਕੀਤੀ ਗਈ, ਇਸ ਲਈ ਉਹ ਰਾਜਨੀਤਿਕ ਵਿੰਗ ਦੇ ਦਬਾਅ 'ਚ ਨਹੀਂ ਆਉਣਗੇ।

ਸੰਗਰੂਰ ਹਲਕੇ ਵਿਚ ਵਿੰਗ ਦੇ ਸਮਰਥਨ ਦਾ ਥੋੜਾ-ਬਹੁਤ ਅਸਰ ਵੇਖਣ ਨੂੰ ਮਿਲਿਆ। ਧੂਰੀ 'ਚ ਕੁਝ ਪ੍ਰੇਮੀ ਅਕਾਲੀ ਉਮੀਦਵਾਰ ਹਰੀ ਸਿੰਘ ਦੇ ਸਮਰਥਨ ਵਿਚ ਸਰਗਰਮ ਵੇਖੇ ਗਏ। ਸੁਨਾਮ ਵਿਚ 90 ਪ੍ਰਤੀਸ਼ਤ ਪ੍ਰੇਮੀਆਂ ਨੇ ਆਪਣੀ ਮਰਜ਼ੀ ਨਾਲ ਵੋਟ ਪਾਈ। ਹਲਕਾ ਲਹਿਰਾਗਾਗਾ ਵਿਚ ਵਿੰਗ ਦੇ ਐਲਾਨ ਦਾ ਕਾਫੀ ਅਸਰ ਵੇਖਣ ਨੂੰ ਮਿਲਿਆ। ਬਰਨਾਲਾ, ਪਟਿਆਲਾ, ਬਠਿੰਡਾ, ਮਾਨਸਾ ਆਦਿ ਜ਼ਿਲ੍ਹਿਆਂ 'ਚ ਵੀ ਬਹੁਤੇ ਡੇਰਾ ਪ੍ਰੇਮੀਆਂ ਨੇ ਵਿੰਗ ਦੇ ਐਲਾਨ ਨੂੰ ਅਣਗੌਲਿਆ ਕੀਤਾ।

# ਧਾਰਮਿਕ ਸ਼ਖਸੀਅਤਾਂ ਅਕਾਲੀ ਦਲ ਤੋਂ ਔਖੀਆਂ

**ਚੰਡੀਗੜ੍ਹ:** ਅਕਾਲੀ ਦਲ ਨੂੰ ਡੇਰਾ ਸਿਰਸਾ ਦੀ ਹਮਾਇਤ ਚੋਣਾਂ ਵਿਚ ਤਾਂ ਭਾਵੇਂ ਕੁਝ ਲਾਹਾ ਦੇ ਦੇਵੇ, ਪਰ ਉਸ ਲਈ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ। ਅਕਾਲੀ ਦਲ ਦੀਆਂ ਹਮਾਇਤੀ ਕਹੀਆਂ ਜਾਣ ਵਾਲੀਆਂ ਧਾਰਮਿਕ ਸ਼ਖ਼ਸੀਅਤਾਂ ਵੀ ਹੁਣ ਖੁੱਲ੍ਹ ਕੇ ਬੋਲਣ ਲੱਗ ਪਈਆਂ ਹਨ। ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਕਿਹਾ ਕਿ ਚੋਣਾਂ ਦੇ ਨਤੀਜੇ ਭਾਵੇਂ ਕੁਝ ਵੀ ਹੋਣ, ਪਰ ਸੁਖਬੀਰ ਬਾਦਲ ਤੇ ਪ੍ਰਕਾਸ਼ ਸਿੰਘ ਬਾਦਲ ਆਪਣਾ ਕਿਰਦਾਰ ਹਾਰ ਗਏ ਹਨ। ਜਥੇਦਾਰ ਕਿਹਾ ਕਿ ਉਹ ਅਕਾਲੀ ਦਲ ਦੇ ਨਹੀਂ ਪੰਥ ਦੇ ਜਥੇਦਾਰ ਹਨ। ਇਸ ਲਈ ਪੰਥ ਜੋ ਕਹੇਗਾ, ਉਹ ਹੀ ਕੀਤਾ ਜਾਏਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੀ ਇਸ ਫੈਸਲੇ ਤੋਂ ਕਾਫੀ ਦੁਖੀ ਹਨ। ਸਿਰਸਾ ਵਾਲਿਆਂ ਅਕਾਲੀ ਦਲ ਨੂੰ ਕੋਈ ਵੋਟ ਨਹੀਂ ਪਾਉਣੀ। ਇਸ ਲਈ ਅਕਾਲੀ ਦਲ ਚੋਣਾਂ ਦੇ ਨਾਲ-ਨਾਲ ਕਿਰਦਾਰ ਵੀ ਹਾਰ ਗਿਆ ਹੈ।

**ਪੰਜਾਬ ਤੋਂ ਬਾਹਰ ਵੀ ਡੇਰੇ ਦੀ ਹਮਾਇਤ ਕਾਰਨ ਬਾਦਲਾਂ ਵਿਰੁੱਧ ਰੋਹ**

**ਨਵੀਂ ਦਿੱਲੀ:** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਦੀ ਹਮਾਇਤ ਲਏ ਜਾਣ ਤੋਂ ਬਾਅਦ ਅਕਾਲੀ ਦਲ ਬਾਦਲ ਖਿਲਾਫ ਵਿਸ਼ਵ ਭਰ ਦੇ ਸਿੱਖਾਂ ਵਿਚ ਰੋਹ ਦੇਖਣ ਨੂੰ ਮਿਲ ਰਿਹਾ ਹੈ। ਇਸੇ ਖਿਲਾਫਤ ਦੀ ਲੜੀ ਤਹਿਤ ਦਿੱਲੀ ਦੇ ਜੰਤਰ ਮੰਤਰ ਵਿਖੇ ਸਿੱਖ ਭਾਈਚਾਰੇ ਵੱਲੋਂ ਪੰਥਕ ਕਹਾਉਣ ਵਾਲੀ ਸਰਕਾਰ ਦੀ ਇਸ ਹਮਾਇਤ ਖਿਲਾਫ ਤੇ ਡੇਰਾ ਸਿਰਸਾ ਮੁਖੀ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ। ਖਾਸ ਗੱਲ ਇਹ ਹੈ ਪੰਥਕ ਸੇਵਾ ਦਲ ਵੱਲੋਂ ਉਲੀਕੇ ਇਸ ਰੋਸ ਮੁਜ਼ਾਹਰੇ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸ਼ਾਮਲ ਸਨ, ਜਿਨ੍ਹਾਂ ਦੀ ਪਾਰਟੀ ਨੇ ਡੇਰਾ ਸਿਰਸਾ ਦੀ ਹਮਾਇਤ ਹਾਸਲ ਕੀਤੀ ਹੈ। ਮੁਜ਼ਾਹਰਾਕਾਰੀਆਂ ਵਿਚ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਗੁਰਲਾਡ ਸਿੰਘ ਕਾਹਲੋਂ, ਇੰਦਰਜੀਤ ਸਿੰਘ ਮੌਂਟੀ, 'ਆਪ' ਵਿਧਾਇਕ ਅਵਤਾਰ ਸਿੰਘ ਕਾਲਕਾ ਤੇ ਪੰਥਕ ਸੇਵਾ ਦੇ ਦਲ ਦੇ ਆਗੂ ਕਰਤਾਰ ਸਿੰਘ ਕੋਛੜ ਸ਼ਾਮਲ ਸਨ। ਵੱਡੀ ਗਿਣਤੀ ਵਿਚ ਪਹੁੰਚੇ ਸਿੱਖ ਭਾਈਚਾਰੇ ਦੇ ਲੋਕਾਂ ਸਮੇਤ ਇਹ ਮੁਜ਼ਾਹਰਾ ਗੁਰਦੁਆਰਾ ਬੰਗਲਾ ਸਾਹਿਬ ਅਰਦਾਸ ਕਰਨ ਉਪਰੰਤ ਸ਼ੁਰੂ ਕੀਤਾ ਗਿਆ। ਬੰਗਲਾ ਸਾਹਿਬ ਤੋਂ ਚੱਲ ਕੇ ਇਹ ਰੋਸ ਮਾਰਚ ਜੰਤਰ-ਮੰਤਰ ਵਿਖੇ ਪਹੁੰਚਿਆ।

ਇਸ ਮੌਕੇ ਰੋਸ ਪ੍ਰਦਰਸ਼ਨ ਕਰ ਰਹੇ ਲੋਕਾਂ ਨੇ ਆਪਣੇ ਹੱਥਾਂ ਵਿਚ ਤਖਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ 'ਤੇ ਲਿਖਿਆ ਸੀ,"'ਅਕਾਲ ਤਖਤ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ"'ਤੇ "ਬਾਦਲਕਿਓ, ਵੋਟਾਂ ਲਈ ਸੌਦਾ ਸਾਧ ਦੀ ਹਮਾਇਤ ਕਿਉਂ?"" ਜੰਤਰ-ਮੰਤਰ ਪਹੁੰਚ ਕੇ ਆਗੂਆਂ ਨੇ ਤਕਰੀਰਾਂ ਕੀਤੀਆਂ ਤੇ ਅਕਾਲੀ ਦਲ ਬਾਦਲ ਪ੍ਰਤੀ ਰੋਸ ਪ੍ਰਗਟਾਇਆ ਨਾਲ ਹੀ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਖਿਲਾਫ ਬੋਲਦਿਆਂ ਕਿਹਾ ਕਿ ਆਖਰ ਸਿਰਸਾ ਸਾਧ ਤੋਂ ਹਮਾਇਤ ਲੈਣ ਬਾਰੇ ਹੁਣ ਜੀ.ਕੇ ਚੁੱਪ ਕਿਉਂ ਹੈ।



## ਡੇਰੇ ਦੀ ਹਮਾਇਤ ਮੰਗਣ ਬਾਰੇ ਜਾਂਚ ਕਮੇਟੀ ਬਣਾਈ

**ਅੰਮ੍ਰਿਤਸਰ:** ਸਿੱਖ ਉਮੀਦਵਾਰਾਂ ਵੱਲੋਂ ਡੇਰਾ ਸਿਰਸਾ ਜਾ ਕੇ ਵਿਧਾਨ ਸਭਾ ਚੋਣਾਂ ਲਈ ਹਮਾਇਤ ਮੰਗਣ ਦੇ ਮਾਮਲੇ ਦੀ ਜਾਂਚ ਵਾਸਤੇ ਸ਼੍ਰੋਮਣੀ ਕਮੇਟੀ ਨੇ ਤਿੰਨ ਮੈਂਬਰੀ ਜਾਂਚ ਕਮੇਟੀ ਕਾਇਮ ਕੀਤੀ ਹੈ। ਜਾਂਚ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਅਤੇ ਅੰਤ੍ਰਿਮ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੂੰ ਸ਼ਾਮਲ ਕੀਤਾ ਹੈ। ਦੱਸਣਯੋਗ ਹੈ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੱਤਰ ਭੇਜ ਕੇ ਇਸ ਮਾਮਲੇ ਦੀ ਜਾਂਚ ਕਰਾਉਣ ਲਈ ਆਖਿਆ ਹੈ। ਇਸ ਪੱਤਰ ਦੇ ਆਧਾਰ 'ਤੇ ਜਾਂਚ ਕਮੇਟੀ ਬਣਾਈ ਗਈ ਹੈ।

ਕਮੇਟੀ ਹਫਤੇ ਵਿਚ ਜਾਂਚ ਰਿਪੋਰਟ ਸੌਂਪੇਗੀ। ਇਸ ਤੋਂ ਪਹਿਲਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਇਸ ਮਾਮਲੇ ਦੀ ਜਾਂਚ ਸਬੰਧੀ ਪੱਤਰ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭੇਜਿਆ ਸੀ। ਦਿੱਲੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਪ੍ਰਧਾਨਾਂ ਨੇ ਵੱਖ ਵੱਖ ਸ਼ਿਕਾਇਤ ਪੱਤਰ ਭੇਜ ਕੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਸੀ ਕਿ ਡੇਰਾ ਸਿਰਸਾ ਜਾ ਕੇ ਸਿਆਸੀ ਹਮਾਇਤ ਪ੍ਰਾਪਤ ਕਰਨ ਵਾਲੇ ਸਿੱਖ ਉਮੀਦਵਾਰਾਂ ਖਿਲਾਫ਼ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ ਹੇਠ ਕਾਰਵਾਈ ਕੀਤੀ ਜਾਵੇ। ਮਿਲੇ ਵੇਰਵਿਆਂ ਅਨੁਸਾਰ ਡੇਰਾ ਸਿਰਸਾ ਦੇ ਮੁਖੀ ਨੇ ਪਹਿਲੀ ਫਰਵਰੀ ਨੂੰ ਡੇਰੇ ਦੇ ਮੰਚ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਸੀ। ਉਸ ਦਿਨ ਮੰਚ ਉਤੇ ਅਕਾਲੀ ਉਮੀਦਵਾਰਾਂ ਵਿਚੋਂ ਸਿਕੰਦਰ ਸਿੰਘ ਮਲੂਕਾ, ਜਨਮੇਜਾ ਸਿੰਘ ਸੇਖੋਂ, ਜੀਤ ਮਹਿੰਦਰ ਸਿੰਘ ਸਿੱਧੂ ਪ੍ਰਮੁੱਖ ਤੌਰ 'ਤੇ ਸ਼ਾਮਲ ਸਨ।


# ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ। ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ ਛੇ ਦਿਨ ਕੰਮ, ਇਕ ਦਿਨ ਛੁੱਟੀ

*ਸੰਪਰਕ ਕਰੋ*


ਫੋਨ: 501-309-4140


# ਵਿਗਿਆਨੀਆਂ ਵੱਲੋਂ ਗੁਆਚਿਆ ਟਾਪੂ ਲੱਭਣ ਦਾ ਦਾਅਵਾ

**ਜੋਹਾਨਸਬਰਗ:** ਹਿੰਦ ਮਹਾਸਾਗਰ ਦੇ ਟਾਪੂ ਮਾਰੀਸ਼ਸ ਦੇ ਹੇਠ 'ਗੁਆਚੇ ਹੋਏ ਟਾਪੂ' ਦੀ ਮੌਜੂਦਗੀ ਦੀ ਵਿਗਿਆਨੀਆਂ ਨੇ ਪੁਸ਼ਟੀ ਕੀਤੀ ਹੈ, ਜੋ ਸੁਪਰ ਮਹਾਦੀਪ ਗੋਂਡਵਾਨਾ ਦੇ ਟੁੱਟਣ ਤੋਂ ਬਾਅਦ ਉਥੇ ਬਚਿਆ ਰਹਿ ਗਿਆ ਸੀ। ਟੁੱਟਣ ਦੀ ਇਹ ਕਾਰਵਾਈ ਕਰੀਬ 20 ਕਰੋੜ ਸਾਲ ਪਹਿਲਾਂ ਸ਼ੁਰੂ ਹੋਈ ਸੀ। ਇਸ ਦੇ ਟੁੱਟਣ ਤੋਂ ਬਾਅਦ ਟਾਪੂ ਉਤੇ ਹੋਏ ਜਵਾਲਾਮੁਖੀ ਧਮਾਕਿਆਂ ਦੇ ਲਾਵੇ ਨੇ ਢੱਕ ਲਿਆ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਉਸ ਪ੍ਰਾਚੀਨ ਟਾਪੂ ਦਾ ਛੋਟਾ ਹਿੱਸਾ ਹੈ, ਜੋ ਮੈਡਾਗਾਸਕਰ ਟਾਪੂ ਤੋਂ ਟੁੱਟ ਕੇ ਬਣਿਆ ਹੋਵੇਗਾ।

ਇਹ ਘਟਨਾ ਉਸ ਵੇਲੇ ਦੀ ਦੱਸੀ ਜਾਂਦੀ ਹੈ, ਜਦੋਂ ਅਫਰੀਕਾ, ਭਾਰਤ, ਆਸਟਰੇਲੀਆ ਤੇ ਅੰਟਾਰਟਿਕਾ ਵੱਖ ਹੋਏ ਤੇ ਹਿੰਦ ਮਹਾਸਾਗਰ ਬਣਿਆ। ਦੱਖਣੀ ਅਫਰੀਕਾ ਵਿਚ ਯੂਨੀਵਰਸਿਟੀ ਆਫ ਵਿਟਵਾਟਰਸਰੇਂਡ ਦੇ ਪ੍ਰੋਫੈਸਰ ਲੇਵਿਸ ਐਸ਼ਵਾਲ ਨੇ ਦੱਸਿਆ ਕਿ ਅਸੀਂ ਟਾਪੂਆਂ ਦੇ ਟੁੱਟਣ ਦੀ ਕਾਰਵਾਈ ਦਾ ਅਧਿਐਨ ਕਰ ਰਹੇ ਹਾਂ ਤਾਂ ਜੋ ਇਸ ਗ੍ਰਹਿ ਦੇ ਜ਼ਮੀਨੀ ਇਤਿਹਾਸ ਨੂੰ ਸਮਝਿਆ ਜਾ ਸਕੇ।

ਜਵਾਲਾਮੁਖੀ ਧਮਾਕਿਆਂ ਤੋਂ ਨਿਕਲੇ ਲਾਵੇ ਨਾਲ ਬਣੀਆਂ ਚਟਾਨਾਂ ਵਿਚ ਮਿਲੇ ਖਣਿਜ ਜ਼ਿਰਕਣ ਦਾ ਅਧਿਐਨ ਕਰਦੇ ਹੋਏ ਐਸ਼ਵਾਲ ਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਪਤਾ ਲਾਇਆ ਕਿ ਇਸ ਖਣਿਜ ਦੇ ਬਚੇ ਹਿੱਸੇ ਮਾਰੀਸ਼ਸ ਦੇ ਟਾਪੂ ਤੋਂ ਪੁਰਾਣੇ ਹਨ। ਉਨ੍ਹਾਂ ਦੱਸਿਆ ਕਿ ਧਰਤੀ ਦੋ ਹਿੱਸਿਆਂ ਨਾਲ ਬਣੀ ਹੈ। ਟਾਪੂ ਪੁਰਾਣੇ ਹਨ ਤੇ ਮਹਾਸਾਗਰ ਨਵੇਂ ਹਨ। ਟਾਪੂਆਂ ਉਤੇ ਅੱਜ ਉਹ ਚਟਾਨਾਂ ਹਨ, ਜੋ ਚਾਰ ਅਰਬ ਸਾਲ ਤੋਂ ਜ਼ਿਆਦਾ ਪੁਰਾਣੀਆਂ ਹਨ, ਪਰ ਤੁਹਾਨੂੰ ਮਹਾਸਾਗਰਾਂ ਵਿਚ ਅਜਿਹਾ ਕੁਝ ਨਹੀਂ ਮਿਲਦਾ ਕਿਉਂਕਿ ਇਹ ਅਜਿਹੀ ਜਗ੍ਹਾ ਹੈ, ਜਿਥੇ ਨਵੀਂ ਚਟਾਨ ਬਣੀ।




ਉਨ੍ਹਾਂ ਨੇ ਦੱਸਿਆ ਕਿ ਮਾਰੀਸ਼ਸ ਇਕ ਟਾਪੂ ਹੈ ਤੇ ਇਸ ਉਤੇ ਕੋਈ ਵੀ ਚੱਟਾਨ 90 ਲੱਖ ਸਾਲ ਤੋਂ ਵੱਧ ਪੁਰਾਣੀ ਨਹੀਂ, ਪਰ ਟਾਪੂ ਦੀਆਂ ਚੱਟਾਨਾਂ ਦੇ ਅਧਿਐਨ ਤੋਂ ਪਤਾ ਲੱਗਾ ਕਿ ਜ਼ਿਰਕਣ ਤਿੰਨ ਅਰਬ ਸਾਲ ਪੁਰਾਣਾ ਹੈ। ਜ਼ਿਰਕਣ ਇਸ ਤਰ੍ਹਾਂ ਦੇ ਖਣਿਜ ਹਨ, ਜੋ ਟਾਪੂਆਂ ਵਿਚ ਗ੍ਰੇਨਾਈਟ ਵਿਚ ਮਿਲਦੇ ਹਨ। ਇਨ੍ਹਾਂ ਵਿਚ ਯੂਰੇਨੀਅਮ, ਥੋਰੀਅਮ ਤੇ ਸਿੱਕੇ ਦੇ ਕਣ ਪਾਏ ਜਾਂਦੇ ਹਨ। ਇਸ ਤੱਥ ਨੂੰ ਧਿਆਨ ਵਿਚ ਰੱਖਦੇ ਹੋਏ ਕਿ ਉਹ ਜ਼ਮੀਨੀ ਹਿੱਸੇ ਦੀ ਕਾਰਵਾਈ ਵਿਚ ਆਪਣੀ ਹੋਂਦ ਬਣਾਈ ਰੱਖ ਸਕੇ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।


**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਿਸਾਨ ਖੁਦਕੁਸ਼ੀਆਂ ਬਾਰੇ ਕੋਈ ਅੰਕੜਾ ਹੀ ਨਹੀਂ...




**ਨਵੀਂ ਦਿੱਲੀ:** ਕਿਸਾਨ ਖੁਦਕੁਸ਼ੀਆਂ ਦੀ ਬਹੁਲਤਾ ਵਾਲੇ ਰਾਜਾਂ ਵਿਚ ਖੇਤੀ ਸੰਕਟ ਨੂੰ ਸਮਝਣ ਲਈ ਸਰਕਾਰ ਵੱਲੋਂ ਅਧਿਐਨ ਕੀਤਾ ਜਾ ਰਿਹਾ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਨੇ ਪਿਛਲੇ ਸਾਲ (2016) ਵਿਚ ਹੋਈਆਂ ਕਿਸਾਨ ਖੁਦਕੁਸ਼ੀਆਂ ਸਬੰਧੀ ਅਜੇ ਤੱਕ ਕੋਈ ਡੇਟਾ ਤਿਆਰ ਨਹੀਂ ਕੀਤਾ। ਬਿਊਰੋ ਵੱਲੋਂ ਜਾਰੀ ਤਾਜ਼ਾਤਰੀਨ ਅੰਕੜਿਆਂ ਮੁਤਾਬਕ, 2015 ਵਿਚ ਕਿਸਾਨ ਖੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ 12,602 ਸੀ ਅਤੇ 4291 ਦੇ ਅੰਕੜਿਆਂ ਨਾਲ ਮਹਾਰਾਸ਼ਟਰ ਪਹਿਲੇ ਅਤੇ ਕਰਨਾਟਕ ਦੂਜੇ ਨੰਬਰ ਉਤੇ ਹੈ।

ਖੇਤੀ ਮੰਤਰੀ ਰਾਧਾ ਮੋਹਨ ਸਿੰਘ ਨੇ ਰਾਜ ਸਭਾ ਵਿਚ ਕਿਹਾ ਕਿ ਖੇਤੀ ਸੰਕਟ ਅਤੇ ਇਸ ਦੇ ਨਤੀਜੇ ਵਜੋਂ ਮੁਲਕ ਵਿਚ ਹੋ ਰਹੀਆਂ ਕਿਸਾਨ ਖੁਦਕੁਸ਼ੀਆਂ ਦੀ ਸਮੱਸਿਆ ਦਾ ਨੋਟਿਸ ਲੈਂਦਿਆਂ ਸਰਕਾਰ ਵੱਲੋਂ 'ਭਾਰਤ ਵਿਚ ਕਿਸਾਨ ਖੁਦਕੁਸ਼ੀਆਂ: ਕਾਰਨ ਤੇ ਨੀਤੀ ਨੁਸਖੇ' ਨਾਂ ਦਾ ਅਧਿਐਨ ਕੀਤਾ ਜਾ ਰਿਹਾ ਹੈ। ਸਾਲ 2016-17 ਦੀ ਕਾਰਜ ਯੋਜਨਾ ਤਹਿਤ ਬੰਗਲੌਰ ਆਧਾਰਤ ਸਮਾਜਿਕ ਤੇ ਆਰਥਿਕ ਤਬਦੀਲੀ ਬਾਰੇ ਸੰਸਥਾ (ਆਈ.ਐਸ.ਈ.ਸੀ.) ਵੱਲੋਂ ਅਧਿਐਨ ਤਹਿਤ ਪੂਰੇ ਭਾਰਤ ਦਾ ਸਰਵੇਖਣ ਕੀਤਾ ਜਾਵੇਗਾ।

ਖੇਤੀ ਮੰਤਰੀ ਨੇ ਕਿਹਾ ਕਿ ਖੇਤੀ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦੀ ਹੈ, ਲਿਹਾਜ਼ਾ ਖੇਤੀ ਦੇ ਵਿਕਾਸ ਲਈ ਰਾਜ ਸਰਕਾਰਾਂ ਵੱਲੋਂ ਹੀ ਢੁਕਵੇਂ ਕਦਮ ਚੁੱਕੇ ਜਾਣੇ ਚਾਹੀਦੇ ਹਨ। ਕੇਂਦਰ ਸਰਕਾਰ ਦਾ ਕੰਮ ਰਾਜ ਸਰਕਾਰ ਦੇ ਯਤਨਾਂ ਨੂੰ ਹੱਲਾਸ਼ੇਰੀ ਦੇਣ ਦਾ ਹੈ। ਨੋਟਬੰਦੀ ਦੇ ਕਿਸਾਨੀ 'ਤੇ ਪਏ ਅਸਰ ਬਾਰੇ ਮੰਤਰੀ ਨੇ ਕਿਹਾ ਕਿ ਦਿੱਲੀ ਨੇੜਲੇ ਪਿੰਡਾਂ ਵਿਚ ਕੀਤੇ ਅਧਿਐਨ ਵਿਚ ਖੇਤੀ ਖੇਤਰ 'ਤੇ ਨੋਟਬੰਦੀ ਅਸਰ ਅੰਦਾਜ਼ ਹੋਣ ਵਰਗੀ ਕੋਈ ਗੱਲ ਸਾਹਮਣੇ ਨਹੀਂ ਆਈ। ਇਹ ਅਧਿਐਨ ਖੇਤੀ ਖੋਜ ਬਾਰੇ ਭਾਰਤੀ ਕੌਂਸਲ (ਆਈ.ਸੀ.ਏ.ਆਰ.) ਤੇ ਨੈਸ਼ਨਲ ਇੰਸਟੀਚਿਊਟ ਆਫ ਐਗਰੀਕਲਚਰਲ ਇਕਨੋਮਿਕਸ ਤੇ ਪਾਲਿਸੀ ਰਿਸਰਚ (ਐਨ.ਆਈ.ਏ.ਪੀ.) ਵੱਲੋਂ 'ਮੇਰਾ ਗਾਓਂ ਮੇਰਾ ਗੌਰਵ' ਪਹਿਲ ਤਹਿਤ ਕੀਤਾ ਗਿਆ ਸੀ।

# ਪੰਜਾਬ ਚੋਣਾਂ ਦੌਰਾਨ 9.50 ਕਰੋੜ ਦੀ ਡਰੱਗ ਫੜੀ

**ਚੰਡੀਗੜ੍ਹ:** ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਚੰਡੀਗੜ੍ਹ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਵਿਸ਼ੇਸ਼ ਮੁਹਿੰਮ ਚਲਾ ਕੇ 9.50 ਕਰੋੜ ਰੁਪਏ ਦੀ ਡਰੱਗ ਬਰਾਮਦ ਕੀਤੀ ਹੈ ਅਤੇ ਆਯੁਰਵੈਦਿਕ ਗੋਲੀਆਂ ਦੇ ਬਹਾਨੇ ਸੂਬੇ 'ਚ ਡਰੱਗ ਵੇਚਣ ਦੇ ਧੰਦੇ ਨੂੰ ਬੇਨਕਾਬ ਕੀਤਾ ਹੈ। ਐਨ.ਸੀ.ਬੀ. ਨੇ 3.72 ਲੱਖ ਕਾਮਨੀ ਗੋਲੀਆਂ ਬਰਾਮਦ ਕੀਤੀਆਂ ਹਨ ਜਿਨ੍ਹਾਂ ਦੀ ਕੀਮਤ ਚਾਰ ਕਰੋੜ ਰੁਪਏ ਹੈ।

ਐਨ.ਸੀ.ਬੀ. ਚੰਡੀਗੜ੍ਹ ਦੇ ਜ਼ੋਨਲ ਡਾਇਰੈਕਟਰ ਕੇ. ਸ਼ਰਮਾ ਨੇ ਦੱਸਿਆ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਐਨ.ਸੀ.ਬੀ. ਨੇ 104 ਥਾਵਾਂ 'ਤੇ ਛਾਪੇ ਮਾਰ ਕੇ ਵੱਖ-ਵੱਖ ਤਰ੍ਹਾਂ ਦੀ 9.5 ਕਰੋੜ ਰੁਪਏ ਦੀ ਡਰੱਗ ਬਰਾਮਦ ਕੀਤੀ ਹੈ। ਅੰਮ੍ਰਿਤਸਰ ਦੀਆਂ ਤਿੰਨ ਵੱਖ-ਵੱਖ ਥਾਵਾਂ ਤੋਂ ਕਾਮਨੀ ਦੀਆਂ ਕ੍ਰਮਵਾਰ 2.40 ਲੱਖ, 1.29 ਲੱਖ ਅਤੇ ਤਿੰਨ ਹਜ਼ਾਰ ਗੋਲੀਆਂ ਬਰਾਮਦ ਕੀਤੀਆਂ ਹਨ ਜਿਨ੍ਹਾਂ ਦੀ ਕੀਮਤ ਚਾਰ ਕਰੋੜ ਰੁਪਏ ਦੇ ਕਰੀਬ ਹੈ। ਮੁਲਜ਼ਮ ਇਕ ਗੋਲੀ 100 ਰੁਪਏ ਦੀ ਵੇਚਦੇ ਸਨ। ਇਕ ਗੋਲੀ ਵਿਚ 25 ਫੀਸਦੀ ਦੇ ਕਰੀਬ ਅਫੀਮ ਹੁੰਦੀ ਹੈ। ਇਸੇ ਤਰ੍ਹਾਂ ਖਰੜ ਨੇੜੇ ਟਾਟਾ ਸੂਮੋ ਘੇਰ ਕੇ ਤਲਾਸ਼ੀ ਲਈ ਤਾਂ ਉਸ ਵਿਚੋਂ ਚਰਸ ਬਰਾਮਦ ਹੋਈ। ਮੁਲਜ਼ਮ ਦੀ ਪਛਾਣ ਪਿੰਡ ਖੈਡੀ (ਚੰਬਾ) ਦੇ 23 ਸਾਲਾ ਫਾਰੂਕ ਵਜੋਂ ਹੋਈ ਹੈ। ਉਸ ਨੇ ਮੁੱਢਲੀ ਪੁੱਛ-ਪੜਤਾਲ 'ਤੇ ਮੰਨਿਆ ਕਿ ਉਹ ਚੰਬਾ ਤੋਂ ਛੇਵੀਂ ਵਾਰ ਪੰਜਾਬ ਵਿਚ ਡਰੱਗ ਸਪਲਾਈ ਕਰਨ ਆਇਆ ਸੀ।

# 'ਆਪ' ਵਰਕਰਾਂ ਵਿਰੁੱਧ ਕੇਸ ਦਰਜ

**ਕੋਟਕਪੂਰਾ:** ਕੋਟਕਪੂਰਾ (ਸ਼ਹਿਰੀ) ਪੁਲਿਸ ਨੇ ਇੱਕ ਟਰਾਂਸਪੋਟਰ ਦੇ ਦਫਤਰ 'ਤੇ ਹਮਲਾ ਕਰਨ, ਕੁੱਟਮਾਰ ਕਰਨ ਅਤੇ ਨਕਦੀ ਖੋਹਣ ਦੇ ਦੋਸ਼ ਵਿਚ ਆਪ ਆਦਮੀ ਪਾਰਟੀ (ਆਪ) ਦੇ 25 ਵਰਕਰਾਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

ਦਰਜ ਐਫ.ਆਈ.ਆਰ. ਮੁਤਾਬਕ 4 ਫਰਵਰੀ ਨੂੰ ਚੋਣਾਂ ਵਾਲੇ ਦਿਨ ਕਮਲਜੀਤ ਸਿੰਘ, ਲਵੀ ਦਿਓੜਾ, ਗਿਫਟੀ ਮਨਚੰਦਾ, ਪ੍ਰਦੀਪ ਸਿਵੀਆ, ਕਾਲਾ ਸਿੰਘ ਅਤੇ ਬੱਸੀ ਆਪਣੇ ਕਰੀਬ 20 ਹੋਰ ਅਣਪਛਾਤੇ ਸਾਥੀਆਂ ਸਮੇਤ ਹਥਿਆਰਾਂ ਨਾਲ ਲੈਸ ਹੋ ਕੇ ਸ਼ਹੀਦ ਭਗਤ ਸਿੰਘ ਕਾਲਜ ਰੋਡ 'ਤੇ ਘੁੰਮ ਰਹੇ ਸਨ। ਮੁਲਜ਼ਮਾਂ ਨੇ ਉਸ 'ਤੇ ਦੋਸ਼ ਲਾਇਆ ਕਿ ਉਹ ਅਕਾਲੀ-ਭਾਜਪਾ ਦੇ ਉਮੀਦਵਾਰ ਮਨਤਾਰ ਬਰਾੜ ਦੇ ਹੱਕ ਵਿਚ ਵੋਟਰਾਂ ਨੂੰ ਪੈਸੇ ਵੰਡਣ ਰਿਹਾ ਹੈ। ਸ਼ਿਕਾਇਤ ਕਰਤਾ ਨੇ ਮੁਲਜ਼ਮਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਇਨ੍ਹਾਂ ਨੇ ਕੋਈ ਗੱਲ ਨਹੀਂ ਸੁਣੀ ਤੇ ਉਸ ਉਪਰ ਡਾਂਗਾ ਤੇ ਰਾਡਾਂ ਨਾਲ ਹਮਲਾ ਕਰ ਦਿੱਤਾ। ਪਿੱਛੋਂ ਮੁਲਜ਼ਮਾਂ ਨੇ ਸ਼ਿਕਾਇਤ ਕਰਤਾ ਦੇ ਤਾਏ ਦੇ ਲੜਕੇ ਗੁਰਵਿੰਦਰ ਸਿੰਘ ਦੇ ਟਰਾਂਸਪੋਰਟ ਦਫਤਰ 'ਚ ਹਮਲਾ ਕਰ ਕੇ ਸ਼ੀਸ਼ੇ ਭੰਨ ਦਿੱਤੇ।

# ਨਾਜ਼ੀਆਂ ਦੇ ਤਸੀਹੇ ਝੱਲਣ ਵਾਲਿਆਂ ਦੇ ਗੀਤ ਲੱਭੇ

**ਵਾਸ਼ਿੰਗਟਨ:** ਨਾਜ਼ੀਆਂ ਦੇ ਬੰਦੀ ਕੈਂਪਾਂ ਵਿਚੋਂ ਬਚਾਏ ਲੋਕਾਂ ਦੇ ਗੀਤ ਪਹਿਲੀ ਵਾਰ ਸੁਣੇ ਜਾ ਸਕਣਗੇ। ਇਹ ਗੀਤ ਗੁਆਚ ਗਏ ਹਨ, ਪਰ ਅਮਰੀਕਾ ਦੀ ਯੂਨੀਵਰਸਿਟੀ ਆਫ ਐਕਰਨ ਵਿਚੋਂ 'ਹੈਨੋਨਵਿਲੈ ਗੀਤ' ਮਿਲ ਗਏ ਹਨ। ਦੂਜੇ ਵਿਸ਼ਵ ਯੁੱਧ ਦੇ ਆਖਰੀ ਮਹੀਨਿਆਂ ਵਿਚ ਭਾਈਵਾਲ ਫੌਜਾਂ ਨੇ ਨਾਜ਼ੀਆਂ ਦੇ ਕੈਂਪਾਂ ਵਿਚੋਂ ਬੰਦੀਆਂ ਨੂੰ ਛੁਡਵਾਉਣਾ ਸ਼ੁਰੂ ਕੀਤਾ ਸੀ। ਉਨ੍ਹਾਂ ਨੇ ਉਸ ਸਮੇਂ ਫੈਲੇ ਭੈਅ ਨੂੰ ਕੈਮਰਿਆਂ ਵਿਚ ਕੈਦ ਕੀਤਾ ਸੀ। ਇਸ ਬਾਅਦ ਜਲਦੀ ਵਿਸ਼ਵ ਨੇ ਸੁੱਕੇ ਪਿੰਜਰ ਬਣ ਚੁੱਕੇ ਬੰਦਿਆਂ ਦੀਆਂ ਤਸਵੀਰਾਂ ਦੇਖੀਆਂ ਸਨ। 1946 ਵਿਚ ਖੋਜਕਾਰ ਡੇਵਿਡ ਬੋਡਰ ਨੇ ਨਾਜ਼ੀ ਕੈਂਪਾਂ ਵਿਚੋਂ ਬਚਾਏ ਘੱਟੋ ਘੱਟ 130 ਯਹੂਦੀਆਂ ਨਾਲ ਮੁਲਾਕਾਤ ਕੀਤੀ ਸੀ। ਉਸ ਨੇ ਗੀਤ ਅਤੇ ਧਾਰਮਿਕ ਰਸਮਾਂ ਵੀ ਰਿਕਾਰਡ ਕੀਤੀਆਂ ਸਨ। ਬੋਡਰ ਦੇ ਇਸ ਇਤਿਹਾਸਕ ਕਾਰਜ ਦੇ ਇਕ ਹਿੱਸੇ ਨੂੰ 1967 ਤੋਂ ਅਮਰੀਕਾ ਦੀ ਯੂਨੀਵਰਸਿਟੀ ਆਫ ਐਕਰਨ ਵੱਲੋਂ ਸੰਭਾਲਿਆ ਹੋਇਆ ਸੀ। ਹਾਲ ਹੀ ਵਿਚ 'ਵਰਸਿਟੀ ਵਿਚ ਇਤਿਹਾਸਕ ਰਿਕਾਰਡ ਨੂੰ ਡਿਜੀਟਲ ਰੂਪ ਦਿੱਤੇ ਜਾਣ ਦੇ ਕਾਰਜ ਦੌਰਾਨ ਇਕ ਰੀਲ ਮਿਲੀ ਜਿਸ ਵਿਚ 'ਹੈਨੋਨਵਿਲੈ ਗੀਤ' ਸਨ।

# ਦਿਹਾਤੀ ਜੋਸ਼ ਨੇ ਰਵਾਇਤੀ ਧਿਰਾਂ ਡਰਾਈਆਂ

*(ਸਫਾ ਇਕ ਦੀ ਬਾਕੀ)*

ਪਰ ਇਸ ਵਾਰ ਪੰਜਾਬ ਦੀ ਸਿਆਸਤ ਵਿਚ ਆਮ ਆਦਮੀ ਪਾਰਟੀ ਦੀ ਦਸਤਕ ਨੇ ਹਾਲਾਤ ਕੁਝ ਵੱਖਰੇ ਕਰ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਜ਼ਿਆਦਾਤਰ ਪੇਂਡੂ ਵੋਟ ਪੰਥਕ ਪਾਰਟੀ ਵਜੋਂ ਮਿਲਦੇ ਸਨ, ਪਰ ਇਸ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੰਜਾਬ ਵਿਚ ਬਦ-ਅਮਨੀ ਕਾਰਨ ਇਸ ਵੋਟ ਬੈਂਕ ਵਿਚ ਹਾਕਮ ਧਿਰ ਵਿਰੁਧ ਖਾਸਾ ਰੋਹ ਹੈ। ਇਸ ਲਈ ਮੰਨਿਆ ਜਾ ਰਿਹਾ ਹੈ ਕਿ ਨਾਰਾਜ਼ ਵੋਟ 'ਆਪ' ਦੇ ਹੱਕ ਵਿਚ ਭੁਗਤ ਸਕਦੀ ਹੈ। ਆਮ ਆਦਮੀ ਪਾਰਟੀ ਨੇ ਪਿੰਡਾਂ ਤੱਕ ਪਹੁੰਚ ਕੀਤੀ ਸੀ ਅਤੇ ਕਿਸਾਨਾਂ/ਮਜ਼ਦੂਰਾਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ ਉਤੇ ਉਠਾਇਆ। ਮਿਲੇ ਵੇਰਵਿਆਂ ਮੁਤਾਬਕ ਮਾਲਵਾ ਅਤੇ ਸਰਹੱਦੀ ਖੇਤਰ ਦੇ ਜ਼ਿਲ੍ਹਿਆਂ ਵਿਚਲੇ ਹਲਕਿਆਂ ਵਿਚ ਵੋਟ ਪ੍ਰਤੀਸ਼ਤ 80 ਫੀਸਦੀ ਤੋਂ ਵੀ ਟੱਪ ਗਈ ਹੈ। ਪੰਜਾਬ ਦੇ ਚਰਚਿਤ ਵਿਧਾਨ ਸਭਾ ਹਲਕਿਆਂ ਵਿਚੋਂ ਲੰਬੀ ਵਿਚ 78 ਫੀਸਦੀ ਵੋਟਾਂ ਪਈਆਂ ਜਦੋਂਕਿ ਜਲਾਲਾਬਾਦ ਵਿਚ 86 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ। ਪਟਿਆਲਾ ਵਿਧਾਨ ਸਭਾ ਹਲਕੇ ਵਿਚ 67 ਫੀਸਦੀ ਲੋਕਾਂ ਨੇ ਹੀ ਵੋਟਾਂ ਪਾਈਆਂ। ਬਠਿੰਡਾ ਜ਼ਿਲ੍ਹੇ ਦੇ ਮੌੜ ਮੰਡੀ ਹਲਕੇ ਵਿਚ ਜਿਥੇ ਚੋਣ ਪ੍ਰਚਾਰ ਦੌਰਾਨ ਬੰਬ ਧਮਾਕਾ ਹੋ ਗਿਆ ਸੀ, ਵਿਚ ਵੀ 85 ਫੀਸਦੀ ਵੋਟਰਾਂ ਨੇ ਜਮਹੂਰੀ ਹੱਕ ਵਰਤਿਆ। ਮਜੀਠਾ ਹਲਕੇ ਵਿਚ 68 ਫੀਸਦੀ ਵੋਟਾਂ ਪਈਆਂ। ਆਪ ਦਾ ਗੜ੍ਹ ਮੰਨੇ ਜਾਂਦੇ ਸੰਗਰੂਰ ਜ਼ਿਲ੍ਹੇ ਦੇ ਸਾਰੇ ਹਲਕਿਆਂ ਵਿਚ 80 ਫੀਸਦੀ ਤੋਂ ਜ਼ਿਆਦਾ ਮਤਦਾਨ ਹੋਇਆ।

ਰਵਾਇਤੀ ਪਾਰਟੀਆਂ- ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ, ਲਈ ਪੇਂਡੂ ਲੋਕਾਂ ਦਾ ਉਤਸ਼ਾਹ ਵੰਗਾਰ ਬਣਿਆ ਹੋਇਆ ਹੈ, ਕਿਉਂਕਿ ਆਮ ਆਦਮੀ ਪਾਰਟੀ ਨੂੰ ਦਿਹਾਤੀ ਪੰਜਾਬ ਦੇ ਵੋਟਰ, ਖਾਸ ਕਰ ਕੇ ਮਾਲਵੇ ਦੇ ਜ਼ਿਆਦਾਤਰ ਪਿੰਡਾਂ 'ਚ ਵੱਡਾ ਹੁੰਗਾਰਾ ਮਿਲਿਆ ਹੈ। ਦਿਹਾਤੀ ਖੇਤਰ ਦੇ ਹਲਕਿਆਂ 'ਚ ਵੋਟ 80 ਫੀਸਦੀ ਤੋਂ ਵੱਧ ਪਈ ਹੈ। ਅਜਿਹੇ ਵਿਧਾਨ ਸਭਾ ਹਲਕਿਆਂ ਦੀ ਗਿਣਤੀ 52 ਹੈ। ਨਿਰੋਲ ਸ਼ਹਿਰੀ ਵਸੋਂ ਵਾਲੇ ਵਿਧਾਨ ਸਭਾ ਹਲਕੇ, ਜਿਨ੍ਹਾਂ ਦੀ ਗਿਣਤੀ 20 ਦੇ ਕਰੀਬ ਹੈ, ਵਿਚੋਂ 7 ਵਿਧਾਨ ਸਭਾ ਹਲਕੇ ਹੀ ਅਜਿਹੇ ਹਨ ਜਿਥੇ 70 ਫੀਸਦੀ ਤੋਂ ਵੱਧ ਵੋਟ ਪਈ ਹੈ। ਬਾਕੀ ਦੇ 13 ਹਲਕਿਆਂ ਵਿਚ 70 ਫੀਸਦੀ ਤੋਂ ਵੀ ਘੱਟ ਵੋਟਾਂ ਪਈਆਂ ਹਨ।

ਵਿਧਾਨ ਸਭਾ ਦੀਆਂ ਪਿਛਲੀਆਂ ਤਿੰਨ ਚੋਣਾਂ 'ਤੇ ਝਾਤੀ ਮਾਰੀ ਜਾਵੇ ਤਾਂ ਮਾਲਵਾ, ਮਾਝਾ ਅਤੇ ਦੋਆਬਾ ਵੱਖ-ਵੱਖ ਰੁਝਾਨ ਪੇਸ਼ ਕਰਦੇ ਹਨ। ਵੋਟਾਂ ਪੈਣ ਵਾਲੇ ਦਿਨ ਵੋਟਰਾਂ ਦੇ ਰੁਝਾਨ ਤੋਂ ਦੇਖਿਆ ਗਿਆ ਹੈ। ਮਾਲਵੇ ਵਿਚ 'ਆਪ' ਨੂੰ ਚੰਗਾ ਹੁੰਗਾਰਾ ਮਿਲਿਆ ਹੈ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ, ਜਿਨ੍ਹਾਂ ਦਾ ਇਸ ਖਿੱਤੇ ਵਿਚ ਮਜ਼ਬੂਤ ਆਧਾਰ ਹੁੰਦਾ ਸੀ, ਦੇ ਵੋਟ ਬੈਂਕ ਨੂੰ ਖੋਰਾ ਲੱਗਣ ਦਾ ਖਦਸ਼ਾ ਹੈ। ਦੋਆਬੇ ਅਤੇ ਮਾਝੇ 'ਚ ਇਸ ਵਾਰ ਵੋਟਰਾਂ ਦਾ ਝੁਕਾਅ ਕਾਂਗਰਸ ਵੱਲ ਦੇਖਿਆ ਗਿਆ ਹੈ। 'ਆਪ' ਨੂੰ ਇਨ੍ਹਾਂ ਦੋਹਾਂ ਖਿੱਤਿਆਂ ਵਿਚ ਕਾਂਗਰਸ ਮੁਕਾਬਲੇ ਘੱਟ ਹੁੰਗਾਰਾ ਮਿਲਿਆ ਹੈ।

## ਇਤਿਹਾਸ: ਇਕ ਖਿੱਤਾ ਨਹੀਂ ਕਿਸੇ ਪਾਰਟੀ ਦਾ ਗੜ੍ਹ!

**ਚੰਡੀਗੜ੍ਹ:** ਪੰਜਾਬ ਦੇ ਚੋਣ ਇਤਿਹਾਸ ਵਿਚ ਕੋਈ ਇਕ ਖਿੱਤਾ ਕਿਸੇ ਇਕ ਵਿਸ਼ੇਸ਼ ਪਾਰਟੀ ਦਾ ਗੜ੍ਹ ਨਹੀਂ ਰਿਹਾ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ 62 ਸੀਟਾਂ ਜਿੱਤ ਕੇ ਸਰਕਾਰ ਬਣਾਈ ਸੀ। ਉਦੋਂ ਤੱਕ ਮਾਲਵਾ ਅਕਾਲੀਆਂ ਦਾ ਗੜ੍ਹ ਮੰਨਿਆ ਜਾਂਦਾ ਸੀ ਅਤੇ ਕਾਂਗਰਸ ਨੂੰ ਮਾਲਵੇ ਦੀਆਂ ਕੁੱਲ 65 ਵਿਚੋਂ 28 ਸੀਟਾਂ ਹੀ ਮਿਲੀਆਂ ਸਨ, ਪਰ ਮਾਝੇ ਦੀਆਂ 27 ਵਿਚੋਂ 18 ਅਤੇ ਦੋਆਬੇ ਦੀਆਂ 25 ਵਿਚੋਂ 16 ਸੀਟਾਂ ਨੇ ਬਹੁਮਤ ਦਿਵਾਉਣ ਵਿਚ ਵੱਡੀ ਭੂਮਿਕਾ ਨਿਭਾਈ ਸੀ। 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਮਾਲਵੇ ਵਿਚ ਆਪਣੀਆਂ ਸੀਟਾਂ 28 ਤੋਂ ਵਧਾ ਕੇ 37 ਤੱਕ ਪਹੁੰਚਾ ਲਈਆਂ ਅਤੇ ਅਕਾਲੀ-ਭਾਜਪਾ 24 ਸੀਟਾਂ ਤੱਕ ਸੁੰਗੜ ਗਏ, ਪਰ ਅਕਾਲੀ-ਭਾਜਪਾ ਨੇ ਮਾਝਾ-ਦੋਆਬਾ ਤੋਂ 44 ਸੀਟਾਂ ਲੈ ਕੇ ਪੂਰਨ ਬਹੁਮਤ ਤੋਂ ਵੀ ਵੱਧ ਸੀਟਾਂ ਹਾਸਲ ਕੀਤਾ ਸੀ। ਕਾਂਗਰਸ ਮਾਝੇ-ਦੋਆਬੇ ਵਿਚ 7 ਸੀਟਾਂ 'ਤੇ ਸਿਮਟ ਗਈ। 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੁੜ ਅਜਿਹੀ ਸਥਿਤੀ ਰਹੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



COLDWELL BANKER VALLEY CENTRAL

EQUAL HOUSING OPPORTUNITY

REALTOR®

Gurbans Singh Gill
Realtor
BRE#01227109

18 Years Experiance in Real Estate

e-mail: gurbans@gotracy.com

Fax: 209-836-0706

www.gotracy.com

**Gurbans Gill**

**Office 209-835-4545**

**Direct 209-815-1869**

1486 W 11th Street, Tracy, CA 95376


# ਪਿਸ਼ਾਵਰ ਸ਼ਹਿਰ 'ਤੇ ਚੂਹਿਆਂ ਦਾ ਹਮਲਾ

**ਪਿਸ਼ਾਵਰ:** ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦਾ ਪਿਸ਼ਾਵਰ ਸ਼ਹਿਰ ਮਾਨਵਘਾਤੀ ਚੂਹਿਆਂ ਦੇ ਖ਼ੌਫ਼ ਤੋਂ ਬੁਰੀ ਤਰ੍ਹਾਂ ਨਾਲ ਸਹਿਮਿਆ ਹੋਇਆ ਹੈ। ਪਿਛਲੇ ਸਿਰਫ ਕੁਝ ਇਕ ਮਹੀਨਿਆਂ 'ਚ ਸ਼ਹਿਰ ਦੇ ਕਿੱਸਾ ਖ਼ਵਾਨੀ ਗੇਟ, ਨਮਕ ਮੰਡੀ, ਹਸਨ ਗੜ੍ਹੀ, ਬਸ਼ੀਰਾਬਾਦ, ਕੁਹਾਟੀ ਤੇ ਬੱਚਾ ਖ਼ਾਨ ਕਾਲੋਨੀ ਸਹਿਤ ਵੱਖ-ਵੱਖ ਇਲਾਕਿਆਂ ਤੇ ਆਸ-ਪਾਸ ਦੇ ਪਿੰਡਾਂ 'ਚ ਚੂਹਿਆਂ ਦੇ ਕੱਟਣ ਨਾਲ 650 ਦੇ ਕਰੀਬ ਲੋਕ ਜ਼ਖਮੀ ਹੋਏ ਜਦਕਿ 37 ਮਾਸੂਮ ਬੱਚਿਆਂ ਦੀ ਮੌਤ ਹੋ ਗਈ।

ਜ਼ਖਮੀਆਂ ਵਿਚ 380 ਦੇ ਕਰੀਬ ਬੱਚੇ, 170 ਔਰਤਾਂ ਤੇ 100 ਦੇ ਕਰੀਬ ਮਰਦ ਸ਼ਾਮਲ ਹਨ। ਜ਼ਖਮੀਆਂ ਦੇ ਇਲਾਜ ਲਈ ਸ਼ਹਿਰ ਦੇ ਕਿਲ੍ਹਾ ਬਾਲਾ ਹਿਸਾਰ ਦੇ ਨਾਲ ਲੱਗਦੇ ਸਰਕਾਰੀ ਲੇਡੀ ਰੀਡਿੰਗ ਹਸਪਤਾਲ ਵਿਚ ਪ੍ਰਬੰਧ ਕੀਤੇ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਸ਼ਹਿਰ 'ਚ ਆਏ ਹੜ੍ਹਾਂ ਦੇ ਬਾਅਦ ਤੋਂ ਉਪਰੋਕਤ ਸਥਿਤੀ ਬਣੀ ਹੋਈ ਹੈ ਅਤੇ ਸਾਧਾਰਨ ਚੂਹਿਆਂ ਤੋਂ ਅੱਠ ਗੁਣਾ ਵੱਡੇ ਸਾਈਜ਼ ਦੇ ਇਨ੍ਹਾਂ ਚੂਹਿਆਂ ਵੱਲੋਂ ਜ਼ਿਆਦਾਤਰ ਜ਼ਮੀਨ 'ਤੇ ਸੌਣ ਵਾਲੇ ਵਾਲੇ ਅਤੇ ਛੋਟੀ ਉਮਰ ਦੇ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਸੈਨਾ ਦੀ ਵਿਸ਼ੇਸ਼ ਮੁਹਿੰਮ ਚਲਾਉਣ ਦੀ ਮੰਗ

**ਇਲਾਮਾਬਾਦ:** ਲੋਕਾਂ ਨੇ ਚੂਹਿਆਂ ਦੇ ਖਾਤਮੇ ਲਈ ਸੂਬਾ ਸਰਕਾਰ ਪਾਸੋਂ ਸੈਨਾ ਦੀ ਵਿਸ਼ੇਸ਼ ਮੁਹਿੰਮ ਚਲਾਉਣ ਦੀ ਮੰਗ ਕੀਤੀ ਹੈ।

ਪਿਸ਼ਾਵਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੂਹਿਆਂ ਦੇ ਖ਼ਾਤਮੇ ਲਈ ਚਲਾਈ 'ਚੂਹਾ ਮਾਰ ਮੁਹਿੰਮ' ਦੇ ਚੱਲਦਿਆਂ ਕੈਂਟੋਨਮੈਂਟ ਬੋਰਡ ਨੇ ਵੱਡੇ ਸਾਈਜ਼ ਵਾਲੇ ਚੂਹਿਆਂ ਨੂੰ ਮਾਰ ਕੇ ਲਿਆਉਣ ਵਾਲੇ ਨੂੰ ਪ੍ਰਤੀ ਚੂਹੇ ਪਿੱਛੇ 30 ਰੁਪਏ ਨਕਦ ਇਨਾਮ ਦੇਣ ਦਾ ਐਲਾਨ ਕੀਤੀ ਸੀ, ਪਰ ਇਕ ਸਮਾਜ ਸੇਵੀ ਸੰਸਥਾ ਦੇ ਦਖਲ ਦੇਣ 'ਤੇ ਇਹ ਮੁਹਿੰਮ ਰੋਕ ਦਿੱਤੀ ਗਈ।


**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**



Gurdip Singh Sandhu

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**7021 Village Park Way, Dublin, CA 94568**

Email: Homeomedicine@yahoo.com



# Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*



Satwant Singh, CLCS, MBA
*(CA Lic # 0H11256)*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

**Call today for your FREE, no-obligation quote:**

**1-408-771-2438**

satwant@satwantins.com

Allied Insurance
a Nationwide Insurance® company

# ਮੁਸਲਮਾਨਾਂ 'ਤੇ ਪਾਬੰਦੀ ਦੇ ਫੈਸਲੇ ਤੋਂ ਪਿੱਛੇ ਹਟਿਆ ਅਮਰੀਕਾ

**ਵਾਸ਼ਿੰਗਟਨ:** ਅਮਰੀਕੀ ਪ੍ਰਸ਼ਾਸਨ ਹੁਣ ਉਨ੍ਹਾਂ ਸਾਰੇ ਲੋਕਾਂ ਨੂੰ ਦੇਸ਼ ਵਿਚ ਆਉਣ ਦੀ ਇਜਾਜ਼ਤ ਦੇਵੇਗਾ, ਜਿਨ੍ਹਾਂ ਕੋਲ ਕਾਨੂੰਨੀ ਵੀਜ਼ੇ ਹੋਣਗੇ। ਅਮਰੀਕੀ ਵਿਦੇਸ਼ੀ ਵਿਭਾਗ ਦੇ ਅਫਸਰ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸੱਤ ਮੁਸਲਿਮ ਦੇਸ਼ਾਂ ਦੇ ਨਾਗਰਿਕਾਂ ਦੇ ਅਮਰੀਕਾ ਆਉਣ 'ਤੇ ਪਾਬੰਦੀ ਲਾਉਣ ਨਾਲ ਜੁੜੇ ਐਕਜ਼ੀਕਿਊਟਿਵ ਆਰਡਰ ਖਿਲਾਫ ਅਮਰੀਕੀ ਸੰਘੀ ਜੱਜ ਦੇ ਫੈਸਲੇ ਨੂੰ ਅਮਲ ਵਿਚ ਲਿਆਉਣ ਲਈ ਅਜਿਹਾ ਕੀਤਾ ਹੈ।

ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਅਨੁਸਾਰ, ਅਸੀਂ ਸੱਤ ਮੁਸਲਿਮ ਦੇਸ਼ਾਂ ਦੇ ਲੋਕਾਂ 'ਤੇ ਅਮਰੀਕਾ ਦੀ ਯਾਤਰਾ ਉਤੇ ਲੱਗੀ ਰੋਕ ਬਾਰੇ ਫੈਸਲੇ ਨੂੰ ਵਾਪਸ ਲੈ ਲਿਆ ਹੈ। ਉਹ ਨਾਗਰਿਕ ਜਿਨ੍ਹਾਂ ਦੇ ਕੋਲ ਵੀਜ਼ਾ ਹੈ, ਜਿਨ੍ਹਾਂ ਨੂੰ ਫਿਜ਼ੀਕਲੀ ਰੱਦ ਨਹੀਂ ਕੀਤਾ ਗਿਆ ਹੈ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਉਨ੍ਹਾਂ ਦਾ ਵੀਜ਼ਾ ਕਾਨੂੰਨੀ ਹੈ, ਉਹ ਅਮਰੀਕਾ ਦਾ ਦੌਰਾ ਕਰ ਸਕਦੇ ਹਨ।

ਦੱਸਣਯੋਗ ਹੈ ਕਿ ਅਮਰੀਕੀ ਵਿਦੇਸ਼ੀ ਵਿਭਾਗ ਨੇ ਕਿਹਾ ਸੀ ਕਿ ਟਰੰਪ ਦੇ ਆਦੇਸ਼ ਕਰ ਕੇ ਤਕਰੀਬਨ 60 ਹਜ਼ਾਰ ਲੋਕਾਂ ਦੇ ਵੀਜ਼ੇ ਰੱਦ ਹੋ ਗਏ ਸਨ। ਅਧਿਕਾਰੀ ਮੁਤਾਬਕ, ਟਰੰਪ ਪ੍ਰਸ਼ਾਸਨ ਆਪਣੀ ਕਾਨੂੰਨੀ ਟੀਮ ਅਤੇ ਘਰੇਲੂ ਸੁਰੱਖਿਆ ਵਿਭਾਗ ਦੇ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਉਧਰ, ਘਰੇਲੂ ਸੁਰੱਖਿਆ ਵਿਭਾਗ ਨੇ ਇਕ ਹੋਰ ਬਿਆਨ ਵਿਚ ਕਿਹਾ ਹੈ ਕਿ ਜੱਜ ਦੇ ਫੈਸਲੇ ਮੁਤਾਬਕ, ਡੀ.ਐਚ.ਐਸ. ਨੇ ਐਕਜ਼ੀਕਿਊਟਿਵ ਆਰਡਰ ਨੂੰ ਲਾਗੂ ਕਰਨ ਦੀ ਵਜ੍ਹਾ ਨਾਲ ਲਏ ਗਏ ਹਰ ਕਦਮ ਨੂੰ ਵਾਪਸ ਲੈ ਲਿਆ ਹੈ, ਹਾਲਾਂਕਿ ਵਿਭਾਗ ਨੇ ਇਹ ਵੀ ਕਿਹਾ ਹੈ ਕਿ ਅਮਰੀਕੀ ਨਿਆਂ ਵਿਭਾਗ ਦੇ ਅਫਸਰ ਛੇਤੀ ਹੀ ਪਾਬੰਦੀ ਨੂੰ ਮੁੜ ਲਾਗੂ ਕਰਵਾਉਣ ਲਈ ਅਪੀਲ ਕਰਨਗੇ। ਦੱਸਣਯੋਗ ਹੈ ਕਿ ਆਰਡੀਨੈਂਸ 'ਤੇ ਰੋਕ ਲਾਉਣ ਦਾ ਆਦੇਸ਼ ਸਿਆਟਲ ਦੀ ਜੱਜ ਜੇਮਸ ਰਾਬਰਟ ਨੇ ਦਿੱਤਾ ਸੀ।




## ਫੈਡਰਲ ਅਦਾਲਤ ਵੱਲੋਂ ਟਰੰਪ ਨੂੰ ਵੱਡਾ ਝਟਕਾ

**ਵਾਸ਼ਿੰਗਟਨ :** ਰਾਸ਼ਟਰਪਤੀ ਡੋਨਲਡ ਟਰੰਪ ਨੂੰ ਵੱਡਾ ਝਟਕਾ ਦਿੰਦਿਆਂ ਅਮਰੀਕਾ ਦੀ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਵੱਲੋਂ ਮੁਸਲਿਮ ਬਹੁਗਿਣਤੀ ਵਾਲੇ ਸੱਤ ਮੁਲਕਾਂ ਦੇ ਯਾਤਰੀਆਂ ਦੇ ਦਾਖਲੇ ਉਤੇ ਰੋਕ ਵਾਲੇ ਫੈਸਲੇ ਨੂੰ ਫੌਰੀ ਮੁੜ ਬਹਾਲ ਕਰਨ ਦੀ ਅਪੀਲ ਨੂੰ ਰੱਦ ਕਰ ਦਿੱਤਾ ਹੈ।

ਯਾਦ ਰਹੇ ਕਿ ਰਾਸ਼ਟਰਪਤੀ ਟਰੰਪ ਦੇ ਇਸ ਵਿਵਾਦਿਤ ਫੈਸਲੇ ਨੂੰ ਹੇਠਲੀ ਅਦਾਲਤ ਨੇ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤਾ ਸੀ। ਨਿਆਂ ਵਿਭਾਗ ਦੇ ਵਕੀਲਾਂ ਨੇ ਸੈਨ ਫਰਾਂਸਿਸਕੋ ਸਥਿਤ ਨੌਂਵੇਂ ਸਰਕਟ ਅਪੀਲ ਕੋਰਟ ਵਿਚ ਹੇਠਲੀ ਅਦਾਲਤ ਦੇ ਆਰਜ਼ੀ ਮੁਅੱਤਲੀ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

## ਪਾਬੰਦੀ ਕੋਈ ਚੰਗਾ ਤਰੀਕਾ ਨਹੀਂ: ਗੁਟੇਰੇਜ਼

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਮੁਖੀ ਅੰਤੋਨੀਓ ਗੁਟੇਰੇਜ਼ ਨੇ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਵੱਲੋਂ ਸੱਤ ਮੁਸਲਿਮ ਬਹੁਗਿਣਤੀ ਵਾਲੇ ਮੁਲਕਾਂ ਦੇ ਯਾਤਰੀਆਂ ਦੇ ਦਾਖਲੇ ਉਤੇ ਲਾਈ ਪਾਬੰਦੀ ਅਮਰੀਕਾ ਨੂੰ ਅਤਿਵਾਦ ਤੋਂ ਬਚਾਉਣ ਦਾ ਵਧੀਆ ਤਰੀਕਾ ਨਹੀਂ ਹੈ, ਸਗੋਂ ਇਸ ਨਾਲ 'ਗੁੱਸਾ ਤੇ ਪ੍ਰੇਸ਼ਾਨੀ' ਵਧ ਸਕਦੀ ਹੈ। ਉਨ੍ਹਾਂ ਇਹ ਪਾਬੰਦੀ ਹਟਾਉਣ ਦਾ ਸੱਦਾ ਦਿੱਤਾ। ਗੁਟੇਰੇਜ਼ ਨੇ ਕਿਹਾ ਕਿ ਮੇਰੇ ਵਿਚਾਰ ਵਿਚ ਅਮਰੀਕਾ ਜਾਂ ਕਿਸੇ ਹੋਰ ਮੁਲਕ ਨੂੰ ਅਤਿਵਾਦੀ ਘੁਸਪੈਠ ਦੀ ਸੰਭਾਵਨਾ ਤੋਂ ਬਚਾਉਣ ਦਾ ਇਹ ਵਧੀਆ ਤਰੀਕਾ ਨਹੀਂ ਹੈ। ਅਜਿਹੇ ਕਦਮ ਹੁਣੇ ਜਾਂ ਕਦੇ ਨਾ ਕਦੇ ਤਾਂ ਵਾਪਸ ਲੈਣੇ ਪੈਣਗੇ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ 'ਗੁੱਸਾ ਤੇ ਪ੍ਰੇਸ਼ਾਨੀ' ਪੈਦਾ ਕਰਨ ਵਾਲੇ ਕਦਮ ਚੁੱਕਣ ਦੀ ਲੋੜ ਨਹੀਂ ਹੈ ਕਿਉਂਕਿ ਇਸ ਨਾਲ ਅਸੀਂ ਆਲਮੀ ਅਤਿਵਾਦੀ ਜਥੇਬੰਦੀਆਂ, ਜੋ ਸੰਸਾਰ ਵਿਚ ਹਰ ਥਾਂ ਮੌਜੂਦ ਹਨ, ਲਈ ਭਰਤੀ ਢਾਂਚਾ ਖੜ੍ਹਾ ਕਰਨ ਵਿਚ ਮਦਦ ਕਰ ਰਹੇ ਹਾਂ।

## ਲੋਕ ਓਬਾਮਾ ਨੂੰ ਮੁੜ ਦੇਖਣਾ ਚਾਹੁੰਦੇ ਨੇ ਰਾਸ਼ਟਰਪਤੀ

**ਵਾਸ਼ਿੰਗਟਨ:** ਡੋਨਲਡ ਟਰੰਪ ਨੂੰ ਮੁਲਕ ਦਾ ਰਾਸ਼ਟਰਪਤੀ ਬਣਿਆਂ ਅਜੇ ਦੋ ਹਫਤੇ ਹੋਏ ਹਨ, ਪਰ ਬਹੁਤੇ ਅਮਰੀਕੀ ਬਰਾਕ ਓਬਾਮਾ ਨੂੰ ਮੁੜ ਤੋਂ ਰਾਸ਼ਟਰਪਤੀ ਦੇ ਅਹੁਦੇ 'ਤੇ ਦੇਖਣਾ ਚਾਹੁੰਦੇ ਹਨ। ਇਕ ਨਵੇਂ ਸਰਵੇਖਣ ਵਿਚ ਖੁਲਾਸਾ ਹੋਇਆ ਹੈ ਕਿ 52 ਫੀਸਦੀ ਵੋਟਰ ਓਬਾਮਾ ਨੂੰ ਪਸੰਦ ਕਰਦੇ ਹਨ ਜਦਕਿ 43 ਫੀਸਦੀ ਟਰੰਪ ਦੇ ਕੰਮਕਾਜ ਤੋਂ ਖੁਸ਼ ਹਨ। ਪਬਲਿਕ ਪਾਲਿਸੀ ਪੋਲਿੰਗ ਵੱਲੋਂ ਕਰਵਾਏ ਸਰਵੇਖਣ ਮੁਤਾਬਕ 40 ਫੀਸਦੀ ਵੋਟਰ ਟਰੰਪ ਉਤੇ ਮਹਾਂਦੋਸ਼ ਚਲਾਉਣ ਦੇ ਪੱਖ ਵਿਚ ਹਨ। ਹਫਤਾ ਪਹਿਲਾਂ 35 ਫੀਸਦੀ ਵੋਟਰ ਇਸ ਦੇ ਹੱਕ 'ਚ ਸਨ। ਸਿਰਫ 48 ਫੀਸਦੀ ਵੋਟਰਾਂ ਨੇ ਕਿਹਾ ਹੈ ਕਿ ਉਹ ਟਰੰਪ ਦੇ ਮਹਾਂਦੋਸ਼ ਦਾ ਵਿਰੋਧ ਕਰਨਗੇ। ਸਰਵੇਖਣ 'ਚ ਕਿਹਾ ਗਿਆ ਹੈ ਕਿ ਟਰੰਪ ਵੱਲੋਂ ਪਰਵਾਸੀਆਂ ਖਿਲਾਫ਼ ਕੱਢੇ ਗਏ ਹੁਕਮਾਂ ਦੀ 47 ਫੀਸਦੀ ਲੋਕਾਂ ਨੇ ਹਮਾਇਤ ਕੀਤੀ ਹੈ ਜਦਕਿ 49 ਫੀਸਦੀ ਨੇ ਇਸ ਦਾ ਵਿਰੋਧ ਕੀਤਾ ਹੈ।

# ਰਾਸ਼ਟਰਪਤੀ ਟਰੰਪ ਵੱਲੋਂ ਹੁਣ ਧਾਰਮਿਕ ਆਜ਼ਾਦੀ ਉਤੇ ਵਾਰ ਕਰਨ ਦੀ ਤਿਆਰੀ!

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਵੱਲੋਂ ਇਕ ਹੋਰ ਵਿਵਾਦਤ ਕਾਰਜਕਾਰੀ ਹੁਕਮ ਲਾਗੂ ਕਰਨ ਦੀ ਯੋਜਨਾ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ਜਿਸ ਉਤੇ ਜੇਕਰ ਰਾਸ਼ਟਰਪਤੀ ਨੇ ਦਸਤਖਤ ਕਰ ਦਿੱਤੇ ਤਾਂ ਧਰਮ ਦੇ ਆਧਾਰ ਉਤੇ ਲੋਕਾਂ ਨੂੰ ਸੇਵਾਵਾਂ, ਰੁਜ਼ਗਾਰ ਅਤੇ ਹੋਰ ਲਾਭ ਦੇਣ ਤੋਂ ਵਿਅਕਤੀ ਅਤੇ ਜਥੇਬੰਦੀਆਂ ਇਨਕਾਰ ਕਰ ਸਕਦੀਆਂ ਹਨ।

ਰੂੜੀਵਾਦੀ ਇਸਾਈਆਂ ਵੱਲੋਂ ਕਈ ਸਾਲਾਂ ਤੋਂ ਕੀਤੀਆਂ ਜਾ ਰਹੀਆਂ ਮੰਗਾਂ ਨੂੰ ਵੀ ਇਸ ਤਜਵੀਜ਼ 'ਚ ਸ਼ਾਮਲ ਕੀਤਾ ਗਿਆ ਹੈ। 'ਦਿ ਵਾਲ ਸਟਰੀਟ ਜਰਨਲ' ਮੁਤਾਬਕ ਧਾਰਮਿਕ ਆਧਾਰ ਉਤੇ ਸੇਵਾਵਾਂ ਦੇਣ ਤੋਂ ਇਨਕਾਰ ਕੀਤੇ ਜਾਣ 'ਤੇ ਜਥੇਬੰਦੀਆਂ ਨੂੰ ਕਾਨੂੰਨੀ ਸਹਾਇਤਾ ਸਮੇਤ ਹੋਰ ਕਈ ਤਜਵੀਜ਼ਾਂ ਇਸ ਹੁਕਮ ਵਿਚ ਸ਼ਾਮਲ ਹਨ।

ਉਂਜ ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਸੀਨ ਸਪਾਈਸਰ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਇਸ ਮੁੱਦੇ 'ਤੇ ਨਿਰਦੇਸ਼ ਜਾਰੀ ਕਰਨ ਦੀ ਕੋਈ ਯੋਜਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਧਰਮ ਮੰਨਣ ਦੀ ਪੂਰੀ ਖੁੱਲ੍ਹ ਹੈ।



## ਅਮਰੀਕਾ ਵੱਲੋਂ ਪਾਕਿਸਤਾਨ ਨਾਲ ਸਬੰਧ ਤੋੜਨ ਦੇ ਸੰਕੇਤ

**ਵਾਸ਼ਿੰਗਟਨ:** ਅਮਰੀਕਾ ਨੇ ਦਹਿਸ਼ਤਵਾਦ ਦੇ ਮੁੱਦੇ ਉਤੇ ਪਾਕਿਸਤਾਨ 'ਤੇ ਪਾਬੰਦੀ ਲਾਉਣ ਦੇ ਸੰਕੇਤ ਦਿੱਤੇ ਹਨ। ਰਾਸ਼ਟਰਪਤੀ ਟਰੰਪ ਨਾਲ ਮੀਡੀਆ ਦੇ ਸਬੰਧਾਂ ਉਤੇ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਵਿਚ ਚਰਚਾ ਲਈ ਆਏ ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਸੀਨ ਸਪਾਈਸਰ ਨੇ ਉਸ ਸਮੇਂ ਇਹ ਸੰਕੇਤ ਦਿੱਤਾ, ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਪਾਕਿਸਤਾਨ ਨੂੰ ਕਿਉਂ ਇਸ ਸੂਚੀ ਵਿਚ ਨਹੀਂ ਸ਼ਾਮਲ ਕੀਤਾ ਗਿਆ। ਇਸ 'ਤੇ ਸਪਾਈਸਰ ਨੇ ਕਿਹਾ, 'ਅਜਿਹਾ ਕੀਤੇ ਜਾਣ ਦੀ ਸੰਭਾਵਨਾ ਹੈ।' ਅਮਰੀਕਾ ਨੇ, ਜਿਨ੍ਹਾਂ ਦੇਸ਼ਾਂ ਉਤੇ ਪਾਬੰਦੀ ਲਾਈ ਹੈ, ਉਨ੍ਹਾਂ ਵਿਚ ਇਰਾਕ, ਸੀਰੀਆ, ਸੂਡਾਨ, ਈਰਾਨ, ਸੋਮਾਲੀਆ, ਲਿਬੀਆ ਅਤੇ ਯਮਨ ਸ਼ਾਮਲ ਹਨ। 90 ਦਿਨਾਂ ਦੀ ਸਮੀਖਿਆ ਦੌਰਾਨ ਇਸ ਵਿਚ ਕੁਝ ਹੋਰ ਦੇਸ਼ ਵੀ ਸ਼ਾਮਲ ਕੀਤੇ ਜਾ ਸਕਦੇ ਹਨ ਜਾਂ ਕਿਸੇ ਮੁਲਕ ਦਾ ਨਾਮ ਸੂਚੀ ਵਿਚੋਂ ਹਟਾਇਆ ਜਾ ਸਕਦਾ ਹੈ। ਬੀਤੇ ਦਿਨੀਂ ਵਾਈਟ ਹਾਊਸ ਦੇ ਚੀਫ ਆਫ ਸਟਾਫ ਰੀਂਸ ਪ੍ਰੀਬਸ ਨੇ ਕਿਹਾ ਸੀ ਕਿ ਪਾਕਿਸਤਾਨ ਨੂੰ ਉਨ੍ਹਾਂ ਮੁਸਲਿਮ ਬਹੁ ਗਿਣਤੀ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ, ਜਿਥੋਂ ਦੇ ਲੋਕਾਂ ਦੀ ਅਮਰੀਕਾ ਵਿਚ ਆਮਦ 'ਤੇ ਟਰੰਪ ਨੇ ਪਾਬੰਦੀ ਲੱਗਾ ਦਿੱਤੀ ਹੈ।

# ਅਮਰੀਕੀ ਕੰਪਨੀਆਂ 'ਚ ਕੰਮ ਕਰਦੇ ਪਰਵਾਸੀਆਂ ਲਈ ਔਖੀ ਘੜੀ

## ਕੰਪਨੀਆਂ ਵੱਲੋਂ ਭਾਰਤੀ ਮੁਲਾਜ਼ਮਾਂ ਨੂੰ ਯਾਤਰਾ ਰੱਦ ਕਰਨ ਦਾ ਸੁਝਾਅ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਹੁਕਮਾਂ ਤੋਂ ਬਾਅਦ ਇਕ ਪਾਸੇ ਵੱਧ ਮੁਸਲਿਮ ਆਬਾਦੀ ਵਾਲੇ ਦੇਸ਼ਾਂ ਵਿਚ ਸਹਿਮ ਦਾ ਮਾਹੌਲ ਹੈ, ਉਥੇ ਹੀ ਐਚ 1-ਬੀ ਵੀਜ਼ੇ 'ਤੇ ਕੰਮ ਕਰ ਰਹੇ ਭਾਰਤੀਆਂ ਉਤੇ ਵੀ ਗਾਜ ਡਿੱਗੀ ਹੈ। ਕਈ ਅਮਰੀਕੀ ਕੰਪਨੀਆਂ ਨੇ ਐਚ 1-ਬੀ ਵੀਜ਼ੇ ਉਤੇ ਕੰਮ ਕਰ ਰਹੇ ਭਾਰਤੀ ਮੁਲਾਜ਼ਮਾਂ ਨੂੰ ਫਿਲਹਾਲ ਆਪਣੀ ਭਾਰਤ ਯਾਤਰਾ ਰੱਦ ਕਰਨ ਦਾ ਸੁਝਾਅ ਦਿੱਤਾ ਹੈ।

ਅਮਰੀਕੀ ਕੰਪਨੀਆਂ ਦੇ ਕਾਨੂੰਨੀ ਸਲਾਹਕਾਰਾਂ ਮੁਤਾਬਕ ਐਚ 1-ਬੀ ਵੀਜ਼ੇ ਤਹਿਤ ਜੋ ਭਾਰਤੀ ਅਮਰੀਕਾ ਦੀਆਂ ਕੰਪਨੀਆਂ ਵਿਚ ਕੰਮ ਕਰ ਰਹੇ ਹਨ ਤੇ ਦਸੰਬਰ ਵਿਚ ਭਾਰਤ ਗਏ ਸਨ, ਉਨ੍ਹਾਂ ਨੂੰ ਵਾਪਸ ਅਮਰੀਕਾ ਆਉਣ 'ਤੇ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈਆਂ ਨੂੰ ਵੀਜ਼ੇ 'ਤੇ ਮੋਹਰ ਲਵਾਉਣ ਲਈ ਮੁੜ ਉਸੇ ਸਰਕਾਰੀ ਜਾਂਚ 'ਚੋਂ ਗੁਜਰਨਾ ਪੈ ਰਿਹਾ ਹੈ। ਟਰੰਪ ਦੇ ਹੁਕਮਾਂ ਤੋਂ ਬਾਅਦ ਇਹ ਵੀ ਸਾਹਮਣੇ ਆਇਆ ਹੈ ਕਿ ਐਚ 1-ਬੀ ਵੀਜ਼ੇ ਅਪਲਾਈ ਕਰਨ ਵਾਲਿਆਂ ਦੇ ਵੀਜ਼ੇ ਤਕਰੀਬਨ ਰੱਦ ਹੋ ਰਹੇ ਹਨ। ਅਮਰੀਕੀ ਕੰਪਨੀਆਂ ਦੇ ਕਾਨੂੰਨੀ ਮਾਹਿਰਾਂ ਦੀ ਸਲਾਹ ਹੈ ਕਿ ਜਦੋਂ ਤੱਕ ਬਹੁਤ ਜ਼ਰੂਰੀ ਨਾ ਹੋਵੇ, ਯਾਤਰਾ ਨਾ ਕੀਤੀ ਜਾਵੇ ਕਿਉਂਕਿ ਹਾਲਾਤ ਇੰਨੇ ਉਲਝੇ ਹੋਏ ਹਨ ਕਿ ਕਦੋਂ ਕੋਈ ਨਵਾਂ ਆਦੇਸ਼ ਜਾਰੀ ਹੋ ਜਾਵੇ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

ਉਨ੍ਹਾਂ ਦੱਸਿਆ ਕਿ ਕੋਈ ਵੀ ਭਾਰਤੀ ਵਿਅਕਤੀ ਚਾਹੇ ਉਹ ਪਹਿਲੀ ਵਾਰ ਐਚ 1-ਬੀ ਵੀਜ਼ਾ ਅਪਲਾਈ ਕਰ ਰਿਹਾ ਹੈ ਜਾਂ ਇਸ ਵੀਜ਼ੇ 'ਤੇ ਪਹਿਲਾਂ ਤੋਂ ਅਮਰੀਕਾ ਕੰਮ ਕਰ ਰਿਹਾ ਹੈ ਤੇ ਭਾਰਤ ਗਿਆ ਹੋਇਆ ਹੈ, ਅੰਬੈਸੀ ਅਧਿਕਾਰੀ ਦੋਵੇਂ ਹਾਲਾਤ ਵਿਚ ਫਾਰਮ 'ਚ ਤਰੁੱਟੀਆਂ ਦੱਸ ਕੇ ਪੂਰੇ ਮਾਮਲੇ ਨੂੰ ਸਰਕਾਰੀ ਜਾਂਚ ਲਈ ਭੇਜ ਰਹੇ ਹਨ। ਇਸ ਸਾਰੀ ਪ੍ਰਕਿਰਿਆ ਨੂੰ ਮਹੀਨੇ ਲੱਗ ਜਾਂਦੇ ਹਨ ਤੇ ਇੰਨੇ ਸਮੇਂ ਦੌਰਾਨ ਅਪੀਲਕਰਤਾ ਦੀ ਨੌਕਰੀ ਵੀ ਜਾ ਸਕਦੀ ਹੈ। ਯਾਦ ਕਰਾ ਦੇਈਏ ਕਿ ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ਐਚ 1-ਬੀ ਵੀਜ਼ੇ ਨੂੰ ਇਕ ਚੋਣ ਮੁੱਦਾ ਬਣਾਇਆ ਸੀ ਤੇ ਕਿਹਾ ਸੀ ਕਿ ਇਹ ਸਭ ਤੋਂ ਪਹਿਲਾਂ ਅਮਰੀਕੀ ਨਾਗਰਿਕਾਂ ਦੇ ਹਿੱਤਾਂ ਦੀ ਰੱਖਿਆ ਕਰਨਗੇ। ਮੰਨਿਆ ਜਾ ਰਿਹਾ ਹੈ ਕਿ ਛੇਤੀ ਹੀ ਟਰੰਪ ਐਚ 1-ਬੀ ਨਾਲ ਜੁੜੇ ਇਕ ਆਦੇਸ਼ 'ਤੇ ਦਸਤਖਤ ਕਰਨਗੇ, ਜਿਸ ਨਾਲ ਨਿਯਮਾਂ ਵਿਚ ਬਦਲਾਅ ਆ ਸਕਦਾ ਹੈ।




## ਪਾਬੰਦੀ ਪਿੱਛੋਂ ਅਮਰੀਕਾ ਨੇ 60 ਹਜ਼ਾਰ ਵੀਜ਼ੇ ਰੱਦ ਕੀਤੇ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੁਸਲਿਮ ਬਹੁਗਿਣਤੀ 7 ਦੇਸ਼ਾਂ ਦੇ ਨਾਗਰਿਕਾਂ ਦੇ ਦਾਖਲੇ ਉਤੇ ਰੋਕ ਲਾਉਣ ਪਿੱਛੋਂ ਅਮਰੀਕਾ ਨੇ 60 ਹਜ਼ਾਰ ਵੀਜ਼ੇ ਰੱਦ ਕਰ ਦਿੱਤੇ ਹਨ। ਪਿਛਲੇ ਹਫਤੇ ਟਰੰਪ ਦੇ ਹਸਤਾਖਰ ਵਾਲੇ ਇਸ ਹੁਕਮ 'ਚ ਇਰਾਕ, ਈਰਾਨ, ਸੀਰੀਆ, ਸੁਡਾਨ, ਲੀਬੀਆ, ਸੋਮਾਲੀਆ ਤੇ ਯਮਨ ਦੇ ਨਾਗਰਿਕਾਂ ਲਈ ਅਮਰੀਕਾ ਆਉਣ ਉਤੇ 90 ਦਿਨ ਦੀ ਰੋਕ ਵਾਲੀ ਗੱਲ ਕੀਤੀ ਗਈ ਸੀ।

ਵਿਦੇਸ਼ ਵਿਭਾਗ ਦੇ ਬੁਲਾਰੇ ਵਿੱਲ ਕਾਕਸ ਨੇ ਕਿਹਾ ਕਿ ਇਸ ਆਦੇਸ਼ ਦੀ ਪਾਲਣਾ ਕਰਦੇ ਹੋਏ ਤਕਰੀਬਨ 60 ਹਜ਼ਾਰ ਲੋਕਾਂ ਦੇ ਵੀਜ਼ਿਆਂ ਨੂੰ ਅਸਥਾਈ ਰੂਪ 'ਚ ਰੱਦ ਕਰ ਦਿੱਤਾ ਹੈ।

## ਅਮਰੀਕੀ ਆਈ.ਟੀ. ਕੰਪਨੀਆਂ ਨੂੰ ਵੀ ਲੱਗੇਗਾ ਸੇਕ

**ਵਾਸ਼ਿੰਗਟਨ:** ਐਚ 1-ਬੀ ਵੀਜ਼ੇ ਬਾਰੇ ਹੁਕਮਾਂ ਨਾਲ ਜ਼ਾਹਿਰ ਤੌਰ 'ਤੇ ਅਮਰੀਕੀ ਆਈ.ਟੀ. ਕੰਪਨੀਆਂ ਨੂੰ ਵੀ ਨੁਕਸਾਨ ਹੋਵੇਗਾ, ਕਿਉਂਕਿ ਇਹ ਕੰਪਨੀਆਂ ਭਾਰਤ ਜਾਂ ਹੋਰ ਦੇਸ਼ਾਂ ਤੋਂ ਕਾਬਲ ਇੰਜੀਨੀਅਰ ਲੈ ਕੇ ਆਉਂਦੀਆਂ ਹਨ ਤੇ ਟਰੰਪ ਮੰਨਦੇ ਹਨ ਕਿ ਅਜਿਹਾ ਕਰਨ ਨਾਲ ਅਮਰੀਕੀ ਬੇਰੁਜ਼ਗਾਰ ਹੋ ਜਾਂਦੇ ਹਨ। ਇਸ ਦੇ ਨਾਲ ਹੀ ਪਿਛਲੇ ਹਫਤੇ ਇਕ ਡੈਮੋਕਰੈਟਿਕ ਸਾਂਸਦ ਨੇ ਇਕ ਬਿੱਲ ਵੀ ਪੇਸ਼ ਕੀਤਾ ਸੀ, ਜਿਸ ਨਿਚ ਐਚ 1-ਬੀ ਤਹਿਤ ਨੌਕਰੀ ਦਿੱਤੇ ਜਾਣ ਵਾਲਿਆਂ ਦੀ ਤਨਖਾਹ 60 ਹਜ਼ਾਰ ਡਾਲਰ ਸਾਲਾਨਾ ਤੋਂ ਵਧਾ ਕੇ 1 ਲੱਖ 30 ਹਜ਼ਾਰ ਡਾਲਰ ਸਾਲਾਨਾ ਕਰਨ ਦੀ ਮੰਗ ਰੱਖੀ ਗਈ ਹੈ। ਅਮਰੀਕਾ ਦੀ ਇਕ ਕੰਪਨੀ ਦੇ ਅਧਿਕਾਰੀ ਮੁਤਾਬਕ ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਕੰਪਨੀਆਂ ਨੂੰ ਮਜਬੂਰਨ ਇਸ ਵੀਜ਼ੇ 'ਤੇ ਕੰਮ ਕਰਨ ਵਾਲੇ ਭਾਰਤੀਆਂ ਨੂੰ ਨੌਕਰੀ ਤੋਂ ਕੱਢਣਾ ਪਏਗਾ ਕਿਉਂਕਿ ਇੰਨੀ ਵਧਾ ਕੇ ਤਨਖਾਹ ਦੇਣੀ ਮੁਸ਼ਕਲ ਹੋ ਜਾਵੇਗੀ, ਨਾਲ ਹੀ ਉਹ ਇਹ ਵੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਦੇ ਕਰਮਚਾਰੀ ਸਾਨੂੰ ਚਾਹੀਦੇ ਹਨ, ਉਹ ਸਾਨੂੰ ਅਮਰੀਕਾ 'ਚੋਂ ਜ਼ਿਆਦਾਤਰ ਮਿਲਦੇ ਹੀ ਨਹੀਂ। ਅਜਿਹੀ ਸਥਿਤੀ ਤੋਂ ਬਾਅਦ ਅਮਰੀਕਾ 'ਚ ਨੌਕਰੀ ਕਰ ਰਹੇ ਅਤੇ ਕਰਨ ਦੇ ਇੱਛੁਕ ਭਾਰਤੀਆਂ ਵਿਚ ਨਿਰਾਸ਼ਾ ਤੇ ਡਰ ਦਾ ਮਾਹੌਲ ਹੈ। ਦੱਸ ਦੇਈਏ ਕਿ ਐਚ 1-ਬੀ ਵੀਜ਼ਾ ਉਨ੍ਹਾਂ ਵਿਦੇਸ਼ੀਆਂ ਨੂੰ ਮਿਲਦਾ ਹੈ ਜੋ ਕਿਸੇ ਖਾਸ ਹੁਨਰ ਵਿਚ ਮਾਹਿਰ ਹੁੰਦੇ ਹਨ।

## ਭਾਰਤ ਵੱਲੋਂ ਐਚ-1 ਬੀ ਵੀਜ਼ਾ ਧਾਰਕਾਂ ਨੂੰ ਹੌਸਲਾ

**ਨਵੀਂ ਦਿੱਲੀ:** ਅਮਰੀਕੀ ਪ੍ਰਸ਼ਾਸਨ ਵੱਲੋਂ ਐਚ-1 ਬੀ ਵੀਜ਼ਾ ਧਾਰਕ ਸਬੰਧੀ ਪੇਸ਼ ਕੀਤੇ ਨਵੇਂ ਬਿੱਲ ਉਤੇ ਪਹਿਲੀ ਵਾਰ ਭਾਰਤ ਨੇ ਆਪਣੀ ਪ੍ਰਤੀਕਿਆ ਦਿੱਤੀ ਹੈ। ਕੇਂਦਰੀ ਮੰਤਰੀ ਰਾਜੀਵ ਪ੍ਰਤਾਪ ਸਿੰਘ ਰੂਡੀ ਨੇ ਆਖਿਆ ਹੈ ਕਿ ਭਾਰਤ ਸਰਕਾਰ ਨਿਸ਼ਚਿਤ ਤੌਰ 'ਤੇ ਸਮੱਸਿਆ ਨੂੰ ਸਮਝਦੀ ਹੈ। ਇਸ ਸਬੰਧੀ ਅਮਰੀਕਾ ਨੂੰ ਜਾਣੂ ਕਰਵਾਇਆ ਜਾ ਸਕਦਾ ਹੈ। ਲਘੂ ਉਦਯੋਗ ਸਬੰਧੀ ਕੇਂਦਰੀ ਮੰਤਰੀ ਰਾਜੀਵ ਪ੍ਰਤਾਪ ਰੂਡੀ ਨੇ ਆਖਿਆ ਕਿ ਇਸ ਪ੍ਰਕਾਰ ਦੀਆਂ ਰੋਕਾਂ ਕੁਝ ਦੇਸ਼ਾਂ ਵਿਚ ਸਮੇਂ-ਸਮੇਂ ਉਤੇ ਦੇਖਣ ਨੂੰ ਮਿਲਦੀਆਂ ਹਨ। ਅਮਰੀਕਾ ਵਿਚ ਐਚ-1 ਬੀ ਵੀਜ਼ਾ ਧਾਰਕਾਂ ਵਿਚ ਵੱਡੀ ਗਿਣਤੀ ਭਾਰਤੀਆਂ ਦੀ ਹੈ। ਰੂਡੀ ਨੇ ਆਖਿਆ ਹੈ ਕਿ ਭਾਰਤੀ ਆਈ.ਟੀ. ਮਾਹਿਰਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ, ਇਸ ਮੁੱਦੇ ਉਤੇ ਭਾਰਤ ਵੱਲੋਂ ਉਚਿਤ ਕਾਰਵਾਈ ਕੀਤੀ ਜਾਵੇਗੀ।

# ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ

ਫੋਨ: 262-391-7666

4-6


# ਸ਼ੇਰੇ-ਪੰਜਾਬ ਦੀ ਜੱਦੀ ਹਵੇਲੀ ਨੂੰ ਡੇਗਣ ਦਾ ਖਦਸ਼ਾ

**ਲਾਹੌਰ:** ਪਾਕਿਸਤਾਨੀ ਸ਼ਹਿਰਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਗਾਰਾਂ ਕਾਇਮ ਕਰਨ ਦੇ ਦਾਅਵੇ ਕਰਨ ਵਾਲੀ ਪਾਕਿਸਤਾਨ ਸਰਕਾਰ ਅਜੇ ਤੱਕ ਭੂ-ਮਾਫੀਆ ਦੇ ਕਬਜ਼ੇ 'ਚੋਂ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ਨੂੰ ਕਬਜ਼ਾ ਮੁਕਤ ਨਹੀਂ ਕਰਵਾ ਸਕੀ ਹੈ।

ਦੱਸਣਯੋਗ ਹੈ ਕਿ ਪੰਜ ਵਰ੍ਹੇ ਪਹਿਲਾਂ ਪਾਕਿਸਤਾਨੀ ਭੂ-ਮਾਫ਼ੀਆ ਵੱਲੋਂ ਉਪਰੋਕਤ ਵਿਰਾਸਤੀ ਹਵੇਲੀ ਨੂੰ ਡੇਗਣ ਦੀ ਅਰੰਭੀ ਕਾਰਵਾਈ ਦੇ ਤੁਰਤ ਬਾਅਦ ਇਹ ਮਾਮਲਾ ਪਾਕਿ ਸਰਕਾਰ ਸਾਹਮਣੇ ਲਿਆਉਣ 'ਤੇ ਹਵੇਲੀ ਦਾ ਵੱਡਾ ਹਿੱਸਾ ਢਾਹੇ ਜਾਣ ਤੋਂ ਬਚਾ ਲਿਆ ਗਿਆ ਜਦਕਿ ਉਪਰੋਕਤ ਕਾਰਵਾਈ ਦੇ ਚੱਲਦਿਆਂ ਹਵੇਲੀ ਦਾ ਅਗਲਾ ਸਾਰਾ ਹਿੱਸਾ ਢਹਿ ਗਿਆ। ਗੁਜਰਾਂਵਾਲਾ ਦੀ ਮੱਛੀ ਮੰਡੀ ਦੇ ਨਾਲ ਲੱਗਦੀ ਪੁਰਾਣੀ ਸਬਜ਼ੀ ਮੰਡੀ ਵਿਚ ਮੌਜੂਦ ਉਪਰੋਕਤ ਹਵੇਲੀ ਦੀ ਉਪਰਲੀ ਮੰਜ਼ਲ ਦੇ ਇਕ ਕਮਰੇ ਦੇ ਬਾਹਰ ਲੱਗੀ ਪੱਥਰ ਦੀ ਸਿੱਲ੍ਹ ਉਤੇ ਅੰਗਰੇਜ਼ੀ ਤੇ ਉਰਦੂ ਵਿਚ 'ਮਹਾਰਾਜਾ ਰਣਜੀਤ ਸਿੰਘ-ਜਨਮ 2 ਨਵੰਬਰ 1780' ਉਕਰਿਆ ਹੋਇਆ ਹੈ।

ਮੌਜੂਦਾ ਸਮੇਂ ਉਪਰੋਕਤ ਵਿਰਾਸਤੀ ਹਵੇਲੀ ਰੱਖ-ਰਖਾਅ ਦੀ ਕਮੀ ਦੇ ਚੱਲਦਿਆਂ ਪੂਰੀ ਤਰ੍ਹਾਂ ਨਾਲ ਖੰਡਰ ਵਿਚ ਤਬਦੀਲ ਹੋ ਰਹੀ ਹੈ। ਉਧਰ, ਪਾਕਿਸਤਾਨ ਮੂਲ ਦੇ ਲੇਖਕ ਤਾਰਿਕ ਫਤਿਹ ਨੇ ਵੀ ਟਵੀਟ ਕਰ ਕੇ ਪਾਕਿ ਸਰਕਾਰ ਵੱਲੋਂ ਉਪਰੋਕਤ ਵਿਰਾਸਤੀ ਹਵੇਲੀ ਨੂੰ ਡੇਗਣ ਦਾ ਖਦਸ਼ਾ ਜ਼ਾਹਰ ਕੀਤਾ ਹੈ। ਦੱਸਣਯੋਗ ਹੈ ਕਿ ਸ਼ੇਰੇ-ਪੰਜਾਬ ਨਾਲ ਸਬੰਧਤ ਉਪਰੋਕਤ ਵਿਰਾਸਤੀ ਹਵੇਲੀ ਦੀ ਹੇਠਲੀ ਮੰਜ਼ਲ ਵਿਚ ਪਿਛਲੇ ਪਾਸੇ ਕੁਝ ਸਮਾਂ ਪਹਿਲਾਂ ਤੱਕ ਕੂੜਾ-ਘਰ ਕਾਇਮ ਸੀ। ਮਾਮਲਾ ਜਨਤਕ ਕਰਨ ਉਤੇ ਗੁਜਰਾਂਵਾਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਾਰਵਾਈ ਕਰ ਕੇ ਹਵੇਲੀ 'ਚੋਂ ਕੂੜਾ-ਘਰ ਹਟਾ ਦਿੱਤਾ ਗਿਆ, ਪਰ ਨਾਲ ਹੀ ਉਥੇ ਨਾਜਾਇਜ਼ ਤਰੀਕੇ ਨਾਲ ਪਾਰਕਿੰਗ ਬਣਾ ਲਈ ਗਈ।


## ਗੁਰਦੁਆਰਾ ਅਰਾਮ ਬਾਗ ਸਿੱਖ ਸੰਗਤ ਹਵਾਲੇ

**ਲਾਹੌਰ:** ਕਰਾਚੀ ਸ਼ਹਿਰ ਦੀ ਆਬਾਦੀ ਅਰਾਮ ਬਾਗ ਵਿਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਾਹਿਬ ਦਰਬਾਰ ਦਾ ਕਬਜ਼ਾ ਸੁਪਰੀਮ ਕੋਰਟ ਨੇ ਸਥਾਨਕ ਸਿੱਖ ਭਾਈਚਾਰੇ ਨੂੰ ਦੇ ਦਿੱਤਾ। ਇਸ ਗੁਰੂਘਰ ਦਾ ਨਿਰਮਾਣ 1936 'ਚ ਕੀਤਾ ਗਿਆ ਸੀ। 21 ਜੁਲਾਈ 1993 ਨੂੰ ਇਕ ਵਿਵਾਦ ਪਿਛੋਂ ਸੂਬਾ ਸਿੰਧ ਸਰਕਾਰ ਨੇ ਇਹ ਅਸਥਾਨ ਸੀਲ ਕਰ ਦਿੱਤਾ ਸੀ। ਉਸ ਪਿਛੋਂ 11 ਅਕਤੂਬਰ 2004 ਨੂੰ ਕੋਈ ਛੇ ਕੁ ਮਹੀਨੇ ਲਈ ਕਰਾਚੀ ਦੇ ਸਿੱਖਾਂ ਦੇ ਕੋਰਟ 'ਚੋਂ ਕੇਸ ਜਿੱਤ ਲੈਣ ਤੋਂ ਬਾਅਦ ਇਹ ਅਸਥਾਨ ਖੋਲ੍ਹਿਆ ਗਿਆ, ਪਰ ਫਿਰ ਮੁੜ 2005 ਵਿਚ ਬੰਦ ਕਰ ਦਿੱਤਾ ਗਿਆ।

ਸੁਪਰੀਮ ਕੋਰਟ ਵਿਚ ਗੁਰਦੁਆਰੇ ਦੇ ਕਬਜ਼ੇ ਨੂੰ ਲੈਣ ਲਈ ਚੱਲ ਰਹੇ ਕੇਸ ਦੀ ਅੰਤਿਮ ਸੁਣਵਾਈ ਦੇ ਬਾਅਦ ਅਦਾਲਤ ਨੇ ਇਸ ਕੇਸ ਦੀ ਪੈਰਵੀ ਕਰਨ ਵਾਲੇ ਵਕੀਲ ਹੀਰਾ ਸਿੰਘ ਦੇ ਹੱਕ 'ਚ ਫੈਸਲਾ ਸੁਣਾਉਂਦਿਆਂ ਗੁਰਦੁਆਰੇ ਦੀਆਂ ਚਾਬੀਆਂ ਉਨ੍ਹਾਂ ਨੂੰ ਸੌਂਪ ਦਿੱਤੀਆਂ।

## ਮਾਤਾ ਪ੍ਰਕਾਸ਼ ਕੌਰ ਯਾਦਗਾਰੀ ਅੱਖਾਂ ਦਾ ਕੈਂਪ 10 ਮਾਰਚ ਨੂੰ

**ਬੰਗਾ (ਬਿਊਰੋ):** ਮਾਤਾ ਪ੍ਰਕਾਸ਼ ਕੌਰ ਯਾਦਗਾਰੀ ਟਰੱਸਟ ਦੇ ਅਮਰੀਕਾ ਵਸਦੇ ਸੰਚਾਲਕਾਂ ਐਸ ਅਸ਼ੋਕ ਭੌਰਾ, ਮਨਵੀਰ ਭੌਰਾ, ਅਨਮੋਲ ਭੌਰਾ ਅਤੇ ਆਸਟਰੀਆ ਵਸਦੇ ਮਨਰਾਜ ਭੌਰਾ ਤੇ ਗੁਰਵਿੰਦਰ ਭੌਰਾ ਅਨੁਸਾਰ ਮਾਤਾ ਪ੍ਰਕਾਸ਼



ਮਾਤਾ ਪ੍ਰਕਾਸ਼ ਕੌਰ

ਕੌਰ ਯਾਦਗਾਰੀ ਤੀਜਾ ਅੱਖਾਂ ਦਾ ਮੁਫਤ ਆਪ੍ਰੇਸ਼ਨ ਕੈਂਪ ਇਸ ਵਾਰ ਸਰਬੱਤ ਦਾ ਭਲਾ ਟਰੱਸਟ ਦੇ ਸਹਿਯੋਗ ਨਾਲ 10 ਮਾਰਚ, ਸ਼ੁੱਕਰਵਾਰ ਨੂੰ ਪਿੰਡ ਭੌਰਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਖੇ ਲਾਇਆ ਜਾ ਰਿਹਾ ਹੈ। ਲੋੜਵੰਦਾਂ ਦੇ ਅਪ੍ਰੇਸ਼ਨ ਕੀਤੇ ਜਾਣਗੇ ਅਤੇ ਮੁਫਤ ਐਨਕਾਂ ਤੇ ਦਵਾਈਆਂ ਦਿੱਤੀਆਂ ਜਾਣਗੀਆਂ।

ਕੈਂਪ ਦਾ ਉਦਘਾਟਨ ਸਰਬੱਤ ਦਾ ਭਲਾ ਟਰੱਸਟ ਦੇ ਮੁਖੀ ਤੇ ਉਘੇ ਸਮਾਜ ਸੇਵੀ ਐਸ.ਪੀ. ਸਿੰਘ ਓਬਰਾਏ ਕਰਨਗੇ ਅਤੇ ਮਾਹਿਰ ਡਾਕਟਰਾਂ ਦੀ ਟੀਮ ਨਾਲ ਸਾਰਾ ਦਿਨ ਹਾਜ਼ਰ ਵੀ ਰਹਿਣਗੇ।


## Matrimonial

ਕੰਨਿਆ ਦੀ ਲੋੜ ਹੈ

Wanted traditional, simple & sincere girl for a boy in 40s, 5, 6" teacher having legal US status. Only serious enquiries. No bars. Email full details & recent photo @ singh.millionaire@gmail.com or Call, Ph: 323-351-5737 4-6

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:wwwpunjabtimesusa.com*

# TRUCK STOP 40

SAYRE, OK 73662

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ



ਗੈਸ ਸਟੇਸ਼ਨ 'ਤੇ ਕੈਸ਼ੀਅਰ ਅਤੇ ਰੋਟੀਆਂ ਬਣਾਉਣ ਵਾਲੇ ਦੀ ਲੋੜ ਹੈ

ਸੰਪਰਕ ਕਰੋ, ਰਾਜ ਸਿੰਘ

ਫੋਨ: 832-512-7172

6-

# Prince's Barber Shop

37477 Fremont Blvd, suite C, Fremont, CA 94536

*Men & Children's Hair Cut*

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605



www.princebarbershop.com

# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਵਿਧਾਨ ਸਭਾ ਦੇ ਚੋਣ ਮੈਦਾਨ 'ਚ ਇਸ ਵਾਰ ਨਿੱਤਰੇ ਵੱਧ ਨੌਜਵਾਨ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸੂਬੇ ਦੇ 18 ਤੋਂ 40 ਸਾਲ ਦੇ 53 ਫੀਸਦੀ ਵੋਟਰਾਂ ਹੋਣ ਕਰ ਕੇ ਨੌਜਵਾਨ ਚੋਣਾਂ ਦਾ ਧੁਰਾ ਬਣੇ ਹੋਏ ਹਨ। ਵਿਧਾਨ ਸਭਾ ਚੋਣਾਂ ਲਈ ਪ੍ਰਮੁੱਖ ਧਿਰਾਂ ਵੱਲੋਂ ਦੋ ਦਰਜਨ ਤੋਂ ਵੱਧ ਨੌਜਵਾਨਾਂ ਨੂੰ ਚੋਣ ਮੈਦਾਨ ਵਿਚ ਉਤਾਰਨ ਪਿੱਛੇ ਵੀ ਇਹੀ ਕਾਰਨ ਮੰਨਿਆ ਜਾ ਰਿਹਾ ਹੈ।

ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਬਾਅਦ ਸਿਆਸੀ ਮੈਦਾਨ ਵਿਚ ਸਰਗਰਮ ਹੋਣ ਕਾਰਨ ਲਗਭਗ ਸਾਰੀਆਂ ਪਾਰਟੀਆਂ ਲਈ ਨੌਜਵਾਨ ਖਿੱਚ ਦਾ ਕੇਂਦਰ ਬਣ ਗਏ। ਨੌਜਵਾਨਾਂ ਦੀ ਨਬਜ਼ ਪਛਾਣਦਿਆਂ ਪਾਰਟੀਆਂ ਨੇ ਟਿਕਟਾਂ ਦੇ ਮਾਮਲੇ ਵਿਚ ਉਨ੍ਹਾਂ ਨੂੰ ਹਿੱਸੇਦਾਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਵਿਧਾਨ ਸਭਾ ਚੋਣਾਂ ਵਿਚ ਤਿੰਨ ਦਰਜਨ ਤੋਂ ਵੱਧ ਉਮੀਦਵਾਰ 35 ਸਾਲ ਤੋਂ ਹੇਠਾਂ ਹਨ ਤੇ ਪ੍ਰਮੁੱਖ ਧਿਰਾਂ ਅਕਾਲੀ-ਭਾਜਪਾ ਗੱਠਜੋੜ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ 25 ਉਮੀਦਵਾਰ 25 ਤੋਂ 35 ਸਾਲ ਦੀ ਉਮਰ ਵਾਲੇ ਹਨ। 'ਆਪ' ਨਾਲ ਗੱਠਜੋੜ ਕਰ ਕੇ ਚੋਣ ਲੜ ਰਹੀ ਲੋਕ ਇਨਸਾਫ ਪਾਰਟੀ ਦਾ ਵੀ ਇਕ ਉਮੀਦਵਾਰ ਇਸ ਵਰਗ ਵਿਚੋਂ ਹੈ। ਹਾਲਾਂਕਿ 117 ਵਿਚੋਂ 25 ਉਮੀਦਵਾਰਾਂ ਦਾ ਅਨੁਪਾਤ ਵੋਟ ਦੇ ਹਿੱਸੇ ਨਾਲ ਮੇਲ ਨਹੀਂ ਖਾਂਦਾ ਤੇ ਔਰਤਾਂ ਦੇ ਮਾਮਲੇ ਵਿਚ ਵੀ ਇਹੀ ਸਥਿਤੀ ਹੈ।

ਨੌਜਵਾਨ ਦੀ ਪਰਿਭਾਸ਼ਾ ਬਾਰੇ ਕੋਈ ਆਮ ਸਹਿਮਤੀ ਨਹੀਂ ਹੈ। ਅਕਾਲੀ ਦਲ ਦੇ ਯੂਥ ਵਿੰਗ ਦੇ 57 ਸਾਲਾਂ ਤੱਕ ਦੇ ਆਗੂ ਵੀ ਪ੍ਰਧਾਨ ਰਹੇ ਹਨ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਵੀ ਪੋਤਿਆਂ-ਦੋਹਤਿਆਂ ਵਾਲੇ ਹੋ ਕੇ ਪ੍ਰਧਾਨ ਬਣੇ ਰਹੇ। ਆਮ ਤੌਰ ਉਤੇ 18 ਤੋਂ 35 ਸਾਲ ਦੀ ਉਮਰ ਤੱਕ ਦੇ ਵਿਅਕਤੀ ਨੂੰ ਨੌਜਵਾਨ ਵਰਗ ਵਿਚ ਮੰਨਿਆ ਜਾਂਦਾ ਹੈ। 25 ਤੋਂ 35 ਸਾਲ ਦੀ ਉਮਰ ਵਾਲੇ ਕੁਲ 25 ਉਮੀਦਵਾਰਾਂ ਵਿਚੋਂ 16 ਉਮੀਦਵਾਰ ਆਮ ਆਦਮੀ ਪਾਰਟੀ, ਇਕ ਲੋਕ ਇਨਸਾਫ ਪਾਰਟੀ, 6 ਕਾਂਗਰਸ ਅਤੇ ਦੋ ਅਕਾਲੀ ਦਲ ਨਾਲ ਸਬੰਧਤ ਹਨ।

ਅਕਾਲੀ ਦਲ ਦੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦਾ ਪੁੱਤਰ ਦਵਿੰਦਰ ਸਿੰਘ ਚੋਣ ਲੜਨ ਲਈ ਲੋੜੀਂਦੀ ਘੱਟੋ ਘੱਟ 25 ਸਾਲ ਦੀ ਉਮਰ ਪੂਰੀ ਕਰ ਕੇ ਕਾਂਗਰਸ ਦੀ ਟਿਕਟ ਉਤੇ ਫਾਜ਼ਿਲਕਾ ਤੋਂ ਮੈਦਾਨ ਵਿਚ ਉਤਰਿਆ ਸਭ ਤੋਂ ਛੋਟੀ ਉਮਰ ਦਾ ਉਮੀਦਵਾਰ ਹੈ। ਉਸ ਦਾ ਮੁਕਾਬਲਾ ਆਪਣੇ ਤੋਂ ਇਕ ਸਾਲ ਵੱਡੇ 'ਆਪ' ਦੇ ਉਮੀਦਵਾਰ 26 ਸਾਲਾ ਸਮਰਬੀਰ ਸਿੰਘ ਸਿੱਧੂ ਅਤੇ ਭਾਜਪਾ ਦੇ ਵੱਡੀ ਉਮਰ ਦੇ ਆਗੂ ਸੁਰਜੀਤ ਕੁਮਾਰ ਜਿਆਣੀ ਨਾਲ ਹੈ।

26 ਸਾਲਾ ਹਰਜੋਤ ਕੌਰ ਬੰਗਾ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਬਣੀ ਹੈ। 'ਆਪ' ਦੇ ਯੂਥ ਵਿੰਗ ਦੇ ਪ੍ਰਧਾਨ ਹਰਜੋਤ ਸਿੰਘ ਬੈਂਸ ਸਾਹਨੇਵਾਲ ਤੋਂ ਚੋਣ ਮੈਦਾਨ ਵਿਚ ਹਨ। ਨਵਾਂ ਸ਼ਹਿਰ ਤੋਂ ਕਾਂਗਰਸ ਵਿਧਾਇਕ ਗੁਰਇਕਬਾਲ ਕੌਰ ਵੱਲੋਂ ਟਿਕਟ ਆਪਣੇ 26 ਸਾਲਾ ਪੁੱਤਰ ਅੰਗਦ ਸੈਣੀ ਨੂੰ ਦਿਵਾਈ ਗਈ ਹੈ। ਰਾਜਾਸਾਂਸੀ ਤੋਂ 'ਆਪ' ਦੇ ਉਮੀਦਵਾਰ ਵੀ 26 ਸਾਲ ਦੀ ਉਮਰ ਦੇ ਜਗਜੋਤ ਸਿੰਘ ਢਿੱਲੋਂ ਹਨ। ਬਰਨਾਲਾ ਤੋਂ 27 ਸਾਲ ਦੇ ਗੁਰਮੀਤ ਸਿੰਘ ਉਰਫ ਮੀਤ ਹੇਅਰ ਅਤੇ ਫਿਲੌਰ ਤੋਂ ਲੋਕ ਇਨਸਾਫ ਪਾਰਟੀ ਦੇ ਸੰਜੈ ਕੁਮਾਰ ਸ਼ਾਲੂ ਉਮੀਦਵਾਰ ਹਨ। ਪੀ.ਐਚ.ਡੀ. ਕਰ ਰਹੀ 28 ਸਾਲਾ ਰੁਪਿੰਦਰ ਕੌਰ ਰੂਬੀ ਬਠਿੰਡਾ (ਦਿਹਾਤੀ) ਤੋਂ 'ਆਪ' ਦੀ ਉਮੀਦਵਾਰ ਹੈ।

ਸ੍ਰੀ ਹਰਗੋਬਿੰਦਪੁਰ ਤੋਂ 'ਆਪ' ਦੇ ਅਮਰਪਾਲ ਸਿੰਘ 32 ਸਾਲ, ਅੰਮ੍ਰਿਤਸਰ (ਦੱਖਣੀ) ਤੋਂ ਕਾਂਗਰਸ ਦੇ 35 ਸਾਲ ਦੇ ਇੰਦਰਬੀਰ ਸਿੰਘ ਬੁਲਾਰੀਆ, ਬਾਬਾ ਬਕਾਲਾ ਤੋਂ 'ਆਪ' ਦੇ 33 ਸਾਲਾ ਦਲਬੀਰ ਸਿੰਘ ਟੌਂਗ, ਪੱਟੀ ਤੋਂ ਇਸੇ ਪਾਰਟੀ ਦੇ 34 ਸਾਲਾ ਰਣਜੀਤ ਸਿੰਘ ਚੀਮਾ, ਸ਼ਾਹਕੋਟ ਤੋਂ 'ਆਪ' ਦੇ 34 ਸਾਲਾ ਅਮਰਜੀਤ ਸਿੰਘ ਮਹਿਤਪੁਰ, ਚੱਬੇਵਾਲ ਤੋਂ 'ਆਪ' ਦੇ 32 ਸਾਲਾ ਰਮਨ ਕੁਮਾਰ, ਗੜ੍ਹਸ਼ੰਕਰ ਤੋਂ 33 ਸਾਲਾ ਜੈਕ੍ਰਿਸ਼ਨ, ਰੂਪਨਗਰ ਤੋਂ ਕਾਂਗਰਸ ਦੇ 33 ਸਾਲਾ ਬਰਿੰਦਰ ਸਿੰਘ ਢਿੱਲੋਂ, ਬਠਿੰਡਾ (ਸ਼ਹਿਰੀ) ਤੋਂ 'ਆਪ' ਦੇ 34 ਸਾਲ ਦੇ ਦੀਪਕ ਬਾਂਸਲ, ਬਠਿੰਡਾ (ਦਿਹਾਤੀ) ਤੋਂ ਅਕਾਲੀ ਦਲ ਦੇ 35 ਸਾਲਾ ਅਮਿਤ ਰਤਨ ਕੋਟਫੱਤਾ, ਸੁਨਾਮ ਤੋਂ ਕਾਂਗਰਸ ਦੀ ਦਮਨ ਥਿੰਦ ਬਾਜਵਾ, ਧੂਰੀ ਤੋਂ ਕਾਂਗਰਸ ਦੇ 35 ਸਾਲਾ ਆਗੂ ਦਲਵੀਰ ਸਿੰਘ ਗੋਲਡੀ, ਸੰਗਰੂਰ ਤੋਂ 'ਆਪ' ਦੇ 35 ਸਾਲਾ ਦਿਨੇਸ਼ ਬਾਂਸਲ, ਪਟਿਆਲਾ (ਦਿਹਾਤੀ) ਤੋਂ ਅਕਾਲੀ ਦਲ ਦੇ 34 ਸਾਲਾ ਸਤਵੀਰ ਸਿੰਘ ਖਟੜਾ, ਘਨੌਰ ਤੋਂ 'ਆਪ' ਦੀ 35 ਸਾਲਾ ਅਨੂੰ ਰੰਧਾਵਾ ਚੋਣ ਮੈਦਾਨ ਵਿਚ ਹਨ।




## ਲੰਬੀ ਹਲਕੇ ਦੇ ਨਤੀਜੇ 'ਤੇ ਸਭ ਦੀਆਂ ਨਜ਼ਰਾਂ

**ਸ੍ਰੀ ਮੁਕਤਸਰ ਸਾਹਿਬ:** ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਅਹਿਮ ਹਲਕੇ ਲੰਬੀ ਦੇ ਚੋਣ ਨਤੀਜੇ 'ਤੇ ਸਭ ਦੀਆਂ ਨਜ਼ਰਾਂ ਹਨ ਤੇ ਹੁਣ ਇਸ ਹਲਕੇ ਦੇ ਨਤੀਜੇ ਦੀ ਬੇਸਬਰੀ ਨਾਲ ਉਡੀਕ ਰਹੇਗੀ। ਇਸ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਕਾਂਗਰਸ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਰਨੈਲ ਸਿੰਘ ਵਿਚਕਾਰ ਦਿਲਚਸਪ ਮੁਕਾਬਲਾ ਸੀ।

## ਕਾਂਗਰਸ ਦੇ ਹੱਕ ਵਿਚ ਆਵੇਗਾ ਲੋਕ ਫਤਵਾ: ਕੈਪਟਨ



**ਪਟਿਆਲਾ:** ਕਾਂਗਰਸ ਵੱਲੋਂ ਮੁਕੰਮਲ ਬਹੁਮੱਤ ਹਾਸਲ ਕਰਨ ਦਾ ਦਾਅਵਾ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਲੋਕਾਂ ਨੇ ਫਿਰਕਾਪ੍ਰਸਤੀ ਅਤੇ ਅਤਿਵਾਦ ਖਿਲਾਫ਼ ਸਥਿਰਤਾ ਲਈ ਵੋਟਾਂ ਪਾਈਆਂ ਹਨ। ਕਾਂਗਰਸ ਦੀ ਸ਼ਾਨਦਾਰ ਜਿੱਤ 'ਆਪ' ਦਾ ਮਜ਼ਬੂਤ ਆਧਾਰ ਦੱਸਣ ਵਾਲੇ ਰਾਜਸੀ ਪੰਡਤਾਂ ਦੀਆਂ ਸਭ ਗਿਣਤੀਆਂ ਮਿਣਤੀਆਂ ਫੇਲ੍ਹ ਕਰ ਦੇਵੇਗੀ। ਲੋਕ ਸੂਬੇ ਨੂੰ ਮੁੜ ਵਿਕਾਸ ਅਤੇ ਤਰੱਕੀ ਦੀ ਲੀਹ 'ਤੇ ਲਿਆਉਣਾ ਲੋਚਦੇ ਹਨ, ਜਿਸ ਤਹਿਤ ਹੀ ਉਨ੍ਹਾਂ ਨੇ ਕਾਂਗਰਸ ਦੇ ਹੱਕ ਵਿਚ ਫਤਵਾ ਦੇਣ ਲਈ ਵੋਟਾਂ ਪਾਈਆਂ ਹਨ।

## ਸੁਖਬੀਰ ਬਾਦਲ ਵੱਲੋਂ ਜਿੱਤ ਦਾ ਦਾਅਵਾ



**ਚੰਡੀਗੜ੍ਹ:** ਜਿੱਤ ਲਈ ਆਸਵੰਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੇ ਪੰਜਾਬ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ ਪੰਜਾਬੀਆਂ ਨੇ ਵਿਕਾਸ ਅਤੇ ਸ਼ਾਂਤੀ ਤੇ ਭਾਈਚਾਰਕ ਸਾਂਝ ਦੇ ਦੋ ਮੁੱਦਿਆਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ 'ਚ ਮੁੜ ਭਰੋਸਾ ਜਤਾਇਆ ਹੈ। ਉਨ੍ਹਾਂ ਕਿਹਾ ਕਿ ਲੋਕ ਸੂਬੇ ਦੇ ਅੱਗੇ ਜਾਣ ਤੇ ਰੁਜ਼ਗਾਰ ਦੇ ਮੌਕੇ ਮਿਲਣ ਨੂੰ ਵਿਕਾਸ ਵਜੋਂ ਵੇਖਦੇ ਹਨ।

## 'ਆਪ' ਨੂੰ ਸੱਤਾ ਵਿਚ ਲਿਆਉਣ ਦਾ ਨਵਾਂ ਤਜਰਬਾ



**ਚੰਡੀਗੜ੍ਹ:** ਅਕਾਲੀ ਦਲ ਅਤੇ ਕਾਂਗਰਸ ਵੱਲੋਂ ਮੁੜ-ਮੁੜ ਪੰਜਾਬ ਦੀ ਸੱਤਾ ਉਪਰ ਕਾਬਜ਼ ਹੋਣ ਦੇ ਦੌਰ ਨੂੰ ਇਸ ਵਾਰ ਆਮ ਆਦਮੀ ਪਾਰਟੀ (ਆਪ) ਖਤਮ ਕਰਨ ਦਾ ਦਾਅਵਾ ਕਰ ਰਹੀ ਹੈ। ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕਾਂ ਨੇ ਖੁੱਲ੍ਹ ਕੇ ਵੋਟਾਂ ਪਾਈਆਂ ਹਨ ਤੇ 'ਆਪ' ਨੂੰ ਸੱਤਾ ਵਿਚ ਲਿਆਉਣ ਦਾ ਨਵਾਂ ਤਜਰਬਾ ਕਰ ਲਿਆ ਹੈ।

# ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਘੇਰੇ ਅਕਾਲੀ



**ਲੁਧਿਆਣਾ:** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਅਕਾਲੀ-ਭਾਜਪਾ ਸਰਕਾਰ ਉਤੇ ਦੋਸ਼ ਗੰਭੀਰ ਲਾਉਂਦਿਆਂ ਕਿਹਾ ਕਿ ਸਰਕਾਰ ਨੇ ਮੰਦੀ ਭਾਵਨਾ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਇਕ ਮੈਂਬਰੀ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ 2015 ਦੀ ਰਿਪੋਰਟ ਨੂੰ ਦਬਾ ਕੇ ਰੱਖਿਆ ਹੈ।

ਇਨ੍ਹਾਂ ਆਗੂਆਂ ਨੇ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਦੀ 60 ਪੰਨਿਆਂ ਦੀ ਕਾਪੀ ਜਾਰੀ ਕਰਦਿਆਂ ਕਿਹਾ ਕਿ ਰਿਪੋਰਟ ਵਿਚ ਸਪਸ਼ਟ ਲਿਖਿਆ ਹੈ ਕਿ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਬਹਿਬਲ ਕਲਾਂ ਵਿਚ ਲੋਕਾਂ ਨਾਲ ਬੈਠੇ ਦੋ ਨੌਜਵਾਨ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਨੂੰ 'ਕਲੋਜ਼ ਰੇਂਜ' ਤੋਂ ਗੋਲੀਆਂ ਮਾਰੀਆਂ ਤੇ ਦੋਵਾਂ ਦੀ ਮੌਤ ਹੋ ਗਈ, ਜਦਕਿ ਪੰਜ ਵਿਅਕਤੀ ਜ਼ਖ਼ਮੀ ਹੋ ਗਏ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 2015 ਦੀਆਂ ਇਨ੍ਹਾਂ ਘਟਨਾਵਾਂ ਕਾਰਨ ਵੱਡੇ ਪੱਧਰ 'ਤੇ ਰੋਸ ਫੈਲਿਆ ਅਤੇ ਲੋਕ ਸੜਕਾਂ ਉਤੇ ਆ ਗਏ। ਲੋਕਾਂ ਦੀਆਂ ਅੱਖਾਂ ਪੂੰਝਣ ਲਈ ਪੁਲਿਸ ਨੇ ਧਰਨੇ ਉਤੇ ਬੈਠੇ ਦੋ ਨਿਰਦੋਸ਼ ਵਿਅਕਤੀਆਂ ਨੂੰ ਫੜ ਕੇ ਕੇਸ ਦਰਜ ਕਰ ਦਿੱਤਾ। ਇਨ੍ਹਾਂ ਆਗੂਆਂ ਨੇ ਕਿਹਾ ਕਿ 'ਸਰਕਾਰ ਪੱਖੀ ਕਮਿਸ਼ਨ' ਨੇ ਰਿਪੋਰਟ ਦੇ ਪੇਜ ਨੰਬਰ 21 ਉਤੇ ਪ੍ਰਕਾਸ਼ਿਤ ਕੀਤਾ ਹੈ ਕਿ ਬੇਅਦਬੀ ਕਾਂਡ ਦੀ ਪੂਰੀ ਜਾਂਚ ਨਹੀਂ ਹੋਈ। ਇਹ ਘਟਨਾ 30 ਜੂਨ 2015 ਨੂੰ ਵਾਪਰੀ ਤੇ ਰਿਪੋਰਟ ਸਰਕਾਰ ਨੂੰ ਜੂਨ 2016 ਵਿਚ ਸੌਂਪੀ ਗਈ। ਰਿਪੋਰਟ ਦੇ ਪੈਰਾ ਨੰਬਰ 31 'ਤੇ ਕਿਹਾ ਗਿਆ ਹੈ ਕਿ ਇਸ ਵਿਚ ਵੱਡੇ ਲੋਕ ਸ਼ਾਮਲ ਹਨ। ਪੇਜ ਨੰਬਰ 46 ਲਿਖਿਆ ਹੈ ਕਿ ਪੁਲਿਸ ਨੇ ਰੱਖਿਆ ਲਈ ਗੋਲੀ ਨਹੀਂ ਚਲਾਈ।

ਸ਼ਾਂਤਮਈ ਧਰਨਾ ਦੇ ਰਹੇ ਲੋਕਾਂ 'ਤੇ ਗੋਲੀ ਚਲਾਉਣ ਦਾ ਕੋਈ ਅਰਥ ਨਹੀਂ ਸੀ। ਪੇਜ 48 'ਤੇ ਹੈ ਕਿ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਧਰਨੇ ਵਿਚ ਸਿਟਿੰਗ ਪੁਜ਼ੀਸ਼ਨ ਵਿਚ ਸਨ। ਪੁਲਿਸ ਨੇ ਉਨ੍ਹਾਂ 'ਤੇ ਨਜ਼ਦੀਕ ਤੋਂ ਗੋਲੀਆਂ ਚਲਾਈਆਂ। ਇਸ ਮੌਕੇ ਸ੍ਰੀ ਕੇਜਰੀਵਾਲ ਨੇ ਸੁਖਬੀਰ ਬਾਦਲ ਉਤੇ ਗੰਭੀਰ ਦੋਸ਼ ਲਾਉਂਦਿਆਂ ਉਨ੍ਹਾਂ ਦੀ ਗ੍ਰਿਫਤਾਰੀ ਮੰਗੀ। ਉਨ੍ਹਾਂ ਸਵਾਲ ਕੀਤਾ ਕਿ ਬੇਅਦਬੀ ਕਾਂਡ ਦੀ ਰਿਪੋਰਟ ਨੂੰ ਦਬਾ ਕੇ ਕਿਉਂ ਰੱਖਿਆ ਗਿਆ?

# ਗੋਧਰਾ ਕਾਂਡ: ਦੰਗਿਆਂ ਦੇ ਸਾਰੇ ਮੁਲਜ਼ਮ ਬਰੀ



**ਅਹਿਮਦਾਬਾਦ:** ਗੋਧਰਾ ਕਾਂਡ ਬਾਅਦ ਦੰਗਿਆਂ ਦੇ ਮਾਮਲੇ ਵਿਚ ਨਾਮਜ਼ਦ ਸਾਰੇ 28 ਮੁਲਜ਼ਮਾਂ ਨੂੰ ਗਾਂਧੀਨਗਰ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਅਦਾਲਤ ਵੱਲੋਂ ਬਰੀ ਕੀਤੇ ਗਏ ਮੁਲਜ਼ਮਾਂ ਵਿਚ ਕਲੋਲ ਨਾਗਰਿਕ ਸਹਿਕਾਰੀ ਬੈਂਕ ਦਾ ਮੌਜੂਦਾ ਚੇਅਰਮੈਨ ਗੋਵਿੰਦ ਪਟੇਲ ਵੀ ਸ਼ਾਮਲ ਹੈ। ਮੁਲਜ਼ਮ ਜ਼ਮਾਨਤ 'ਤੇ ਸਨ।

ਗੋਧਰਾ ਰੇਲਵੇ ਸਟੇਸ਼ਨ ਉਤੇ ਰੇਲ ਗੱਡੀ ਸਾੜਨ ਵਾਲੀ ਘਟਨਾ ਦੇ ਇਕ ਦਿਨ ਬਾਅਦ 28 ਫਰਵਰੀ, 2002 ਨੂੰ ਜ਼ਿਲ੍ਹਾ ਗਾਂਧੀਨਗਰ ਦੇ ਕਲੋਲ ਤਾਲੁਕਾ ਦੇ ਪਿੰਡ ਪਲਿਆੜ ਵਿਚ ਘੱਟ ਗਿਣਤੀ ਭਾਈਚਾਰੇ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ, ਦੰਗੇ ਕਰਨ ਤੇ ਅੱਗਜ਼ਨੀ ਦੇ ਦੋਸ਼ਾਂ ਹੇਠ ਇਨ੍ਹਾਂ 28 ਵਿਅਕਤੀਆਂ ਖਿਲਾਫ਼ ਕੇਸ ਦਰਜ ਹੋਇਆ ਸੀ। ਇਨ੍ਹਾਂ ਖਿਲਾਫ਼ ਦਰਗਾਹ ਦੇ ਇਕ ਹਿੱਸੇ ਨੂੰ ਨੁਕਸਾਨ ਪਹੁੰਚਾਉਣ ਦਾ ਵੀ ਦੋਸ਼ ਸੀ। 31 ਜਨਵਰੀ ਨੂੰ ਇਸ ਕੇਸ ਦਾ ਫੈਸਲਾ ਸੁਣਾਉਂਦਿਆਂ ਐਡੀਸ਼ਨਲ ਜ਼ਿਲ੍ਹਾ ਜੱਜ ਬੀਬੀ ਪਟੇਲ ਨੇ ਕਿਹਾ ਕਿ ਗਵਾਹਾਂ ਦੇ ਮੁਕਰਨ ਕਾਰਨ ਮੁਲਜ਼ਮਾਂ ਖਿਲਾਫ਼ ਪੁਖਤਾ ਸਬੂਤ ਨਹੀਂ ਹਨ।

ਇਸ ਤੋਂ ਇਲਾਵਾ ਗਵਾਹਾਂ ਨੇ ਕਿਹਾ ਹੈ ਕਿ ਹੁਣ ਉਨ੍ਹਾਂ ਨੂੰ ਮੁਲਜ਼ਮਾਂ ਨਾਲ ਕੋਈ ਰੰਜ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਪਹਿਲਾਂ ਹੀ ਸਮਝੌਤਾ ਕਰ ਲਿਆ ਹੈ। 27 ਫਰਵਰੀ, 2002 ਨੂੰ ਗੋਧਰਾ ਰੇਲਵੇ ਸਟੇਸ਼ਨ ਉਤੇ ਸਾਬਰਮਤੀ ਐਕਸਪ੍ਰੈੱਸ ਨੂੰ ਸਾੜੇ ਜਾਣ ਕਾਰਨ ਤਕਰੀਬਨ 58 ਜਣੇ ਮਾਰੇ ਗਏ ਸਨ। ਇਸ ਬਾਅਦ ਗੁਜਰਾਤ ਵਿਚ ਭੜਕੇ ਦੰਗਿਆਂ ਵਿਚ ਤਕਰੀਬਨ 1000 ਵਿਅਕਤੀ ਮਾਰੇ ਗਏ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਸਨ।

# ਗਿਣੀ-ਮਿਥੀ ਸਾਜ਼ਿਸ਼ ਸੀ ਮੌੜ ਧਮਾਕਾ




**ਚੰਡੀਗੜ੍ਹ:** ਮੌੜ ਮੰਡੀ ਵਿਚ ਕੀਤੇ ਧਮਾਕੇ ਲਈ ਹਮਲਾਵਰਾਂ ਨੇ ਮੋਬਾਈਲ ਫੋਨ ਰਾਹੀਂ ਇੰਪਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ.ਈ.ਡੀ.) ਦੀ ਵਰਤੋਂ ਕੀਤੀ ਸੀ ਤੇ ਇਸ ਨੂੰ ਚਲਾਉਣ ਵਾਲਾ ਕੋਈ ਨੌਸਿਖੀਆ ਸੀ ਅਤੇ ਹਮਲੇ ਦਾ ਮੁੱਖ ਨਿਸ਼ਾਨਾ ਕਾਂਗਰਸੀ ਉਮੀਦਵਾਰ ਅਤੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦਾ ਨਜ਼ਦੀਕੀ ਰਿਸ਼ਤੇਦਾਰ ਹਰਮਿੰਦਰ ਸਿੰਘ ਜੱਸੀ ਸੀ। ਪੁਲਿਸ ਅਤੇ ਫੌਰੈਂਸਿਕ ਮਾਹਿਰਾਂ ਵੱਲੋਂ ਹੁਣ ਤੱਕ ਦੀ ਪੜਤਾਲ ਤੋਂ ਬਾਅਦ ਇਹ ਅਹਿਮ ਖੁਲਾਸੇ ਹੋਏ ਹਨ। ਪੁਲਿਸ ਅਨੁਸਾਰ ਇਹ ਅਤਿਵਾਦੀ ਹਮਲਾ ਹੈ ਅਤੇ ਵੱਡੀ ਸਾਜ਼ਿਸ਼ ਦਾ ਹਿੱਸਾ ਹੈ।

ਧਮਾਕਾ ਤਕਰੀਬਨ 50 ਤੋਂ 100 ਮੀਟਰ ਦੂਰੋਂ ਮੋਬਾਈਲ ਫੋਨ ਰਾਹੀਂ ਆਈ.ਈ.ਡੀ. ਤਕਨੀਕ ਨਾਲ ਕੀਤਾ ਗਿਆ ਹੈ। ਪੁਲਿਸ ਅਨੁਸਾਰ ਇਹ ਕਿਸੇ ਮਾਹਿਰ ਅਤਿਵਾਦੀ ਵੱਲੋਂ ਕੀਤਾ ਹਮਲਾ ਨਹੀਂ ਜਾਪਦਾ ਅਤੇ ਅਜਿਹੇ ਸੰਕੇਤ ਮਿਲੇ ਹੈ ਕਿ ਇਹ ਅਤਿਵਾਦੀ ਜਥੇਬੰਦੀ ਵਿਚ ਸ਼ਾਮਲ ਹੋਏ ਕਿਸੇ ਨੌਸਿਖੀਏ ਦਾ ਕਾਰਾ ਜਾਪਦਾ ਹੈ। ਪੁਲਿਸ ਨੇ ਧਮਾਕੇ ਦੀ ਜਾਂਚ ਨਾਲ ਸਬੰਧਤ ਸਾਰੀ ਰਿਪੋਰਟ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨੂੰ ਸੌਂਪ ਦਿੱਤੀ ਹੈ। ਪੁਲਿਸ ਅਧਿਕਾਰੀ ਅਨੁਸਾਰ ਬੰਬ ਚਲਾਉਣ ਲਈ ਰਿਮੋਟ ਕੰਟਰੋਲ ਦੇ ਯੰਤਰ ਨੂੰ ਸਮੇਂ ਸਿਰ ਨਾ ਵਰਤੇ ਜਾਣ ਕਾਰਨ ਸ੍ਰੀ ਜੱਸੀ ਵਾਲ-ਵਾਲ ਬਚ ਗਏ। ਧਮਾਕੇ ਪਿੱਛੇ ਕਈ ਮਕਸਦਾਂ ਉਪਰ ਪੜਤਾਲ ਕੀਤੀ ਜਾ ਰਹੀ ਹੈ। ਉਂਜ ਪੁਲਿਸ ਵੱਲੋਂ ਧਮਾਕੇ ਪਿੱਛੇ ਪਾਕਿਸਤਾਨ ਦੀ ਹਮਾਇਤ ਪ੍ਰਾਪਤ ਕਿਸੇ ਅਤਿਵਾਦੀ ਗਰੋਹ ਦਾ ਹੱਥ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਰਿਹਾ। ਧਮਾਕੇ ਦਾ ਮਕਸਦ ਸਰਹੱਦੀ ਖੇਤਰ ਨਾਲ ਲੱਗਦੇ ਸੂਬੇ ਵਿਚ ਚੋਣਾਂ ਮੌਕੇ ਗੜਬੜ ਕਰਵਾਉਣਾ ਵੀ ਹੋ ਸਕਦਾ ਹੈ। ਪੁਲਿਸ ਇਸ ਬੰਬ ਕਾਂਡ ਨੂੰ ਸਿਆਸੀ ਕਾਰਨਾਂ ਨਾਲ ਜੋੜ ਕੇ ਵੀ ਪੜਤਾਲ ਕਰ ਰਹੀ ਹੈ। ਪੁਲਿਸ ਅਤੇ ਖੁਫੀਆ ਏਜੰਸੀਆਂ ਘੋਖ ਕਰ ਰਹੀਆਂ ਹਨ ਕਿ ਅਜਿਹਾ ਕਾਰਾ ਕਰ ਕੇ ਕੀ ਸਿਆਸੀ ਵਾਧਾ ਘਾਟਾ ਹੋ ਸਕਦਾ ਹੈ। ਕਿਉਂਕਿ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਇਕ ਦੂਜੇ ਉਪਰ ਪੰਜਾਬ ਦੇ ਹਾਲਾਤ ਖਰਾਬ ਕਰਨ ਦੇ ਦੋਸ਼ ਲਾ ਰਹੀਆਂ ਹਨ।

# ਬੇਰੁਜ਼ਗਾਰਾਂ ਅਤੇ ਮੁਲਾਜ਼ਮਾਂ ਨੂੰ ਖਾ ਰਿਹਾ ਹੈ ਭਵਿਖ ਦਾ ਫਿਕਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਲਈ ਵੋਟਾਂ ਪੈਣ ਤੋਂ ਬਾਅਦ, ਪਹਿਲੇ ਕੰਮ-ਕਾਜੀ ਦਿਨਾਂ ਦੌਰਾਨ ਪੰਜਾਬ ਦੇ ਬਹੁਤੇ ਮੁਲਾਜ਼ਮ ਚੋਣ ਬੁਖ਼ਾਰ ਦੇ ਅਸਰ ਵਿਚ ਰਹੇ। ਇਥੇ ਪੰਜਾਬ ਸਿਵਲ ਸਕੱਤਰੇਤ, ਮਿੰਨੀ ਸਕੱਤਰੇਤ ਅਤੇ ਪੰਜਾਬ ਪੁਲਿਸ ਹੈੱਡਕੁਆਰਟਰ ਵਿਚ ਮੁਲਾਜ਼ਮਾਂ ਦੀ ਗੱਲਬਾਤ ਦਾ ਵਿਸ਼ਾ ਚੋਣਾਂ ਦੁਆਲੇ ਹੀ ਘੁੰਮਦਾ ਰਿਹਾ। ਬਹੁਤੇ ਮੁਲਾਜ਼ਮ ਅਤੇ ਅਫ਼ਸਰ ਚੋਣਾਂ ਬਾਰੇ ਭਵਿਖਬਾਣੀ ਕਰਦੇ ਰਹੇ। ਇਹ ਵੀ ਚਰਚਾ ਚਲਦੀ ਰਹੀ ਕਿ ਸੂਬੇ ਦੇ ਅਗਲੇ ਮੁੱਖ ਸਕੱਤਰ ਅਤੇ ਪੁਲਿਸ ਮੁਖੀ ਕੌਣ ਹੋਣਗੇ।

ਇਸ ਦੌਰਾਨ ਮੰਤਰੀਆਂ ਦੇ ਦਫ਼ਤਰ ਅਜੇ ਵੀ ਭਾਂ-ਭਾਂ ਕਰ ਰਹੇ ਹਨ। ਦਫ਼ਤਰਾਂ ਵਿਚ ਆਪਣੇ ਕੰਮਾਂ-ਕਾਰਾਂ ਲਈ ਆਉਣ ਵਾਲਿਆਂ ਦੀ ਗਿਣਤੀ ਵੀ ਨਾਂ-ਮਾਤਰ ਸੀ। ਉਧਰ, ਚੋਣ ਕਮਿਸ਼ਨ ਦੀ ਮਨਜ਼ੂਰੀ ਨਾਲ ਪੰਜਾਬ ਪੁਲਿਸ ਵੱਲੋਂ ਵੱਡੀ ਗਿਣਤੀ ਉਮੀਦਵਾਰਾਂ ਨੂੰ ਤਰਸ ਦੇ ਆਧਾਰ ਉਤੇ ਨਿਯੁਕਤੀ ਪੱਤਰ ਦੇ ਦਿਤੇ ਗਏ ਹਨ। ਇਹ ਨਿਯੁਕਤੀਆਂ



ਚੋਣਾਂ ਤੱਕ ਲਈ ਰੋਕੀਆਂ ਗਈਆਂ ਸਨ।

ਇਸੇ ਦੌਰਾਨ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਬਾਦਲ ਸਰਕਾਰ ਦਾ ਇਕ ਲੱਖ 13 ਹਜ਼ਾਰ ਅਸਾਮੀਆਂ ਭਰਨ ਦਾ ਵਾਅਦਾ ਖੋਖਲਾ ਸਾਬਤ ਹੋਇਆ, ਕਿਉਂਕਿ ਵੱਖ-ਵੱਖ ਵਿਭਾਗਾਂ ਦੀਆਂ ਖਾਲੀ ਪਈਆਂ ਪੋਸਟਾਂ ਦਾ ਬਿਓਰਾ ਉਦੋਂ ਜਨਤਕ ਕੀਤਾ ਜਦੋਂ ਚੋਣ ਜ਼ਾਬਤਾ ਲੱਗਣ ਕਿਨਾਰੇ ਸੀ। ਕੁਝ ਵਿਭਾਗਾਂ ਨੇ ਤਾਂ ਫੁਰਤੀ ਵਿਖਾ ਕੇ ਇਹ ਭਰਤੀ ਨੇਪਰੇ ਚਾੜ੍ਹ ਦਿੱਤੀ, ਪਰ ਕਾਫੀ ਹੱਦ ਤੱਕ ਵਿਭਾਗ ਅਜੇ ਇਹੀ ਸੋਚਦੇ ਰਹਿ ਗਏ ਕਿ ਭਰਤੀ ਪ੍ਰਕਿਰਿਆ ਕਿਸ ਅਦਾਰੇ ਕੋਲੋਂ ਨੇਪਰੇ ਚੜ੍ਹਾਈ ਜਾਵੇ। ਕਈ ਅਸਾਮੀਆਂ ਲਈ ਇਸ਼ਤਿਹਾਰ ਜਾਰੀ ਹੋ ਕੇ ਰਹਿ ਗਏ, ਕਈਆਂ ਦਾ ਲਿਖਤੀ ਟੈਸਟ ਹੋ ਚੁੱਕਾ ਹੈ ਤੇ ਕਈਆਂ ਦਾ ਨਤੀਜਾ ਅਧਵਾਟੇ ਹੀ ਲਟਕ ਗਿਆ ਹੈ।

ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਇਹ ਸੋਚ ਅਪਣਾਈ ਸੀ ਕਿ ਸੂਬੇ ਦੇ ਬੇਰੁਜ਼ਗਾਰਾਂ ਨੂੰ ਮੁਢਲੀ ਤਨਖ਼ਾਹ 'ਤੇ ਭਰਤੀ ਕਰ ਲਿਆ ਜਾਵੇ, ਇਸ ਤਰ੍ਹਾਂ ਕਰਨ ਨਾਲ ਇਕ ਤੀਰ ਨਾਲ ਦੋ ਨਿਸ਼ਾਨੇ ਲੱਗ ਜਾਣਗੇ। ਇਕ ਤਾਂ 3 ਸਾਲ ਦੇ ਪਰਖ ਅਧੀਨ ਸਮੇਂ ਤੱਕ ਸਿਰਫ ਬੇਸ਼ਿਕ ਤਨਖਾਹ ਦੇ ਕੇ ਕੰਮ ਚੱਲ ਜਾਊਗਾ ਅਤੇ ਖ਼ਜ਼ਾਨੇ ਉਤੇ ਬਹੁਤਾ ਭਾਰ ਨਹੀਂ ਪਵੇਗਾ। ਦੂਸਰਾ ਬੇਰੁਜ਼ਗਾਰਾਂ ਨੂੰ ਨੌਕਰੀ ਦੇ ਕੇ ਆਪਣੇ ਵੋਟ ਬੈਂਕ 'ਚ ਵੀ ਵਾਧੇ ਦੀ ਸੋਚ ਰੱਖੀ ਸੀ, ਪਰ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਹੀ ਆਰੰਭਿਆ ਇਹ ਕਾਰਜ ਅੱਧ ਵਿਚਕਾਰ ਹੀ ਲਟਕ ਗਿਆ। ਹੁਣ ਬੇਰੁਜ਼ਗਾਰ ਨੌਜਵਾਨ ਕਸੂਤੀ ਸਥਿਤੀ ਵਿਚ ਫਸ ਗਏ ਹਨ। ਬੇਰੁਜ਼ਗਾਰਾਂ ਨੂੰ ਹੁਣ ਇਹ ਸੋਚਾਂ ਪੈ ਗਈਆਂ ਹਨ ਕਿ ਜੇ ਸੂਬੇ ਵਿਚ ਸੱਤਾ ਤਬਦੀਲੀ ਹੋ ਗਈ ਤਾਂ ਇਨ੍ਹਾਂ ਖਾਲੀ ਪੋਸਟਾਂ ਨੂੰ ਕਿਸੇ ਨੇ ਨਹੀਂ ਪੁੱਛਣਾ। ਬੇਰੁਜ਼ਗਾਰ ਉਹ ਸਾਲ ਵੀ ਨਹੀਂ ਭੁੱਲੇ ਜਦੋਂ 2002 ਵਿਚ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਸੀ ਤਾਂ ਕੈਪਟਨ ਨੇ ਸੂਬੇ ਵਿਚ ਮੁੱਖ ਮੰਤਰੀ ਦਾ ਅਹੁਦਾ ਸੰਭਾਲਦਿਆਂ ਹੀ ਆਮ ਪੋਸਟਾਂ ਤਾਂ ਕੀ, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਭਰਤੀ ਹੋਏ ਸਿਵਲ ਸਰਵਿਸ ਅਧਿਕਾਰੀਆਂ ਨੂੰ ਵੀ ਨੌਕਰੀ ਤੋਂ ਕੱਢ ਦਿੱਤਾ ਸੀ ਅਤੇ ਉਸ ਸਮੇਂ ਦੇ ਪੀ.ਪੀ.ਐਸ.ਸੀ. ਦੇ ਚੇਅਰਮੈਨ ਰਵੀਇੰਦਰ ਸਿੰਘ ਸਿੱਧੂ ਉਤੇ ਪੈਸੇ ਲੈ ਕੇ ਨੌਕਰੀਆਂ ਦੇਣ ਦੇ ਦੋਸ਼ ਵੀ ਲੱਗੇ ਸਨ। ਬੇਰੁਜ਼ਗਾਰਾਂ ਨੂੰ ਇਹ ਵੀ ਫਿਕਰ ਹੈ ਕਿ ਜਿਸ ਪੋਸਟ ਦਾ ਅਜੇ ਇਸ਼ਤਿਹਾਰ ਜਾਰੀ ਨਹੀਂ ਹੋਇਆ ਜਾਂ ਲਿਖਤੀ ਪ੍ਰੀਖਿਆ ਨਹੀਂ ਹੋਈ, ਉਸ ਦਾ ਕੀ ਬਣੇਗਾ? ਹਾਲ ਹੀ ਵਿਚ ਸੁਪਰੀਮ ਕੋਰਟ ਵੱਲੋਂ ਦਿੱਤੇ 'ਬਰਾਬਰ ਕੰਮ ਬਰਾਬਰ ਤਨਖਾਹ' ਦੇ ਫੈਸਲੇ ਨੇ ਸੂਬਾ ਸਰਕਾਰ ਨੂੰ ਪਸੀਨੇ ਲਿਆ ਦਿੱਤੇ ਸਨ।

## ਜਬਰ ਜਨਾਹ ਮਾਮਲੇ ਵਿਚ 20 ਸਾਲ ਕੈਦ

**ਹੁਸ਼ਿਆਰਪੁਰ:** ਅਦਾਲਤ ਨੇ ਨਾਬਾਲਗ ਲੜਕੀ ਨਾਲ ਜਬਰ ਜਨਾਹ ਕਰਨ ਤੇ ਉਸ ਦੀ ਵੀਡੀਓ ਬਣਾ ਕੇ ਵਾਇਰਲ ਕਰਨ ਦੇ ਮਾਮਲੇ 'ਚ ਦਾਤਾਰਪੁਰ ਵਾਸੀ ਗਗਨਦੀਪ ਸਿੰਘ ਨੂੰ 20 ਸਾਲ ਦੀ ਕੈਦ ਤੇ ਡੇਢ ਲੱਖ ਰੁਪਏ ਜੁਰਮਾਨੇ ਦੇ ਹੁਕਮ ਸੁਣਾਏ ਹਨ। ਪੀੜਤ ਲੜਕੀ ਦੀ ਸ਼ਿਕਾਇਤ 'ਤੇ ਥਾਣਾ ਤਲਵਾੜਾ ਦੀ ਪੁਲਿਸ ਨੇ ਦੋਸ਼ੀ ਖਿਲਾਫ ਅਕਤੂਬਰ 2013 'ਚ ਕੇਸ ਦਰਜ ਕੀਤਾ ਸੀ।

ਲੜਕੀ ਨੇ ਸ਼ਿਕਾਇਤ 'ਚ ਦੱਸਿਆ ਸੀ ਕਿ ਜਦੋਂ ਉਹ ਆਪਣੇ ਘਰ ਦੇ ਨਜ਼ਦੀਕ ਹਵੇਲੀ 'ਚ ਕੰਮ ਕਰ ਰਹੀ ਸੀ ਤਾਂ ਗਗਨਦੀਪ ਉਸ ਨੂੰ ਜ਼ਬਰਦਸਤੀ ਕਿਸੇ ਸੁੰਨਸਾਨ ਥਾਂ ਉਤੇ ਲੈ ਗਿਆ ਤੇ ਉਸ ਦੀ ਮਰਜ਼ੀ ਖਿਲਾਫ ਉਸ ਨਾਲ ਜਬਰ ਜਨਾਹ ਕੀਤਾ।

ਦੋਸ਼ੀ ਨੇ ਉਸ ਦੀ ਵੀਡੀਓ ਵੀ ਬਣਾਈ ਤੇ ਧਮਕੀ ਦਿੱਤੀ ਕਿ ਜੇਕਰ ਉਸ ਨੇ ਕਿਸੇ ਨੂੰ ਦੱਸਿਆ ਤਾਂ ਉਹ ਇਹ ਵੀਡੀਓ ਵਾਇਰਲ ਕਰ ਦੇਵੇਗਾ। ਗਗਨਦੀਪ ਨੇ ਵੀਡੀਓ ਵਾਇਰਲ ਕਰ ਦਿੱਤੀ, ਜਿਸ ਉਪਰੰਤ ਲੜਕੀ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ।

## ਵਾਘਾ ਸਰਹੱਦ 'ਤੇ ਸਾਲ ਪਿੱਛੋਂ ਹੋਇਆ ਪਾਕਿਸਤਾਨੀ ਮਾਂ ਦਾ ਪੁੱਤ ਨਾਲ ਮੇਲ

**ਲਾਹੌਰ:** ਇਕ 5 ਸਾਲਾ ਲੜਕਾ ਜਿਸ ਨੂੰ ਉਸ ਦਾ ਭਾਰਤੀ ਪਿਤਾ ਸਾਲ ਪਹਿਲਾਂ ਧੋਖੇ ਨਾਲ ਕਸ਼ਮੀਰ ਲੈ ਆਇਆ ਸੀ, ਨੂੰ ਵਾਘਾ ਸਰਹੱਦ ਉਤੇ ਭਾਰਤੀ ਅਧਿਕਾਰੀਆਂ ਵੱਲੋਂ ਪਾਕਿਸਤਾਨੀ ਰੇਂਜਰਜ਼ ਹਵਾਲੇ ਕਰ ਦਿੱਤਾ ਗਿਆ ਹੈ। ਇਫਤਿਖ਼ਾਰ ਅਹਿਮਦ (5) ਨੂੰ ਵਾਘਾ ਸਰਹੱਦ 'ਤੇ ਲੈਣ ਆਈ ਉਸ ਦੀ ਮਾਂ ਰੋਹਿਨਾ ਕਿਆਨੀ ਨੂੰ ਕਈ ਘੰਟੇ ਉਡੀਕ ਕਰਨੀ ਪਈ। ਉਸ ਨੇ ਦੱਸਿਆ ਕਿ ਉਸ ਨੂੰ ਪੁੱਤਰ ਵਾਪਸ ਮਿਲਣ ਦੀ ਉਮੀਦ ਖਤਮ ਹੋ ਗਈ ਸੀ।

ਇਸ ਲਈ ਪਾਕਿਸਤਾਨ ਸਰਕਾਰ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਮਾਰਚ 2016 'ਚ ਉਸ ਦਾ ਪਤੀ ਧੋਖੇ ਨਾਲ ਲੜਕੇ ਨੂੰ ਦੁਬਈ ਰਾਹੀ ਕਸ਼ਮੀਰ ਲੈ ਆਇਆ ਸੀ। ਇਸ ਸਬੰਧੀ ਪਾਕਿਸਤਾਨੀ ਹਾਈ ਕਮਿਸ਼ਨ ਵੱਲੋਂ ਬੱਚੇ ਨੂੰ ਪਾਕਿਸਤਾਨੀ ਨਾਗਰਿਕ ਸਿੱਧ ਕਰਨ 'ਤੇ ਭਾਰਤੀ ਅਦਾਲਤ ਨੇ ਬੱਚੇ ਲਈ ਮਾਂ ਦੇ ਪੱਖ 'ਚ ਫੈਸਲਾ ਦੇ ਦਿੱਤਾ ਸੀ ਤੇ ਕਾਨੂੰਨੀ ਪ੍ਰਕਿਰਿਆ ਪੂਰੀ ਹੋਣ 'ਤੇ ਬੱਚੇ ਨੂੰ ਮਾਂ ਹਵਾਲੇ ਕਰ ਦਿੱਤਾ ਗਿਆ।

## ਅਫਗਾਨਿਸਤਾਨ 'ਚ ਰਿਕਾਰਡ ਮੌਤਾਂ

**ਕਾਬੁਲ:** ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ 2016 ਵਿਚ ਅਫਗਾਨਿਸਤਾਨ ਵਿਚ ਅਫਗਾਨ ਸੁਰੱਖਿਆ ਬਲਾਂ ਅਤੇ ਬਾਗੀਆਂ ਵਿਚਕਾਰ ਸੰਘਰਸ਼ ਵਿਚ ਤਕਰੀਬਨ 11500 ਆਮ ਵਿਅਕਤੀ ਮਾਰੇ ਗਏ ਜਾਂ ਜ਼ਖ਼ਮੀ ਹੋਏ ਹਨ।

ਇਸ ਲੜਾਈ ਦੇ 3500 ਤੋਂ ਵੀ ਵੱਧ ਬੱਚੇ ਸ਼ਿਕਾਰ ਹੋਏ ਹਨ।

## ਮਨਮੋਹਨ ਸਿੰਘ ਸਰਕਾਰ ਵੇਲੇ ਤਿੰਨ ਵਾਰ ਕੀਤਾ ਸੀ 'ਸਰਜੀਕਲ ਸਟ੍ਰਾਈਕ'



**ਮੁੰਬਈ:** ਸਾਬਕਾ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਕਿ ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੌਰਾਨ 2009-2013 ਦੇ ਵਿਚਾਲੇ ਤਿੰਨ ਵਾਰ ਸਰਜੀਕਲ ਸਟ੍ਰਾਈਕ ਨੂੰ ਅੰਜਾਮ ਦਿੱਤਾ ਗਿਆ ਸੀ, ਪਰ ਯੂ.ਪੀ.ਏ. ਸਰਕਾਰ ਨੇ ਇਸ ਬਾਰੇ ਜਾਣਕਾਰੀ ਨੂੰ ਕਦੇ ਵੀ ਜਨਤਕ ਨਹੀਂ ਕੀਤਾ ਸੀ। ਸ਼ਿੰਦੇ ਨੇ ਇਥੇ ਓਸਮਾਨਾਬਾਦ ਜ਼ਿਲ੍ਹੇ ਵਿਚ ਪਾਰਟੀ ਦੀ ਚੋਣ ਮੁਹਿੰਮ ਦੌਰਾਨ ਇਕ ਸਮਾਗਮ ਵਿਚ ਉਕਤ ਸ਼ਬਦਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਉਨ੍ਹਾਂ ਦਾਅਵਾ ਕੀਤਾ ਕਿ ਮੋਦੀ ਸਰਕਾਰ ਦੇ ਨੋਟਬੰਦੀ ਦੇ ਫੈਸਲੇ ਨਾਲ ਸਭ ਤੋਂ ਬੁਰਾ ਪ੍ਰਭਾਵ ਕਿਸਾਨਾਂ 'ਤੇ ਪਿਆ।


ਕਿਚਨ ਹੈਲਪਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਕਿਚਨ ਹੈਲਪਰ ਤੇ ਡਿਸ਼ ਵਾਸ਼ਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

5-6



ਰੈਸਟੋਰੈਂਟ ਸਟਾਫ ਦੀ ਲੋੜ ਹੈ

ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਡਿਸ਼ਵਾਸ਼ਰ, ਵੇਟਰ ਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 850-510-3046

6-7



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 11 ਫਰਵਰੀ 2017*

## ਸਾਲ ਸਤਾਰਾਂ ਦੀ ਸਿਆਸਤ

ਪੰਜਾਬ ਦੀਆਂ ਸਮੁੱਚੀਆਂ ਸਿਆਸੀ ਧਿਰਾਂ ਕਾਫੀ ਲੰਮੇ ਸਮੇਂ ਤੋਂ ਮਿਸ਼ਨ-2017 ਲਈ ਸਰਗਰਮੀ ਵਿੱਢ ਰਹੀਆਂ ਸਨ। ਆਖਰਕਾਰ ਸੂਬੇ ਅੰਦਰ ਵਿਧਾਨ ਸਭਾ ਚੋਣਾਂ ਦਾ ਕੰਮ ਨਿਬੜ ਗਿਆ ਹੈ, ਪਰ ਜਿਵੇਂ ਆਖਦੇ ਹਨ, ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਹੁਣ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ ਪਿੜ ਭਖ ਗਿਆ ਹੈ। ਜਿਸ ਤਰ੍ਹਾਂ ਪੰਜਾਬ ਵਿਚ ਸੱਤਾ ਤਬਦੀਲੀ ਨੂੰ ਹੁੰਗਾਰਾ ਮਿਲਿਆ ਜਾਪ ਰਿਹਾ ਹੈ, ਦਿੱਲੀ ਗੁਰਦੁਆਰਾ ਚੋਣਾਂ ਬਾਰੇ ਇਸ ਤਰ੍ਹਾਂ ਤਾਂ ਨਹੀਂ ਕਿਹਾ ਜਾ ਸਕਦਾ, ਪਰ ਇਕ ਗੱਲ ਪੱਕੀ ਹੈ ਕਿ ਪੰਜਾਬ ਦੇ ਭਖੇ ਹੋਏ ਸਿਆਸੀ ਮਾਹੌਲ ਦਾ ਇਨ੍ਹਾਂ ਗੁਰਦੁਆਰਾ ਚੋਣਾਂ ਉਤੇ ਅਸਰ ਪੈਣਾ ਲਾਜ਼ਮੀ ਹੈ। ਦਿੱਲੀ ਗੁਰਦੁਆਰਾ ਕਮੇਟੀ ਉਤੇ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦਾ ਕਾਬਜ਼ਾ ਹੈ। ਹੁਣ ਉਥੇ ਜਿਹੜੀਆਂ ਧਿਰਾਂ ਦਾ ਚੋਣ ਪਿੜ ਵਿਚ ਆਗਮਨ ਹੋ ਰਿਹਾ ਹੈ, ਉਹ ਵੀ ਪੰਜਾਬ ਵਾਲੀਆਂ ਚੋਣਾਂ ਵਾਂਗ ਹੀ ਬੜਾ ਦਿਲਚਸਪ ਹੈ। ਯਾਦ ਰਹੇ, ਪੰਜਾਬ ਦੀਆਂ ਚੋਣਾਂ ਉਤੇ ਸਮੁੱਚੇ ਮੁਲਕ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਇਕ ਤਾਂ ਆਮ ਆਦਮੀ ਪਾਰਟੀ ਲਈ ਇਹ ਚੋਣਾਂ ਵੱਡੇ ਵੱਕਾਰ ਦਾ ਸਵਾਲ ਬਣੀਆਂ ਹੋਈਆਂ ਹਨ ਕਿਉਂਕਿ ਸਾਲ 2014 ਵਿਚ ਲੋਕ ਸਭਾ ਚੋਣਾਂ ਦੌਰਾਨ ਵੱਡੀ ਪੈਂਠ ਪਾਉਣ ਤੋਂ ਬਾਅਦ ਇਸ ਪਾਰਟੀ ਦਾ ਇਹ ਪਹਿਲਾ ਵੱਡਾ ਚੋਣ ਇਮਤਿਹਾਨ ਹੈ। ਦੂਜੇ, ਕਾਂਗਰਸ ਦੀ ਕੌਮੀ ਕਾਰਗੁਜ਼ਾਰੀ ਦਾ ਸਵਾਲ ਇਨ੍ਹਾਂ ਚੋਣਾਂ ਨਾਲ ਡੂੰਘਾ ਜੁੜਿਆ ਹੋਇਆ ਹੈ। ਇਸ ਵੇਲੇ ਪੂਰੇ ਮੁਲਕ ਵਿਚ ਕਾਂਗਰਸ ਦੀ ਹਾਲਤ ਬਹੁਤ ਪਤਲੀ ਪਈ ਹੋਈ ਹੈ। ਪਾਰਟੀ ਅਤੇ ਪਾਰਟੀ ਆਗੂਆਂ ਦਾ ਕਿਤੇ ਢੰਗ ਨਾਲ ਪੈਰ ਨਹੀਂ ਅੜ ਰਿਹਾ। ਪੰਜਾਬ ਵਿਚ ਕਾਂਗਰਸ ਦੀ ਹਾਰ ਇਸ ਪਾਰਟੀ ਨੂੰ ਫਿਰ ਕੁਝ ਸਮਾਂ ਹੋਰ ਉਠਣ ਜੋਗਾ ਨਹੀਂ ਛੱਡੇਗੀ ਅਤੇ ਪੰਜਾਬ ਵਿਚ ਇਸ ਪਾਰਟੀ ਦੀ ਜਿੱਤ ਇਸ ਨੂੰ ਮੁਲਕ ਵਿਚ ਨਵੇਂ ਸਿਰਿਓਂ ਪੈਰ ਧਰਨ ਦਾ ਮੌਕਾ ਮੁਹੱਈਆ ਕਰਵਾਏਗੀ। ਅਕਾਲੀ-ਭਾਜਪਾ ਦੇ ਸੱਤਾਧਾਰੀ ਗਠਜੋੜ ਬਾਰੇ ਸ਼ਾਇਦ ਕਿਸੇ ਨੂੰ ਕੋਈ ਭਰਮ-ਭੁਲੇਖਾ ਨਹੀਂ ਜਾਪਦਾ। ਦਸ ਸਾਲ ਰਾਜਭਾਗ ਚਲਾਉਣ ਤੋਂ ਬਾਅਦ ਇਹ ਪਾਰਟੀਆਂ ਲੋਕਾਂ ਦੇ ਗੁੱਸੇ ਦੀ ਮਾਰ ਹੇਠ ਆਈਆਂ ਹੋਈਆਂ ਹਨ, ਖਾਸ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਕਈ ਪਾਸਿਓਂ ਲੋਕ-ਰੋਹ ਨਾਲ ਜੂਝਣਾ ਪੈ ਰਿਹਾ ਹੈ। ਇਸ ਗਠਜੋੜ ਦੀ ਟੇਕ ਹੁਣ ਸਿਰਫ ਇਕ ਨੁਕਤੇ ਉਤੇ ਹੀ ਹੈ ਕਿ ਜੇ ਕਿਤੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਵੋਟਾਂ ਦੀ ਵਧੇਰੇ ਵੰਡ ਹੋ ਗਈ ਤਾਂ ਗਠਜੋੜ ਇਕ ਵਾਰ ਫਿਰ ਗੱਦੀ ਉਤੇ ਬਿਰਾਜਮਾਨ ਹੋ ਸਕਦਾ ਹੈ। ਜਿਹਾ ਕਿ ਅਕਸਰ ਹੁੰਦਾ ਹੈ, ਚੋਣਾਂ ਮੌਕੇ ਸੱਤਾ ਧਿਰ ਦਾ ਹੱਥ ਥੋੜ੍ਹਾ ਉਤਾਂਹ ਹੀ ਹੁੰਦਾ ਹੈ। ਚੋਣ ਕਮਿਸ਼ਨ ਭਾਵੇਂ ਅੱਜ ਕੱਲ੍ਹ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਦਾ ਹੈ ਅਤੇ ਲਗਦੀ ਵਾਹ ਤੁਰੰਤ ਕਾਰਵਾਈ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਚੋਰ-ਮੋਰੀਆਂ ਫਿਰ ਵੀ ਸੱਤਾਧਿਰ ਦੇ ਹੱਕ ਵਿਚ ਭੁਗਤ ਹੀ ਜਾਂਦੀਆਂ ਹਨ। ਹੁਣ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਦਾ ਹੀ ਮਾਮਲਾ ਹੈ। ਪੰਜਾਬ ਸਰਕਾਰ ਨੇ ਆਪਣੇ ਦਿੱਲੀ ਦੇ ਲੀਡਰਾਂ ਲਈ ਬਾਕਾਇਦਾ ਸੁਰੱਖਿਆ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਹੋਈਆਂ ਹਨ। ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੂੰ ਪੰਜਾਬ ਵਿਚ ਕੈਬਨਿਟ ਰੈਂਕ ਵਾਲਾ ਅਹੁਦਾ ਦਿੱਤਾ ਹੋਇਆ ਹੈ ਜਿਸ ਕਾਰਨ ਉਹ ਬਣਦੀਆਂ ਸਹੂਲਤਾਂ ਮਾਣ ਰਿਹਾ ਹੈ।

ਐਤਕੀਂ ਦਿੱਲੀ ਗੁਰਦੁਆਰਾ ਕਮੇਟੀ ਦੇ ਨਤੀਜੇ ਵੀ ਵੱਖਰੇ ਆਉਣ ਦੀਆਂ ਕਿਆਸਅਰਾਈਆਂ ਚੱਲ ਰਹੀਆਂ ਹਨ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵਾਹਵਾ ਭਖੇ ਮਾਮਲੇ, ਜਿਨ੍ਹਾਂ ਵਿਚ ਸਿਰਸੇ ਵਾਲੇ ਡੇਰੇ ਅਤੇ ਬੇਅਦਬੀ ਦੀਆਂ ਘਟਨਾਵਾਂ ਵਾਲੇ ਮਾਮਲੇ ਸ਼ਾਮਲ ਹਨ, ਵੀ ਇਨ੍ਹਾਂ ਚੋਣਾਂ ਦੌਰਾਨ ਅਹਿਮ ਰੋਲ ਨਿਭਾਉਣਗੇ। ਇਨ੍ਹਾਂ ਚੋਣਾਂ ਵਿਚ ਮੁੱਖ ਮੁਕਾਬਲਾ ਤਾਂ ਭਾਵੇਂ ਬਾਦਲਾਂ ਦੀ ਅਗਵਾਈ ਹੇਠਲੇ ਸ਼੍ਰੋਮਣੀ ਅਕਾਲੀ ਦਲ ਅਤੇ ਪਰਮਜੀਤ ਸਿੰਘ ਸਰਨਾ ਵਾਲੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨਾਲ ਹੋਣ ਬਾਰੇ ਚਰਚੇ ਹਨ, ਪਰ ਐਤਕੀਂ ਉਥੇ ਆਮ ਆਦਮੀ ਪਾਰਟੀ ਵੀ ਇਕ ਧਿਰ ਵਜੋਂ ਹਾਜ਼ਰ ਹੈ। ਆਮ ਆਦਮੀ ਪਾਰਟੀ ਨੇ ਭਾਵੇਂ ਇਹ ਕਿਹਾ ਹੋਇਆ ਹੈ ਕਿ ਇਹ ਗੁਰਦੁਆਰਾ ਚੋਣਾਂ ਵਿਚ ਸਿੱਧਾ ਹਿੱਸਾ ਨਹੀਂ ਲਵੇਗੀ, ਪਰ ਪਾਰਟੀ ਕੋਈ ਹੋਰ ਰਾਹ ਲੱਭਣ ਲਈ ਵੀ ਯਤਨਸ਼ੀਲ ਜ਼ਰੂਰ ਜਾਪਦੀ ਹੈ। ਇਹ ਤੱਥ ਵੀ ਧਿਆਨ ਦੀ ਮੰਗ ਕਰਦਾ ਹੈ ਕਿ ਇਸ ਪਾਰਟੀ ਦੇ ਵਿਧਾਇਕ ਅਵਤਾਰ ਸਿੰਘ ਨੇ ਆਪਣਾ ਪੰਥਕ ਸੇਵਾ ਦਲ ਬਣਾਇਆ ਹੋਇਆ ਹੈ ਅਤੇ ਸਿੱਖ ਸਿਆਸਤ ਦੇ ਕੋਣ ਤੋਂ ਸਰਗਰਮੀ ਵੀ ਕੀਤੀ ਜਾ ਰਹੀ ਹੈ। ਸਿੱਖਾਂ ਦੀ ਅਬਾਦੀ ਵਾਲੇ ਇਲਾਕਿਆਂ ਤੋਂ ਪਾਰਟੀ ਦੇ ਸਿੱਖ ਆਗੂ ਪਹਿਲਾਂ ਹੀ ਵਿਧਾਇਕ ਬਣੇ ਹੋਏ ਹਨ। ਇਸ ਤੋਂ ਇਲਾਵਾ, ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵਾਲਾ ਗਰੁਪ ਵੀ ਆਪਣੇ ਵਿਤ ਮੁਤਾਬਕ ਸਰਗਰਮੀਆਂ ਚਲਾ ਰਿਹਾ ਹੈ। ਅਜਿਹੇ ਸਮੀਕਰਨਾਂ ਦੌਰਾਨ ਜੇ ਸੱਤਾਧਾਰੀ ਬਾਦਲ ਦਲ ਦੇ ਪੈਰ ਉਖੜਦੇ ਹਨ ਤਾਂ ਸਾਲ ਸਤਾਰਾਂ ਪੰਜਾਬ ਅਤੇ ਦਿੱਲੀ ਦੀ ਸਿੱਖ ਸਿਆਸਤ ਲਈ ਅਹਿਮ ਹੋ ਨਿਬੜੇਗਾ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਜਿੱਤ ਭਾਵੇਂ ਕਿਸੇ ਵੀ ਧਿਰ ਦੀ ਹੋਵੇ, ਹੁਣ ਇਹ ਤਾਂ ਤਕਰੀਬਨ ਤੈਅ ਹੀ ਹੈ ਕਿ ਸੂਬੇ ਦੀ ਸਿਆਸਤ ਕਿਸੇ ਵੱਡੀ ਤਬਦੀਲੀ ਲਈ ਪਰ ਤੋਲ ਰਹੀ ਹੈ। ਪੰਜਾਬ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕੋਈ ਤੀਜੀ ਧਿਰ ਭਰਵੇਂ ਰੂਪ ਵਿਚ ਹਾਜ਼ਰੀ ਲੁਆ ਰਹੀ ਹੈ ਅਤੇ ਸੂਬੇ ਵਿਚ ਸਰਕਾਰ ਬਣਾਉਣ ਦੀ ਮੁੱਖ ਦਾਅਵੇਦਾਰ ਵੀ ਹੈ। ਪੰਜਾਬ ਦੇ ਲੋਕ ਅੱਜ ਕੱਲ੍ਹ ਜਿਹੜੀਆਂ ਔਕੜਾਂ ਅਤੇ ਮੁਸੀਬਤਾਂ ਨਾਲ ਲਗਾਤਾਰ ਜੂਝ ਰਹੇ ਹਨ, ਉਸ ਨੇ ਤੀਜੀ ਧਿਰ ਦੀ ਇਸ ਹਾਜ਼ਰੀ ਨੂੰ ਭਰਪੂਰ ਹੁਲਾਰਾ ਦਿੱਤਾ ਹੈ। ਜੇ ਪੰਜਾਬ ਵਿਚ ਇਸ ਧਿਰ ਦਾ ਹੱਥ ਉਤਾਂਹ ਰਹਿੰਦਾ ਹੈ ਅਤੇ ਉਤਰ ਪ੍ਰਦੇਸ਼ ਵਿਚ ਵੀ ਦਿੱਲੀ ਦੇ ਸ਼ਾਸਕਾਂ ਦੀ ਪਾਰਟੀ- ਭਾਰਤੀ ਜਨਤਾ ਪਾਰਟੀ, ਨੂੰ ਝਟਕਾ ਲੱਗਦਾ ਹੈ, ਤਾਂ ਸਾਲ ਸਤਾਰਾਂ ਪੰਜਾਬ ਹੀ ਨਹੀਂ, ਮੁਲਕ ਦੀ ਸਿਆਸਤ ਲਈ ਅਹਿਮ ਹੋ ਨਿਬੜੇਗਾ। ਫਿਲਹਾਲ ਸਭ ਦੀਆਂ ਨਜ਼ਰਾਂ 11 ਮਾਰਚ ਨੂੰ ਨਸ਼ਰ ਹੋਣ ਵਾਲੇ ਚੋਣ ਨਤੀਜਿਆਂ ਉਤੇ ਲੱਗੀਆਂ ਹੋਈਆਂ ਹਨ। ਉਦੋਂ ਤੱਕ ਕਿਆਸਅਰਾਈਆਂ ਦਾ ਬਾਜ਼ਾਰ ਗਰਮ ਹੀ ਰਹਿਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹੁਣ ਆਪਦਾ ਸੁਧਾਰ!*

ਪਾਰਾ ਸਿਖਰ 'ਤੇ ਪਹੁੰਚਿਆ ਰਿਹਾ ਭਾਵੇਂ, ਮੋਹ ਪਿਆਰ ਦੇ ਨਾਲ ਉਤਾਰੀਏ ਜੀ।
ਅੱਖਾਂ ਗਹਿਰੀਆਂ ਫੇਰ ਵੀ ਕਰੇ ਜਿਹੜਾ, ਉਸ ਨੂੰ 'ਆਪਣਾ' ਆਖ ਪੁਚਕਾਰੀਏ ਜੀ।
ਕਿੱਲਾ ਨਫਰਤ ਦਾ ਜਿਨ੍ਹਾਂ ਦੀ ਧੌਣ ਅੰਦਰ, ਉਹਦੇ ਲਈ ਇਲਾਜ ਵਿਚਾਰੀਏ ਜੀ।
ਰੌਲਾ ਮੁੱਕਿਆ ਚੋਣ-ਪ੍ਰਚਾਰ ਵਾਲਾ, ਗੁੱਸੇ ਤਲਖੀਆਂ ਸਭ ਨਕਾਰੀਏ ਜੀ।
ਵਸਦਾ ਰਸਦਾ ਰਹੇ ਪੰਜਾਬ ਸਾਡਾ, ਭਾਈਚਾਰੇ ਦੀ ਸਾਂਝ ਸਤਿਕਾਰੀਏ ਜੀ।
ਝਾੜੂ ਫੇਰ ਕੇ ਸਿਆਸਤ ਦੇ ਮੰਚ ਉਤੇ, ਹੁਣ ਆਪਣਾ ਆਪ ਸੁਧਾਰੀਏ ਜੀ।

# 'ਆਪ' ਨੇ ਰਵਾਇਤੀ ਸਿਆਸੀ ਧਿਰਾਂ ਨੂੰ ਪਾਇਆ ਵਖਤ...

ਚੋਣਾਂ ਵਾਲਾ ਰੌਲਾ ਰੱਪਾ ਆਖ਼ਿਰਕਾਰ ਮੁੱਕ ਗਿਆ ਹੈ। ਪੰਜਾਬ ਦੇ ਵੋਟਰਾਂ ਨੇ ਆਪਣਾ ਬਣਦਾ ਫ਼ਰਜ਼ ਨਿਭਾ ਦਿੱਤਾ ਹੈ। ਹੁਣ 11 ਮਾਰਚ ਤੱਕ ਉਤਸੁਕਤਾ ਭਰੀ ਉਡੀਕ ਦਾ ਵੇਲ਼ਾ ਹੈ। ਲੀਡਰਾਂ ਦੇ ਥਕਾਵਟ ਲਾਹੁਣ ਅਤੇ ਆਰਾਮ ਫ਼ਰਮਾਉਣ ਲਈ ਲਾਂਭੇ ਹੋ ਜਾਣ ਨਾਲ ਉਦੋਂ ਤੱਕ ਸੂਬੇ ਵਿਚ ਅਮਨ-ਚੈਨ ਬਣਿਆ ਰਹੇਗਾ। ਐਨੇ ਰੁਝੇਵਿਆਂ ਤੋਂ ਬਾਅਦ ਉਨ੍ਹਾਂ ਨੂੰ ਆਰਾਮ ਦੀ ਜ਼ਰੂਰਤ ਹੈ ਵੀ ਬਹੁਤ। ਬਹੁਤੇ ਉਮੀਦਵਾਰ ਅਗਲੇ ਦਿਨਾਂ ਦੌਰਾਨ ਆਪੋ ਆਪਣੇ 'ਇਸ਼ਟਾਂ' ਅਤੇ ਨਜੂਮੀਆਂ ਕੋਲ ਹਾਜ਼ਰੀ ਭਰਨਗੇ, ਦੂਜੇ ਪਾਸੇ ਸੱਟੇਬਾਜ਼ਾਂ ਦੀ ਚਾਂਦੀ ਹੋ ਜਾਵੇਗੀ।

2017 ਦੀਆਂ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਮੁਹਿੰਮ ਦੀ ਖ਼ਾਸ ਅਤੇ ਭੇਤਭਰੀ ਗੱਲ ਇਨ੍ਹਾਂ ਵਿਚ ਨਵੀਂ ਪਾਰਟੀ- ਆਮ ਆਦਮੀ ਪਾਰਟੀ, ਯਾਨੀ 'ਆਪ' ਦੀ ਜ਼ਬਰਦਸਤ ਸ਼ਮੂਲੀਅਤ ਸੀ। 'ਆਪ' ਨੇ ਵੋਟਰਾਂ ਦੇ ਮਨਾਂ ਅੰਦਰ ਸੁੱਤੀਆਂ ਬਗ਼ਾਵਤੀ ਬਿਰਤੀਆਂ ਨੂੰ ਹਲੂਣ ਦਿੱਤਾ। ਨਤੀਜੇ ਵਜੋਂ ਇਸ ਨੇ ਪੰਜਾਬ ਦੇ



**ਹਰੀਸ਼ ਖਰੇ**

ਸਿਆਸੀ ਪਿੜ ਵਿਚ ਆਪਣਾ ਖ਼ਾਸ ਮੁਕਾਮ ਹਾਸਿਲ ਕਰ ਲਿਆ ਹੈ। ਆਪਣੇ ਕਾਡਰ ਦੀ ਊਰਜਾ ਅਤੇ ਉਤਸ਼ਾਹ ਸਦਕਾ ਇਸ ਨੇ ਲੋਕਾਂ ਉਤੇ ਆਪਣਾ ਜਾਦੂ ਧੂੜ ਦਿੱਤਾ ਹੈ। ਪੰਜਾਬ ਚੋਣਾਂ ਬਾਰੇ ਰਿਪੋਰਟਿੰਗ ਕਰਨ ਵਾਸਤੇ ਜੋ ਮੀਡੀਆ ਕਰਮੀ ਦੇਸ਼-ਵਿਦੇਸ਼ ਤੋਂ ਆਏ ਸਨ, ਉਹ 'ਆਪ' ਦੀ ਹਮਾਇਤ ਵਿਚ ਨਿਤਰਨ ਵਾਲੇ ਲੋਕਾਂ ਤੋਂ ਖ਼ੂਬ ਮੁਤਾਸਿਰ ਹੋ ਕੇ ਗਏ ਹਨ।

ਪਿਛਲੀਆਂ ਚੋਣਾਂ ਦੇ ਅੰਕੜੇ ਬੋਲਦੇ ਹਨ ਕਿ ਪੰਜਾਬ ਵਿਚ ਕਿਸੇ ਤੀਜੀ ਧਿਰ ਲਈ ਜਗ੍ਹਾ ਬਣਾਉਣਾ ਆਸਾਨ ਨਹੀਂ। ਜ਼ਿਆਦਾਤਰ ਅਕਾਲੀ ਅਤੇ ਕਾਂਗਰਸੀ ਹੀ 'ਉਤਰ ਕਾਟੋ ਮੈਂ ਚੜ੍ਹਾਂ' ਵਾਲੀ ਖੇਡ ਖੇਡਦੇ ਆਏ ਹਨ। ਪਿਛਲੀਆਂ ਚੋਣਾਂ ਦੌਰਾਨ ਮਨਪ੍ਰੀਤ ਬਾਦਲ ਦੀ ਪੰਜਾਬ ਪੀਪਲਜ਼ ਪਾਰਟੀ ਨੇ ਇਸ ਜੋਟੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ, ਪਰ ਸਾਰਥਿਕ ਨਤੀਜਾ ਕੁਝ ਵੀ ਨਹੀਂ ਨਿਕਲਿਆ, ਪਰ ਹੁਣ 'ਆਪ' ਇਸ ਰੁਝਾਨ ਨੂੰ ਖ਼ਤਮ ਕਰਨ ਦਾ ਬੰਨ੍ਹ-ਸੁਬ੍ਹ ਬਣਾ ਦਿੱਤਾ ਹੈ।

ਚੋਣਾਂ ਦਾ ਨਤੀਜਾ ਕੁਝ ਵੀ ਨਿਕਲੇ, ਪਰ ਸੂਬੇ ਵਿਚ 'ਆਪ' ਦੀ ਕਾਰਗੁਜ਼ਾਰੀ ਇਸ ਤੱਥ ਨੂੰ ਉਜਾਗਰ ਕਰਨ ਤੋਂ ਵਾਚੀ ਜਾਵੇਗੀ ਕਿ ਕਿਵੇਂ ਲੋਕ ਸਥਾਪਿਤ ਸਿਆਸੀ ਪਾਰਟੀਆਂ ਤੋਂ ਅੱਕੇ ਪਏ ਹਨ। ਯਕੀਨਨ ਕਾਂਗਰਸ ਯਥਾ-ਸਥਿਤੀ ਵਿਚ ਵਿਸ਼ਵਾਸ ਰੱਖਣ ਵਾਲੀ ਪਾਰਟੀ ਹੈ ਅਤੇ ਸੰਸਥਾਗਤ ਤੌਰ 'ਤੇ ਤੇਜ਼ੀ ਨਾਲ ਬਦਲ ਰਹੀ ਸੂਰਤ-ਏ-ਹਾਲ ਮੁਤਾਬਿਕ ਖ਼ੁਦ ਵਿਚ ਬਦਲਾਉ ਲਿਆਉਣੋਂ ਅਸਮਰਥ ਹੈ। ਇਸ ਵਿਚ ਕੋਈ ਹੈਰਤ ਵਾਲੀ ਗੱਲ ਵੀ ਨਹੀਂ। ਜਿਥੋਂ ਤੱਕ ਭਾਜਪਾ ਦਾ ਸਵਾਲ ਹੈ, ਪੰਜਾਬ ਦੇ ਵੋਟਰ ਕਦੀ ਵੀ ਮੋਦੀ ਤੋਂ ਜ਼ਿਆਦਾ ਪ੍ਰਭਾਵਿਤ ਨਹੀਂ ਹੋਏ, ਪਰ ਸਵਾਗਤਯੋਗ ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਦਾ ਵੋਟਰ ਅਕਾਲੀ ਜਥੇਦਾਰਾਂ ਦੇ ਪ੍ਰਭਾਵ ਤੋਂ ਮੁਕਤ ਹੋਣ ਲਈ ਤਿਆਰ ਬੈਠਾ ਹੈ। ਪੰਜਾਬ ਦਾ ਦਿਹਾਤ ਸੱਚਮੁੱਚ ਪਰਿਵਰਤਨ ਲਈ ਤਿਆਰ-ਬਰ-ਤਿਆਰ ਹੈ।

ਦੋਵੇਂ ਰਵਾਇਤੀ ਪਾਰਟੀਆਂ- ਅਕਾਲੀ ਦਲ ਅਤੇ ਕਾਂਗਰਸ, ਪਰਵਾਸੀ ਭਾਰਤੀਆਂ ਦੇ 'ਆਪ' ਦੀ ਹਮਾਇਤ ਵਿਚ ਪੰਜਾਬ ਆਉਣ ਤੋਂ ਬੁਰੀ ਤਰ੍ਹਾਂ ਔਖੀਆਂ ਸਨ। 'ਆਪ' ਨੇ ਨਾ ਸਿਰਫ਼ ਪੰਜਾਬ, ਸਗੋਂ ਪੂਰੇ ਭਾਰਤ ਦੇ ਐਨ.ਆਰ.ਆਈਜ਼ ਦੇ ਸੁਪਨਿਆਂ ਨੂੰ ਹੁਲਾਰਾ ਦਿੱਤਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਚਰਮਪੰਥੀ ਕਿਸਮ ਦੇ ਕੁਝ ਲੋਕ ਵੀ ਪੰਜਾਬ ਵਿਚ ਗੜਬੜੀ ਫੈਲਾਉਣ ਦੇ ਮਨਸ਼ੇ ਨਾਲ ਆ ਵੜੇ ਹੋਣਗੇ। ਖ਼ੈਰ, ਇਹ ਤਾਂ ਨਤੀਜੇ ਹੀ ਦੱਸਣਗੇ ਕਿ 'ਆਪ' ਦੇ ਮੁਕੱਦਰ ਨੂੰ ਪਰਵਾਸੀ ਭਾਰਤੀਆਂ ਨੇ ਕਿੰਨਾ ਕੁ ਨਿਖਾਰਿਆ ਹੈ।

ਦੇਖਿਆ ਗਿਆ ਹੈ ਕਿ ਰਵਾਇਤੀ ਪਾਰਟੀਆਂ ਵੱਲੋਂ ਕੀਤੀ ਜਾਂਦੀ ਆਲੋਚਨਾ ਵਿਚ ਸੁਹਜ-ਸਲੀਕੇ ਵਾਲੀ ਕੋਈ ਗੱਲ ਨਹੀਂ ਸੀ। ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਦੇ ਵੇਲੇ ਤੋਂ ਹੀ ਪਰਵਾਸੀ ਭਾਰਤੀਆਂ ਨੂੰ ਸਿਲਸਿਲੇਵਾਰ ਢੰਗ ਨਾਲ ਪਲੋਸਣ ਦੀ ਨੀਤੀ ਸ਼ੁਰੂ ਹੋਈ ਸੀ। ਇਹ ਰੁਝਾਨ ਆਲਮੀ ਪੱਧਰ 'ਤੇ ਹੈ। ਹਰ ਸਰਕਾਰ ਪਰਵਾਸੀਆਂ ਨੂੰ ਪਲੋਸਣਾ ਚਾਹੁੰਦੀ ਹੈ। ਸੋ, ਸੁਭਾਵਿਕ ਹੈ ਕਿ ਉਹ ਵੀ ਆਪਣੇ ਮੁਲਕ ਦੇ ਮਾਮਲਿਆਂ ਵਿਚ ਦਿਲਚਸਪੀ ਲੈਣ। ਵੱਡੀ ਗਿਣਤੀ ਵਿਚ ਪਰਵਾਸੀ ਇੱਧਰਲੇ ਪਾਸੇ ਕੋਈ ਨਾ ਕੋਈ ਪਿੰਡ ਚੁਣ ਕੇ ਉਸ ਦੇ ਸੁਧਾਰ ਲਈ ਪੈਸਾ ਲਗਾਉਂਦੇ ਹਨ ਅਤੇ ਪੰਜਾਬੀ ਜੀਵਨ ਦੀ ਬਿਹਤਰੀ ਲਈ ਕਈ ਢੰਗਾਂ ਨਾਲ ਯੋਗਦਾਨ ਪਾਉਂਦੇ ਹਨ। ਜੇ ਆਮ ਦਿਨਾਂ ਦੌਰਾਨ ਵਿਕਾਸ ਕਾਰਜਾਂ ਵਿਚ ਉਨ੍ਹਾਂ ਦੀ ਸ਼ਿਰਕਤ ਇਤਰਾਜ਼ਯੋਗ ਨਹੀਂ, ਤਾਂ ਚੋਣਾਂ ਦੌਰਾਨ ਉਨ੍ਹਾਂ ਦੀ ਸ਼ਮੂਲੀਅਤ 'ਤੇ ਇਤਰਾਜ਼ ਕਿਉਂ?

ਪੰਜਾਬ ਦੇ ਤਕਰੀਬਨ ਸਾਰੇ ਨੇਤਾ ਕੈਨੇਡਾ ਅਮਰੀਕਾ ਵਰਗੇ ਦੇਸ਼ਾਂ ਵਿਚ ਆਪਣੇ ਦੌਰਿਆਂ ਦੌਰਾਨ ਪ੍ਰਭਾਵਸ਼ਾਲੀ ਪਰਵਾਸੀਆਂ ਨੂੰ ਮਿਲਦੇ ਹਨ। ਪੰਜਾਬ ਦੇ ਲੀਡਰ ਹੀ ਕਿਉਂ, ਪ੍ਰਧਾਨ ਮੰਤਰੀ ਬਣ ਕੇ ਨਰੇਂਦਰ ਮੋਦੀ ਨੇ ਨਿਊ ਯਾਰਕ ਤੇ ਲੰਡਨ ਵਿਚ ਪਰਵਾਸੀਆਂ ਨਾਲ ਮਿਲਣੀਆਂ ਨੂੰ ਚੰਗਾ ਖ਼ਾਸਾ ਜਸ਼ਨ ਬਣਾ ਕੇ ਰੱਖ ਦਿੱਤਾ ਹੈ। ਜੇ ਪਰਵਾਸੀ ਭਾਰਤੀਆਂ ਦੀਆਂ ਤਾੜੀਆਂ ਅਤੇ ਮਕਬੂਲੀਅਤ ਕਿਸੇ ਨੇਤਾ ਦੇ ਕੌਮਾਂਤਰੀ ਕੱਦ-ਬੁੱਤ ਦਾ ਸਬੂਤ ਹੈ ਤਾਂ ਉਨ੍ਹਾਂ ਵੱਲੋਂ ਵਿਧਾਨ ਸਭਾ ਚੋਣਾਂ ਵਿਚ ਦਿਲਚਸਪੀ ਲੈਣ ਉਤੇ ਐਨਾ ਰੌਲਾ ਕਿਉਂ?

---

ਕਿਹਾ ਜਾਂਦਾ ਹੈ ਕਿ ਜਹਾਨੋਂ ਤੁਰ ਜਾਣ ਵਾਲਿਆਂ ਬਾਰੇ ਮੰਦਾ ਨਹੀਂ ਬੋਲਣਾ ਚਾਹੀਦਾ, ਪਰ ਐਚ.ਡੀ. ਦੇਵੇਗੌੜਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸਮੇਂ ਸੀ ਬੀ ਆਈ ਦੇ ਡਾਇਰੈਕਟਰ ਬਣੇ ਜੋਗਿੰਦਰ ਸਿੰਘ ਬਾਬਤ ਇਸ ਕਹਾਵਤ ਅਤੇ ਸੋਚਣੀ ਤੋਂ ਕਿਨਾਰਾਕਸ਼ੀ ਕੀਤੀ ਜਾ ਸਕਦੀ ਹੈ। ਇਹ ਸ਼ਖ਼ਸ ਇਸ ਪਦਵੀ ਲਈ ਮੂਲੋਂ ਹੀ ਫਿੱਟ ਨਹੀਂ ਸੀ। ਨਾ ਤਾਂ ਉਸ ਵਿਚ ਕੋਈ ਬੌਧਿਕ ਪਰਿਪੱਕਤਾ ਸੀ ਅਤੇ ਨਾ ਹੀ ਸ਼ਾਇਸਤਗੀ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਰਾਸ਼ਟਰੀ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਮੁੱਦਾ ਸਿਖਰਾਂ 'ਤੇ ਸੀ। ਵੋਹਰਾ ਕਮੇਟੀ ਨੇ ਭ੍ਰਿਸ਼ਟ ਅਨਸਰਾਂ ਅਤੇ ਅਪਰਾਧੀਆਂ ਦਰਮਿਆਨ ਗੰਢ-ਤੁੱਪ ਦੀ ਗੱਲ ਕੀਤੀ ਸੀ। ਸਭ ਦੀਆਂ ਅੱਖਾਂ ਸੀ ਬੀ ਆਈ ਉਤੇ ਲੱਗੀਆਂ ਹੋਈਆਂ ਸਨ; ਲੇਕਿਨ ਜੋਗਿੰਦਰ ਸਿੰਘ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਨੂੰ ਲੋਕ ਸੰਪਰਕ ਸ਼ੋਸ਼ੇ ਵਿਚ ਬਦਲ ਕੇ ਰੱਖ ਦਿੱਤਾ। ਉਸ ਦੇ ਕਾਰਜਕਾਲ ਦੌਰਾਨ ਸੀ ਬੀ ਆਈ ਦਾ ਸਾਰਾ ਸੰਸਥਾਗਤ ਅਕਸ ਖ਼ਰਾਬ ਹੋ ਕੇ ਰਹਿ ਗਿਆ। ਇਹ ਸਿਰਮੌਰ ਏਜੰਸੀ ਅਤੇ ਇਸ ਦੇ ਸੀਨੀਅਰ ਅਫ਼ਸਰਾਨ ਸਿਆਸੀ ਮੁਲਾਹਜ਼ੇਦਾਰੀਆਂ ਵਿਚ ਗ਼ਲਤਾਨ ਹੋ ਗਏ। ਸੁਪਰੀਮ ਕੋਰਟ ਵੱਲੋਂ ਕੀਤਾ ਕੋਈ ਵੀ ਉਪਰਾਲਾ ਹੁਣ ਸੀ ਬੀ ਆਈ ਨੂੰ ਜੋਗਿੰਦਰ ਸਿੰਘ ਵਾਲੇ ਵਾਇਰਸ ਤੋਂ ਮੁਕਤ ਨਹੀਂ ਕਰ ਸਕਿਆ।




---

ਕਈ ਸਾਲ ਪਹਿਲਾਂ ਦਿੱਲੀ ਸ਼ਹਿਰ ਉਪਰ ਇਕ ਰੇਡੀਓ ਪ੍ਰੋਗਰਾਮ ਸੁਣਿਆ ਜਿਸ ਵਿਚ ਸਰੋਤਿਆਂ ਨੂੰ ਇਸ ਇਤਿਹਾਸਕ ਮੁਗ਼ਲੀਆ ਸ਼ਹਿਰ ਨਾਲ ਵਾਬਸਤਾ ਰਹੱਸਾਂ ਬਾਰੇ ਟੈਲੀਫ਼ੋਨ ਉਤੇ ਹੀ ਸਵਾਲ ਪੁੱਛਣ ਤੇ ਜਵਾਬ ਸੁਣਨ ਦਾ ਮੌਕਾ ਦਿੱਤਾ ਜਾ ਰਿਹਾ ਸੀ। ਮੈਨੂੰ ਇਹ ਪ੍ਰੋਗਰਾਮ ਬੜਾ ਦਿਲਚਸਪ ਲੱਗਾ, ਕਿਉਂਕਿ ਇਸ ਵਿਚ ਸਵਾਲ ਵਿਸ਼ਾ ਮਾਹਿਰ 'ਸਵਪਨਾ ਜੀ' ਦੇ ਸਪੁਰਦ ਕਰ ਦਿੱਤੇ ਜਾਂਦੇ ਸਨ ਅਤੇ ਉਹ ਬੜੀ ਕੁਸ਼ਲਤਾ ਤੇ ਦਿਲਚਸਪ ਢੰਗ ਨਾਲ ਸਾਰੇ ਸਵਾਲਾਂ ਦੇ ਜਵਾਬ ਪੂਰੀ ਤਫ਼ਸੀਲ ਨਾਲ ਦੇ ਰਹੀ ਸੀ। ਮੈਨੂੰ ਅੱਧੇ ਘੰਟੇ ਦਾ ਇਹ ਪ੍ਰੋਗਰਾਮ ਇਸ ਕਰ ਕੇ ਵਧੀਆ ਲੱਗ ਰਿਹਾ ਸੀ ਕਿਉਂਕਿ ਦਿੱਲੀ ਵਾਲਾ ਹੋਣ ਦੇ ਨਾਤੇ ਮੈਨੂੰ ਲੱਗਦਾ ਸੀ ਕਿ ਪੁਰਾਣੀ ਦਿੱਲੀ ਬਾਰੇ ਮੈਂ ਸਭ ਕੁਝ ਜਾਣਦਾ ਹਾਂ, ਪਰ ਇਹ ਜਾਣ ਕੇ ਹੈਰਾਨੀ ਹੋਈ ਕਿ ਕੋਈ ਹੋਰ ਵੀ ਹੈ ਜਿਹੜਾ ਮੈਥੋਂ ਕਿਤੇ ਵੱਧ ਜਾਣਦਾ ਹੈ ਅਤੇ ਹਰ ਹਫ਼ਤੇ ਨਵੇਂ ਤੋਂ ਨਵੇਂ ਸੁਆਦਲੇ ਤਵਾਰੀਖ਼ੀ ਤੱਥਾਂ ਨੂੰ ਪੇਸ਼ ਕਰ ਸਕਦਾ ਹੈ। ਫਿਰ ਵਰ੍ਹਿਆਂ ਬਾਅਦ ਮੈਨੂੰ ਪਤਾ ਲੱਗਾ ਕਿ ਦਿੱਲੀ ਬਾਰੇ ਇਤਿਹਾਸਕ ਤਫ਼ਸੀਲ ਨਾਲ ਪਰੁੰਨੀ ਇਹ ਮਾਹਿਰ ਮੇਰੇ ਹੀ ਸਹਿਕਰਮੀ ਗੌਰਬ ਬੈਨਰਜੀ (ਸਾਬਕਾ ਵਧੀਕ ਸੋਲੀਸਿਟਰ-ਜਨਰਲ) ਦੀ ਬੀਵੀ ਸੀ।

ਹੁਣ ਇਹ 'ਸਵਪਨਾ' ਸ੍ਰੀਮਤੀ ਸਵਪਨਾ ਲਿਡਲ 'ਚਾਂਦਨੀ ਚੌਕ: ਦਿ ਮੁਗ਼ਲ ਸਿਟੀ ਆਫ਼ ਓਲਡ ਦੇਹਲੀ' ਕਿਤਾਬ ਦੀ ਲਿਖਾਰੀ ਹੈ। ਇਹ ਬਹੁਤ ਦਿਲਚਸਪ ਅਤੇ ਪੜ੍ਹਨਯੋਗ ਕਿਤਾਬ ਹੈ, ਮਜ਼ੇਦਾਰ ਤਫ਼ਸੀਲ ਨਾਲ ਲਬਰੇਜ਼।

ਮੈਨੂੰ ਜਿਹੜੀ ਗੱਲ ਇਸ ਕਿਤਾਬ ਵਿਚ ਸਭ ਤੋਂ ਵਧੀਆ ਲੱਗੀ, ਉਹ ਇਹ ਹੈ ਕਿ ਲਿਖਾਰੀ ਦਿੱਲੀ ਦੀ ਰਾਜਧਾਨੀ ਵਜੋਂ ਪ੍ਰਸੰਗਕਤਾ ਦੀ ਬਾਤ ਪਾਉਂਦੀ ਹੈ। ਉਹ ਦੱਸਦੀ ਹੈ ਕਿ ਕਿਵੇਂ ਬਾਦਸ਼ਾਹ ਸ਼ਾਹਜਹਾਂ ਵੱਲੋਂ ਰਾਜਧਾਨੀ ਵਜੋਂ ਯਮੁਨਾ ਦੇ ਕਿਨਾਰੇ ਦੀ ਚੋਣ ਦਾ ਕਾਰਨ ਇਸ ਦਾ ਹਿੰਦੂ ਮਿਥਿਹਾਸ ਅਤੇ ਪਰੰਪਰਾ ਨਾਲ ਸਬੰਧਤ ਹੋਣਾ ਸੀ। ਨਿਗਮ ਬੋਧਕ ਨਾਂ ਦੇ ਇਸ ਸਥਾਨ ਬਾਰੇ ਸਮਝਿਆ ਜਾਂਦਾ ਹੈ ਕਿ ਇਸ ਥਾਂ ਨੂੰ ਭਗਵਾਨ ਵਿਸ਼ਨੂੰ ਦਾ ਵਰਦਾਨ ਸੀ। "ਇਥੋਂ ਦੇ ਪਾਣੀਆਂ ਵਿਚ ਡੁਬਕੀ ਮਾਰਨ ਨਾਲ ਹੀ ਵੇਦਾਂ ਦਾ ਗਿਆਨ ਹਾਸਲ ਹੋ ਜਾਂਦਾ ਸੀ। ਅਤੇ ਇਥੇ ਰਾਜਧਾਨੀ ਬਣਾਉਣ ਨਾਲ ਮੁਗ਼ਲ ਬਾਦਸ਼ਾਹ ਲੋਕਾਂ ਦੀਆਂ ਨਜ਼ਰਾਂ ਵਿਚ ਆਪਣੀ ਹਕੂਮਤ ਨੂੰ ਹੱਕ-ਬਜਾਨਬ ਠਹਿਰਾ ਸਕਦੇ ਸਨ।"

'ਸਵਪਨਾ ਜੀ' ਇਥੇ ਸ਼ਾਸਨ ਕਲਾ ਦੇ ਬੁਨਿਆਦੀ ਸਿਧਾਂਤਾਂ ਦੀ ਵੀ ਗੱਲ ਕਰਦੇ ਹਨ। ਸਮਰਾਟ ਨੂੰ ਆਪਣੀ ਸਾਰੀ ਪਰਜਾ ਦੇ ਕਲਿਆਣ ਲਈ ਕੰਮ ਕਰਨਾ ਹੁੰਦਾ ਹੈ। ਮੁਗ਼ਲ ਬਾਦਸ਼ਾਹ ਵਸੋਂ ਵਰਗਾਂ ਅਤੇ ਧਾਰਮਿਕ ਅਕੀਦਿਆਂ ਤੋਂ ਉਪਰ ਉਠ ਕੇ ਖ਼ੁਦ ਨੂੰ ਪੂਰੇ ਹਿੰਦੁਸਤਾਨ ਦੇ ਹਾਕਮ ਸਮਝਦੇ ਸਨ। ਇਹੀ ਨਹੀਂ, ਉਹ ਹਿੰਦੂ ਤਿਉਹਾਰਾਂ ਨੂੰ ਹਰ ਹੀਲੇ ਮਾਨਤਾ ਦਿੰਦੇ ਸਨ। ਹਿੰਦੂ ਤਿਉਹਾਰਾਂ ਦੌਰਾਨ ਵਿਸ਼ੇਸ਼ ਦਰਬਾਰ ਸਜਾਏ ਜਾਂਦੇ ਸਨ। ਸਰਬ ਸਾਂਝੇ ਸਭਿਆਚਾਰ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋਵੇਗੀ?

ਉਂਜ, ਪਰਜਾ ਨੂੰ ਪ੍ਰਭਾਵਿਤ ਕਰਨ ਜਾਂ ਡਰਾਉਣ ਧਮਕਾਉਣ ਦੀ ਲੋੜ ਵੀ ਹਮੇਸ਼ਾ ਰਹਿੰਦੀ ਹੈ। ਸ਼ਹਿਰ ਦਾ ਬੁਨਿਆਦੀ ਖ਼ਾਕਾ ਸ਼ਾਹੀ ਸ਼ਾਨੋ-ਸ਼ੌਕਤ ਦਾ ਦਿਖਾਵਾ ਕਰਨ ਦੇ ਹਿਸਾਬ ਨਾਲ ਤਿਆਰ ਕੀਤਾ ਗਿਆ ਸੀ। ਚੌੜੀਆਂ ਖੁੱਲ੍ਹੀਆਂ ਸੜਕਾਂ ਜਲੌਪੂਰਨ ਜਲੂਸ ਕੱਢਣ ਲਈ ਬਣਾਈਆਂ ਗਈਆਂ ਸਨ। ਜਦੋਂ ਬਾਦਸ਼ਾਹ ਜਾਮਾ ਮਸਜਿਦ ਨਮਾਜ਼ ਅਦਾ ਕਰਨ ਜਾਂ ਉਂਜ ਹੀ ਉਤਰ ਦੱਖਣ ਵਾਲੇ ਪਾਸੇ ਕਿਧਰੇ ਜਾਂਦਾ ਤਾਂ ਹਾਥੀਆਂ, ਘੋੜਿਆਂ, ਪਾਲਕੀਆਂ ਅਤੇ ਬੱਘੀਆਂ ਵਾਲੇ ਸ਼ਾਨਦਾਰ ਜਲੂਸ ਦਾ ਨਜ਼ਾਰਾ ਦੇਖਦੇ ਹੀ ਬਣਦਾ ਸੀ।

ਲਿਡਲ ਦੀ ਕਿਤਾਬ ਸਾਨੂੰ ਯਾਦ ਦਿਵਾਉਂਦੀ ਹੈ ਕਿ ਕਿਵੇਂ ਅਜੇ ਤੱਕ ਅਸੀਂ ਪੁਰਾਣੀ ਸ਼ਾਨੋ-ਸ਼ੌਕਤ ਵਾਲੀ ਪਰੰਪਰਾ ਨੂੰ ਢੋਅ ਰਹੇ ਹਾਂ। ਸਾਡੀ ਗਣਤੰਤਰ ਦਿਵਸ ਪਰੇਡ ਅਤੇ ਬੀਟਿੰਗ ਰੀਟ੍ਰੀਟ ਵਰਗੀਆਂ ਰਸਮਾਂ ਸੱਤਾ ਦੀ ਦਰਜਾਬੰਦੀ ਅਤੇ ਸੱਤਾ ਪ੍ਰਦਰਸ਼ਨ ਦੀ ਜ਼ਰੂਰਤ ਦਾ ਮੁਜ਼ਾਹਰਾ ਹੀ ਤਾਂ ਹਨ।

# ਪੰਜਾਬ ਦਾ ਸੱਚ, ਬਾਦਲ ਤੇ ਲੋਕਾਂ ਦਾ ਰੌਂਅ

ਪੰਜਾਬ ਅਸੈਂਬਲੀ ਦੀਆਂ ਚੋਣਾਂ ਵਾਸਤੇ ਚਿਰਾਂ ਤੋਂ ਰਵਾਇਤੀ ਪਾਰਟੀਆਂ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ, ਵਿਚਕਾਰ "ਦੋਹੀਂ ਦਲੀਂ ਮੁਕਾਬਲਾ" ਹੁੰਦਾ ਰਿਹਾ ਸੀ। "ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕੋਈ ਨਹੀਂ ਸੀ ਤੀਸਰੀ ਜ਼ਾਤ ਆਹੀ।" ਦੋਹਾਂ ਦਲਾਂ ਦੀਆਂ ਰਣਭੇਰੀਆਂ ਤਾਂ ਵਜਦੀਆਂ ਸਨ, ਪਰ ਬਹੁਤੀਆਂ ਤਿੱਖੀਆਂ ਨਹੀਂ। ਇਸ ਵਾਰ ਤੀਸਰੀ ਜ਼ਾਤ, ਆਮ ਆਦਮੀ ਪਾਰਟੀ ਦੇ ਪਰਗਟ ਹੋਣ ਨਾਲ ਮੁਕਾਬਲਾ ਵੱਧ ਤਿੱਖਾ ਅਤੇ ਦਿਲਚਸਪ ਹੋ ਗਿਆ ਹੈ। ਕਾਂਗਰਸੀਆਂ ਅਤੇ ਅਕਾਲੀਆਂ ਦੀ ਸ਼ਾਂਤਮਈ ਸਹਿਹੋਂਦ ਨੇ ਸਿਆਸਤ ਜਿਹੀ ਬੋਝਲ ਜ਼ਿੰਮੇਵਾਰੀ ਨੂੰ "ਉਤਰ ਕਾਟੋ ਮੈਂ ਚੜ੍ਹਾਂ, ਮੇਰੀ ਵਾਰੀ ਆਈ ਐ" ਦੀ ਮਨਮੌਜੀ ਖੇਡ ਬਣਾਇਆ ਹੋਇਆ ਸੀ। ਆਮ ਆਦਮੀ ਪਾਰਟੀ ਦੀ ਆਉਣ

ਗੁਰਬਚਨ ਸਿੰਘ ਭੁੱਲਰ
ਫੋਨ: 011-42502364

ਨਾਲ "ਰਾਜ਼ੀ ਬਹੁਤ ਰਹਿੰਦੇ ਪੰਜਾ ਤੱਕੜੀ ਸੀ, ਸਿਰ ਦੋਹਾਂ ਦੇ ਉਤੇ ਅਫ਼ਾਤ ਆਈ!" ਵਾਲੀ ਗੱਲ ਹੋ ਗਈ।

ਜੇ ਬੋਲ-ਕੁਬੋਲ ਦੀ ਜਰੀਬ ਨਾਲ ਮਿਣਿਆ ਜਾਵੇ ਤਾਂ ਜੱਦੀ-ਪੁਸ਼ਤੀ ਸ਼ਰੀਕੇਬਾਜ਼ ਅਕਾਲੀ ਅਤੇ ਕਾਂਗਰਸੀ ਇਕ ਦੂਜੇ ਨੂੰ ਚਾਂਦਮਾਰੀ ਤੋਂ ਲਗਭਗ ਬਾਹਰ ਕਰ ਕੇ ਜਿਵੇਂ ਆਮ ਆਦਮੀ ਪਾਰਟੀ ਨੂੰ ਰਸੀਲੀਆਂ ਨਫ਼ਰਤੀ ਗਾਲ੍ਹਾਂ ਦਿੰਦੇ ਹਨ, ਉਸ ਤੋਂ ਸਾਬਤ ਹੋ ਜਾਂਦਾ ਹੈ ਕਿ ਉਹਨਾਂ ਨੂੰ ਤੀਜੀ ਧਿਰ ਦਾ ਖ਼ੌਫ਼ ਕੁਝ ਬਹੁਤਾ ਹੀ ਸਤਾ ਰਿਹਾ ਹੈ। ਇਸੇ ਕਰ ਕੇ ਉਹ ਇਸ ਨੂੰ ਸਿਆਸੀ ਸ਼ਰੀਕ ਸਮਝਣ ਦੀ ਥਾਂ ਨਿੱਜੀ ਵੈਰੀ ਸਮਝਦੀਆਂ ਹਨ। ਵੈਰੀ ਬਾਬਤ ਜਦੋਂ ਕਵੀ ਨੇ "ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਰ, ਸਦਾ ਰੱਖੀਏ ਵਿਚ ਧਿਆਨ ਦੇ ਜੀ" ਦੀ ਸਿਖਿਆ ਦਿੱਤੀ ਸੀ, ਉਸ ਨੇ 'ਧਿਆਨ' ਵਿਚ ਬੋਲ-ਕੁਬੋਲ ਸ਼ਾਮਲ ਨਹੀਂ ਕੀਤੇ ਸਨ। ਅਮਰਿੰਦਰ ਸਿੰਘ ਅਠਾਰਵੀਂ ਸਦੀ ਤੋਂ ਤੁਰੇ ਆਪਣੇ ਰਾਜ-ਘਰਾਣੇ ਅਤੇ ਪ੍ਰਕਾਸ਼ ਸਿੰਘ ਬਾਦਲ ਵੀਹਵੀਂ ਸਦੀ ਤੋਂ ਤੁਰੇ ਆਪਣੇ ਰਾਜ-ਘਰਾਣੇ ਦੇ ਹਉਂ-ਹੰਕਾਰ ਵਿਚ ਆਮ ਆਦਮੀ ਪਾਰਟੀ ਵਾਲਿਆਂ ਨੂੰ ਛੋਟੇ ਬੰਦੇ, ਟੋਪੀਆਂ ਵਾਲ਼ੇ, ਲੁਟੇਰੇ, ਧਾੜਵੀ, ਤੁੱਛ ਆਦਮੀ, ਅਤਿਵਾਦੀ, ਖਾਲਿਸਤਾਨੀ, ਨਕਸਲੀਏ, ਪਾਕਿਸਤਾਨੀ ਆਈ ਐਸ ਆਈ ਦੇ ਏਜੰਟ, ਤੇ ਹੋਰ ਪਤਾ ਨਹੀਂ ਕੀ ਕੀ ਆਖ ਕੇ ਮਿਹਣਾ ਮਾਰਦੇ ਹਨ ਕਿ ਤੁਹਾਡੇ ਪੱਲੇ ਕੀ ਹੈ? ਅਜਿਹੇ ਮੌਕੇ ਇਕ ਫਿਲਮ ਦਾ ਪ੍ਰਸਿੱਧ ਵਾਰਤਾਲਾਪ ਯਾਦ ਆ ਜਾਂਦਾ ਹੈ ਜਿਸ ਵਿਚ ਇਕ ਭਾਈ ਦੂਜੇ ਨੂੰ ਮਿਹਣਾ ਮਾਰਦਾ ਹੈ, "ਮੇਰੇ ਪਾਸ ਪੈਸਾ ਹੈ, ਬੰਗਲਾ ਹੈ, ਗਾੜੀ ਹੈ, ਨੌਕਰ ਹੈਂ, ਬੈਂਕ ਬੈਲੈਂਸ ਹੈ, ਤੁਮਹਾਰੇ ਪਾਸ ਕਿਆ ਹੈ?" ਦੂਜਾ ਜਵਾਬ ਦਿੰਦਾ ਹੈ, "ਮੇਰੇ ਪਾਸ ਮਾਂ ਹੈ!" ਇਹਨਾਂ ਚੋਣਾਂ ਦੀ ਵੀ ਇਹੋ ਘੁੰਡੀ ਹੈ ਕਿ 'ਆਪ' ਕੋਲ ਜਨਤਾ-ਰੂਪੀ ਮਾਂ ਹੈ!

ਹਾਕਮ ਪਾਰਟੀ ਦੇ ਪ੍ਰਧਾਨ ਸੁਖਬੀਰ ਬਾਦਲ ਕੋਲ ਵਿਰੋਧੀਆਂ ਨਾਲ ਸਿੱਝਣ ਲਈ ਕਰਨੀਆਂ ਦਾ ਪਟਾਰਾ ਲਗਭਗ ਖਾਲੀ ਹੋਣ ਦੇ ਬਾਵਜੂਦ ਲੱਛੇਦਾਰ ਕਥਨੀਆਂ ਦਾ ਅਮੁੱਕ ਭੰਡਾਰ ਹੈ। ਕਦੀ ਉਹ ਪਾਣੀ ਵਿਚ ਬਸਾਂ ਚਲਾਉਂਦਾ ਹੈ, ਕਦੀ ਹਵਾ ਵਿਚ ਕਿਸ਼ਤੀਆਂ ਉਡਾਉਂਦਾ ਹੈ ਤੇ ਕਦੀ ਧਰਤੀ ਉਤੇ ਉਡਣਖਟੋਲੇ ਰੇੜ੍ਹਦਾ ਹੈ; ਪਰ ਮੁਸ਼ਕਿਲ ਇਹ ਹੈ ਕਿ ਨੰਗ-ਭੁੱਖ, ਬੇਰੁਜ਼ਗਾਰੀ, ਨਸ਼ਿਆਂ, ਰੋਗਾਂ ਤੇ ਖ਼ੁਦਕੁਸ਼ੀਆਂ ਦੀ ਘੁੰਮਣਘੇਰੀ ਵਿਚ ਫਸੇ ਹੋਏ ਪੰਜਾਬ ਦੇ ਲੋਕਾਂ ਨੇ ਕਰਨੀ ਤੋਂ ਸੱਖਣੀ ਉਹਦੀ ਕਥਨੀ ਨੂੰ ਚਿਰਾਂ ਤੋਂ ਕੋਈ ਅਹਿਮੀਅਤ ਦੇਣੀ ਛੱਡ ਦਿੱਤੀ ਹੋਈ ਹੈ। ਕੇਂਦਰੀ ਮੰਤਰੀ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਜਿਹੀਆਂ ਪਦਵੀਆਂ ਉਤੇ ਰਹਿਣ ਨਾਲ ਵੀ ਉਹਨੂੰ ਉਹ ਸਿਆਸੀ ਕੱਦ ਹਾਸਲ ਨਹੀਂ ਹੋ ਸਕਿਆ ਜੋ ਸਹਿਜੇ ਹੀ ਹੋ ਜਾਣਾ ਚਾਹੀਦਾ ਸੀ। ਇਹੋ ਕਾਰਨ ਹੈ ਕਿ ਗੁਣ-ਦੋਸ਼ ਵਲੋਂ ਅੱਖਾਂ ਮੀਟਦਿਆਂ ਧ੍ਰਿਤਰਾਸ਼ਟਰ ਤੋਂ ਸੋਨੀਆ ਗਾਂਧੀ ਤੱਕ ਤੁਰੀ ਆ ਰਹੀ ਪੁੱਤਰ-ਮੋਹ ਦੀ ਪਰੰਪਰਾ ਦੇ ਅਨਿਨ ਵਿਸ਼ਵਾਸੀ ਹੁੰਦਿਆਂ ਵੀ ਬਾਦਲ, ਖਾਸ ਕਰ ਕੇ ਦੂਜੇ ਕਾਰਜਕਾਲ ਵਿਚ, ਉਹਦਾ ਰਾਜ-ਤਿਲਕ ਕਰਨ ਤੋਂ ਕੰਨੀਂ ਕਤਰਾਉਂਦੇ ਰਹੇ।

ਇਸ ਮੰਤਵ ਨਾਲ ਉਹਨਾਂ ਨੇ ਭਾਰਤੀ ਸੂਬਿਆਂ ਦੀਆਂ ਗਠਜੋੜੀ ਸਰਕਾਰਾਂ ਵਿਚ ਉਪ ਮੁੱਖ ਮੰਤਰੀ ਦੀ ਪਦਵੀ ਦੂਜੀ ਵੱਡੀ ਪਾਰਟੀ ਨੂੰ ਦੇਣ ਦੀ ਸਥਾਪਤ ਹੋ ਚੁੱਕੀ ਪ੍ਰੰਪਰਾ ਦੀ ਵੀ ਪਰਵਾਹ ਨਹੀਂ ਕੀਤੀ ਅਤੇ ਦੋਵੇਂ ਪਦਵੀਆਂ ਆਪਣੀ ਪਾਰਟੀ ਦੀ, ਸਗੋਂ ਆਪਣੇ ਪਰਿਵਾਰ ਦੀ ਝੋਲ਼ੀ ਵਿਚ ਪਾ ਲਈਆਂ। ਇਹ ਸੁਖਬੀਰ ਸਿੰਘ ਬਾਦਲ ਦੇ ਰਾਜ-ਤਿਲਕ ਵੱਲ ਅਹਿਮ ਕਦਮ ਸੀ, ਪਰ ਕੋਈ ਬਾਹਰੀ ਰੁਕਾਵਟ ਨਾ ਹੁੰਦਿਆਂ ਵੀ ਬਾਦਲ ਨਿਰਣੈ ਕਦਮ ਨਾ ਹੀ ਚੁੱਕ ਸਕੇ। ਲੱਖਣ ਤਾਂ ਇਹੋ ਲਾਇਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਵਜੋਂ ਆਪਣੇ ਕਈ ਵਾਰ ਦੇ ਅਨੁਭਵ ਦੇ ਆਧਾਰ ਉਤੇ ਉਹਨਾਂ ਦਾ ਭਰੋਸਾ ਸੁਖਬੀਰ ਦੀ ਪ੍ਰਬੰਧਕੀ ਸੂਝ-ਬੂਝ ਉਤੇ ਟਿਕ ਨਹੀਂ ਸਕਿਆ। ਨਤੀਜੇ ਵਜੋਂ ਇਹਨਾਂ ਚੋਣਾਂ ਵਿਚ ਵੀ ਉਹਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨਾ ਮੁਨਾਸਿਬ ਨਾ ਸਮਝਿਆ ਗਿਆ ਅਤੇ ਰਣ-ਖੇਤਰ ਵਿਚ ਆਪਣੇ ਦਲ ਦੀ ਅਗਵਾਈ ਫੇਰ ਬਾਦਲ ਨੂੰ ਆਪਣੇ ਹੱਥ ਹੀ ਲੈਣੀ ਪਈ। ਉਹ ਜਾਣਦੇ ਹਨ ਕਿ ਜੇ ਉਹ ਚੋਣਾਂ ਵਿਚ ਬਹੁਮਤ ਦੀ ਕਠਿਨ ਡਗਰ ਪਾਰ ਕਰ ਜਾਣ, ਇਹ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦਾ ਉਹਨਾਂ ਦਾ ਆਖ਼ਰੀ ਮੌਕਾ ਤੇ ਹੀਲਾ ਹੋਵੇਗਾ। ਉਹ ਨੱਬੇ ਸਾਲ ਦੇ ਹੋ ਗਏ ਨੇ। ਇਕ ਤਾਮਿਲ ਨਾਡੂ ਵਾਲ਼ੇ ਕਰੁਣਾਨਿਧੀ ਨੂੰ ਛੱਡ ਕੇ ਉਹ ਭਾਰਤ ਦੇ ਸਭ ਤੋਂ ਬਜ਼ੁਰਗ ਸਿਆਸਤਦਾਨ ਹਨ। ਹਰ ਕੋਈ ਜਾਣਦਾ ਹੈ ਕਿ ਉਹਨਾਂ ਦੀ ਮਨਸ਼ਾ ਨੱਬਿਆਂ ਤੋਂ ਟੱਪ ਕੇ ਵੀ ਰਾਜ ਕਰਦੇ ਰਹਿਣ ਦੀ ਨਹੀਂ, ਸਗੋਂ ਆਪਣੇ ਨਾਂ ਨਾਲ ਵਾਲ਼ੀ ਨਹੀਂ, ਤੇ 'ਆਵਾਜ਼-ਏ-ਖ਼ਲਕ' ਨੂੰ ਸਿਆਣਿਆਂ ਨੇ 'ਨੱਕਾਰਾ-ਏ-ਖ਼ੁਦਾ', ਖ਼ੁਦਾ ਦਾ ਨਗਾਰਾ ਕਿਹਾ ਹੈ। ਇਸ ਵਾਰ ਦੀ ਚੋਣ ਮੁਹਿੰਮ ਉਤੇ ਨਿਕਲਣ ਮਗਰੋਂ ਉਹ ਆਪ ਵੀ ਜ਼ਰੂਰ ਇਹ ਗੱਲ ਸਮਝ ਗਏ ਹੋਣਗੇ ਕਿ ਪੁੱਤਰ-ਮੋਹ ਨੇ ਉਹਨਾਂ ਨੂੰ ਉਮਰ ਦੇ ਇਸ ਪੜਾਅ ਉਤੇ ਕਿਸ ਕਸੂਤੀ ਹਾਲਤ ਵਿਚ ਪਾ ਦਿੱਤਾ ਹੈ। ਜੇ ਉਹ ਅਜੇ ਵੀ ਇਹ ਗੱਲ ਨਹੀਂ ਸਮਝੇ, ਫੇਰ ਤਾਂ ਇਹੋ ਕਿਹਾ ਜਾ ਸਕਦਾ ਹੈ, "ਜਾਨੇ ਨਾ ਜਾਨੇ ਗੁਲ ਹੀ ਨਾ ਜਾਨੇ, ਬਾਗ਼ ਤੋ ਸਾਰਾ ਜਾਨੇ ਹੈ!"



ਗੱਦੀ ਹਥਿਆ ਕੇ ਉਹਨੂੰ ਪੁੱਤਰ ਦੇ ਹਵਾਲੇ ਕਰ ਦੇਣ ਦੀ ਹੈ, ਪਰ ਇਸ ਵਾਰ ਦਾ ਚੋਣ-ਯੁੱਧ ਆਜ਼ਾਦੀ ਮਗਰੋਂ ਦੇ ਪੰਜਾਬ ਦੇ ਇਤਿਹਾਸ ਵਿਚ ਸਭ ਤੋਂ ਵੱਧ ਘਮਸਾਨੀ ਹੈ ਤੇ ਡਗਰ ਪਾਰ ਕਰਨੀ ਸੌਖੀ ਨਹੀਂ ਦਿਸਦੀ।

ਪੁੱਤਰ-ਮੋਹ ਦੇ ਵੱਸ ਪੈ ਕੇ ਬਾਦਲ ਨੇ ਬੜਾ ਵੱਡਾ ਜੋਖ਼ਿਮ ਪੱਲੇ ਪਾ ਲਿਆ ਹੈ। ਜੇ ਅਕਾਲੀ-ਭਾਜਪਾ ਗੱਠਜੋੜ ਵੀ ਜਿੱਤ ਜਾਵੇ ਤੇ ਬਾਦਲ ਪਿਓ-ਪੁੱਤ ਆਪ ਵੀ ਜਿੱਤ ਜਾਣ ਤਾਂ ਮੁੱਖ ਮੰਤਰੀ ਦੀ ਗੱਦੀ ਉਤੇ ਸੁਖਬੀਰ ਹੀ ਬਿਰਾਜਮਾਨ ਹੋਵੇਗਾ। ਜੇ ਅਕਾਲੀ ਦਲ ਹਾਰ ਜਾਵੇ ਤੇ ਬਾਦਲ ਜਿੱਤ ਵੀ ਜਾਣ, ਸੁਖਬੀਰ ਦੇ ਪਾਰਟੀ ਪ੍ਰਧਾਨ ਹੋਣ ਦੇ ਬਾਵਜੂਦ ਹਾਰ ਦੀ ਨਮੋਸ਼ੀ ਬਾਦਲ ਦੀ ਝੋਲ਼ੀ ਹੀ ਪਵੇਗੀ। ਜੇ ਪਾਰਟੀ ਤੇ ਬਾਦਲ, ਦੋਵਾਂ ਦੇ ਪੱਲੇ ਹਾਰ ਪੈ ਜਾਵੇ, ਨਮੋਸ਼ੀ ਪੁਆਉਣ ਲਈ ਬਾਦਲ ਦੀ ਵੱਡੀ ਝੋਲ਼ੀ ਵੀ ਛੋਟੀ ਰਹਿ ਜਾਵੇਗੀ। ਉਹਨਾਂ ਦੇ ਹਲਕੇ ਵਿਚੋਂ ਜੋ 'ਆਵਾਜ਼-ਏ-ਖ਼ਲਕ' ਆ ਰਹੀ ਹੈ, ਉਹ ਵੱਡੇ ਬਾਦਲ ਨੂੰ ਕੋਈ ਧਰਵਾਸ ਦੇਣ

ਬਾਦਲ ਬਨਾਮ ਜਰਨੈਲ ਸਿੰਘ ਬਾਰੇ ਚਰਚਾ ਹੁਣ ਬੇਅਰਥ ਹੈ। ਲੰਬੀ ਦੇ ਖਾੜੇ ਵਿਚ ਅਮਰਿੰਦਰ ਸਿੰਘ (ਤੇ ਜਲਾਲਾਬਾਦ ਵਿਚ ਬਿੱਟੂ) ਦੇ ਕੁੱਦ ਪੈਣ ਨਾਲ ਨਕਸ਼ਾ ਮੂਲ਼ੋਂ ਹੀ ਬਦਲ ਗਿਆ ਤੇ ਨਤੀਜੇ ਦੀ ਸੰਭਾਵਨਾ ਵੱਧ ਉਲਝਵੀਂ ਤੇ ਦਿਲਚਸਪ ਹੋ ਗਈ ਹੈ। ਲੋਕਾਂ ਦਾ ਕਹਿਣਾ ਹੈ ਕਿ ਬਾਦਲ ਨੇ ਪਟਿਆਲੇ ਵਿਚ ਜੇ ਜੇ ਸਿੰਘ ਵਰਗਾ ਕਮਜ਼ੋਰ ਉਮੀਦਵਾਰ ਖੜ੍ਹਾ ਕਰ ਕੇ ਅਮਰਿੰਦਰ ਤੇ ਬਿੱਟੂ ਰਾਹੀਂ ਆਮ ਆਦਮੀ ਪਾਰਟੀ ਦੀਆਂ ਵੋਟਾਂ ਪਾੜ ਦਿੱਤੀਆਂ ਹਨ, ਪਰ ਇਹ ਤਾਂ ਨਤੀਜਾ ਹੀ ਦੱਸੇਗਾ ਕਿ ਤਿੰਨ-ਧਿਰੀ ਘੜਮੱਸ ਵਿਚ ਕੀਹਦੀਆਂ ਵੋਟਾਂ ਕੀਹਦੇ ਪੱਖ ਵਿਚ ਪਾਟਣਗੀਆਂ। ਜੇ ਬਾਦਲ ਜਿੱਤ ਜਾਣ, ਅਮਰਿੰਦਰ ਸਿੰਘ ਕੋਲ ਪਟਿਆਲਾ ਹੈ ਤੇ ਜਰਨੈਲ ਸਿੰਘ ਨੂੰ ਲੋਕ "ਖ਼ੂਬ ਲੜਾ ਮਰਦਾਨਾ" ਦੀ ਸ਼ਾਬਾਸ਼ ਦੇਣਗੇ। ਜੇ ਅਮਰਿੰਦਰ ਸਿੰਘ ਜਿੱਤ ਜਾਵੇ, ਜਰਨੈਲ ਸਿੰਘ ਦੀ ਸ਼ਾਬਾਸ਼ ਜਿਉਂ-ਦੀ-ਤਿਉਂ ਰਹੇਗੀ, ਪਰ ਬਾਦਲ ਦੇ ਪੱਲੇ ਕੱਖ ਨਹੀਂ ਰਹਿਣਾ। ਹੁਣ ਤੀਜੇ ਉਮੀਦਵਾਰ ਜਰਨੈਲ ਸਿੰਘ ਦੀ ਜਿੱਤ ਦੀ ਕਲਪਨਾ ਕਰੋ। ਇਸ ਸੂਰਤ ਵਿਚ ਅਮਰਿੰਦਰ ਨੇ ਤਾਂ "ਇਥੋਂ ਹੋ ਗਿਆ ਹਰਨ ਹੈ ਮਹਾਰਾਜਾ, ਚੌਦਾਂ ਹੱਥਾਂ ਦੀ ਮਾਰ ਕੇ ਜਾਣ ਛਾਲੀ" ਦੀ ਫੁਰਤੀ ਦਿਖਾਉਂਦਿਆਂ ਪਟਿਆਲੇ ਪਹੁੰਚ ਕੇ ਦਮ ਲੈਣਾ ਹੈ, ਪਰ ਵੱਡੇ ਬਾਦਲ ਦੇ ਪੱਲੇ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦੇ ਸੁਪਨੇ ਬਾਰੇ ਸੋਚ ਕੇ ਇਉਂ ਹੱਥ ਮਲ਼ਣਾ ਹੀ ਰਹਿ ਜਾਵੇਗਾ, "ਮੇਰਾ ਸੁੰਦਰ ਸਪਨਾ ਬੀਤ ਗਿਆ / ਮੈਂ ਪੁੱਤਰ-ਮੋਹ ਮੇਂ ਹਾਰ ਗਿਆ, ਔਰ ਝਾੜੂ ਵਾਲ਼ਾ ਜੀਤ ਗਿਆ" ਇਹ ਸਾਰੀ ਸੂਰਤ-ਏ-ਹਾਲ ਦੇਖ ਕੇ ਸੋਚਣਾ ਬਣਦਾ ਹੈ ਕਿ ਬਾਦਲ ਨੂੰ ਸੁਖਬੀਰ ਦੇ ਮੁੱਖ ਮੰਤਰੀ ਵਜੋਂ ਰਾਜ-ਤਿਲਕ ਖ਼ਾਤਰ ਏਨਾ ਵੱਡਾ ਜੋਖ਼ਮ ਲੈਣਾ ਦਰੁਸਤ ਹੈ?

ਇਸ ਸਵਾਲ ਦੇ ਜਵਾਬ ਵਿਚ ਮੇਰੀਆਂ ਅੱਖਾਂ ਸਾਹਮਣੇ ਐਮਰਜੈਂਸੀ ਤੋਂ ਬਾਅਦ ਹੋਈਆਂ 1977 ਦੀਆਂ ਲੋਕ ਸਭਾ ਚੋਣਾਂ ਦਾ ਨਜ਼ਾਰਾ ਉਜਾਗਰ ਹੁੰਦਾ ਹੈ। ਤਿੰਨ ਵਾਰ ਪ੍ਰਧਾਨ ਮੰਤਰੀ ਰਹਿ ਚੁੱਕੀ ਇੰਦਰਾ ਗਾਂਧੀ ਆਜ਼ਾਦ ਭਾਰਤ ਦੀ ਸਭ ਤੋਂ ਬਲਵਾਨ ਆਗੂ ਮੰਨੀ ਜਾਂਦੀ ਸੀ। ਬੰਗਲਾਦੇਸ਼ ਦੇ ਜਨਮ ਵਿਚ ਉਹਦੀ ਭੂਮਿਕਾ ਨੂੰ ਦੇਖ ਕੇ ਵਿਰੋਧੀ ਪਾਰਟੀ ਦੇ ਆਗੂ ਵਾਜਪਾਈ ਦਾ ਉਹਨੂੰ 'ਦੁਰਗਾ' ਆਖਣਾ ਇਤਿਹਾਸ ਦਾ ਅੰਗ ਹੈ। ਚੋਣਾਂ ਵਿਚ ਉਹਨੂੰ ਕਦੀ ਹਾਰ ਦੀ ਨਮੋਸ਼ੀ ਨਹੀਂ ਸੀ ਸਹਿਣੀ ਪਈ। 1977 ਵਿਚ ਜਨਤਾ ਪਾਰਟੀ ਦੇ ਉਮੀਦਵਾਰ ਰਾਜ ਨਾਰਾਇਣ ਜਿਸ ਦਾ ਸਿਆਸੀ ਕੱਦ ਵੱਡਾ ਸੋਸ਼ਲਿਸਟ ਆਗੂ ਹੋਣ ਦੇ ਬਾਵਜੂਦ ਇੰਦਰਾ ਨਾਲੋਂ ਬਿਨਾਂ ਸ਼ੱਕ ਛੋਟਾ ਸੀ, ਨੇ ਐਮਰਜੈਂਸੀ ਬਾਰੇ ਲੋਕਾਂ ਦੇ ਕਰੋਧ ਦਾ ਲਾਹਾ ਲੈ ਕੇ ਉਹਨੂੰ 55,200 ਵੋਟਾਂ ਦੇ ਫ਼ਰਕ ਨਾਲ ਹਰਾ ਦਿੱਤਾ। ਇੰਦਰਾ ਦੀ ਗੂੜ੍ਹੀ ਸਹੇਲੀ ਪੁਪੁਲ ਜੈਯਕਰ ਲਿਖਦੀ ਹੈ ਕਿ ਇਸ ਹਾਰ ਪਿਛੋਂ ਜਦੋਂ ਉਹ ਇੰਦਰਾ ਨੂੰ ਮਿਲਣ ਜਾਂਦੀ, ਬਹੁਤੇ ਸੰਗ-ਸਖਿਆਂ ਦੇ ਤਜ ਜਾਣ ਕਾਰਨ ਉਹ ਅਕਸਰ ਬਰਾਂਡੇ ਵਿਚ ਬੈਠੀ ਖਾਲੀ ਨਜ਼ਰਾਂ ਨਾਲ ਦੂਰ ਖਾਲੀ ਅੰਬਰ ਵੱਲ ਦੇਖ ਰਹੀ ਹੁੰਦੀ।

ਇਹ ਕੋਈ ਅਤਿਕਥਨੀ ਨਹੀਂ ਕਿ ਲੋਕਾਂ ਵਿਚ ਹਲਕਾ ਇੰਚਾਰਜਾਂ, ਹੋਰ ਜਥੇਦਾਰਾਂ, ਬੇਲਗਾਮ ਲਾਡਲੇ ਪੁਲਸੀਆਂ, ਧੱਕੜ ਚਾਪਲੂਸ ਅਧਿਕਾਰੀਆਂ ਤੇ ਸੱਤਾ-ਪੱਖੀ ਡਾਂਗੂਆਂ ਦੇ ਜ਼ੁਲਮਾਂ-ਸਿਤਮਾਂ ਵਿਰੁਧ ਗੁੱਸਾ, ਐਮਰਜੈਂਸੀ ਵਿਰੁੱਧ ਗੁੱਸੇ ਨਾਲੋਂ ਚਾਰ ਰੱਤੀਆਂ ਵੱਧ ਭਾਵੇਂ ਹੋਵੇ, ਘੱਟ ਬਿਲਕੁਲ ਨਹੀਂ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਗੁੱਸੇ ਦਾ ਰੌਂਅ ਅਤੇ ਕਾਰਨਾਂ ਦੇ ਕਠੋਰ ਸੱਚ ਨੂੰ ਪਛਾਨਣ ਦੀ ਜ਼ਰੂਰਤ ਹੈ।

# ਚੋਣ ਮੁਹਿੰਮਾਂ ਬਨਾਮ ਪੰਜਾਬ ਦਾ ਦਰਦ

ਪੰਜਾਬ ਵਿਚ 15ਵੀਂ ਵਿਧਾਨ ਸਭਾ ਲਈ ਵੋਟਾਂ ਪੈ ਚੁੱਕੀਆਂ ਹਨ। ਵੋਟ ਲੈਣ ਲਈ ਵੱਖ ਵੱਖ ਪਾਰਟੀਆਂ ਨੇ ਜਾਰੀ ਚੋਣ ਮਨੋਰਥ ਪੱਤਰ ਅਤੇ ਚੋਣ ਮੁਹਿੰਮਾਂ ਵਿਚ ਵਾਅਦਿਆਂ ਦੀ ਝੜੀ ਲਾ ਦਿੱਤੀ। ਮੁੱਖ ਪਾਰਟੀਆਂ ਵੱਲੋਂ ਪੰਜਾਬ ਦੇ 25 ਲੱਖ ਨੌਜਵਾਨਾਂ ਨੂੰ ਜਾਂ ਹਰ ਘਰ ਦੇ ਇਕ ਮੈਂਬਰ ਨੂੰ ਨੌਕਰੀ, ਕਿਸਾਨਾਂ ਦਾ ਕਰਜ਼ਾ ਮੁਆਫ਼, 25 ਸੌ ਰੁਪਏ ਬੁਢਾਪਾ ਪੈਨਸ਼ਨ, ਕਿਸਾਨਾਂ ਨੂੰ ਸਵਾਮੀਨਾਥਨ ਰਿਪੋਰਟ ਮੁਤਾਬਿਕ ਫ਼ਸਲਾਂ ਦਾ ਭਾਅ ਦੇਣ, ਮਹੀਨੇ ਜਾਂ ਚਾਰ ਮਹੀਨਿਆਂ ਵਿਚ ਨਸ਼ੇ ਬੰਦ ਕਰ ਦੇਣ ਦੇ ਵਾਅਦੇ ਕੀਤੇ ਗਏ। ਅਕਾਲੀ-ਭਾਜਪਾ ਗੱਠਜੋੜ ਨੇ ਆਪਣੇ ਦਸ ਸਾਲ

ਹਮੀਰ ਸਿੰਘ

ਦੇ ਸਮੇਂ ਨੂੰ ਸੜਕਾਂ, ਪੁਲ, ਹਵਾਈ ਅੱਡੇ ਅਤੇ ਯਾਦਗਾਰਾਂ ਦੇ ਰੂਪ ਵਿਚ ਕੀਤੇ ਵਿਕਾਸ ਅਤੇ ਭਾਈਚਾਰਕ ਸਾਂਝ ਨੂੰ ਪ੍ਰਾਪਤੀ ਵਜੋਂ ਪੇਸ਼ ਕੀਤਾ, ਪਰ ਅਕਾਲੀ ਦਲ ਖਾਸ ਤੌਰ ਉਤੇ ਬਾਦਲ ਪਰਿਵਾਰ ਵਿਰੋਧੀ ਲਹਿਰ ਕਾਰਨ ਅਕਾਲੀ ਦਲ ਦੇ ਆਗੂ ਆਪਣੇ ਮੂਲ ਪੰਥਕ ਕਿਰਦਾਰ ਨੂੰ ਤਿਲਾਂਜਲੀ ਦੇ ਕੇ ਡੇਰਾ ਸੱਚਾ ਸੌਦਾ ਦੀ ਸ਼ਰਨ ਵਿਚ ਚਲੇ ਗਏ। ਸ੍ਰੀ ਅਕਾਲ ਤਖ਼ਤ ਅਤੇ ਦੂਸਰੇ ਤਖ਼ਤਾਂ ਦੇ ਜਥੇਦਾਰਾਂ ਨੇ ਵੀ ਵੋਟਾਂ ਪੈਣ ਤਕ ਇਸ ਬਾਰੇ ਖਾਮੋਸ਼ੀ ਧਾਰੀ ਰੱਖੀ।

ਚੋਣ ਮੁਹਿੰਮ ਦੌਰਾਨ ਆਗੂਆਂ ਦੇ ਭਾਸ਼ਣ ਮਿਹਣੋ-ਮਿਹਣੀ ਅਤੇ ਸਭਿਆਚਾਰਕ ਮਿਆਰ ਤੋਂ ਡਿੱਗੀ ਸ਼ਬਦਾਵਲੀ ਤਕ ਸੀਮਤ ਹੋ ਕੇ ਰਹਿ ਗਏ। ਸਿਆਸੀ ਪਾਰਟੀਆਂ ਵਲੋਂ ਵੋਟ ਹਾਸਲ ਕਰਨ ਦੀ ਚਾਰਾਜੋਈ ਕਰਨਾ ਜਮਹੂਰੀ ਪ੍ਰਬੰਧ ਦੀ ਲੋੜ ਹੈ। ਵੈਸੇ ਤਾਂ ਮਿਸ਼ਨ-2017 ਦਾ ਨਾਅਰਾ ਦੇ ਕੇ ਸਾਰੀਆਂ ਮੁੱਖ ਧਿਰਾਂ ਨੇ ਐਲਾਨੀਆ ਕਹਿ ਦਿੱਤਾ ਸੀ ਕਿ ਉਨ੍ਹਾਂ ਦਾ ਮੁੱਖ ਉਦੇਸ਼ ਸੱਤਾ ਉਤੇ ਕਬਜ਼ਾ ਹੈ, ਪੰਜਾਬ ਦੇ ਦੁੱਖ ਦਰਦ ਦੂਰ ਕਰਨ ਦਾ ਪ੍ਰੋਗਰਾਮ ਦੇਣਾ ਨਹੀਂ ਹੈ। ਸੱਤਾ ਜਿਸ ਵੀ ਝੂਠੇ ਸੱਚੇ ਵਾਅਦੇ ਨਾਲ ਮਿਲੇਗੀ, ਉਹ ਹਾਸਲ ਕਰਨ ਲਈ ਸਭ ਕੁਝ ਕੀਤਾ ਜਾਵੇਗਾ। ਇਕ ਦੂਸਰੀ ਪਾਰਟੀ ਵਿਚੋਂ ਦਲ ਬਦਲੀ ਕਰ ਕੇ ਆਏ ਉਮੀਦਵਾਰਾਂ ਨੂੰ ਗਲਵੱਕੜੀ ਵਿਚ ਲੈ ਕੇ ਉਮੀਦਵਾਰ ਬਣਾਉਣ ਵਿਚ ਨਾ ਪਾਰਟੀ ਲੀਡਰਸ਼ਿਪ ਨੂੰ ਕੋਈ ਝਿਜਕ ਅਤੇ ਨਾ ਹੀ ਪਾਰਟੀ ਬਦਲਣ ਵਾਲੇ ਆਗੂਆਂ ਨੂੰ ਪ੍ਰੇਸ਼ਾਨੀ ਹੋਈ। ਮਤਲਬ ਸਾਫ਼ ਹੈ ਕਿ ਵਿਚਾਰਧਾਰਕ ਅਤੇ ਇਖ਼ਲਾਕੀ ਕਤਾਰਬੰਦੀ ਪੂਰੀ ਤਰ੍ਹਾਂ ਅਣਦੇਖੀ ਹੋ ਚੁੱਕੀ ਹੈ।

ਪੰਜਾਬ ਦੀ ਹਕੀਕਤ ਇਹ ਹੈ ਕਿ ਇਥੇ ਕਿਸੇ ਦਾ ਜੀਅ ਨਹੀਂ ਲੱਗ ਰਿਹਾ। ਰੋਜ਼ੀ ਰੋਟੀ ਲਈ ਪਰਦੇਸ ਜਾਣਾ ਪੁਰਾਣੀ ਰਵਾਇਤ ਹੈ। ਹੁਣ ਵੱਡੀ ਸੰਖਿਆ ਵਿਚ ਨੌਜਵਾਨ ਪਰਦੇਸ ਇਸ ਲਈ ਜਾਣਾ ਚਾਹੁੰਦਾ ਹੈ ਕਿਉਂਕਿ ਇਥੇ ਉਸ ਨੂੰ ਭਵਿੱਖ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਦਿਖਾਈ ਨਹੀਂ ਦੇ ਰਹੀਆਂ। ਉਂਜ, ਇਹ ਕੇਵਲ ਰੋਜ਼ੀ ਰੋਟੀ ਦਾ ਮਾਮਲਾ ਨਹੀਂ ਹੈ। ਪਹਿਲਾਂ ਲੋਕ ਪੈਸਾ ਕਮਾ ਕੇ ਵਾਪਸ ਮੁੜ ਆਉਣ ਦੀ ਤਾਂਘ ਰੱਖਦੇ ਸਨ। ਹੁਣ ਗੁਰਦੁਆਰਿਆਂ ਵਿਚ ਹੁੰਦੀਆਂ ਅਰਦਾਸਾਂ ਦੱਸਦੀਆਂ ਹਨ ਕਿ ਲੋਕ ਪੱਕੇ ਉਜਾੜੇ ਲਈ ਕਿੰਨੇ ਤਰਲੋਮੱਛੀ ਹੋ ਰਹੇ ਹਨ। ਕਿਸੇ ਦੂਸਰੇ ਦੇਸ਼ ਵਿਚ ਪੱਕੇ ਹੋ ਜਾਣ ਦੀ ਅਰਦਾਸ ਇਹੀ ਕਹਾਣੀ ਬਿਆਨ ਕਰ ਰਹੀ ਹੈ। ਪਰਵਾਸੀ ਭਾਰਤੀਆਂ ਦੀ ਪੰਜਾਬ ਦੀਆਂ ਚੋਣਾਂ ਵਿਚ ਇੰਨੀ ਦਿਲਚਸਪੀ ਦਾ ਕਾਰਨ ਇਹ ਵੀ ਹੈ ਕਿ ਜੜ੍ਹਾਂ ਨਾਲੋਂ ਟੁੱਟਣ ਦਾ ਗ਼ਮ ਧੁਰ ਅੰਦਰ ਉਨ੍ਹਾਂ ਅੰਦਰ ਵੀ ਖੋਹ ਪਾ ਰਿਹਾ ਹੈ।

ਮੌਜੂਦਾ ਕੁਦਰਤ ਅਤੇ ਮਨੁੱਖ ਵਿਰੋਧੀ ਵਿਕਾਸ ਮਾਡਲ ਦੇ ਕੰਧਾੜੇ ਚੜ੍ਹ ਕੇ ਪੰਜਾਬੀਆਂ ਨੇ ਆਪਣੀ ਆਬੋ-ਹਵਾ, ਮਿੱਟੀ, ਅੰਮ੍ਰਿਤ ਵਰਗਾ ਪਾਣੀ ਸਭ ਕੁਝ ਬਰਬਾਦ ਕੀਤਾ ਹੈ। ਆਰਥਿਕ ਖੇਤਰ ਵਿਚ ਸਭ ਨੂੰ ਨਾਲ ਲੈ ਕੇ ਚੱਲਣ ਦੇ ਸਿਧਾਂਤ ਦੇ ਬਜਾਏ ਵੱਡੇ ਹਿੱਸੇ ਨੂੰ ਕੇਵਲ ਭਿਖਾਰੀ ਵਾਂਗ ਵੋਟ ਬੈਂਕ ਵਿਚ ਤਬਦੀਲ ਕਰਨ ਦੀ ਮਾਨਸਿਕਤਾ ਚੋਣ ਮਨੋਰਥ ਪੱਤਰਾਂ ਵਿਚੋਂ ਪ੍ਰਤੱਖ ਝਲਕ ਰਹੀ ਹੈ। ਵੱਖ ਵੱਖ ਜਾਤਾਂ ਅਤੇ ਵਰਗਾਂ ਵਿਚੋਂ ਆਈ ਪੰਜ ਪਿਆਰਿਆਂ ਦੀ ਆਗੂ ਟੀਮ ਦੀ ਜਗ੍ਹਾ ਕੁਝ ਖਾਸ ਪਰਿਵਾਰਾਂ ਅਤੇ ਵਿਅਕਤੀਆਂ ਦੇ ਸੱਤਾ ਉਤੇ ਕਬਜ਼ੇ ਦੀ ਨੀਤੀ ਅਪਨਾ ਲਈ। ਅਮੀਰਾਂ ਲਈ ਅਲੱਗ ਸਕੂਲ ਅਤੇ ਗ਼ਰੀਬਾਂ ਲਈ ਫਟੇ ਹਾਲ ਸਕੂਲ, ਅਮੀਰਾਂ ਲਈ ਹੋਰ ਹਸਪਤਾਲ ਅਤੇ ਗ਼ਰੀਬਾਂ ਲਈ ਡਾਕਟਰਾਂ ਅਤੇ ਦਵਾਈਆਂ ਤੋਂ ਸੱਖਣੇ ਹਸਪਤਾਲ, ਕੀ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਨਾਲ ਮੇਲ ਖਾਂਦੀ ਇਕ ਵੀ ਝਲਕ ਦਿੰਦੇ ਹਨ? ਗੁਰਬਾਣੀ ਉਪਦੇਸ਼ ਹੈ ਕਿ ਵਿੱਦਿਆ ਵੀਚਾਰੀ ਤਾਂ ਪਰਉਪਕਾਰੀ, ਕੀ ਪੜ੍ਹੀ ਲਿਖੀ ਪੀੜ੍ਹੀ ਸਿੱਖ ਕੇ ਪਰਉਪਕਾਰੀ ਬਣੀ ਹੈ, ਜਾਂ ਆਪਣੇ ਸੁਆਰਥ ਲਈ ਅੱਧੀ ਤੋਂ ਵੱਧ ਆਬਾਦੀ ਨੂੰ ਪਿੱਛੇ ਛੱਡ ਕੇ ਖ਼ੁਦ ਕਿਤੇ ਅਗਾਂਹ ਲੰਘ ਜਾਣ ਦੀ ਦੌੜ ਵਿਚ ਲੱਗੀ ਹੋਈ ਹੈ? ਪੜ੍ਹੇ-ਲਿਖਿਆਂ ਤੋਂ ਜ਼ਿਆਦਾ ਬੁੱਧੀਮਾਨ ਹੋਣ ਅਤੇ ਕਦਰਾਂ ਕੀਮਤਾਂ ਨੂੰ ਪ੍ਰਨਾਏ ਹੋਣ ਦੀ ਉਮੀਦ ਕੀਤੀ ਜਾਂਦੀ ਹੈ, ਪਰ ਅਜਿਹਾ ਕਿਤੇ ਨਜ਼ਰ ਨਹੀਂ ਆ ਰਿਹਾ।

> ***ਅਸੀਂ ਗੁਰੂ ਗ੍ਰੰਥ ਸਾਹਿਬ ਦੀ ਗੁਰਮੁਖੀ ਵਿਚ ਲਿਖੀ ਫਿਲਾਸਫੀ ਨੂੰ ਦੁਨੀਆ ਨੂੰ ਸੇਧ ਦੇਣ ਵਾਲੀ ਕਹਿੰਦਿਆਂ ਹੋਇਆਂ ਵੀ 'ਸਭ ਗਿਆਨ ਕੇਵਲ ਅੰਗਰੇਜ਼ੀ ਵਿਚੋਂ ਮਿਲ ਸਕਦਾ ਹੈ' ਦੀ ਰਟ ਦੇ ਸ਼ਿਕਾਰ ਹੋ ਚੁੱਕੇ ਹਾਂ। ਹਾਲਤ ਇਥੇ ਤਕ ਇਸ ਲਈ ਪਹੁੰਚੀ ਕਿਉਂਕਿ ਆਪਣੀ ਭਾਸ਼ਾ ਵਿਚ ਖੋਜ, ਗਿਆਨ ਜਾਂ ਇਸ ਦੇ ਪਸਾਰੇ ਦੀ ਕੋਸ਼ਿਸ਼ ਵੱਲ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ ਗਈ। ਇਸੇ ਲਈ ਅੱਜ ਪੰਜਾਬ ਬੌਧਿਕ ਕੰਗਾਲੀ ਦੀ ਕਗਾਰ ਉਤੇ ਖੜ੍ਹਾ ਹੈ।***

ਦੋਗਲਾ ਕਿਰਦਾਰ ਸਾਹਮਣੇ ਆ ਰਿਹਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਗੁਰਮੁਖੀ ਵਿਚ ਲਿਖੀ ਫਿਲਾਸਫੀ ਨੂੰ ਦੁਨੀਆ ਨੂੰ ਸੇਧ ਦੇਣ ਵਾਲੀ ਕਹਿੰਦਿਆਂ ਹੋਇਆਂ ਵੀ 'ਸਭ ਗਿਆਨ ਕੇਵਲ ਅੰਗਰੇਜ਼ੀ ਵਿਚੋਂ ਮਿਲ ਸਕਦਾ ਹੈ' ਦੀ ਰਟ ਦੇ ਸ਼ਿਕਾਰ ਹੋ ਚੁੱਕੇ ਹਾਂ। ਹਾਲਤ ਇਥੇ ਤਕ ਇਸ ਲਈ ਪਹੁੰਚੀ ਕਿਉਂਕਿ ਆਪਣੀ ਭਾਸ਼ਾ ਵਿਚ ਖੋਜ, ਗਿਆਨ ਜਾਂ ਇਸ ਦੇ ਪਸਾਰੇ ਦੀ ਕੋਸ਼ਿਸ਼ ਵੱਲ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ ਗਈ। ਇਸੇ ਲਈ ਅੱਜ ਪੰਜਾਬ ਬੌਧਿਕ ਕੰਗਾਲੀ ਦੀ ਕਗਾਰ ਉਤੇ ਖੜ੍ਹਾ ਹੈ।

ਆਰਥਿਕ ਤੰਗੀ, ਸਮਾਜਿਕ ਕਦਰਾਂ ਕੀਮਤਾਂ ਵਿਚ ਗਿਰਾਵਟ, ਸਮੂਹਿਕ ਦੀ ਥਾਂ ਨਿੱਜ ਪ੍ਰਸਤੀ ਤੋਂ ਪ੍ਰੇਰਿਤ ਜੀਵਨ ਜਾਂਚ, ਕੁਦਰਤ ਦੀ ਵੰਨ ਸੁਵੰਨਤਾ ਤੋਂ ਸਿੱਖਦਿਆਂ ਉਸੇ ਤਰ੍ਹਾਂ ਦਾ ਸਮਾਜਿਕ ਤਾਣਾ-ਬਾਣਾ ਵਿਕਸਤ ਕਰਨ ਦੀ ਜੱਦੋਜਹਿਦ ਦੀ ਅਣਹੋਂਦ, ਦਿਆਨਤਦਾਰ ਅਤੇ ਬੌਧਿਕਤਾ ਨਾਲ ਲੈਸ ਆਗੂਆਂ ਦੀ ਗ਼ੈਰ ਹਾਜ਼ਰੀ ਤੋਂ ਪੈਦਾ ਨਾਉਮੀਦੀ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਅਤੇ ਨੌਜਵਾਨਾਂ ਲਈ ਨਸ਼ਿਆਂ ਦਾ ਰਾਹ ਖੋਲ੍ਹਦੀ ਹੈ। ਬਹੁਤ ਸਾਰੇ ਬਾਹਰ ਜਾਣ ਲਈ ਮਜਬੂਰ ਹਨ। ਬਿੱਲੀ ਨੂੰ ਵੇਖ ਕੇ ਕਬੂਤਰ ਦੇ ਅੱਖਾਂ ਮੀਟ ਲੈਣ ਨਾਲ ਜਾਨ ਨਹੀਂ ਬਚਦੀ। ਇਸ ਲਈ ਆਪਣੇ ਇਤਿਹਾਸ, ਕੁਰਬਾਨੀ ਅਤੇ ਕੁਦਰਤੀ ਵਰਤਾਰੇ ਤੋਂ ਸਿੱਖ ਕੇ ਸਮੂਹਿਕ ਚੇਤਨਾ ਅਤੇ ਸਮੂਹਿਕ ਚਰਿੱਤਰ ਵਿਕਸਤ ਕਰਨ, ਸੱਤਾ ਵਿਚ ਸਾਧਾਰਨ ਲੋਕਾਂ ਦੀ ਹਿੱਸੇਦਾਰੀ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਦੀ ਜੀਵਨ ਜਾਂਚ ਨੂੰ ਅੱਗੇ ਵਧਾਉਣ ਦੇ ਉਪਰਾਲੇ ਤੋਂ ਬਿਨਾ ਪੰਜਾਬ ਦੀ ਹੋਣੀ ਸੁਧਰਨ ਦੀ ਗੁੰਜਾਇਸ਼ ਨਹੀਂ। ਵੋਟ ਦਾ ਹੱਕ ਵੱਡਾ ਹੱਕ ਹੈ, ਇਸ ਦਾ ਇਸਤੇਮਾਲ ਕਰ ਕੇ ਸੱਤਾ ਵਿਚ ਹਿੱਸੇਦਾਰੀ ਦੀ ਦਾਅਵੇਦਾਰੀ ਪੇਸ਼ ਕਰਨ ਵੱਲ ਕਦਮ ਹੈ। ਬਹੁਤ ਸਾਰੇ ਸਿਆਸਤ ਤੋਂ ਉਪਰਾਮ ਹੋ ਚੁੱਕੇ ਨੌਜਵਾਨਾਂ ਦਾ ਸਿਆਸਤ ਵਿਚ ਕੁੱਦਣਾ ਸ਼ੁਭ ਸ਼ਗਨ ਹੈ, ਪਰ ਇਸ ਲਈ ਸਹਿਣਸ਼ੀਲਤਾ ਨਿਹਾਇਤ ਜ਼ਰੂਰੀ ਹੈ। ਮੇਰੇ ਨਾਲ ਜਾਂ ਮੇਰੇ ਵਿਰੋਧੀ ਤਕ ਸੁੰਗੜ ਗਈ ਸੋਚ ਨੂੰ ਵਿਸਥਾਰ ਦੇਣ ਦੀ ਲੋੜ ਹੈ। ਵੰਨ ਸੁਵੰਨੇ ਵਿਚਾਰ ਅਤੇ ਆਪਸੀ ਸੰਵਾਦ ਹੀ ਬੌਧਿਕ ਤਰੱਕੀ ਦਾ ਰਾਹ ਹੁੰਦਾ ਹੈ। ਉਮੀਦ ਹੈ, ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚੋਂ ਗਾਇਬ ਹੋਇਆ ਬੌਧਿਕ, ਸਿਆਸੀ, ਸਮਾਜਿਕ ਤੇ ਸਭਿਆਚਾਰਕ ਸੰਵਾਦ ਮੁੜ ਸ਼ੁਰੂ ਹੋਵੇਗਾ ਅਤੇ 11 ਮਾਰਚ ਦੇ ਨਤੀਜਿਆਂ ਤੋਂ ਬਾਅਦ ਤਬਦੀਲੀ ਦੀ ਫਿਜ਼ਾ ਕੇਵਲ ਸਰਕਾਰ ਬਣਾਉਣ ਤਕ ਸਿਮਟ ਕੇ ਨਹੀਂ ਰਹਿ ਜਾਵੇਗੀ।

# ਨੋਟਬੰਦੀ ਨਾਲ ਸੁਸਤ ਪਈ ਆਰਥਿਕਤਾ 'ਚ ਜਾਨ ਫੂਕਣ ਦੀ ਕੋਸ਼ਿਸ਼

**ਨਵੀਂ ਦਿੱਲੀ:** ਸਾਲ 2017-18 ਦੇ ਆਮ ਬਜਟ ਵਿਚ ਨੋਟਬੰਦੀ ਨਾਲ ਸੁਸਤ ਪਈ ਅਰਥ ਵਿਵਸਥਾ ਵਿਚ ਨਵੀਂ ਜਾਨ ਫੂਕਣ ਲਈ ਹੇਠਲੇ ਮੱਧ ਵਰਗ ਨੌਕਰੀਪੇਸ਼ਾ ਲੋਕਾਂ ਨੂੰ ਆਮਦਨ ਕਰ ਵਿਚ ਰਾਹਤ ਤੇ ਛੋਟੀਆਂ ਸਨਅਤਾਂ ਲਈ ਕੰਪਨੀ ਕਰ ਵਿਚ ਕਟੌਤੀ ਸਣੇ ਕਈ ਉਪਾਅ ਐਲਾਨੇ ਗਏ ਹਨ।

ਕਿਸਾਨਾਂ ਦੀ ਆਮਦਨ ਦੁੱਗਣੀ ਕਰਨ, ਸਾਫ ਸਫਾਈ, ਬਿਜਲੀ, ਰੇਲਵੇ, ਸੜਕ ਸਣੇ ਜ਼ਰੂਰੀ ਢਾਂਚਾਗਤ ਸਹੂਲਤਾਂ ਮੁਹੱਈਆ ਕਰਵਾਉਣ ਤੇ ਨੌਜਵਾਨਾਂ ਨੂੰ ਸਿੱਖਿਆ, ਹੁਨਰ ਵਿਕਾਸ ਦੇ ਨਾਲ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਪਹਿਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਿੱਤ ਮੰਤਰੀ ਅਰੁਣ ਜੇਤਲੀ ਨੇ ਉਤਰ ਪ੍ਰਦੇਸ਼ ਤੇ ਪੰਜਾਬ ਸਣੇ ਪੰਜ ਰਾਜਾਂ ਵਿਚ ਚੋਣਾਂ ਤੋਂ ਪਹਿਲਾਂ ਪੇਸ਼ ਕੀਤੇ ਗਏ ਬਜਟ ਵਿਚ ਢਾਈ ਲੱਖ ਤੋਂ ਪੰਜ ਲੱਖ ਰੁਪਏ ਦੀ ਸਾਲਾਨਾ ਆਮਦਨ ਵਰਗ ਵਿਚ ਕਰ ਦੀ ਮੌਜੂਦਾ ਦਰ ਦਸ ਫੀਸਦੀ ਤੋਂ ਘਟਾ ਕੇ ਪੰਜ ਫੀਸਦੀ ਕਰ ਦਿੱਤੀ।

ਪਹਿਲੀ ਵਾਰ ਆਮ ਬਜਟ ਨਾਲ ਰੇਲ ਬਜਟ ਮਿਲਾ ਕੇ ਪੇਸ਼ ਕੀਤਾ ਗਿਆ ਹੈ। ਵਿੱਤ ਮੰਤਰੀ ਨੇ 50 ਕਰੋੜ ਰੁਪਏ ਤੱਕ ਦਾ ਸਾਲਾਨਾ ਕਾਰੋਬਾਰ ਕਰਨ ਵਾਲੀਆਂ ਛੋਟੀਆਂ ਇਕਾਈਆਂ ਲਈ ਕਰ ਦੀ ਦਰ ਘਟਾ ਕੇ 25 ਫੀਸਦੀ ਕਰ ਦਿੱਤੀ। 50 ਲੱਖ ਦੀ ਸਾਲਾਨਾ ਕਮਾਈ ਕਰਨ ਵਾਲਿਆਂ ਤੇ ਇਕ ਕਰੋੜ ਰੁਪਏ ਤੋਂ ਵੱਧ ਸਾਲਾਨਾ ਵਿਅਕਤੀਗਤ ਕਮਾਈ ਕਰਨ ਵਾਲਿਆਂ ਉਤੇ 15 ਫੀਸਦੀ ਸਰਚਾਰਜ ਨੂੰ ਬਰਕਰਾਰ ਰੱਖਿਆ। ਬਜਟ ਵਿਚ ਸਿਗਰਟ, ਤੰਬਾਕੂ ਤੇ ਪਾਨ ਮਸਾਲਿਆਂ 'ਤੇ ਕਰ ਵਧਾ ਦਿੱਤਾ ਗਿਆ ਹੈ। ਬਜਟ ਮਗਰੋਂ ਬੰਬਈ ਸ਼ੇਅਰ ਬਾਜ਼ਾਰ ਦਾ ਸੂਚਕ ਅੰਕ ਅੱਜ 480 ਅੰਕ ਤੋਂ ਵਧ ਕੇ 28000 ਅੰਕ ਤੋਂ ਉਪਰ ਚਲਾ ਗਿਆ। ਸ੍ਰੀ ਜੇਤਲੀ ਨੇ



ਲੋਕ ਸਭਾ ਵਿਚ ਸਾਲ 2017-18 ਦਾ ਆਮ ਬਜਟ ਪੇਸ਼ ਕਰਦਿਆਂ ਕਾਲੇ ਧਨ ਉਤੇ ਸ਼ਿਕੰਜਾ ਕਸਣ ਲਈ ਨਵੇਂ ਤਰੀਕਿਆਂ ਤਹਿਤ ਤਿੰਨ ਲੱਖ ਰੁਪਏ ਤੋਂ ਵੱਧ ਨਕਦ ਲੈਣ-ਦੇਣ ਉਤੇ ਪਾਬੰਦੀ ਲਗਾਉਣ ਅਤੇ ਸਿਆਸੀ ਦਲਾਂ ਉਪਰ ਕਿਸੇ ਵਿਅਕਤੀ ਤੋਂ 2000 ਹਜ਼ਾਰ ਰੁਪਏ ਦਾ ਨਕਦ ਫੰਡ ਪ੍ਰਾਪਤ ਕਰਨ 'ਤੇ ਰੋਕ ਲਗਾਉਣ ਦੀ ਤਜਵੀਜ਼ ਰੱਖੀ ਹੈ।

ਬਜਟ ਵਿਚ ਡਿਜੀਟਲ ਭੁਗਤਾਨ ਨੂੰ ਉਤਸ਼ਾਹਿਤ ਕਰਨ ਦਾ ਵੀ ਐਲਾਨ ਕੀਤਾ ਗਿਆ ਹੈ। ਬਜਟ ਵਿਚ ਰਿਹਾਇਸ਼ੀ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਕਈ ਤਜਵੀਜ਼ਾਂ ਰੱਖੀਆਂ ਗਈਆਂ ਹਨ। ਵਿੱਤ ਮੰਤਰੀ ਨੇ ਬਜਟ ਵਿਚ ਖੇਤੀ, ਡੇਅਰੀ, ਸਿੱਖਿਆ, ਹੁਨਰ ਵਿਕਾਸ, ਰੇਲਵੇ ਤੇ ਹੋਰ ਬੁਨਿਆਦੀ ਢਾਂਚਾ ਖੇਤਰਾਂ ਲਈ ਪੈਸਾ ਵਧਾਉਣ ਦੀ ਤਜਵੀਜ਼ ਰੱਖੀ ਹੈ। ਇਸ ਦੇ ਨਾਲ ਸਿੱਧੇ ਵਿਦੇਸ਼ੀ ਨਿਵੇਸ਼ ਦੀ ਵਿਵਸਥਾ ਵਿਚ ਸੁਧਾਰ ਤੇ ਜਨਤਕ ਖੇਤਰਾਂ ਦੀਆਂ ਇਕਾਈਆਂ ਦੇ ਸ਼ੇਅਰਾਂ ਨੂੰ ਬਾਜ਼ਾਰ ਵਿਚ ਲਿਆਉਣ ਦੀ ਨਵੀਂ ਪਹਿਲ ਵਰਗੇ ਕਈ ਸੁਧਾਰਵਾਦੀ ਕਦਮਾਂ ਦਾ ਐਲਾਨ ਕੀਤਾ ਹੈ।

ਸ੍ਰੀ ਜੇਤਲੀ ਨੇ ਕਿਹਾ ਕਿ 2.5-5 ਲੱਖ ਰੁਪਏ ਦੀ ਆਮਦਨ ਵਾਲੇ ਵਰਗ ਉਪਰ ਟੈਕਸ ਦੀ ਦਰ ਘਟਾਉਣ ਨਾਲ ਇਸ ਦੇ ਘੇਰੇ ਵਿਚ ਆਉਣ ਵਾਲੇ ਸਾਰੇ ਕਰਦਾਤਾਵਾਂ ਨੂੰ ਰਾਹਤ ਮਿਲੇਗੀ। ਸਿੱਧੇ ਕਰਾਂ ਵਿਚ ਛੋਟ ਨਾਲ 15,500 ਕਰੋੜ ਰੁਪਏ ਦਾ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਹੋਵੇਗਾ। 50 ਲੱਖ ਤੋਂ ਇਕ ਕਰੋੜ ਰੁਪਏ ਦੀ ਸਾਲਾਨਾ ਆਮਦਨ ਉਤੇ 10 ਫੀਸਦੀ ਸਰਚਾਰਜ ਨਾਲ 2700 ਕਰੋੜ ਰੁਪਏ ਦਾ ਵਾਧੂ ਪੈਸਾ ਪ੍ਰਾਪਤ ਹੋਵੇਗਾ। ਮੰਤਰੀ ਨੇ ਕਿਹਾ ਕਿ ਤਿੰਨ ਲੱਖ ਦੀ ਆਮਦਨ ਵਾਲਿਆਂ ਦੀ ਕਰ ਦੇਣਦਾਰੀ ਸਿਫਰ ਤੇ 3.5-5 ਲੱਖ ਰੁਪਏ ਦੀ ਸਾਲਾਨਾ ਆਮਦਨ ਵਾਲਿਆਂ ਦੀ ਕਰ ਦੇਣਦਾਰੀ 2500 ਰੁਪਏ ਰਹੇਗੀ। 60 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਿਆਂ ਦੇ ਮਾਮਲੇ ਵਿਚ ਤਿੰਨ ਲੱਖ ਰੁਪਏ ਦੀ ਆਮਦਨ ਉਪਰ ਕੋਈ ਕਰ ਨਹੀਂ ਹੈ ਜਦ ਕਿ 80 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਿਆਂ ਲਈ ਪੰਜ ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ 'ਤੇ ਕੋਈ ਕਰ ਨਹੀਂ ਲੱਗੇਗਾ। ਨਵੇਂ ਕਰ ਵਰਗ ਮੁਤਾਬਕ 2.5 ਲੱਖ ਤੋਂ ਪੰਜ ਲੱਖ ਤੱਕ ਦੀ ਆਮਦਨ ਉਤੇ ਪੰਜ ਫੀਸਦੀ, ਪੰਜ ਤੋਂ ਦਸ ਲੱਖ ਦੀ ਆਮਦਨ ਉਪਰ ਵੀਹ ਫੀਸਦੀ ਅਤੇ ਦਸ ਲੱਖ ਰੁਪਏ ਤੋਂ ਵੱਧ ਆਮਦਨ ਉਤੇ 30 ਫੀਸਦੀ ਦੀ ਦਰ ਨਾਲ ਕਰ ਲੱਗੇਗਾ।

## ਰੇਲਵੇ ਲਈ ਇਕ ਲੱਖ ਕਰੋੜ ਦਾ ਸੁਰੱਖਿਆ ਫੰਡ

**ਨਵੀਂ ਦਿੱਲੀ:** ਵਾਰ-ਵਾਰ ਪਟੜੀ ਤੋਂ ਲਹਿ ਰਹੇ ਰੇਲਵੇ ਦੇ ਪਹੀਏ ਨੂੰ ਲੀਹ ਉਤੇ ਰੱਖਣ ਲਈ ਸਰਕਾਰ ਨੇ ਇਕ ਲੱਖ ਕਰੋੜ ਦਾ ਵਿਸ਼ੇਸ਼ ਸੁਰੱਖਿਆ ਫੰਡ ਕਾਇਮ ਕਰਨ ਦੀ ਤਜਵੀਜ਼ ਪੇਸ਼ ਕੀਤੀ ਹੈ, ਜਿਸ ਤਹਿਤ ਬਿਨਾਂ ਫਾਟਕਾਂ ਵਾਲੇ ਰੇਲਵੇ ਲਾਂਘੇ ਖਤਮ ਕਰਨ ਤੋਂ ਇਲਾਵਾ ਪਟੜੀਆਂ ਅਤੇ ਸਿਗਨਲਾਂ ਦਾ ਨਵੀਨੀਕਰਨ ਕੀਤਾ ਜਾਵੇਗਾ। ਆਮ ਬਜਟ 2017-18 ਵਿਚ ਹੀ ਸ਼ਾਮਲ ਰੇਲਵੇ ਬਜਟ ਵਿਚ 3500 ਕਿਲੋਮੀਟਰ ਨਵੀਆਂ ਰੇਲ ਪਟੜੀਆਂ ਵਿਛਾਉਣ ਦਾ ਟੀਚਾ ਰੱਖਿਆ ਗਿਆ ਹੈ, ਜਦੋਂ ਕਿ ਸਾਲ 2016-17 ਵਿਚ 2800 ਕਿਲੋਮੀਟਰ ਨਵੀਆਂ ਪਟੜੀਆਂ ਵਿਛਾਉਣ ਦੀ ਤਜਵੀਜ਼ ਸੀ। ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਪਿਛਲੇ ਸਾਲ ਦੇ 1.21 ਲੱਖ ਕਰੋੜ ਦੇ ਮੁਕਾਬਲੇ ਅਗਲੇ ਵਿੱਤੀ ਵਰ੍ਹੇ ਲਈ ਰੇਲਵੇ ਦੀ ਕੁੱਲ ਯੋਜਨਾ 1,31,000 ਕਰੋੜ ਰੁਪਏ ਦੀ ਹੋਵੇਗੀ।

## ਬਜਟ ਵਿਚ ਕਿਸਾਨਾਂ ਲਈ ਕੁਝ ਨਹੀਂ: ਕੈਪਟਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਬਜਟ ਨੂੰ ਦਿਸ਼ਾਹੀਣ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਕਿਸਾਨਾਂ ਦੀ ਭਲਾਈ ਲਈ ਕੁਝ ਵੀ ਨਹੀਂ ਹੈ। ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਬਾਰੇ ਕੋਈ ਭਰੋਸਾ ਨਹੀਂ ਦਿੱਤਾ ਗਿਆ। ਨੋਟਬੰਦੀ ਕਾਰਨ ਝੰਬੇ ਲੋਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ। ਆਮਦਨ ਟੈਕਸ ਵਿਚ ਦਿੱਤੀ ਛੋਟ ਵੀ ਲੋਕਾਂ ਦੀਆਂ ਇੱਛਾਵਾਂ ਦੇ ਅਨੁਕੂਲ ਨਹੀਂ ਹੈ।

# ਕੇਂਦਰ ਸਰਕਾਰ ਨੇ ਕਿਸਾਨ ਕੀਤੇ ਨਾਰਾਜ਼

**ਚੰਡੀਗੜ੍ਹ:** ਚੋਣਾਂ ਤੋਂ ਠੀਕ ਪਹਿਲਾਂ ਭਾਜਪਾ ਦੀ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਨਾਰਾਜ਼ ਕਰ ਲਿਆ ਹੈ। ਨੋਟਬੰਦੀ ਦੇ ਝੰਬੇ ਕਿਸਾਨਾਂ ਨੂੰ ਉਮੀਦ ਸੀ ਕਿ ਸਰਕਾਰ ਕੁਝ ਰਾਹਤ ਦੇਵੇਗੀ, ਪਰ ਬਜਟ ਪਿੱਛੋਂ ਕਿਸਾਨ ਠੱਗੇ ਗਏ ਮਹਿਸੂਸ ਕਰਦੇ ਹਨ। ਕੇਂਦਰੀ ਬਜਟ 'ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਬਜਟ ਵਿਚ ਕਿਸਾਨਾਂ ਲਈ ਕੋਈ ਰਾਹਤ ਨਹੀਂ। ਇਸ ਨਾਲੋਂ ਵੱਡਾ ਕੋਝਾ ਮਖੌਲ ਕਿਸਾਨਾਂ ਨਾਲ ਕੀ ਹੋ ਸਕਦਾ ਹੈ। ਪੇਂਡੂ ਖੇਤੀ ਖੇਤਰ ਨੂੰ ਬਿਲਕੁਲ ਹੀ ਨਿਕਾਰਨਾ, ਬੇਹੱਦ ਹੈਰਾਨੀਜਨਕ ਹੈ।

ਆਪਣੇ ਹੀ ਮੈਨੀਫੈਸਟੋ ਵਿਚ ਕੀਤੇ ਵਾਅਦੇ ਮੁਤਾਬਕ ਸਵਾਮੀਨਾਥਨ ਰਿਪੋਰਟ ਅਨੁਸਾਰ ਲਾਹੇਵੰਦ ਫਸਲਾਂ ਦੇ ਭਾਅ ਸਬੰਧੀ ਵੀ ਬਜਟ ਚੁੱਪ ਹੈ। ਖੇਤੀ ਖੇਤਰੀ ਲਈ ਕਰਜ਼ਾ ਬਜਟ 9 ਲੱਖ ਕਰੋੜ ਤੋਂ ਵਧਾ ਕੇ 10 ਲੱਖ ਕਰੋੜ ਕਰਨਾ ਕੋਈ ਖਾਸ ਰਾਹਤ ਨਹੀਂ, ਇੰਨਾ ਤਾਂ ਲਾਗਤ ਖਰਚ ਹੀ ਵਧ ਗਿਆ ਹੈ। ਬਾਕੀ ਇਸ ਕਰਜ਼ੇ ਨੂੰ ਸਿੱਧਾ ਕਿਸਾਨਾਂ ਨੂੰ ਬਿਨਾਂ ਵਿਆਜ ਜਾਂ ਘੱਟੋ-ਘੱਟ ਵਿਆਜ ਤੇ ਲੰਮੀਆਂ ਤੇ ਅਸਾਨ ਕਿਸ਼ਤਾਂ 'ਤੇ ਦੇਣ ਦਾ ਕੋਈ ਉਪਰਾਲਾ ਨਹੀਂ।

ਸਗੋਂ ਇਸ 10 ਲੱਖ ਕਰੋੜ ਰੁਪਏ ਦਾ ਵੱਡਾ ਹਿੱਸਾ-ਐਗਰੋ ਆਧਾਰਤ ਸਨਅਤਾਂ ਲਈ ਹੈ ਜਿਸ ਦਾ ਵੱਡਾ ਹਿੱਸਾ ਕਾਰਪੋਰੇਟ ਸੈਕਟਰ ਲੈ ਜਾਂਦਾ ਹੈ। ਪ੍ਰਧਾਨ ਮੰਤਰੀ ਅਤੇ ਖਜ਼ਾਨਾ ਮੰਤਰੀ ਦਾ ਪਿਛਲੇ ਸਾਲ ਦਾ ਐਲਾਨ ਖੇਤੀ ਜ਼ਮੀਨਾਂ ਦੇ ਸਿਹਤ ਕਾਰਡ ਬਣ ਜਾਣਗੇ, ਪੂਰੀ ਤਰ੍ਹਾਂ ਝੂਠ ਦਾ ਪਲੰਦਾ ਨਿਕਲਿਆ। ਨਵੀਆਂ ਲੈਬਾਰਟਰੀਆਂ ਦੀ ਤਜਵੀਜ਼ ਵੀ ਰੁਲ ਜਾਣ ਦੀ ਸੰਭਾਵਨਾ ਹੈ। ਕਿਉਂਕਿ ਖੇਤੀ ਟੈਕਨੋਕਰੇਟ ਪਹਿਲਾਂ ਲੋੜ ਨਾਲੋਂ 70 ਫੀਸਦੀ ਘੱਟ ਹਨ।



## ਪੰਚਾਇਤਾਂ ਦੀ ਗਰੀਬੀ ਦੂਰ ਕਰਨ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰ ਨੇ ਇਕ ਕਰੋੜ ਪਰਿਵਾਰਾਂ ਤੇ 50 ਹਜ਼ਾਰ ਗ੍ਰਾਮ ਪੰਚਾਇਤਾਂ ਨੂੰ 2019 ਤੱਕ ਗਰੀਬੀ ਤੋਂ ਬਾਹਰ ਕੱਢਣ ਲਈ ਮਿਸ਼ਨ ਅੰਤੋਦਯ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।

ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਆਮ ਬਜਟ ਪੇਸ਼ ਕਰਦੇ ਹੋਏ ਕਿਹਾ ਕਿ ਪੇਂਡੂ ਖੇਤੀ ਨਾਲ ਸਬੰਧਤ ਖੇਤਰਾਂ ਲਈ ਕੁੱਲ 1,87,223 ਕਰੋੜ ਰੁਪਏ ਵੰਡਣ ਦਾ ਪ੍ਰਸਤਾਵ ਰੱਖਿਆ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 24 ਫੀਸਦੀ ਜ਼ਿਆਦਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਮਨਰੇਗਾ ਤਹਿਤ ਪਿਛਲੇ ਸਾਲ ਬਜਟ ਪ੍ਰਸਤਾਵ 38,500 ਸੀ ਜੋ ਕਿ ਇਸ ਵਾਰ ਵਧਾ ਕੇ 48,000 ਕਰੋੜ ਰੁਪਏ ਰੱਖਿਆ ਗਿਆ ਹੈ।

# ਉਘੀ ਉਰਦੂ ਲੇਖਿਕਾ ਬਾਨੋ ਕੁਦਸੀਆ ਦਾ ਦੇਹਾਂਤ

**ਲਾਹੌਰ:** ਪਾਕਿਸਤਾਨ ਦੀ ਉਘੀ ਉਰਦੂ ਨਾਵਲਕਾਰ ਤੇ ਨਾਟਕਕਾਰ ਬਾਨੋ ਕੁਦਸੀਆ ਦਾ ਦੇਹਾਂਤ ਹੋ ਗਿਆ। ਉਹ 88 ਵਰ੍ਹਿਆਂ ਦੇ ਸਨ। ਉਹ ਦਿਲ ਦੀ ਮਰਜ਼ ਤੋਂ ਪੀੜਤ ਸਨ ਅਤੇ ਪਿਛਲੇ ਦਿਨੀਂ ਹਾਲਤ ਵਿਗੜਨ ਬਾਅਦ ਉਨ੍ਹਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਸੀ। ਉਨ੍ਹਾਂ ਨੂੰ ਲਾਹੌਰ ਦੇ ਮਾਡਲ ਟਾਊਨ ਵਿਚਲੀ ਕਬਰਗਾਹ ਵਿਚ ਪਤੀ ਅਸ਼ਫਾਕ ਅਹਿਮਦ ਦੀ ਕਬਰ ਕੋਲ ਸਪੁਰਦ-ਏ-ਖਾਕ ਕੀਤਾ ਗਿਆ।

ਬਾਨੋ ਕੁਦਸੀਆ ਦਾ ਜਨਮ ਨਵੰਬਰ, 1928 ਵਿਚ ਫਿਰੋਜ਼ਪੁਰ (ਭਾਰਤ) ਵਿਚ ਹੋਇਆ ਸੀ ਅਤੇ ਦੇਸ਼ ਵੰਡ ਬਾਅਦ ਉਹ ਪਾਕਿਸਤਾਨ ਚਲੇ ਗਏ ਸਨ। ਉਨ੍ਹਾਂ ਨੇ ਸੰਨ 1951 ਵਿਚ ਸਰਕਾਰੀ ਕਾਲਜ, ਲਾਹੌਰ ਤੋਂ ਉਰਦੂ ਸਾਹਿਤ ਵਿਚ ਮਾਸਟਰਜ਼ ਕੀਤੀ ਸੀ। ਨਾਵਲ 'ਰਾਜਾ ਗਿੱਧ' ਨਾਲ ਉਨ੍ਹਾਂ ਨੂੰ ਦੇਸ਼-ਵਿਦੇਸ਼ ਵਿਚ ਰਾਤੋਂ ਰਾਤ ਪ੍ਰਸਿੱਧੀ ਮਿਲ ਗਈ ਸੀ। ਉਨ੍ਹਾਂ ਦੀਆਂ ਪ੍ਰਸਿੱਧ ਲਿਖਤਾਂ ਵਿਚ ਆਧੀ ਬਾਤ, ਆਤਿਸ਼-ਏ-ਜ਼ੇਰ-ਏ-ਪਾ, ਏਕ ਦਿਨ, ਆਸੇ ਪਾਸੇ, ਛੋਟਾ ਸ਼ਹਿਰ



ਬੜੇ ਲੋਗ, ਫੁਟਪਾਥ ਕੀ ਘਾਸ, ਹਾਸਿਲ ਘਾਟ ਅਤੇ ਹਵਾ ਕੇ ਨਾਮ ਸ਼ਾਮਲ ਹਨ। ਉਨ੍ਹਾਂ ਨੂੰ 2003 ਵਿਚ ਸਿਤਾਰਾ-ਏ-ਇਮਤਿਆਜ਼ ਅਤੇ 2010 ਵਿਚ ਹਿਲਾਲ-ਏ-ਇਮਤਿਆਜ਼ ਪੁਰਸਕਾਰ ਮਿਲਿਆ ਸੀ।

# ਸਿਤਾਰਵਾਦਕ ਇਮਰਤ ਖਾਨ ਨੇ ਠੁਕਰਾਇਆ ਪਦਮਸ੍ਰੀ

**ਸ਼ਿਕਾਗੋ:** ਮਸ਼ਹੂਰ ਸਿਤਾਰ ਤੇ ਸੁਰਬਹਾਰ ਵਾਦਕ ਉਸਤਾਦ ਇਮਰਤ ਖਾਨ ਨੇ ਭਾਰਤ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਪਦਮਸ੍ਰੀ ਪੁਰਸਕਾਰ ਨੂੰ ਠੁਕਰਾ ਦਿੱਤਾ ਹੈ। ਕਾਰਨ ਇਹ ਹੈ ਕਿ ਉਨ੍ਹਾਂ ਨੂੰ ਇਹ ਪੁਰਸਕਾਰ ਉਨ੍ਹਾਂ ਦੀ 'ਵਿਸ਼ਵ ਪੱਧਰੀ ਸ਼ੋਹਰਤ ਤੇ ਯੋਗਦਾਨ' ਮੁਤਾਬਕ ਬਹੁਤ ਦੇਰੀ ਨਾਲ ਦਿੱਤਾ ਜਾ ਰਿਹਾ ਹੈ।



ਇਮਰਤ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਉਨ੍ਹਾਂ ਦੇ 'ਜੂਨੀਅਰਾਂ' ਨੂੰ ਪਦਮਭੂਸ਼ਣ ਨਾਲ ਨਿਵਾਜਿਆ ਗਿਆ ਹੈ, ਉਨ੍ਹਾਂ ਨੂੰ ਪਦਮਸ੍ਰੀ ਉਤੇ ਰਲਵੇਂ-ਮਿਲਵੇਂ ਵਿਚਾਰ ਆਏ ਹਨ। ਉਨ੍ਹਾਂ ਕਿਹਾ, "ਭਾਰਤ ਸਰਕਾਰ ਨੇ 82 ਸਾਲ ਦੀ ਉਮਰ ਦੌਰਾਨ ਮੇਰੀ ਜ਼ਿੰਦਗੀ ਦੇ ਆਖਰੀ ਪਲਾਂ ਵਿਚ ਮੈਨੂੰ ਪਦਮਸ੍ਰੀ ਪੁਰਸਕਾਰ ਲਈ ਚੁਣਿਆ ਹੈ। ਮੈਂ ਇਸ ਕਦਮ ਦੇ ਪਿੱਛੇ ਦੀ ਚੰਗੀ ਮਨਸ਼ਾ ਨੂੰ ਸਵੀਕਾਰ ਕਰਦਾ ਹਾਂ, ਪਰ ਇਹ ਸ਼ਾਇਦ ਕਈ ਦਹਾਕੇ ਬਾਅਦ ਆਇਆ ਹੈ। ਮੇਰੇ ਜੂਨੀਅਰ ਪਦਮਭੂਸ਼ਣ ਨਾਲ ਨਿਵਾਜੇ ਜਾ ਚੁੱਕੇ ਹਨ।" ਉਨ੍ਹਾਂ ਨੇ ਇਹ ਗੱਲ ਉਦੋਂ ਕਹੀ ਜਦੋਂ ਗਣਤੰਤਰ ਦਿਵਸ ਮੌਕੇ ਪੁਰਸਕਾਰ ਦਾ ਐਲਾਨ ਕਰਨ ਤੋਂ ਬਾਅਦ ਭਾਰਤੀ ਵਣਜ ਸਫਾਰਤਖਾਨੇ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਸੇਂਟ ਲੂਈਸ ਵਿਚ ਰਹਿ ਰਹੇ ਉਸਤਾਦ ਇਮਰਤ ਨੇ ਕਿਹਾ ਕਿ ਉਨ੍ਹਾਂ ਨੇ ਦੁਨੀਆਂ ਭਰ ਵਿਚ ਭਾਰਤੀ ਕਲਾਸੀਕਲ ਸੰਗੀਤ, ਖਾਸ ਕਰ ਕੇ ਸਿਤਾਰ ਤੇ ਸੁਰਬਹਾਰ ਦੇ ਪ੍ਰਚਾਰ-ਪ੍ਰਸਾਰ ਵਿਚ ਵੱਡਾ ਯੋਗਦਾਨ ਪਾਇਆ ਹੈ। ਇਮਰਤ ਆਪਣੇ ਵੱਡੇ ਭਾਈ ਉਸਤਾਦ ਵਿਲਾਇਤ ਖਾਨ, ਉਸਤਾਦ ਬਿਸਮਿੱਲਾ ਖਾਨ, ਉਸਤਾਦ ਅਹਿਮਦਜਾਨ ਥਿਰਕਵਾ ਖਾਨ ਤੇ ਪੰਡਿਤ ਵੀਜੀ ਜੋਗ ਨਾਲ ਆਪਣੀ ਕਲਾ ਦੇ ਜੌਹਰ ਦਿਖਾ ਚੁੱਕੇ ਹਨ।

# 3700 ਕਰੋੜ ਦੀ ਆਨਲਾਈਨ ਠੱਗੀ ਮਾਰੀ

**ਨਵੀਂ ਦਿੱਲੀ:** ਜ਼ਮਾਨਾ ਡਿਜ਼ੀਟਲ ਹੈ। ਇਸੇ ਕਰ ਕੇ ਹੁਣ ਠੱਗੀਆਂ ਦਾ ਤਰੀਕਾ ਵੀ ਡਿਜ਼ੀਟਲ ਹੋ ਗਿਆ ਹੈ। ਨੋਇਡਾ ਵਿਚ ਇਕ ਆਨਲਾਈਨ ਠੱਗੀ ਮਾਰਦੀ ਚਿੱਟ ਫੰਡ ਕੰਪਨੀ ਦਾ ਪੁਲਿਸ ਨੇ ਖੁਲਾਸਾ ਕੀਤਾ ਹੈ। ਇਸ ਕੰਪਨੀ ਨੇ ਸੋਸ਼ਲ ਨੈੱਟਵਰਕਿੰਗ ਸਾਈਟ ਜ਼ਰੀਏ ਸੱਤ ਲੱਖ ਲੋਕਾਂ ਨਾਲ 3700 ਕਰੋੜ ਦੀ ਠੱਗੀ ਮਾਰੀ ਹੈ। ਇਹ ਕੰਪਨੀ ਨੋਇਡਾ ਤੋਂ ਚੱਲ ਰਹੀ ਸੀ।

ਠੱਗੀ ਦਾ ਅਹਿਸਾਸ ਹੋਣ ਤੋਂ ਬਾਅਦ ਇਸ ਕੰਪਨੀ ਵਿਚ ਨਿਵੇਸ਼ ਕਰਨ ਵਾਲੇ ਲੋਕਾਂ ਨੇ ਕੰਪਨੀ ਦਾ ਦਫਤਰ ਘੇਰ ਲਿਆ ਤੇ ਹੰਗਾਮਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਪੁਲਿਸ ਨੇ ਕਾਰਵਾਈ ਕਰਦਿਆਂ ਕੰਪਨੀ ਦੇ ਤਿੰਨ ਡਾਇਰੈਕਟਰ ਨੂੰ ਗ੍ਰਿਫਤਾਰ ਕਰ ਲਿਆ ਹੈ।

ਯੂ.ਪੀ. ਦੀ ਸਪੈਸ਼ਲ ਟਾਸਕ ਫੋਰਸ ਦੇ ਐਸ.ਐਸ.ਪੀ. ਅਮਿਤ ਪਾਠਕ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਅਬਲੇਜ ਇਨਫੋ ਸਾਲੂਏਸ਼ਨ





ਪ੍ਰਾਈਵੇਟ ਲਿਮਟਿਡ ਨਾਮਕ ਕੰਪਨੀ ਦੇ ਫਰਜ਼ੀਵਾੜੇ ਦਾ ਪਤਾ ਲੱਗਾ ਜਿਸ ਤੋਂ ਬਾਅਦ ਕਾਰਵਾਈ ਕਰ ਕੇ ਤਿੰਨ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਅਸਲ ਵਿਚ ਕੰਪਨੀ ਲੋਕਾਂ ਨੂੰ ਘਰ ਬੈਠ ਕੇ ਪੈਸੇ ਕਮਾਉਣ ਦਾ ਲਾਲਚ ਦਿੰਦੀ ਸੀ। ਇਸ ਲਈ ਪਹਿਲਾਂ 5700 ਰੁਪਏ ਕੰਪਨੀ ਕੋਲ ਜਮ੍ਹਾਂ ਕਰਵਾਉਣੇ ਹੁੰਦੇ ਸਨ। ਇਸ ਤੋਂ ਬਾਅਦ ਨਿਵੇਸ਼ਕ ਕੰਪਨੀ ਦਾ ਮੈਂਬਰ ਬਣਦਾ ਸੀ। ਇਸ ਤੋਂ ਬਾਅਦ ਕੰਪਨੀ ਆਪਣੇ ਵੱਲੋਂ ਭੇਜੇ ਗਏ ਪੇਜ ਨੂੰ ਲਾਇਕ ਕਰਨ ਲਈ ਭੇਜਦੀ ਸੀ। ਮੈਂਬਰ ਨੂੰ ਇਕ ਪੇਜ ਲਾਇਕ ਕਰਨ ਦੇ 5 ਰੁਪਏ ਮਿਲਦੇ ਸਨ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਕੰਪਨੀ ਜੋ ਪੇਜ ਆਪਣੇ ਮੈਂਬਰ ਨੂੰ ਭੇਜਦੀ ਸੀ, ਉਹ ਸਾਰੇ ਜਾਅਲੀ ਸਨ।

ਮੈਂਬਰ ਲਈ ਸ਼ਰਤ ਇਹ ਵੀ ਸੀ ਕਿ ਉਹ ਦੋ ਹੋਰ ਮੈਂਬਰਾਂ ਦਾ ਨਿਵੇਸ਼ ਕੰਪਨੀ ਵਿਚ ਕਰਵਾਏ। ਇਸ ਤਰ੍ਹਾਂ ਠੱਗੀ ਮਾਰਦੇ ਹੋਏ ਕੰਪਨੀ ਨੇ ਪੂਰੇ ਦੇਸ਼ ਵਿਚੋਂ 3700 ਕਰੋੜ ਤੋਂ ਜ਼ਿਆਦਾ ਨਿਵੇਸ਼ ਕਰਵਾਇਆ।

# ਗਲਤ ਲੀਹੇ ਪੈ ਚੁੱਕਾ ਪੰਜਾਬ ਤੇ ਵਿਧਾਨ ਸਭਾ ਚੋਣਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਉਰਦੂ ਦਾ ਇੱਕ ਬੜਾ ਪ੍ਰਸਿੱਧ ਸ਼ੇਅਰ ਹੈ, "ਮਰਜ਼ ਬੜਤਾ ਗਿਆ, ਜੂੰ-ਜੂੰ ਦਵਾ ਕੀ।" ਭਾਰਤੀ ਲੋਕਤੰਤਰ ਵੀ ਇਨੇ ਕੁ ਨੁਕਸਾਂ ਵਾਲਾ ਹੋ ਚੁੱਕਾ ਹੈ ਕਿ ਇਸ ਦਾ ਇਲਾਜ ਕਰਨ ਦੇ ਨਾਲ ਹਰ ਵਾਰੀ ਕੋਈ ਨਵੀਂ ਬਿਮਾਰੀ ਚੰਬੜਨ ਦੇ ਹਾਲਾਤ ਪੈਦਾ ਹੋ ਜਾਂਦੇ ਹਨ। ਹਰ ਕੋਈ ਕਹਿੰਦਾ ਹੈ ਕਿ ਪੰਜਾਬ ਕਦੇ ਹੱਸਦਾ-ਵੱਸਦਾ ਅਤੇ ਅੱਗੇ ਨੂੰ ਵਧਦਾ ਦਿਖਾਈ ਦਿੰਦਾ ਸੀ, ਫਿਰ ਪਛੜਨ ਲੱਗ ਪਿਆ। ਅੱਜ ਫਿਰ ਇਹ ਚੌਕ ਵਿਚ ਖੜਾ ਹੈ। ਅਗਲੀ ਸਰਕਾਰ ਲਈ ਪੰਜਾਬ ਦੇ ਲੋਕਾਂ ਨੇ ਵੋਟਾਂ ਪਾ ਦਿੱਤੀਆਂ ਹਨ ਤੇ ਵੋਟਾਂ ਪਾਉਣ ਤੇ ਪਵਾਉਣ ਵਾਲੇ ਦੋਵੇਂ ਕਿਸਮ ਦੇ ਲੋਕ ਇਹ ਸੋਚ ਕੇ ਮਨ ਦਾ ਬੋਝ ਲਾਹੁਣ ਜੋਗੇ ਹੋ ਗਏ ਹਨ ਕਿ ਅਸੀਂ ਆਪਣਾ ਫਰਜ਼ ਨਿਭਾ ਦਿੱਤਾ ਹੈ। ਮਨ ਦੀ ਤਸੱਲੀ ਲਈ ਇਹ ਵੀ ਕਾਫੀ ਹੈ, ਪਰ ਇਨੇ ਨਾਲ ਇਸ ਰਾਜ ਦੇ ਹਾਲਾਤ ਸੁਧਰ ਜਾਣ ਦੀ ਵੱਡੀ ਆਸ ਕਰਨਾ ਸੁਫਨਿਆਂ ਦੇ ਸ਼ੀਸ਼ ਮਹਿਲ ਉਸਾਰਨ ਵਰਗਾ ਹੈ। ਪੰਜਾਬ ਜਿਸ ਤਬਾਹੀ ਦੇ ਕੰਢੇ ਜਾ ਪਹੁੰਚਿਆ ਹੈ, ਉਥੋਂ ਏਨੀ ਛੇਤੀ ਮੋੜਾ ਨਹੀਂ ਪੈ ਸਕਣਾ।

ਕੀ ਨਤੀਜਾ ਹੋਵੇਗਾ ਇਸ ਚੋਣ ਦਾ, ਇਸ ਬਾਰੇ ਕਈ ਲੋਕ ਪੁੱਛਦੇ ਹਨ ਤੇ ਕਈ ਲੋਕਾਂ ਤੋਂ ਅਸੀਂ ਵੀ ਆਪਣੇ ਮਨ ਦੀ ਚਿਤਮਣੀ ਸ਼ਾਂਤ ਕਰਨ ਲਈ ਪੁੱਛ ਛੱਡਦੇ ਹਾਂ। ਅਗਲੇ ਪੰਜ ਹਫਤੇ ਇਹੋ ਕੁਝ ਕਰਨਾ ਹੈ। ਉਸ ਪਿੱਛੋਂ ਪੰਜਾਬ ਵਿਚ ਇੱਕ ਨਵੀਂ ਸਰਕਾਰ ਹੋਵੇਗੀ, ਜੋ ਇਸ ਚੋਣ ਜੰਗ ਦੀਆਂ ਤਿੰਨ ਧਿਰਾਂ ਵਿਚੋਂ ਕਿਸੇ ਦੀ ਵੀ ਹੋ ਸਕਦੀ ਹੈ। ਪਲਟੀ ਵੱਜ ਜਾਵੇ ਜਾਂ ਵੱਜਦੀ ਹੋਈ ਪਲਟੀ ਨੂੰ ਵਿਰੋਧੀ ਵੋਟਾਂ ਦੀ ਵੰਡ ਇੱਕ ਵਾਰ ਫਿਰ ਹੁਣ ਵਾਲੀ ਧਿਰ ਦੇ ਕਿੱਲੇ ਨਾਲ ਬੰਨ੍ਹ ਦਿੰਦੀ ਹੋਵੇ, ਇਸ ਤੋਂ ਵੱਡਾ ਸਵਾਲ ਉਸ ਦੇ ਪਿੱਛੋਂ ਦੇ ਪੰਜਾਬ ਦਾ ਹੈ। ਇਸ ਵੇਲੇ ਇਸ ਰਾਜ ਦੇ ਲੋਕਾਂ ਕੋਲ ਵੱਡਾ ਮੁੱਦਾ ਰਾਜ ਸਰਕਾਰ ਤੇ ਪ੍ਰਸ਼ਾਸਨ ਦੀ ਭਰੋਸੇਯੋਗਤਾ ਦਾ ਹੈ, ਜਿਹੜੀ ਪਿਛਲੇ ਸਾਲਾਂ ਦੌਰਾਨ ਖੁਰਦੀ ਗਈ ਹੈ। ਜਿੰਨੀਆਂ ਵੀ ਸਕੀਮਾਂ ਲੋਕ ਭਲਾਈ ਦੇ ਨਾਂ 'ਤੇ ਚਲਾਈਆਂ ਗਈਆਂ, ਉਨ੍ਹਾਂ ਨਾਲ ਜਨਤਕ ਪੱਖੋਂ ਇਹ ਰੁਝਾਨ ਵਧਦਾ ਗਿਆ ਕਿ ਕੰਮ ਕਰਨ ਦੀ ਲੋੜ ਨਹੀਂ, ਜਿਹੜੀ ਸਰਕਾਰ ਵੀ ਆ ਜਾਵੇ, ਉਸ ਤੋਂ ਪਿਛਲੀ ਸਰਕਾਰ ਤੋਂ ਵੱਧ ਸਬਸਿਡੀਆਂ ਤੇ ਸਕੀਮਾਂ ਮੰਗੋ। ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਨਸੀਬ ਹੋਣ ਤਾਂ ਉਨ੍ਹਾਂ ਵਿਚ ਇੱਜਤ ਦੀ ਰੋਟੀ ਕਮਾ ਕੇ ਖਾਣ ਦੀ ਭਾਵਨਾ ਹਾਲੇ ਵੀ ਮੌਜੂਦ ਹੈ। ਪਿਛਲੇ ਦੋ ਦਹਾਕਿਆਂ ਤੋਂ ਇਹ ਭਾਵਨਾ ਹੇਠਲੇ ਪਾਸੇ ਵੱਲ ਖਿਸਕ ਰਹੀ ਹੈ।

ਸਾਨੂੰ ਇਹ ਵੇਖਣ ਦੀ ਲੋੜ ਨਹੀਂ ਕਿ ਚੋਣਾਂ ਦੌਰਾਨ ਇਸ ਵਾਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਲੰਬੀ ਹਲਕੇ ਵਿਚ ਕੀ ਹੁੰਦਾ ਰਿਹਾ ਹੈ, ਸਗੋਂ ਇਹ ਵੇਖਣ ਦੀ ਲੋੜ ਹੈ ਕਿ ਇਹ ਉਸ ਹਲਕੇ ਵਿਚ ਵਾਪਰਿਆ ਹੈ, ਜਿੱਥੇ ਸਭ ਤੋਂ ਵੱਧ ਸਰਕਾਰੀ ਖਜ਼ਾਨਾ ਰੋੜ੍ਹਿਆ ਗਿਆ ਹੈ। ਹਾਕਮ ਧਿਰ ਦੇ ਨਾਮਜ਼ਦ ਕਾਰਿੰਦਿਆਂ ਦੇ ਅੜਬੰਗ ਵਿਹਾਰ ਨੇ ਲੋਕਾਂ ਵਿਚ ਜਿੰਨਾ ਰੋਸ ਵੀ ਭਰਿਆ ਹੋਵੇ, ਇਹ ਗੱਲ ਉਹ ਸਾਰੇ ਮੰਨਦੇ ਹਨ ਕਿ ਹਰ ਸਕੀਮ ਵਿਚੋਂ ਮੋਟਾ ਗੱਫਾ ਇਸੇ ਹਲਕੇ ਵਾਸਤੇ ਨਿਕਲਦਾ ਹੁੰਦਾ ਸੀ। ਪੰਜਾਬ ਵਿਚ ਕਿਸੇ ਨੇ ਇਹ ਨਹੀਂ ਸੀ ਸੁਣਿਆ ਕਿ ਹਰ ਕਿਸੇ ਘਰ ਅੱਗੇ ਸਰਕਾਰੀ ਬੈਂਚ ਰੱਖਿਆ ਜਾਵੇਗਾ, ਪਰ ਲੰਬੀ ਵਿਚ ਇਹ ਵੀ ਰੱਖਿਆ ਗਿਆ ਸੀ ਤੇ ਅਖਬਾਰਾਂ ਦੀਆਂ ਰਿਪੋਰਟਾਂ ਇਹ ਹਨ ਕਿ ਕਈ ਲੋਕਾਂ ਨੇ ਘਰਾਂ ਅੱਗੋਂ ਉਹ ਹੀ ਬੈਂਚ ਚੁੱਕ ਕੇ ਆਪਣੇ ਖੇਤਾਂ ਵਿਚ ਜਾ ਟਿਕਾਏ। ਇਦਾਂ ਦੇ ਗੱਫੇ ਵਰਤ ਕੇ ਵੀ ਚੋਣਾਂ ਦੌਰਾਨ ਮੁੱਖ ਮੰਤਰੀ ਵਿਰੁਧ ਉਹ ਲੋਕ ਹੱਦੋਂ ਵੱਧ ਭੜਕੇ ਪਏ ਦਿਖਾਈ ਦਿੰਦੇ ਸਨ।

> ***ਇਸ ਵੇਲੇ ਇਸ ਰਾਜ ਦੇ ਲੋਕਾਂ ਕੋਲ ਵੱਡਾ ਮੁੱਦਾ ਰਾਜ ਸਰਕਾਰ ਤੇ ਪ੍ਰਸ਼ਾਸਨ ਦੀ ਭਰੋਸੇਯੋਗਤਾ ਦਾ ਹੈ, ਜਿਹੜੀ ਪਿਛਲੇ ਸਾਲਾਂ ਦੌਰਾਨ ਖੁਰਦੀ ਗਈ ਹੈ। ਜਿੰਨੀਆਂ ਵੀ ਸਕੀਮਾਂ ਲੋਕ ਭਲਾਈ ਦੇ ਨਾਂ ਉਤੇ ਚਲਾਈਆਂ ਗਈਆਂ, ਉਨ੍ਹਾਂ ਨਾਲ ਜਨਤਕ ਪੱਖੋਂ ਇਹ ਰੁਝਾਨ ਵਧਦਾ ਗਿਆ ਕਿ ਕੰਮ ਕਰਨ ਦੀ ਲੋੜ ਨਹੀਂ, ਜਿਹੜੀ ਸਰਕਾਰ ਵੀ ਆ ਜਾਵੇ, ਉਸ ਤੋਂ ਪਿਛਲੀ ਸਰਕਾਰ ਤੋਂ ਵੱਧ ਸਬਸਿਡੀਆਂ ਤੇ ਸਕੀਮਾਂ ਮੰਗੋ। ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਨਸੀਬ ਹੋਣ ਤਾਂ ਉਨ੍ਹਾਂ ਵਿਚ ਇੱਜਤ ਦੀ ਰੋਟੀ ਕਮਾ ਕੇ ਖਾਣ ਦੀ ਭਾਵਨਾ ਹਾਲੇ ਵੀ ਮੌਜੂਦ ਹੈ। ਪਿਛਲੇ ਦੋ ਦਹਾਕਿਆਂ ਤੋਂ ਇਹ ਭਾਵਨਾ ਹੇਠਲੇ ਪਾਸੇ ਵੱਲ ਖਿਸਕ ਰਹੀ ਹੈ।***

ਸਾਡੇ ਲਈ ਇਹ ਗੱਲ ਹੁਣ ਕੋਈ ਹੈਰਾਨੀ ਵਾਲੀ ਨਹੀਂ ਕਿ ਕੋਈ ਮੁੱਖ ਮੰਤਰੀ ਜਾਂ ਮੰਤਰੀ, ਪੰਜਾਬ ਭਰ ਦੇ ਲੋਕਾਂ ਨੂੰ ਵਿਸਾਰ ਕੇ ਸਿਰਫ ਆਪਣੇ ਚੋਣ ਹਲਕੇ ਵਿਚ ਏਨਾ ਪੈਸਾ ਲਾਈ ਗਿਆ ਹੈ। ਇੱਕ ਵਾਰੀ ਇੱਕ ਜ਼ਿਲ੍ਹੇ ਵਿਚ ਯੋਜਨਾਬੰਦੀ ਵਾਸਤੇ ਮੋਟੀ ਗਰਾਂਟ ਆਈ ਤਾਂ ਉਥੇ ਯੋਜਨਾ ਬੋਰਡ ਦੀ ਪ੍ਰਧਾਨ ਇੱਕ ਮੰਤਰੀ ਸੀ, ਜਿਹੜੀ ਦੂਸਰੇ ਜ਼ਿਲ੍ਹੇ ਤੋਂ ਸੀ। ਅਚਾਨਕ ਹਾਲਾਤ ਇਦਾਂ ਦੇ ਪੈਦਾ ਹੋਏ, ਜਾਂ ਉਸ ਬੀਬੀ ਨੇ ਕਰ ਦਿੱਤੇ ਕਿ ਜਿਸ ਜ਼ਿਲ੍ਹੇ ਦੀ ਗਰਾਂਟ ਆਈ ਸੀ, ਉਥੇ ਯੋਜਨਾ ਬੋਰਡ ਦੇ ਮੈਂਬਰਾਂ ਵਿਚ ਮੱਤਭੇਦ ਵਧ ਜਾਣ ਕਾਰਨ ਮੀਟਿੰਗਾਂ ਨਹੀਂ ਸਨ ਹੋਈਆਂ। ਫਿਰ ਬੀਬੀ ਨੇ ਮੁੱਖ ਮੰਤਰੀ ਨੂੰ ਕਹਿ ਕੇ ਉਹ ਸਾਰੀ ਗਰਾਂਟ ਆਪਣੇ ਜ਼ਿਲ੍ਹੇ ਨੂੰ ਤਬਦੀਲ ਕਰਵਾਈ ਤੇ ਡਿਪਟੀ ਕਮਿਸ਼ਨਰ ਤੋਂ ਆਪਣੇ ਚੋਣ ਹਲਕੇ ਦੀ ਯੋਜਨਾਬੰਦੀ ਕਰਵਾ ਕੇ ਖਰਚ ਦਿੱਤੀ। ਇਸ ਦੇ ਬਾਵਜੂਦ ਬੀਬੀ ਅਗਲੀ ਵਾਰੀ ਚੋਣ ਹਾਰ ਗਈ।

ਬੀਬੀ ਦੇ ਹਾਰ ਜਾਣ ਤੋਂ ਵੱਡੀ ਸੋਚਣ ਦੀ ਗੱਲ ਇਹ ਹੈ ਕਿ ਉਸ ਨੇ ਮੰਤਰੀ ਵਜੋਂ ਜਿਹੜੀ ਸਹੁੰ ਚੁੱਕੀ ਸੀ, ਉਸ ਵਿਚ ਦਰਜ ਸੀ ਕਿ ਉਹ ਮੰਤਰੀ ਹੁੰਦਿਆਂ ਕਿਸੇ ਨਾਲ ਪੱਖ-ਪਾਤ ਨਹੀਂ ਕਰੇਗੀ। ਲੰਬੀ ਹਲਕੇ ਵਿਚ ਗਰਾਂਟਾਂ ਦੇ ਮੋਟੇ ਗੱਫੇ ਅਤੇ ਉਸ ਬੀਬੀ ਵੱਲੋਂ ਖੇਡੀ ਗਈ ਚੁਸਤੀ ਵਿਚੋਂ ਉਸ ਸਹੁੰ ਉਤੇ ਪੂਰੇ ਉਤਰਨ ਦੀ ਝਲਕ ਦੋਵੇਂ ਥਾਂ ਨਹੀਂ ਲੱਭਦੀ।

ਵਿਧਾਨ ਸਭਾ ਚੋਣਾਂ ਦੌਰਾਨ ਅਸੀਂ ਇੱਕ ਚੈਨਲ ਦੀ ਬਹਿਸ ਵਿਚ ਸ਼ਾਮਲ ਸਾਂ। ਵੱਖੋ-ਵੱਖ ਪਾਰਟੀਆਂ ਤੋਂ ਆਏ ਬੁਲਾਰੇ ਜਦੋਂ ਬੋਲ ਰਹੇ ਸਨ ਤਾਂ ਅਕਾਲੀ ਦਲ ਦੇ ਪ੍ਰਤੀਨਿਧ ਨੇ ਇਹ ਕਿਹਾ ਸੀ ਕਿ ਕੇਂਦਰ ਵਿਚ ਨਰਿੰਦਰ ਮੋਦੀ ਦੀ ਸਰਕਾਰ ਹੈ, ਜਿਸ ਵਿਚ ਅਕਾਲੀ ਦਲ ਸ਼ਾਮਲ ਹੈ। ਕੋਈ ਹੋਰ ਪਾਰਟੀ ਜਿੱਤ ਗਈ ਤਾਂ ਅਗਲੇ ਸੀਜ਼ਨ ਮੌਕੇ ਕਣਕ ਹੀ ਨਹੀਂ ਚੁੱਕੀ ਜਾ ਸਕਣੀ ਤੇ ਜੇ ਇਥੇ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਹੋਈ ਤਾਂ ਕੇਂਦਰ ਸਰਕਾਰ ਕਣਕ ਨੂੰ ਚੁੱਕ ਲਵੇਗੀ। ਸਾਨੂੰ ਦਖਲ ਦੇ ਕੇ ਇਹ ਕਹਿਣਾ ਪਿਆ ਕਿ ਕੇਂਦਰ ਸਰਕਾਰ ਦੀ ਸਹੁੰ ਚੁੱਕਣ ਵੇਲੇ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਹ ਬਿਨਾ ਕਿਸੇ ਪੱਖ-ਪਾਤ ਤੋਂ ਕੰਮ ਕਰਨਗੇ, ਇਹ ਤਾਂ ਨਹੀਂ ਕਿਹਾ ਸੀ ਕਿ ਪੰਜਾਬ ਜੇ ਅਕਾਲੀ ਸਰਕਾਰ ਦੇ ਕੋਲ ਹੋਵੇਗਾ ਤਾਂ ਕਣਕ ਚੁੱਕਣਗੇ ਤੇ ਕੋਈ ਹੋਰ ਸਰਕਾਰ ਹੋਈ ਤਾਂ ਨਹੀਂ ਚੁੱਕਣਗੇ। ਜਿਹੜੀ ਸਹੁੰ ਚੁੱਕਣ ਦਾ ਹਵਾਲਾ ਅਸੀਂ ਦਿੱਤਾ ਸੀ, ਉਹ ਸੰਵਿਧਾਨ ਵਿਚ ਪੇਸ਼ ਕੀਤੇ ਇੱਕ ਆਦਰਸ਼ ਆਗੂ ਦਾ ਨਮੂਨਾ ਹੋ ਸਕਦੀ ਹੈ, ਪਰ ਸਾਡਾ ਭਾਰਤੀ ਲੋਕਤੰਤਰ ਹੀ ਜਦੋਂ ਨਮੂਨੇ ਦਾ ਲੋਕਤੰਤਰ ਨਹੀਂ ਰਿਹਾ ਤਾਂ ਇਸ ਦੇ ਆਗੂ ਵੀ ਆਦਰਸ਼ ਆਗੂ ਹੋਣ ਦੀ ਆਸ ਅਸੀਂ ਕਿਸ ਤਰ੍ਹਾਂ ਕਰ ਸਕਦੇ ਹਾਂ? ਕਿੱਕਰਾਂ ਦੇ ਰੁੱਖਾਂ ਤੋਂ ਦਾਖਾਂ ਨਹੀਂ ਲੱਥਣੀਆਂ ਹੁੰਦੀਆਂ।

ਸਾਡਾ ਲੋਕਤੰਤਰ ਬੜਾ ਕੁਝ ਨਵਾਂ ਪੇਸ਼ ਕਰ ਰਿਹਾ ਹੈ। ਅਸੀਂ ਸੁਣਿਆ ਸੀ ਕਿ 'ਚੋਰੀ ਲੱਖ ਦੀ ਵੀ ਹੁੰਦੀ ਹੈ ਤੇ ਕੱਖ ਦੀ ਵੀ', ਪਰ ਇਹ ਗੱਲ ਅਸੀਂ ਇਸ ਦੌਰ ਵਿਚ ਵੇਖੀ ਹੈ ਕਿ ਕੱਖ ਦੀ ਚੋਰੀ ਵਾਲਾ ਫਸ ਜਾਂਦਾ ਹੈ ਤੇ ਲੱਖਾਂ ਕਿਧਰੇ ਰਹੇ, ਕਰੋੜਾਂ ਦੀ ਚੋਰੀ ਵਾਲੇ ਵੀ ਆਰਾਮ ਨਾਲ ਛੁੱਟ ਜਾਂਦੇ ਹਨ। ਜਥੇਦਾਰ ਤੋਤਾ ਸਿੰਘ ਨੂੰ ਸਜ਼ਾ ਹੋਈ ਤਾਂ ਕੇਸ ਇਹ ਸੀ ਕਿ ਸਰਕਾਰੀ ਗੱਡੀ ਦੀ ਦੁਰਵਰਤੋਂ ਕੀਤੀ ਹੈ। ਇਹ ਮੰਤਰੀਆਂ ਤੇ ਅਫਸਰਾਂ ਵਿਚ ਸਧਾਰਨ ਗੱਲ ਹੁੰਦੀ ਹੈ। ਦੂਸਰੇ ਕੇਸ ਵੱਧ ਗੰਭੀਰ ਸਨ, ਪਰ ਉਨ੍ਹਾਂ ਵਿਚ ਕੋਈ ਸਜ਼ਾ ਅਜੇ ਤੱਕ ਨਹੀਂ ਹੋ ਸਕੀ। ਬਾਈ ਕੁ ਸਾਲ ਕੇਸ ਚੱਲਣ ਤੋਂ ਬਾਅਦ ਬਿਹਾਰ ਦੇ ਇੱਕ ਅਧਿਕਾਰੀ ਨੂੰ ਕਿਸੇ ਸਧਾਰਨ ਤਰੁਟੀ ਲਈ ਸਜ਼ਾ ਹੋ ਗਈ, ਪਰ ਮਨਮੋਹਨ ਸਿੰਘ ਵਾਲੀ ਪਿਛਲੀ ਸਰਕਾਰ ਦੇ ਸਮੇਂ ਕਰੋੜਾਂ ਨਹੀਂ, ਅਰਬਾਂ ਰੁਪਏ ਦੀ ਚੋਰੀ ਕਰਨ ਦੇ ਦੋਸ਼ੀ ਦਇਆਨਿਧੀ ਮਾਰਨ ਤੇ ਉਸ ਦਾ ਭਰਾ ਸੁੱਕੇ ਛੁੱਟ ਗਏ। ਇਸ ਕੇਸ ਦੇ ਕਈ ਦਸਤਾਵੇਜ਼ੀ ਸਬੂਤ ਸਨ। ਦਇਆਨਿਧੀ ਮਾਰਨ ਕੇਂਦਰ ਦਾ ਟੈਲੀਕਾਮ ਮੰਤਰੀ ਸੀ, ਉਸ ਦਾ ਭਰਾ ਚੈਨਲ ਚਲਾਉਂਦਾ ਸੀ। ਮੰਤਰੀ ਨੇ ਆਪਣੇ ਮਹਿਕਮੇ ਦੀਆਂ ਸੌ ਤੋਂ ਵੱਧ ਟੈਲੀਫੋਨ ਲਾਈਨਾਂ ਆਪਣੇ ਘਰ ਲਵਾ ਲਈਆਂ, ਜਿਨ੍ਹਾਂ ਨੂੰ ਉਸ ਦਾ ਭਰਾ ਕੋਈ ਪੈਸਾ ਦਿੱਤੇ ਬਿਨਾਂ ਆਪਣੇ ਚੈਨਲ ਲਈ ਵਰਤਦਾ ਰਿਹਾ। ਕੰਪਨੀਆਂ ਦੀ ਖਰੀਦੋ-ਫਰੋਖਤ ਦੇ ਚੱਕਰ ਵੀ ਸਨ।

ਸੁੱਕੇ ਛੁੱਟ ਜਾਣ ਲਈ ਅਦਾਲਤਾਂ ਦੋਸ਼ੀ ਨਹੀਂ, ਕੇਸ ਪੇਸ਼ ਕਰਨ ਵਾਲੀਆਂ ਏਜੰਸੀਆਂ ਦੇ ਉਹ ਅਧਿਕਾਰੀ ਦੋਸ਼ੀ ਹਨ, ਜਿਹੜੇ ਵੱਡੇ ਬੰਦੇ ਦੇ ਐਬ ਢੱਕਣ ਲਈ ਉਸ ਦੇ ਕਹਿਣ ਤੋਂ ਪਹਿਲਾਂ ਆਪ ਰਾਹ ਦੱਸਣ ਵਿਚ ਮਾਣ ਮਹਿਸੂਸ ਕਰਦੇ ਹਨ। ਚੌਟਾਲੇ ਵਰਗਾ ਕਦੇ ਕੋਈ ਵਿਰਲਾ-ਟਾਂਵਾਂ ਆਗੂ ਕੁੜਿੱਕੀ ਵਿਚ ਕਿਸੇ ਕਾਰਨ ਫਸ ਜਾਵੇ ਤਾਂ ਇਨਸਾਫ ਦਾ ਝੰਡਾ ਬੁਲੰਦ ਕਿਹਾ ਜਾਂਦਾ ਹੈ।

ਅਸੀਂ ਇੱਕ ਕੇਸ ਮੁੱਖ ਮੰਤਰੀ ਬੇਅੰਤ ਸਿੰਘ ਦੇ ਵਕਤ ਹਾਈ ਕੋਰਟ ਗਿਆ ਵੇਖਿਆ ਸੀ। ਮਾਨਸਾ ਦੇ ਡਿਪਟੀ ਕਮਿਸ਼ਨਰ ਨੇ ਸ਼ਿਕਾਇਤ ਕੀਤੀ ਸੀ ਕਿ ਮੁੱਖ ਮੰਤਰੀ ਦਫਤਰ ਤੋਂ ਲੋਕਾਂ ਨੂੰ ਨੌਕਰੀ ਦੇਣ ਲਈ ਗੈਰ-ਕਾਨੂੰਨੀ ਪੱਤਰ ਭੇਜੇ ਜਾ ਰਹੇ ਹਨ। ਉਦੋਂ ਮੁੱਖ ਮੰਤਰੀ ਦੇ ਰਾਜਸੀ ਸਕੱਤਰ ਨੇ ਹਾਈ ਕੋਰਟ ਵਿਚ ਜਾ ਕੇ ਕਹਿ ਦਿੱਤਾ ਸੀ ਕਿ ਅਸੀਂ ਰਾਜਸੀ ਲੋਕ ਹਾਂ, ਜਦੋਂ ਕੋਈ ਮੰਗ ਕਰੇ ਤਾਂ ਡਿਪਟੀ ਕਮਿਸ਼ਨਰ ਨੂੰ ਇਹ ਚਿੱਠੀ ਭੇਜ ਦਿੰਦੇ ਹਾਂ ਕਿ ਕਾਨੂੰਨ ਮੁਤਾਬਕ ਕਾਰਵਾਈ ਕਰੋ, ਅੱਗੋਂ ਕਾਨੂੰਨ ਅਫਸਰਾਂ ਨੇ ਵੇਖਣਾ ਹੈ। ਤੀਸਰੀ ਵਾਰੀ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿਚ ਇੱਕ ਕੇਸ ਹਾਈ ਕੋਰਟ ਵਿਚ ਗਿਆ ਕਿ ਦਰਿਆ ਵਿਚੋਂ ਰੇਤ ਦੇ ਟਰੱਕ ਨਾਜਾਇਜ਼ ਕੱਢੇ ਜਾਂਦੇ ਹਨ ਅਤੇ ਉਨ੍ਹਾਂ ਕੋਲ ਇੱਕ ਮੰਤਰੀ ਦੀ ਚਿੱਠੀ ਹੁੰਦੀ ਹੈ ਕਿ ਇਹ ਬੰਦੇ ਮੇਰੇ ਹਨ। ਉਸ ਮੰਤਰੀ ਨੇ ਹਾਈ ਕੋਰਟ ਵਿਚ ਕਹਿ ਦਿੱਤਾ ਕਿ ਇਸ ਵਿਚ ਸਿਰਫ 'ਮੇਰੇ ਬੰਦੇ' ਲਿਖਿਆ ਹੈ, ਇਹ ਨਹੀਂ ਲਿਖਿਆ ਕਿ ਨਾਜਾਇਜ਼ ਕੰਮ ਕਰਨ ਤਾਂ ਰੋਕਣੇ ਨਹੀਂ। ਪੁਲਿਸ ਇਨ੍ਹਾਂ ਦੀ ਪਰਚੀ ਲਾਂਭੇ ਰੱਖ ਕੇ ਕਾਨੂੰਨੀ ਕਾਰਵਾਈ ਕਰ ਦੇਵੇ, ਮੈਂ ਰੋਕਣ ਨਹੀਂ ਜਾਂਦਾ। ਦੂਸਰੀ ਦਲੀਲ ਉਸ ਨੇ ਇਹ ਦਿੱਤੀ ਕਿ ਅਸੀਂ ਰਾਜਸੀ ਲੋਕ ਹਾਂ, ਸਾਨੂੰ ਕਾਨੂੰਨਾਂ ਦੀ ਸਮਝ ਨਹੀਂ, ਅਫਸਰਾਂ ਨੂੰ ਜਾਪਦਾ ਸੀ ਕਿ ਇਸ ਤਰ੍ਹਾਂ ਕਰਨਾ ਗਲਤ ਹੈ ਤਾਂ ਮੈਨੂੰ ਦੱਸ ਦਿੰਦੇ, ਮੈਂ ਚਿੱਠੀਆਂ ਨਾ ਦਿੰਦਾ, ਕਿਸੇ ਨੇ ਦੱਸਿਆ ਵੀ ਨਹੀਂ।

ਅਮਲ ਵਿਚ ਇਹੋ ਜਿਹੀਆਂ ਚਿੱਠੀਆਂ ਅੱਜ ਵੀ ਚੱਲਦੀਆਂ ਹਨ। ਅਸਲੀਅਤ ਇਹ ਹੈ ਕਿ ਚਿੱਠੀਆਂ ਦੀ ਵੀ ਲੋੜ ਨਹੀਂ, ਮੋਬਾਈਲ ਉਤੇ ਬੋਲ ਕੇ ਸੁਨੇਹਾ ਦਿੱਤਾ ਜਾਂਦਾ ਹੈ ਕਿ ਆਹ ਬੰਦਾ ਆਪਣਾ ਹੈ, ਖਿਆਲ ਰੱਖਿਓ। ਕਈ ਅਫਸਰ ਇਦਾਂ ਦੇ ਸੁਨੇਹੇ ਰਿਕਾਰਡ ਕਰੀ ਫਿਰਦੇ ਹਨ, ਪਰ ਕਿਸੇ ਕੇਸ ਵਿਚ ਜਦੋਂ ਫਸਣਗੇ ਤਾਂ ਸੁਨੇਹੇ ਦੇਣ ਵਾਲੇ ਮੰਤਰੀ ਜਾਂ ਆਗੂ ਨੇ ਫਸਣਾ ਨਹੀਂ, ਕਿਉਂਕਿ ਉਹ ਏਨੀ ਗੱਲ ਕਹਿ ਕੇ ਸੁੱਕੇ ਨਿਕਲ ਜਾਣਗੇ ਕਿ ਖਿਆਲ ਰੱਖਣ ਲਈ ਕਿਹਾ ਸੀ, ਗੈਰ ਕਾਨੂੰਨੀ ਕੰਮ ਕਰਨ ਵਿਚ ਕਿਸੇ ਦੀ ਮਦਦ ਕਰਨ ਲਈ ਇਨ੍ਹਾਂ ਨੂੰ ਕਿਹਾ ਹੀ ਨਹੀਂ ਸੀ।

ਪੰਜਾਬ ਉਸ ਲੀਹੇ ਪੈ ਚੁੱਕਾ ਹੈ, ਜਿਸ ਵਿਚ ਭਾਰਤ ਦੇ ਕਈ ਰਾਜ ਪਏ ਹੋਏ ਹਨ ਤੇ ਇਸ ਵਿਚ ਬਹੁਤਾ ਕੰਮ ਕਾਗਜ਼ੀ ਚਿੱਟਾਂ ਜਾਂ ਫੋਨ ਉਤੇ ਦਿੱਤੇ ਗਏ ਸੁਨੇਹਿਆਂ ਨਾਲ ਚੱਲਦਾ ਹੈ, ਜਿਨ੍ਹਾਂ ਨੂੰ ਸੁਣਨ ਵਾਲੇ ਮੰਨਦੇ ਤੇ ਗਲਤ ਕੰਮ ਕਰਦੇ ਹਨ, ਪਰ ਆਪਣੇ ਬਚਾਅ ਲਈ ਨਹੀਂ ਵਰਤ ਸਕਦੇ। ਤੀਹ ਕੁ ਸਾਲ ਪਹਿਲਾਂ ਹਰਿਆਣੇ ਦੇ ਮੁੱਖ ਮੰਤਰੀ ਦੇ ਜਵਾਈ ਦੇ ਕਹਿਣ ਉਤੇ ਇੱਕ ਡੀ ਆਈ ਜੀ ਨੇ ਕੁਝ ਗਲਤ ਕੀਤਾ ਸੀ, ਜਦੋਂ ਕੇਸ ਵਿਚ ਫਸ ਗਿਆ ਤਾਂ ਉਹ ਹੀ ਜੇਲ੍ਹ ਗਿਆ ਸੀ, ਮੁੱਖ ਮੰਤਰੀ ਦੇ ਜਵਾਈ ਨੂੰ ਅਦਾਲਤ ਨੇ ਦੋਸ਼ੀ ਨਹੀਂ ਸੀ ਮੰਨਿਆ। ਇਸ ਦੇ ਬਾਵਜੂਦ ਉਹ ਰਿਵਾਜ ਬੰਦ ਨਹੀਂ ਹੋਇਆ। ਪੰਜਾਬ ਵਿਚ ਵੀ ਇਹੋ ਕੁਝ ਚੱਲੀ ਜਾਂਦਾ ਹੈ। ਵਿਧਾਨ ਸਭਾ ਚੋਣਾਂ ਵਿਚ ਲੋਕਾਂ ਨੇ ਵੋਟਾਂ ਪਾਈਆਂ ਹਨ ਤਾਂ ਆਪਣੀ ਮਰਜ਼ੀ ਦੇ ਹੁਕਮਰਾਨ ਚੁਣ ਲੈਣਗੇ, ਪਰ ਇਹ ਰਾਜ ਜਿਸ ਲੀਹੇ ਪੈ ਚੁੱਕਾ ਹੈ, ਉਸ ਵਿਚੋਂ ਨਿਕਲ ਸਕਣ ਵਾਲੀ ਕੋਈ ਤਰਕੀਬ ਚੁਣੇ ਜਾਣ ਦੀ ਬਹੁਤੀ ਆਸ ਅਜੇ ਵੀ ਨਹੀਂ।

#

# ਆਈ.ਐਸ. ਨੇ ਬਣਾਈ ਸੀ ਮਮਤਾ ਬੈਨਰਜੀ ਨੂੰ ਮਾਰਨ ਦੀ ਯੋਜਨਾ

**ਕੋਲਕਾਤਾ:** ਆਈ.ਐਸ.ਆਈ. ਅਤਿਵਾਦੀ ਨਹੀਂ ਚਾਹੁੰਦੇ ਸਨ ਕਿ ਮੁੱਖ ਮੰਤਰੀ ਮਮਤਾ ਬੈਨਰਜੀ ਦੁਬਾਰਾ ਬੰਗਾਲ ਦੀ ਸੱਤਾ ਸੰਭਾਲਣ। ਇਸ ਲਈ ਉਨ੍ਹਾਂ ਦੀ ਹੱਤਿਆ ਦੀ ਸਾਜ਼ਿਸ਼ ਤਿਆਰ ਕੀਤੀ ਗਈ। ਇਹ ਇੰਕਸ਼ਾਫ ਖੁਦ ਮਮਤਾ ਬੈਨਰਜੀ ਨੇ 41ਵੇਂ ਕੋਲਕਾਤਾ ਪੁਸਤਕ ਮੇਲੇ 'ਚ ਰਿਲੀਜ਼ ਆਪਣੀ ਨਵੀਂ ਪੁਸਤਕ 'ਮਾਨੁਸ਼ੇਰ ਜੋਏ 2016' ਵਿਚ ਕੀਤਾ ਹੈ।



ਜ਼ਿਕਰਯੋਗ ਹੈ ਕਿ 5 ਮਾਰਚ, 2016 ਨੂੰ ਚੋਣ ਕਮਿਸ਼ਨ ਨੇ ਚੋਣਾਂ ਦੀ ਤਰੀਕ ਦਾ ਐਲਾਨ ਕੀਤਾ ਸੀ, ਇਹ ਐਲਾਨ ਹੁੰਦਿਆਂ ਹੀ ਜਿਥੇ ਮਮਤਾ ਨੇ ਸਾਰੀਆਂ 294 ਵਿਧਾਨ ਸਭਾ ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਇਕੋ ਸਮੇਂ ਕੀਤਾ, ਨਾਲ ਹੀ ਉਨ੍ਹਾਂ ਡਾਇਰੀ ਲਿਖਣੀ ਵੀ ਸ਼ੁਰੂ ਕੀਤੀ ਸੀ।

ਤਕਰੀਬਨ ਢਾਈ ਮਹੀਨੇ ਦੇ ਚੋਣ ਪ੍ਰਚਾਰ ਦੌਰਾਨ 200 ਰੈਲੀਆਂ, ਪੈਦਲ ਯਾਤਰਾਵਾਂ ਦਾ ਲੇਖਾ-ਜੋਖਾ ਡਾਇਰੀ 'ਚ ਲਿਖਿਆ ਸੀ, ਜਿਹੜਾ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤਾ ਹੈ। ਪੁਸਤਕ 'ਚ ਨਿੱਤ ਦਿਨ ਦੀਆਂ ਘਟਨਾਵਾਂ, ਵਿਰੋਧੀਆਂ ਦੀਆਂ ਟਿੱਪਣੀਆਂ, ਚੋਣ ਕਮਿਸ਼ਨ ਦੀ ਕਾਰਵਾਈ, ਪੁਲਿਸ-ਪ੍ਰਸ਼ਾਸਨ ਅਧਿਕਾਰੀਆਂ ਦੇ ਤਬਾਦਲੇ, ਸ਼ਾਰਦਾ ਚਿੱਟਫੰਡ ਮਾਮਲਾ, ਨਾਰਦਾ ਵੀਡੀਓ ਮਾਮਲਾ, ਇਕੱਲੇ 211 ਸੀਟਾਂ 'ਤੇ ਜਿੱਤ ਸਾਰਾ ਕੁੱਝ ਸ਼ਾਮਲ ਹੈ। ਮਮਤਾ ਨੇ ਲਿਖਿਆ ਹੈ ਕਿ 21 ਮਾਰਚ ਹਾਵੜਾ ਜ਼ਿਲ੍ਹੇ 'ਚ ਪੈਦਲ ਯਾਤਰਾ ਕਰ ਰਹੀ ਸੀ, ਜਦੋਂ ਸੁਰੱਖਿਆ ਦਾ ਘੇਰਾ ਉਨ੍ਹਾਂ ਲਾਗੇ ਸਖਤ ਹੋ ਗਿਆ।

ਬਾਅਦ 'ਚ ਪਤਾ ਲੱਗਾ ਕਿ ਆਈ. ਐਸ. ਆਈ. ਅਤਿਵਾਦੀਆਂ ਨੇ ਹਮਲਾ ਕਰ ਕੇ ਉਸ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਨਹੀਂ ਚਾਹੁੰਦੇ ਸਨ ਕਿ ਪ੍ਰਸ਼ਾਸਨ ਜਾਂ ਸਰਕਾਰ ਦੇ ਮੁਖੀ ਦਾ ਅਹੁਦਾ ਕਿਸੇ ਔਰਤ ਕੋਲ ਹੋਵੇ।

# ਮਹਾਨ ਕੋਸ਼ ਦੀ ਛਪਾਈ ਅਟਕੀ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਕੋਲ ਭਾਈ ਕਾਨ੍ਹ ਸਿੰਘ ਵੱਲੋਂ ਰਚਿਤ 'ਮਹਾਨ ਕੋਸ਼' ਮੁਕੰਮਲ ਹੋਇਆਂ ਨੂੰ ਦੋ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਇਸ ਦੀ ਪੁਨਰ ਛਪਾਈ ਲਈ ਹਾਲੇ ਕੋਈ ਯਤਨ ਨਹੀਂ ਹੋ ਰਹੇ। ਇਹ ਪੰਜਾਬ ਦੇ ਪਹਿਲੇ ਪ੍ਰਮਾਣਿਕ ਸਾਈਕਲੋਪੀਡੀਆ ਵਜੋਂ ਜਾਣਿਆ ਜਾਂਦਾ ਹੈ। ਇਸ ਕੋਸ਼ ਦਾ ਹਰ ਐਡੀਸ਼ਨ ਹੱਥੋ-ਹੱਥੀ ਵਿਕਦਾ ਰਿਹਾ ਹੈ।

ਯਾਦ ਰਹੇ ਕਿ ਮਹਾਨ ਕੋਸ਼ ਰਿਆਸਤ ਦੇ ਮਹਾਰਾਜਾ ਭੁਪਿੰਦਰ ਸਿੰਘ ਦੀ ਵਿਤੀ ਮੱਦਦ ਜ਼ਰੀਏ 1926 'ਚ ਤਿਆਰ ਹੋਇਆ ਸੀ। ਇਸ ਨੂੰ ਛਪਣ 'ਚ ਚੌਦਾਂ ਸਾਲ ਲੱਗੇ ਸਨ। 1930 ਵਿਚ ਇਹ ਕੋਸ਼ ਦਰਬਾਰ ਪਟਿਆਲਾ ਨੇ ਪਹਿਲੀ ਵਾਰ ਪ੍ਰਕਾਸ਼ਿਤ ਕੀਤਾ ਸੀ। ਉਸ ਵਕਤ ਇਸ ਕੋਸ਼ 'ਤੇ 51 ਹਜ਼ਾਰ ਰੁਪਏ ਦਾ ਖ਼ਰਚ ਆਇਆ ਜੋ ਪਟਿਆਲਾ ਰਿਆਸਤ ਨੇ ਅਦਾ ਕੀਤਾ ਸੀ। ਪਿਛਲੇ ਸਮੇਂ ਭਾਸ਼ਾ ਵਿਭਾਗ ਨੇ ਇਸ ਕੋਸ਼ ਦੇ ਅਗਲੇ ਐਡੀਸ਼ਨ ਨੂੰ ਕਿਸੇ ਪ੍ਰਾਈਵੇਟ ਪ੍ਰਕਾਸ਼ਨ ਫਰਮ ਤੋਂ ਛਪਵਾਉਣ ਦੀ ਪ੍ਰਵਾਨਗੀ ਮੰਗੀ ਸੀ ਪਰ ਸਰਕਾਰ ਦਾ ਵਿੱਤੀ ਹੱਥ ਤੰਗ ਹੋਣ ਕਾਰਨ ਅਜਿਹੀ ਇਜਾਜ਼ਤ ਵੀ ਨਹੀਂ ਮਿਲ ਸਕੀ ਸੀ। ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਗੁਰਸ਼ਰਨ ਕੌਰ ਨੇ ਦੱਸਿਆ ਕਿ ਵਿਭਾਗ ਦੀ ਕੋਸ਼ਿਸ਼ ਹੈ ਕਿ ਕੋਸ਼ ਦੀ ਛਪਾਈ ਜਲਦੀ ਕੀਤੀ ਜਾਵੇ।

# ਮਿਊਜ਼ੀਅਮ ਨੂੰ ਪਾਕਿਸਤਾਨ ਤੋਂ ਮਿਲ ਸਕਦੇ ਨੇ ਦਸਤਾਵੇਜ਼

**ਅੰਮ੍ਰਿਤਸਰ:** ਪਾਕਿਸਤਾਨ ਦੀ ਨਾਟਕ ਨਿਰਦੇਸ਼ਕ ਮਦੀਹਾ ਗੌਹਰ ਨੇ ਆਖਿਆ ਕਿ ਉਹ ਅੰਮ੍ਰਿਤਸਰ ਵਿਚ ਸਥਾਪਤ ਕੀਤੇ ਗਏ ਭਾਰਤ ਪਾਕਿਸਤਾਨ ਵੰਡ ਸਬੰਧੀ ਮਿਊਜ਼ੀਅਮ ਵਾਸਤੇ ਵੰਡ ਨਾਲ ਸਬੰਧਤ ਲੋੜੀਂਦੇ ਦਸਤਾਵੇਜ਼ ਅਤੇ ਹੋਰ ਯਾਦਾਂ ਮੁਹੱਈਆ ਕਰਨ ਲਈ ਹਰ ਸੰਭਵ ਯਤਨ ਕਰਨਗੇ। ਉਹ ਇਥੇ ਨਾਟਕਕਾਰ ਕੇਵਲ ਧਾਲੀਵਾਲ ਵੱਲੋਂ ਕਰਵਾਏ ਨੈਸ਼ਨਲ ਥੀਏਟਰ ਫੈਸਟੀਵਲ ਵਿਚ ਸ਼ਾਮਲ ਹੋਣ ਲਈ ਆਏ ਹੋਏ ਹਨ। ਉਹ ਭਾਰਤ-ਪਾਕਿਸਤਾਨ ਵੰਡ ਅਜਾਇਬ ਘਰ ਵਿਚ ਉਘੇ ਸ਼ਾਇਰ ਗੁਲਜ਼ਾਰ ਨਾਲ ਗੁਫ਼ਤਗੂ ਸਮਾਗਮ ਵਿਚ ਵੀ ਸ਼ਾਮਲ ਹੋਏ।

ਬੀਬੀ ਮਦੀਹਾ ਗੌਹਰ ਨੇ ਆਖਿਆ ਕਿ ਭਾਰਤ ਪਾਕਿਸਤਾਨ ਵੰਡ ਨਾਲ ਲੱਖਾਂ ਪਰਿਵਾਰ ਪ੍ਰਭਾਵਿਤ ਹੋਏ ਸਨ। ਇਸ ਉਜਾੜੇ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ। ਉਜਾੜੇ ਦੀਆਂ ਯਾਦਾਂ ਨੂੰ ਸਾਂਭਣ ਲਈ ਅੰਮ੍ਰਿਤਸਰ ਵਿਚ ਅਜਾਇਬ ਘਰ ਦੀ ਸਥਾਪਤੀ ਬੇਹੱਸ ਅਹਿਮ ਕਾਰਜ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕੌੜੀਆਂ ਯਾਦਾਂ ਨੂੰ ਤਾਜ਼ਾ ਰੱਖਣ ਲਈ ਅਜਾਇਬ ਘਰ ਵਿਚ ਰੱਖੀਆਂ ਗਈਆਂ ਤਸਵੀਰਾਂ, ਦਸਤਾਵੇਜ਼ ਤੇ ਹੋਰ ਦਸਤਾਵੇਜ਼ੀ ਫ਼ਿਲਮਾਂ ਸ਼ਲਾਘਾਯੋਗ ਹਨ। ਪਾਕਿਸਤਾਨ ਵਿਚ ਵੀ ਅਜਿਹੀਆਂ ਯਾਦਾਂ ਮੌਜੂਦ ਹਨ ਅਤੇ ਉਹ ਇਨ੍ਹਾਂ ਯਾਦਾਂ ਨੂੰ ਇਸ ਅਜਾਇਬ ਘਰ ਵਿਚ ਸਥਾਪਤ ਕਰਨ ਲਈ ਹਰ ਸੰਭਵ ਮਦਦ ਮੁਹੱਈਆ ਕਰਨਗੇ। ਉਨ੍ਹਾਂ ਆਖਿਆ ਕਿ ਵੰਡ ਕਾਰਨ ਇਸ ਖਿੱਤੇ ਵਿਚ ਦੋਵੇਂ ਪਾਸੇ ਵੱਡੀ ਗਿਣਤੀ 'ਚ ਲੋਕਾਂ ਦਾ ਉਜਾੜਾ ਹੋਇਆ ਸੀ, ਜਿਸ ਨੂੰ ਭੁੱਲਿਆ ਨਹੀਂ ਜਾ ਸਕਦਾ। ਇਸ ਮੌਕੇ ਬੀਬੀ ਗੌਹਰ ਨੇ ਗੁਲਜ਼ਾਰ ਤੇ ਆਰਟ ਐਂਡ ਕਲਚਰਲ ਹੈਰੀਟੇਜ ਟਰੱਸਟ ਦੀ ਮੁਖੀ ਕਿਸ਼ਵਰ ਦੇਸਾਈ ਨਾਲ ਵੀ ਮੁਲਾਕਾਤ ਕੀਤੀ।

# ਸਾਧਵੀ ਪ੍ਰਗਿਆ ਕਤਲ ਕੇਸ 'ਚੋਂ ਬਰੀ

**ਦੇਵਾਸ:** ਅਦਾਲਤ ਨੇ ਆਰ.ਐਸ.ਐਸ. ਪ੍ਰਚਾਰਕ ਸੁਨੀਲ ਜੋਸ਼ੀ ਦੇ ਕਤਲ ਦੇ ਮਾਮਲੇ ਵਿਚ ਸਾਧਵੀ ਪ੍ਰਗਿਆ ਸਿੰਘ ਠਾਕੁਰ ਅਤੇ 7 ਹੋਰਾਂ ਨੂੰ ਬਰੀ ਕਰ ਦਿੱਤਾ ਹੈ।

ਅਦਾਲਤ ਨੇ ਪ੍ਰਗਿਆ, ਹਰਸ਼ ਸੋਲੰਕੀ, ਵਾਸੂਦੇਵ ਪਰਮਾਰ, ਰਾਮਚਰਨ ਪਟੇਲ, ਅਨੰਦਰਾਜ ਕਟਾਰੀਆ, ਲੋਕੇਸ਼ ਸ਼ਰਮਾ, ਰਜਿੰਦਰ ਚੌਧਰੀ ਤੇ ਜਤਿੰਦਰ ਸ਼ਰਮਾ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕੀਤਾ। ਜ਼ਿਕਰਯੋਗ ਹੈ ਕਿ 29 ਦਸੰਬਰ, 2007 ਨੂੰ ਗੋਲੀ ਮਾਰ ਕੇ ਸੁਨੀਲ ਜੋਸ਼ੀ ਦੀ ਹੱਤਿਆ ਕਰ ਦਿੱਤੀ ਗਈ ਸੀ।

# ਕੌਮਾਂਤਰੀ ਪਛਾਣ ਰੱਖਣ ਵਾਲੀਆਂ ਜਲਗਾਹਾਂ ਸੁੱਕਣ ਕਿਨਾਰੇ

**ਜਲੰਧਰ:** ਸੂਬਾ ਸਰਕਾਰਾਂ ਦੀ ਲਾਪਰਵਾਹੀ ਕਾਰਨ ਕੌਮਾਂਤਰੀ ਪੱਧਰ ਉਤੇ ਮਾਨਤਾ ਰੱਖਣ ਵਾਲੀਆਂ ਪੰਜਾਬ ਦੀਆਂ ਤਿੰਨ ਜਲਗਾਹਾਂ ਹਰੀਕੇ ਪੱਤਣ, ਕਾਂਜਲੀ ਤੇ ਰੋਪੜ ਸੁੱਕਣ ਕਿਨਾਰੇ ਆ ਗਈਆਂ ਹਨ। ਹਰੀਕੇ ਪੱਤਣ ਝੀਲ ਦਾ ਇਲਾਕਾ 41 ਵਰਗ ਕਿਲੋਮੀਟਰ ਹੈ, ਪਰ ਹੁਣ ਇਹ ਸੁੰਗੜ ਕੇ ਅੱਧਾ ਵੀ ਨਹੀਂ ਰਿਹਾ। ਇਸ ਦੇ ਬਹੁਤੇ ਹਿੱਸੇ ਉਤੇ ਨਾਜਾਇਜ਼ ਕਬਜ਼ਾ ਹੈ।



ਕਾਂਜਲੀ ਜਲਗਾਹ ਵੀ ਆਪਣੀ ਪਛਾਣ ਕਰ ਕੇ ਜਾਣੀ ਜਾਂਦੀ ਸੀ, ਪਰ 2007 ਵਿਚ ਇਸ ਦਾ 125 ਸਾਲਾ ਵਿਰਾਸਤੀ ਬੰਨ੍ਹ ਟੁੱਟਣ ਕਰ ਕੇ ਇਸ ਦੀ ਹੋਂਦ ਖਤਮ ਹੋਣ ਕਿਨਾਰੇ ਆ ਗਈ ਹੈ। ਭਾਵੇਂ ਇਸ ਦਾ ਬੰਨ੍ਹ ਕਈ ਸਾਲਾਂ ਬਾਅਦ ਬਣਾ ਦਿੱਤਾ ਗਿਆ ਸੀ, ਪਰ ਜਲਗਾਹ ਆਪਣੀ ਪਹਿਲਾਂ ਵਾਲੀ ਪਛਾਣ ਕਾਇਮ ਨਹੀਂ ਰੱਖ ਸਕੀ। ਰੋਪੜ ਝੀਲ ਵੀ 13.65 ਵਰਗ ਕਿਲੋਮੀਟਰ ਵਿਚ ਸੀ, ਪਰ ਹੁਣ ਇਸ ਦੀ ਸਫਾਈ ਨਾ ਹੋਣ ਕਰ ਕੇ ਇਹ ਸੁੰਗੜ ਗਈ ਹੈ। ਹਰੀਕੇ ਪੱਤਣ ਝੀਲ 1953 ਵਿਚ ਬਣਾਈ ਗਈ ਸੀ, ਜਦੋਂ ਇਥੋਂ ਦੋ ਨਹਿਰਾਂ ਕੱਢੀਆਂ ਗਈਆਂ ਸਨ। ਇਕ ਰਾਜਸਥਾਨ ਨੂੰ ਜਾਂਦੀ ਹੈ ਤੇ ਦੂਜੀ ਮਾਲਵੇ ਨੂੰ। ਇਸ ਝੀਲ ਦਾ ਰਕਬਾ 41 ਕਿਲੋਮੀਟਰ ਵਰਗ ਹੈ, ਪਰ ਹੁਣ ਇਹ ਰਕਬਾ ਤੇਜ਼ੀ ਨਾਲ ਸੁੰਗੜਦਾ ਜਾ ਰਿਹਾ ਹੈ।

ਪੰਜਾਬ ਦਾ ਸਭ ਤੋਂ ਪ੍ਰਦੂਸ਼ਿਤ ਸਤਲੁਜ ਦਰਿਆ ਇਥੇ ਆ ਕੇ ਬਿਆਸ ਵਿਚ ਮਿਲਦਾ ਹੈ। ਸਤਲੁਜ ਦਰਿਆ ਦਾ ਪਾਣੀ ਸਭ ਤੋਂ ਖਤਰਨਾਕ (ਈ ਗਰੇਡ) ਇਥੇ ਆ ਕੇ ਮਿਲਦਾ ਹੈ। ਬਿਆਸ ਤੇ ਸਤਲੁਜ ਦਰਿਆਵਾਂ ਵਿਚ ਪਾਣੀ ਦੀ ਘਾਟ ਕਾਰਨ ਇਸ ਦਾ ਰਕਬਾ ਘਟ ਗਿਆ ਹੈ ਤੇ ਕਈ ਬਾਹੂਬਲੀਆਂ ਨੇ ਸੈਂਕੜੇ ਏਕੜ ਝੀਲ ਦੀ ਜ਼ਮੀਨ ਉਤੇ ਕਬਜ਼ਾ ਕੀਤਾ ਹੋਇਆ ਹੈ। ਕੇਂਦਰ ਸਰਕਾਰ ਨੇ 1982 ਵਿਚ ਹਰੀਕੇ ਝੀਲ ਨੂੰ ਪੰਛੀਆਂ ਦੀ ਰੱਖ ਵਜੋਂ ਵੀ ਮਾਨਤਾ ਦੇ ਦਿੱਤੀ ਸੀ। ਇਸ ਝੀਲ ਉਤੇ 200 ਕਿਸਮਾਂ ਤੋਂ ਵੱਧ ਪਰਵਾਸੀ ਪੰਛੀ ਸਰਦੀਆਂ ਵਿਚ ਰੈਣ ਬਸੇਰਾ ਕਰਦੇ ਹਨ।

ਕਾਂਜਲੀ ਪੰਜਾਬ ਦਾ ਸਭ ਤੋਂ ਪੁਰਾਣਾ ਸੈਲਾਨੀ ਕੇਂਦਰ ਰਿਹਾ ਹੈ, ਪਰ ਸਰਕਾਰਾਂ ਦੀ ਅਣਗਹਿਲੀ ਕਾਰਨ ਇਸ ਦਾ ਵਿਕਾਸ ਨਹੀਂ ਹੋ ਰਿਹਾ। ਇਸ ਜਲਗਾਹ ਨੂੰ 1870 ਵਿਚ ਮਹਾਰਾਜਾ ਕਪੂਰਥਲਾ ਨੇ ਵਿਕਸਿਤ ਕੀਤਾ ਸੀ, ਪਰ ਸਰਕਾਰਾਂ ਨੇ ਇਸ ਤੋਂ ਮੂੰਹ ਮੋੜੀ ਰੱਖਿਆ। ਸਾਲ 1971 ਨੂੰ ਇਰਾਨ ਵਿਚ ਹੋਈ ਰਾਮਸਰ ਸੰਧੀ ਵਿਚ ਕਾਂਜਲੀ ਵੈੱਟਲੈਂਡ ਨੂੰ ਕੌਮਾਂਤਰੀ ਪੱਧਰ ਦੀ ਜਲਗਾਹ ਐਲਾਨਿਆ ਗਿਆ ਸੀ।

ਪਹਿਲਾਂ ਇਥੇ ਕਈ ਸ੍ਰੇਣੀਆਂ ਦੇ ਪਰਵਾਸੀ ਪੰਛੀ ਆਉਂਦੇ ਸਨ, ਪਰ ਇਸ ਜਲਗਾਹ ਦੀ ਮਾੜੀ ਹਾਲਤ ਕਾਰਨ ਪਰਵਾਸੀ ਪੰਛੀਆਂ ਨੇ ਇਸ ਤੋਂ ਮੂੰਹ ਮੋੜ ਲਿਆ। 2014 ਦੌਰਾਨ ਇਥੇ ਸਿਰਫ ਦੋ ਪਰਵਾਸੀ ਪੰਛੀ ਆਏ ਸਨ। 2015 ਵਿਚ ਇਕ ਵੀ ਪਰਵਾਸੀ ਪੰਛੀ ਨਹੀਂ ਆਇਆ। ਇਸ ਸਾਲ ਪਰਵਾਸੀ ਪੰਛੀ ਆਏ ਹਨ, ਪਰ ਉਹ ਇਥੇ ਠਹਿਰ ਨਹੀਂ ਰਹੇ। ਕੈਪਟਨ ਸਰਕਾਰ ਸਮੇਂ ਇਸ ਨੂੰ ਮੁੜ ਵਿਕਸਤ ਕਰਨ ਦੇ ਯਤਨ ਕੀਤੇ ਗਏ ਸਨ ਜਿਹੜੇ ਸਿਰੇ ਨਹੀਂ ਚੜ੍ਹੇ। ਸੰਤ ਬਲਬੀਰ ਸਿੰਘ ਸੀਚੇਵਾਲ ਨੇ 2004 ਵਿਚ ਇਸ ਜਲਗਾਹ ਨੂੰ ਘਾਟ ਬਣਾ ਕੇ ਸੁੰਦਰ ਬਣਾਇਆ ਸੀ, ਪਰ ਸਰਕਾਰਾਂ ਨੇ ਸੁੰਦਰਤਾ ਕਾਇਮ ਰੱਖਣ ਲਈ ਉਪਰਾਲੇ ਨਹੀਂ ਕੀਤੇ।

ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਹਰੀਕੇ ਪੱਤਣ ਦਾ ਪ੍ਰਦੂਸ਼ਿਤ ਪਾਣੀ ਗੁਰਦੁਆਰਿਆਂ ਵਿਚ ਵਰਤਿਆ ਜਾ ਰਿਹਾ ਹੈ ਜੋ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਦਰਿਆਵਾਂ ਤੇ ਡਰੇਨਾਂ ਦਾ ਪ੍ਰਦੂਸ਼ਣ ਨਾ ਰੁਕਣ ਕਾਰਨ ਇਹ ਜਲਗਾਹਾਂ ਲਈ ਸਭ ਤੋਂ ਘਾਤਕ ਹੈ। ਇਥੋਂ ਪਰਵਾਸੀ ਪੰਛੀ ਇਸੇ ਕਰ ਕੇ ਵੀ ਮੂੰਹ ਮੋੜ ਰਹੇ ਹਨ। ਉਨ੍ਹਾਂ ਦੱਸਿਆ ਕਿ ਹਰੀਕੇ ਜਲਗਾਹ ਦੇ ਵੱਡੇ ਹਿੱਸੇ ਵਿਚ ਨਾਜਾਇਜ਼ ਕਬਜ਼ਿਆਂ ਦੀ ਭਰਮਾਰ ਹੈ।

## ਕੁਵੈਤ ਵੱਲੋਂ ਪਾਕਿਸਤਾਨ ਸਣੇ ਪੰਜ ਮੁਸਲਿਮ ਦੇਸ਼ਾਂ 'ਤੇ ਪਾਬੰਦੀ

**ਕੁਵੈਤ ਸਿਟੀ:** ਕੁਵੈਤ ਨੇ ਅਤਿਵਾਦ ਰੋਕਣ ਦੇ ਮੱਦੇਨਜ਼ਰ ਇਕ ਵੱਡਾ ਫੈਸਲਾ ਕੀਤਾ ਹੈ, ਜਿਸ ਤਹਿਤ ਉਸ ਨੇ ਪੰਜ ਦੇਸ਼ਾਂ ਈਰਾਨ, ਇਰਾਕ, ਪਾਕਿਸਤਾਨ, ਅਫਗਾਨਿਸਤਾਨ ਤੇ ਸੀਰੀਆ ਦੇ ਨਾਗਰਿਕਾਂ ਦੇ ਆਪਣੇ ਦੇਸ਼ ਵਿਚ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਹੁਣ ਇਥੋਂ ਦੇ ਲੋਕਾਂ ਨੂੰ ਕੁਵੈਤ ਦਾ ਵੀਜ਼ਾ ਨਹੀਂ ਮਿਲੇਗਾ ਤੇ ਨਾ ਹੀ ਇਥੋਂ ਦੇ ਲੋਕ ਕੁਵੈਤ ਜਾ ਸਕਣਗੇ।

ਕੁਵੈਤ, ਪਾਕਿਸਤਾਨ ਦੇ ਲੋਕਾਂ ਨੂੰ ਵੀ ਵੀਜ਼ਾ ਨਹੀਂ ਦੇਵੇਗਾ। ਫਿਲਹਾਲ ਇਹ ਪਾਬੰਦੀ ਇਸਲਾਮਿਕ ਅਤਿਵਾਦੀਆਂ ਦੇ ਸੰਭਾਵਤ ਦਾਖਲੇ ਨੂੰ ਵੇਖਦੇ ਹੋਏ ਲਾਈ ਗਈ ਹੈ ਜਿਸ ਤਹਿਤ ਸੈਰ ਸਪਾਟਾ, ਵਪਾਰ ਅਤੇ ਵੀਜ਼ੇ 'ਤੇ ਰੋਕ ਜਾਰੀ ਰਹੇਗੀ।

ਜ਼ਿਕਰਯੋਗ ਹੈ, 2015 'ਚ ਅਤਿਵਾਦੀਆਂ ਨੇ ਸ਼ੀਆ ਮਸਜਿਦ 'ਤੇ ਬੰਬਾਰੀ ਕੀਤੀ ਸੀ ਜਿਸ 'ਚ ਕੁਵੈਤ ਦੇ 27 ਨਾਗਰਿਕ ਮਾਰੇ ਗਏ ਸੀ। ਸਾਲ 2016 ਦੇ ਇਕ ਸਰਵੇ ਨੇ ਕੁਵੈਤ ਨੂੰ ਦੁਨੀਆਂ ਦੇ ਉਨ੍ਹਾਂ ਦੇਸ਼ਾਂ ਦੀ ਸੂਚੀ 'ਚ ਰੱਖਿਆ ਹੈ ਜੋ ਆਪਣੇ ਸੱਭਿਆਚਾਰਕ ਕਾਨੂੰਨ ਕਾਰਨ ਪਰਵਾਸੀਆਂ ਲਈ ਸਭ ਤੋਂ ਖਰਾਬ ਜਗ੍ਹਾ ਹੈ।

## ਟਰੰਪ ਤੇ ਟਰਨਬੁੱਲ ਦੀ ਫੋਨ 'ਤੇ ਗੱਲ ਵਿਗੜੀ



**ਵਸ਼ਿੰਗਟਨ:** ਡੋਨਲਡ ਟਰੰਪ ਅਤੇ ਆਸਟਰੇਲਿਆਈ ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ ਵਿਚਾਲੇ ਫੋਨ ਉਤੇ ਪਹਿਲੀ ਦਫਾ ਹੋਈ ਗੱਲਬਾਤ ਕੂਟਨੀਤਕ ਸੰਕਟ ਵਿਚ ਬਦਲ ਗਈ। ਇਸ ਮਗਰੋਂ ਅਮਰੀਕੀ ਰਾਸ਼ਟਰਪਤੀ ਨੇ ਬਰਾਕ ਓਬਾਮਾ ਦੇ ਸਮੇਂ 1200 ਸ਼ਰਨਾਰਥੀਆਂ ਨੂੰ ਸਵੀਕਾਰ ਕਰਨ ਬਾਰੇ ਆਸਟਰੇਲੀਆ ਨਾਲ ਹੋਏ ਕਰਾਰ ਨੂੰ 'ਬੇਤੁਕਾ' ਸਮਝੌਤਾ ਦੱਸ ਦਿੱਤਾ। 'ਦਿ ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ ਟਰੰਪ ਨੇ ਕਿਹਾ ਕਿ ਟਰਨਬੁੱਲ ਨਾਲ ਗੱਲਬਾਤ ਉਸ ਦਿਨ ਵਿਸ਼ਵ ਭਰ ਦੇ ਆਗੂਆਂ ਨੂੰ ਕੀਤੀਆਂ ਫੋਨ ਕਾਲਾਂ ਵਿਚੋਂ ਸਭ ਤੋਂ ਵੱਧ ਬਕਵਾਸ ਸੀ।

ਉਨ੍ਹਾਂ 25 ਮਿੰਟਾਂ ਮਗਰੋਂ ਹੀ ਇਹ ਗੱਲਬਾਤ ਖਤਮ ਕਰ ਦਿੱਤੀ। ਟਰਨਬੁੱਲ ਨਾਲ ਫੋਨ ਉਤੇ ਗੱਲਬਾਤ ਦੌਰਾਨ ਅਮਰੀਕੀ ਰਾਸ਼ਟਰਪਤੀ ਨੇ ਸ਼ਰਨਾਰਥੀਆਂ ਨੂੰ ਸਵੀਕਾਰ ਕਰਨ ਬਾਰੇ ਹੋਏ ਸਮਝੌਤੇ ਉਤੇ ਇਤਰਾਜ਼ ਜਤਾਇਆ। ਦੋਵਾਂ ਆਗੂਆਂ ਵਿਚਾਲੇ ਅਣਬਣ ਉਦੋਂ ਸਾਹਮਣੇ ਆਈ, ਜਦੋਂ ਅਮਰੀਕਾ ਵੱਲੋਂ ਆਸਟਰੇਲੀਆ ਤੋਂ 1200 ਸ਼ਰਨਾਰਥੀ ਸਵੀਕਾਰ ਕਰਨ ਬਾਰੇ ਗੱਲ ਚੱਲੀ। ਓਬਾਮਾ ਪ੍ਰਸ਼ਾਸਨ ਅਧੀਨ ਸਿਰੇ ਚੜ੍ਹੇ ਇਸ ਸਮਝੌਤੇ ਤਹਿਤ ਆਸਟਰੇਲੀਆ ਦੇ ਹਿਰਾਸਤੀ ਕੇਂਦਰਾਂ ਵਿਚ ਰਹਿ ਰਹੇ ਸ਼ਰਨਾਰਥੀ ਅਮਰੀਕਾ ਭੇਜੇ ਜਾਣਗੇ। ਇਨ੍ਹਾਂ ਵਿਚੋਂ ਜ਼ਿਆਦਾਤਰ ਅਜਿਹੇ ਸੱਤ ਮੁਲਕਾਂ ਦੇ ਹਨ, ਜਿਨ੍ਹਾਂ ਦੇ ਨਾਗਰਿਕਾਂ 'ਤੇ ਅਮਰੀਕਾ ਵਿਚ ਦਾਖਲੇ ਉਤੇ ਟਰੰਪ ਨੇ ਹੁਣੇ ਰੋਕ ਲਾਈ ਹੈ।

ਅਮਰੀਕੀ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਕਿ ਟਰੰਪ ਨੇ ਜ਼ੋਰ ਦਿੱਤਾ ਕਿ ਦੋ ਹਜ਼ਾਰ ਸ਼ਰਨਾਰਥੀਆਂ ਨੂੰ ਆਉਣਾ ਦੇਣਾ ਬਹੁਤ ਬੁਰਾ ਸਮਝੌਤਾ ਹੈ ਅਤੇ ਇਨ੍ਹਾਂ ਵਿਚੋਂ ਕੋਈ ਵੀ ਬੋਸਟਨ ਵਿਚ ਹਮਲਾ ਕਰਨ ਵਾਲਾ ਅਗਲਾ ਅਤਿਵਾਦੀ ਬਣ ਸਕਦਾ ਹੈ। ਟਰਨਬੁੱਲ ਨੇ ਟਰੰਪ ਨੂੰ ਕਈ ਵਾਰ ਕਿਹਾ ਕਿ ਸਮਝੌਤਾ ਦੋ ਹਜ਼ਾਰ ਦੀ ਥਾਂ 1250 ਸ਼ਰਨਾਰਥੀਆਂ ਬਾਰੇ ਸੀ। ਅਮਰੀਕੀ ਰਾਸ਼ਟਰਪਤੀ ਨੇ ਚਿੰਤਾ ਪ੍ਰਗਟਾਈ ਕਿ ਜਦੋਂ ਉਨ੍ਹਾਂ ਦੇ ਪ੍ਰਸ਼ਾਸਕੀ ਆਦੇਸ਼ ਲਾਗੂ ਹਨ ਤਾਂ ਓਬਾਮਾ ਪ੍ਰਸ਼ਾਸਨ ਅਧੀਨ ਹੋਏ ਸਮਝੌਤੇ 'ਤੇ ਕਿਵੇਂ ਅੱਗੇ ਵਧਿਆ ਜਾ ਸਕਦਾ ਹੈ।

## ਯੇਚੁਰੀ ਵੱਲੋਂ ਨਰੇਂਦਰ ਮੋਦੀ ਨੂੰ ਨਾਗਾ ਸ਼ਾਂਤੀ ਸੰਧੀ ਬਾਰੇ ਸਵਾਲ

**ਨਵੀਂ ਦਿੱਲੀ:** ਸ਼ਹਿਰੀ ਸਥਾਨਕ ਸੰਸਥਾਵਾਂ ਵਿਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਖਿਲਾਫ ਨਾਗਾਲੈਂਡ ਵਿਚ ਹੋਏ ਹਿੰਸਕ ਪ੍ਰਦਰਸ਼ਨਾਂ ਬਾਅਦ ਸੀ.ਪੀ.ਆਈ.-ਐਮ ਦੇ ਆਗੂ ਸੀਤਾਰਾਮ ਯੇਚੁਰੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਨੂੰ ਨਾਗਾਲੈਂਡ ਸ਼ਾਂਤੀ ਸੰਧੀ ਬਾਰੇ ਸਵਾਲ ਕੀਤਾ। ਮਾਰਕਸਵਾਦੀ ਆਗੂ ਨੇ ਟਵੀਟ ਕੀਤਾ, 'ਨਾਗਾਲੈਂਡ ਸੜ ਰਿਹਾ ਹੈ। ਪੁੱਛਣਾ ਜਾਇਜ਼ ਹੈ ਕਿ ਮੋਦੀ ਦੇ ਹਸਤਾਖਰਾਂ ਵਾਲੀ 'ਨਾਗਾ ਸੰਧੀ' ਦਾ ਕੀ ਬਣਿਆ ਹੈ।' ਕੁਝ ਉਤਰ-ਪੂਰਬੀ ਰਾਜਾਂ ਵਿਚ ਸਥਿਤੀ ਉਤੇ ਚਿੰਤਾ ਜ਼ਾਹਿਰ ਕਰਦਿਆਂ ਸ੍ਰੀ ਯੇਚੁਰੀ ਨੇ ਭਾਰਤੀ ਜਨਤਾ ਪਾਰਟੀ ਉਤੇ ਸੱਤਾ ਹਥਿਆਉਣ ਉਤੇ ਧਿਆਨ ਕੇਂਦਰਿਤ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ, 'ਨਾਗਾਲੈਂਡ ਤੋਂ ਇਲਾਵਾ ਮਨੀਪੁਰ ਵਿਚ ਵਿਵਾਦ ਹੈ। ਅਸਾਮ ਵਿਚ ਹਾਲਾਤ ਖਰਾਬ ਹਨ। ਅਰੁਣਾਚਲ ਪ੍ਰਦੇਸ਼ ਵਿਚ ਸੁਰੱਖਿਆ ਸਥਿਤੀ ਚਿੰਤਾਜਨਕ ਹੈ ਅਤੇ ਭਾਜਪਾ ਦਾ ਧਿਆਨ ਸਿਰਫ ਸੱਤਾ ਹਥਿਆਉਣ ਉਤੇ ਹੈ।'



ਦੱਸਣਯੋਗ ਹੈ ਕਿ ਨਿਗਮ ਤੇ ਕੌਂਸਲ ਚੋਣਾਂ ਬਾਰੇ ਮੰਗ ਨਾ ਮੰਨੇ ਜਾਣ ਬਾਅਦ ਮੁੱਖ ਮੰਤਰੀ ਖਿਲਾਫ਼ ਪ੍ਰਦਰਸ਼ਨਾਂ ਦੌਰਾਨ ਭੀੜ ਨੇ ਨਾਗਾਲੈਂਡ ਦੀ ਰਾਜਧਾਨੀ ਕੋਹਿਮਾ ਵਿਚ ਸਰਕਾਰੀ ਸੰਪਤੀਆਂ ਤੇ ਵਾਹਨਾਂ ਨੂੰ ਵੱਡੇ ਪੱਧਰ ਉਤੇ ਨੁਕਸਾਨ ਪਹੁੰਚਾਇਆ ਸੀ।

## ਸਮੁੰਦਰੀ ਜੀਵ, ਮਨੁੱਖ ਦੇ ਸਭ ਤੋਂ ਪੁਰਾਤਨ ਪੂਰਵਜ

**ਬੀਜਿੰਗ:** ਖੋਜਕਰਤਾਵਾਂ ਦੇ ਦਲ ਨੇ ਮਨੁੱਖ ਦੇ ਸਭ ਤੋਂ ਪੁਰਾਣੇ ਪੂਰਵਜ ਨੂੰ ਲੱਭਣ ਦਾ ਦਾਅਵਾ ਕੀਤਾ ਹੈ। ਇਹ ਬਾਂਦਰ ਨਾਲ ਜੁੜੀ ਕੋਈ ਨਵੀਂ ਨਸਲ ਨਹੀਂ ਬਲਕਿ ਇਕ ਸੂਖਮ ਸਮੁੰਦਰੀ ਜੀਵ ਹੈ। ਬ੍ਰਿਟੇਨ ਅਤੇ ਚੀਨ ਦੇ ਮਾਹਿਰਾਂ ਨੇ ਜੀਵ ਦਾ ਅਧਿਐਨ ਕਰਨ ਤੋਂ ਬਾਅਦ ਇਸ ਦਾ ਖੁਲਾਸਾ ਕੀਤਾ ਹੈ। ਵਿਗਿਆਨੀਆਂ ਨੇ ਦੱਸਿਆ ਕਿ ਇਹ ਸਮੁੰਦਰੀ ਜੀਵ ਲਗਭਗ 540 ਮਿਲੀਅਨ ਸਾਲ (54 ਕਰੋੜ) ਪਹਿਲਾਂ ਹੋਂਦ 'ਚ ਸੀ। ਇਸ ਨੂੰ ਸਕਰਹਾਈਟਸ ਨਾਮ ਦਿੱਤਾ ਗਿਆ ਹੈ। ਖੋਜਾਰਥੀਆਂ ਦੇ ਦਲ ਨੇ ਦੱਸਿਆ ਕਿ ਬੈਗ ਆਕਾਰ ਦੇ ਇਸ ਸਮੁੰਦਰੀ ਜੀਵ ਦਾ ਸਰੀਰ ਗੋਲਾਕਾਰ ਸੀ। ਉਸ ਦਾ ਮੂੰਹ ਬਹੁਤ ਵੱਡਾ ਸੀ। ਚੀਨ 'ਚ ਮਿਲੇ ਪਿੰਜਰ ਦਾ ਅਧਿਐਨ ਕਰਨ ਤੋਂ ਬਾਅਦ ਇਸ ਨੂੰ ਕਸ਼ੇਰੁਕ ਵਰਗ ਦਾ ਸਭ ਤੋਂ ਪੁਰਾਣਾ ਜੀਵ ਮੰਨਿਆ ਜਾ ਰਿਹਾ ਹੈ।

ਮਨੁੱਖ ਵੀ ਇਸ ਸ਼੍ਰੇਣੀ ਵਿਚ ਆਉਂਦਾ ਹੈ। ਕੈਂਬਰਿਜ ਯੂਨੀਵਰਸਿਟੀ ਅਤੇ ਨਾਰਥ ਵੈਸਟ ਯੂਨੀਵਰਸਿਟੀ (ਚੀਨ) ਦੇ ਮਾਹਿਰਾਂ ਨੇ ਸਕਰਹਾਈਟਸ ਨੂੰ ਕਈ ਨਸਲਾਂ ਦਾ ਪੂਰਵਜ ਦੱਸਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਜੀਵ ਦੀ ਉਤਪਤੀ ਦੇ ਹਜ਼ਾਰਾਂ-ਲੱਖਾਂ ਸਾਲ ਬਾਅਦ ਮਨੁੱਖ ਦਾ ਵਿਕਾਸ ਹੋਇਆ। ਆਕਾਰ 'ਚ ਤਕਰੀਬਨ ਇਕ ਮਿਲੀਮੀਟਰ ਦੇ ਇਸ ਜੀਵ ਦੇ ਸਮੁੰਦਰ ਵਿਚ ਰੇਤ ਦੇ ਕਣਾਂ 'ਚ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ। ਅਣਸੁਲਝੀ ਗੁੱਥੀ ਨੂੰ ਸੁਲਝਾਉਣ ਲਈ ਇਸ ਜੀਵ ਦਾ ਅਧਿਐਨ ਜਾਰੀ ਹੈ। ਸ਼ੁਰੂਆਤ ਵਿਚ ਇਸ ਦੀ ਪਛਾਣ ਨਹੀਂ ਹੋ ਸਕੀ, ਪਰ ਮਾਈਕ੍ਰੋਸਕੋਪ ਨਾਲ ਵਿਸ਼ਲੇਸ਼ਣ ਕਰਨ ਤੋਂ ਨਵੇਂ ਤੱਤ ਸਾਹਮਣੇ ਆਏ।

## ਨਿੱਕੀ ਹੇਲੀ ਵੱਲੋਂ ਯੂਕਰੇਨ ਵਿਚ ਰੂਸ ਕਾਰਵਾਈ ਦੀ ਨਿਖੇਧੀ

**ਸੰਯੁਕਤ ਰਾਸ਼ਟਰ:** ਯੂਕਰੇਨ ਵਿਚ ਰੂਸ ਦੀ ਹਮਲਾਵਰ ਕਾਰਵਾਈ ਦੀ ਸਖਤ ਨਿਖੇਧੀ ਕਰਦਿਆਂ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਨਿੱਕੀ ਹੇਲੀ ਨੇ ਸੁਰੱਖਿਆ ਕੌਂਸਲ ਵਿਚ ਆਪਣੇ ਉਦਘਾਟਨੀ ਭਾਸ਼ਣ ਵਿਚ ਯੂਕਰੇਨ ਵਿਚ ਹਿੰਸਾ 'ਚ ਵਾਧੇ ਨੂੰ ਲੈ ਕੇ ਰੂਸ ਦੀ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਿੰਨੀ ਦੇਰ ਰੂਸ ਕਰੀਮੀਆ ਵਿਚੋਂ ਨਹੀਂ ਨਿਕਲਦਾ ਉਦੋਂ ਤੱਕ ਉਸ ਉਤੇ ਪਾਬੰਦੀਆਂ ਲਾਗੂ ਰਹਿਣਗੀਆਂ।



ਨਿੱਕੀ ਹੇਲੀ ਨੇ ਕਿਹਾ ਕਿ ਬਦਕਿਸਮਤੀ ਨੂੰ ਉਸ ਨੂੰ ਆਪਣੇ ਪਹਿਲੇ ਹੀ ਭਾਸ਼ਣ ਵਿਚ ਰੂਸ ਦੇ ਹਮਲਾਵਰ ਰੁਖ ਦੀ ਸਖਤ ਨਿਖੇਧੀ ਕਰਨੀ ਪੈ ਰਹੀ ਹੈ। ਭਾਰਤੀ ਮੂਲ ਦੀ ਅਮਰੀਕੀ ਆਗੂ ਨੇ ਕਿਹਾ ਕਿ ਅਮਰੀਕਾ ਰੂਸ ਦੇ ਨਾਲ ਆਪਣੇ ਸਬੰਧ ਸੁਧਾਰਨ ਦਾ ਇੱਛੁਕ ਹੈ, ਪਰ ਯੂਕਰੇਨ ਵਿਚ ਰੂਸ ਦੀ ਕਾਰਵਾਈ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਉਹ ਘੱਟ ਹੈ। ਕਰੀਮੀਆ ਯੂਕਰੇਨ ਦਾ ਹਿੱਸਾ ਹੈ ਅਤੇ ਰੂਸ ਨੂੰ ਇਹ ਯੂਕਰੇਨ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ।

## ਸਿਆਸੀ ਪਾਰਟੀਆਂ ਦੇ ਫੰਡਾਂ ਦੇ ਗੱਫਿਆ ਨੂੰ ਘੇਰਾ

**ਨਵੀਂ ਦਿੱਲੀ:** ਚੋਣ ਪ੍ਰਬੰਧ ਨੂੰ ਕਾਲੇ ਧਨ ਤੋਂ ਮੁਕਤ ਕਰਨ ਤੇ ਸਿਆਸੀ ਪਾਰਟੀਆਂ ਨੂੰ ਮਿਲਦੇ ਫੰਡ ਨਾਲ ਸਬੰਧਤ ਪ੍ਰਣਾਲੀ ਵਿਚ ਸੁਧਾਰ ਦੇ ਇਰਾਦੇ ਨਾਲ ਕੇਂਦਰ ਸਰਕਾਰ ਨੇ ਕੇਂਦਰੀ ਬਜਟ ਵਿਚ ਤਜਵੀਜ਼ ਪੇਸ਼ ਕੀਤੀ ਹੈ, ਜਿਸ ਤਹਿਤ ਹੁਣ ਸਿਆਸੀ ਪਾਰਟੀਆਂ ਦਾਨ ਵਜੋਂ 2000 ਰੁਪਏ ਤੱਕ ਹੀ ਨਗਦ ਲੈ ਸਕਣਗੀਆਂ। ਇਸ ਤੋਂ ਪਹਿਲਾਂ ਇਹ ਹੱਦ 20 ਹਜ਼ਾਰ ਰੁਪਏ ਦੀ ਸੀ।




ਇਸ ਦੇ ਨਾਲ ਹੀ ਸਿਆਸੀ ਪਾਰਟੀਆਂ ਨੂੰ ਚੈੱਕ ਜਾਂ ਡਿਜੀਟਲ ਮੋਡ ਰਾਹੀਂ ਦਾਨ ਲੈਣ ਦੀ ਵੀ ਖੁੱਲ੍ਹ ਰਹੇਗੀ। ਇਸ ਦੇ ਨਾਲ ਹੀ ਵਿੱਤ ਮੰਤਰੀ ਅਰੁਣ ਜੇਤਲੀ ਨੇ 'ਇਲੈਕਟੋਰਲ ਬੌਂਡਜ਼' ਸਕੀਮ ਦਾ ਵੀ ਐਲਾਨ ਕੀਤਾ ਹੈ। ਨਵੇਂ ਵਿੱਤੀ ਵਰ੍ਹੇ ਲਈ ਬਜਟ ਪੇਸ਼ ਕਰਦਿਆਂ ਸ੍ਰੀ ਜੇਤਲੀ ਨੇ ਕਿਹਾ ਕਿ 'ਇਲੈਕਟੋਰਲ ਬੌਂਡਜ਼' ਸਕੀਮ ਨੂੰ ਅਮਲ ਵਿਚ ਲਿਆਉਣ ਲਈ ਭਾਰਤੀ ਰਿਜ਼ਰਵ ਬੈਂਕ ਐਕਟ ਵਿਚ ਸੋਧ ਦੀ ਲੋੜ ਹੈ ਤੇ ਇਸ ਲਈ ਬਜਟ 'ਚ ਤਜਵੀਜ਼ ਰੱਖੀ ਗਈ ਹੈ। ਵਿੱਤ ਮੰਤਰੀ ਨੇ ਕਿਹਾ ਕਿ ਇਸ ਸਕੀਮ ਤਹਿਤ ਦਾਨ ਕਰਨ ਦਾ ਚਾਹਵਾਨ ਅਧਿਕਾਰਤ ਬੈਂਕਾਂ ਤੋਂ ਚੈੱਕ ਤੇ ਡਿਜੀਟਲ ਅਦਾਇਗੀ ਜ਼ਰੀਏ ਬੌਂਡ ਖਰੀਦ ਸਕੇਗਾ। ਇਨ੍ਹਾਂ ਬੌਂਡਾਂ ਨੂੰ ਜਾਰੀ ਹੋਣ ਤੋਂ ਬਾਅਦ ਨਿਰਧਾਰਤ ਸਮੇਂ ਸੀਮਾ ਦੌਰਾਨ ਹੀ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਮਨੋਨੀਤ ਖਾਤਿਆਂ 'ਚ ਰਾਸ਼ੀ ਦੇ ਰੂਪ ਵਿਚ ਤਬਦੀਲ ਕਰਵਾਇਆ ਜਾ ਸਕੇਗਾ। ਤਜਵੀਜ਼ ਮੁਤਾਬਕ ਸਿਆਸੀ ਪਾਰਟੀਆਂ ਨੂੰ ਹੁਣ ਨਿਰਧਾਰਤ ਸਮੇਂ 'ਚ ਆਮਦਨ ਕਰ ਐਕਟ ਤਹਿਤ ਰਿਟਰਨ ਭਰਨੀ ਲਾਜ਼ਮੀ ਹੋਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸੁਧਾਰਾਂ ਨਾਲ ਸਿਆਸੀ ਪਾਰਟੀਆਂ ਦੇ ਲੈਣ ਦੇਣ 'ਚ ਜਿਥੇ ਪਾਰਦਰਸ਼ਤਾ ਆਏਗੀ, ਉਥੇ ਉਹ ਸਿਆਸੀ ਫੰਡਿੰਗ ਬਾਰੇ ਜਵਾਬਦੇਹ ਹੋਣਗੀਆਂ।

# ਵਿਪਸਾਅ ਦੀ ਮੀਟਿੰਗ ਵਿਚ 'ਵਿਸ਼ਵ ਪੰਜਾਬੀ ਕਾਨਫਰੰਸ' ਸਬੰਧੀ ਹੋਈ ਭਰਵੀਂ ਚਰਚਾ



**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਦੀ ਸਾਲ 2017 ਦੀ ਪਲੇਠੀ ਮੀਟਿੰਗ ਇਥੇ ਕਡਿੰਗੋ ਸਕੂਲ ਵਿਚ ਹੋਈ। ਨਵੇਂ ਸਾਲ ਲਈ ਸ਼ੁਭਕਾਮਨਾਵਾਂ ਦਿੰਦਿਆਂ ਸ਼ਾਇਰ ਹਰਜਿੰਦਰ ਕੰਗ ਨੇ ਸਭ ਨੂੰ ਜੀ ਆਇਆਂ ਆਖੀ ਅਤੇ ਸਾਲ 2016 ਵਿਚ ਅਕੈਡਮੀ ਵਲੋਂ ਕਰਵਾਈ 'ਵਿਸ਼ਵ ਪੰਜਾਬੀ ਕਾਨਫਰੰਸ' ਸਬੰਧੀ ਚਰਚਾ ਲਈ ਸੱਦਾ ਦਿੱਤਾ।

ਸਭਾ ਦੇ ਮੈਂਬਰਾਂ ਦੇ ਸਵਾਲਾਂ, ਸ਼ੰਕਿਆਂ ਤੇ ਗਲਤਫਹਿਮੀਆਂ ਦਾ ਸੰਤੋਸ਼ਜਨਕ ਉਤਰ ਦਿੰਦਿਆਂ ਡਾ. ਗੁਰੂਮੇਲ ਸਿੱਧੂ ਨੇ ਫਰਿਜ਼ਨੋ ਵਿਚ ਪਿਛਲੇ ਸਾਲ ਹੋਈ 'ਵਿਸ਼ਵ ਪੰਜਾਬੀ ਕਾਨਫਰੰਸ' ਨੂੰ ਅਕੈਡਮੀ ਦੀ ਸਾਂਝੀ ਪ੍ਰਾਪਤੀ ਦੱਸਦਿਆਂ ਰਹਿ ਗਈਆਂ ਤਰੁਟੀਆਂ ਭਵਿੱਖ ਵਿਚ ਦੂਰ ਕਰਨ ਦੀ ਗੱਲ ਆਖੀ। ਨਾਲ ਹੀ ਵਿਪਸਾਅ ਦੀ ਨਵੀਂ ਕਮੇਟੀ ਦੇ ਗਠਨ ਲਈ ਅਗਲੀ ਮੀਟਿੰਗ ਵਿਚ ਫੈਸਲਾ ਕਰਨ ਦੀ ਸਰਬਸੰਮਤੀ ਪ੍ਰਗਟਾਈ ਗਈ।

ਉਥੇ ਗਜ਼ਲਗੋ ਸੁਰਿੰਦਰ ਸੀਰਤ ਦੀ ਸਮੁੱਚੀ ਸ਼ਾਇਰੀ ਸਬੰਧੀ ਡਾ. ਦਰਿਆ ਵਲੋਂ ਸੰਪਾਦਿਤ ਲੇਖਾਂ ਦੀ ਪੁਸਤਕ 'ਸੁਰਿੰਦਰ ਸੀਰਤ: ਸਿਰਜਣਾ ਤੇ ਸੰਵਾਦ' ਇਸ ਮੌਕੇ ਰਿਲੀਜ਼ ਕੀਤੀ ਗਈ। ਸਭ ਨੇ ਸੁਰਿੰਦਰ ਸੀਰਤ ਦੇ ਨਿਰੰਤਰ ਸ਼ਬਦ ਗੀਤਸ਼ੀਲਤਾ ਦੀ ਸ਼ਲਾਘਾ ਕੀਤੀ। ਇਸ ਪੁਸਤਕ ਦੇ ਵਿਸ਼ਾ ਵਸਤੂ ਸਬੰਧੀ ਪ੍ਰੋ. ਸੁਖਵਿੰਦਰ ਕੰਬੋਜ ਨੇ ਪੁਸਤਕ ਵਿਚ ਦਰਜ ਲੇਖਾਂ ਦੀ ਭਰਵੀਂ ਸ਼ਲਾਘਾ ਕੀਤੀ ਅਤੇ ਸੁਰਿੰਦਰ ਸੀਰਤ ਨੂੰ ਕਾਵਿ-ਚਿੰਤਨ ਦੇ ਪ੍ਰਸੰਗ 'ਚ ਇਕ ਸੰਜੀਦਾ ਦ੍ਰਿਸ਼ਟੀ ਵਾਲਾ ਕਵੀ ਕਿਹਾ। ਉਪਰੰਤ ਸੁਰਿੰਦਰ ਸੀਰਤ ਨੇ ਇਸ ਪੁਸਤਕ ਦੀ ਛਪਣ ਪ੍ਰਕ੍ਰਿਆ ਪ੍ਰਤੀ ਆਪਣੇ ਵਿਚਾਰ ਸਾਂਝੇ ਕੀਤੇ ਤੇ ਦੱਸਿਆ ਕਿ ਕੁਝ ਬਹੁਤ ਅਹਿਮ ਲੇਖ ਕੁਝ ਕਾਰਨਾਂ ਕਰ ਕੇ ਪੁਸਤਕ 'ਚ ਸ਼ਾਮਿਲ ਨਹੀਂ ਹੋ ਸਕੇ।


ਮੀਟਿੰਗ ਦੇ ਅਖੀਰ ਵਿਚ ਹੋਏ ਕਵੀ ਦਰਬਾਰ ਵਿਚ ਡਾ. ਗੁਰੂਮੇਲ ਸਿੱਧੂ, ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਸੁਰਿੰਦਰ ਸੀਰਤ, ਕਰਮ ਸਿੰਘ ਮਾਨ, ਗੁਲਸ਼ਨ ਦਿਆਲ, ਨੀਲਮ ਸੈਣੀ, ਤਾਰਾ ਸਾਗਰ, ਹਰਭਜਨ ਸਿੰਘ ਢਿੱਲੋਂ, ਰੇਸ਼ਮ ਸਿੱਧੂ, ਗੁਰਮੀਤ ਸਿੰਘ ਬਰਸਾਲ, ਈਸ਼ਰ ਸਿੰਘ ਮੋਮਨ, ਗੁਰਦੀਪ, ਪ੍ਰੀਤ ਪੰਕਜ, ਡਾ. ਖਵਾਜ਼ਾ ਅਸ਼ਰਫ ਅਤੇ ਅਸ਼ੋਕ ਭੌਰਾ ਨੇ ਹਿੱਸਾ ਲਿਆ।

ਗਾਇਕ ਸੁਖਦੇਵ ਸਾਹਿਲ ਨੇ ਆਪਣੇ ਸੁਰੀਲੇ ਸੁਰਾਂ ਨਾਲ ਮਾਹੌਲ ਵਿਚ ਸੰਗੀਤ ਦੀ ਮਹਿਕ ਘੋਲ ਦਿੱਤੀ। ਉਥੇ ਰੰਗ ਕਰਮੀ ਅਸ਼ੋਕ ਟਾਂਗਰੀ, ਲਾਜ ਸੈਣੀ ਵੀ ਹਾਜ਼ਰ ਸਨ। ਪ੍ਰਬੰਧਕੀ ਕਾਰਜਾਂ ਵਿਚ ਨੀਲਮ ਸੈਣੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਹੋਰ ਜਾਣਕਾਰੀ ਲਈ ਹਰਜਿੰਦਰ ਕੰਗ ਨਾਲ ਫੋਨ: 559-917-4890 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਗਾਇਕਾ ਜਸਦੀਪ ਦੀ ਐਲਬਮ 'ਮਿਰਜਾ' ਰਿਲੀਜ਼

**ਫਰਿਜ਼ਨੋ (ਬਿਊਰੋ):** ਇਥੇ ਰਹਿੰਦੇ ਗੀਤਕਾਰ ਕਾਲਾ ਸਿੱਧੂ ਤੇ ਸੁਖ ਧਾਲੀਵਾਲ ਦੀ ਪੇਸ਼ਕਸ਼ ਅਰਸ਼ ਰਿਕਾਰਡਜ਼ ਦੇ ਬੈਨਰ ਹੇਠ ਗਾਇਕਾ ਜਸਦੀਪ ਦੀ ਐਲਬਮ 'ਮਿਰਜਾ' ਰਿਲੀਜ਼ ਕੀਤੀ ਗਈ। ਇਹ ਐਲਬਮ ਪਿਛਲੇ ਦਿਨੀਂ ਪੰਜਾਬ ਦੇ ਸ਼ਹਿਰ ਨਿਹਾਲ ਸਿੰਘ ਵਾਲਾ ਵਿਚ ਵੀ ਰਿਲੀਜ਼ ਕੀਤੀ ਗਈ।

ਗੀਤਕਾਰ ਕਾਲਾ ਸਿੱਧੂ ਨੇ ਦੱਸਿਆ ਕਿ ਇਸ ਐਲਬਮ ਦੇ ਸਾਰੇ ਗੀਤ ਗੀਤਕਾਰ ਢਿੱਲੋਂ ਭਾਜੀ ਦੇ ਲਿਖੇ ਹਨ ਜੋ ਸਭਿਅਕ ਹਨ ਤੇ ਜਿਨ੍ਹਾਂ ਨੂੰ ਪਰਿਵਾਰ ਵਿਚ ਬਹਿ ਕੇ ਸੁਣਿਆ ਜਾ ਸਕਦਾ ਹੈ। ਸੰਗੀਤ ਕਰਨ-ਪ੍ਰਿੰਸ ਦਾ ਹੈ ਅਤੇ ਵੀਡੀਓਗ੍ਰਾਫੀ ਬੀ.ਐਸ. ਔਲਖ ਨੇ ਕੀਤੀ ਹੈ। ਉਨ੍ਹਾਂ ਦੀਪ ਗਿੱਲ ਤੇ ਹਰਮਿਲਾਪ ਗਿੱਲ ਦਾ ਸਹਿਯੋਗ ਲਈ ਧੰਨਵਾਦ ਕੀਤਾ ਹੈ।



ਗਾਇਕਾ ਜਸਦੀਪ



ਐਲਬਮ 'ਮਿਰਜਾ' ਰਿਲੀਜ਼ ਕਰਦੇ ਹੋਏ

# ਪਾਕਿ 'ਚ ਕਸ਼ਮੀਰੀਆਂ ਬਾਰੇ ਮਤਾ ਪਾਸ

**ਇਸਲਾਮਾਬਾਦ:** ਪਾਕਿਸਤਾਨ ਦੀ ਸੰਸਦ ਨੇ ਕਸ਼ਮੀਰੀਆਂ ਨਾਲ ਇਕਜੁਟਤਾ ਦਰਸਾਉਣ ਲਈ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਅਤੇ ਭਾਰਤ ਦੇ ਦਾਅਵੇ ਕਿ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ, ਨੂੰ ਰੱਦ ਕਰ ਦਿੱਤਾ।

ਰੇਡੀਓ ਪਾਕਿਸਤਾਨ ਦੀ ਰਿਪੋਰਟ ਅਨੁਸਾਰ ਕਸ਼ਮੀਰ ਮਾਮਲਿਆਂ ਬਾਰੇ ਮੰਤਰੀ ਤਾਹਿਰ ਨੇ ਨੈਸ਼ਨਲ ਅਸੈਂਬਲੀ 'ਚ ਕਸ਼ਮੀਰੀਆਂ ਨੂੰ ਖੁਦਮੁਖਤਿਆਰੀ ਦੇ ਅਧਿਕਾਰ ਲਈ ਉਨ੍ਹਾਂ ਵਲੋਂ ਕੀਤੇ ਜਾ ਰਹੇ ਸੰਘਰਸ਼ 'ਚ ਸਿਆਸੀ, ਨੈਤਿਕ ਅਤੇ ਕੂਟਨੀਤਕ ਸਮਰਥਨ ਦੇਣ ਲਈ ਮਤਾ ਪੇਸ਼ ਕੀਤਾ ਸੀ।

# ਕੈਂਸਰ ਦੀ ਜਕੜ ਵਿਚ ਤੇਜ਼ੀ ਨਾਲ ਆ ਰਿਹਾ ਹੈ ਭਾਰਤ

**ਲੁਧਿਆਣਾ:** ਨਾਮੁਰਾਦ ਬਿਮਾਰੀ ਕੈਂਸਰ ਦਾ ਨਾਂ ਸੁਣਦਿਆਂ ਹੀ ਸਾਡੇ ਸਰੀਰ ਨੂੰ ਕੰਬਣੀ ਛਿੜ ਜਾਂਦੀ ਹੈ ਕਿਉਂਕਿ ਇਹ ਅਜਿਹੀ ਬਿਮਾਰੀ ਹੈ, ਜਿਸ ਦਾ ਸਮੇਂ ਸਿਰ ਇਲਾਜ ਨਾ ਕਰਵਾਇਆ ਜਾਵੇ ਤਾਂ ਮਰੀਜ਼ ਮੌਤ ਦੇ ਮੂੰਹ 'ਚ ਚਲਾ ਜਾਂਦਾ ਹੈ। ਕੈਂਸਰ ਰੋਗਾਂ ਦੇ ਮਾਹਿਰ ਡਾਕਟਰਾਂ ਦਾ ਕਹਿਣਾ ਹੈ ਕਿ ਭਾਰਤ 'ਚ ਹਰ ਸਾਲ ਬੱਚੇਦਾਨੀ ਤੇ ਛਾਤੀ ਦੇ ਕੈਂਸਰ ਨਾਲ ਹਜ਼ਾਰਾਂ ਔਰਤਾਂ ਨਿੱਕੇ ਨਿੱਕੇ ਬੱਚਿਆਂ ਨੂੰ ਵਿਲਕਦਿਆਂ ਛੱਡ ਕੇ ਪ੍ਰਾਣ ਤਿਆਗ ਦਿੰਦਿਆਂ ਹਨ। ਮਾਹਰਾਂ ਮੁਤਾਬਕ ਸਾਲ-2020 ਤੱਕ ਭਾਰਤ ਵਿਚ 17.3 ਲੱਖ ਕੈਂਸਰ ਦੇ ਨਵੇਂ ਮਾਮਲੇ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਕੈਂਸਰ ਮਾਹਰਾਂ ਦਾ ਵਿਚਾਰ ਹੈ ਕਿ ਤੰਬਾਕੂ ਕਾਰਨ ਮੂੰਹ, ਗਲੇ, ਜੁਬਾੜੇ, ਫੇਫੜਿਆਂ ਦਾ ਕੈਂਸਰ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਕੈਂਸਰ ਦਾ ਪਹਿਲੀ ਜਾਂ ਦੂਜੀ ਸਥਿਤੀ ਦੌਰਾਨ ਹੀ ਪਤਾ ਲੱਗ ਜਾਣ 'ਤੇ ਇਲਾਜ ਕਰਵਾ ਲਿਆ ਜਾਵੇ ਤਾਂ ਮਰੀਜ਼ ਆਮ ਵਿਅਕਤੀ ਦੀ ਤਰ੍ਹਾਂ ਜੀਵਨ ਬਤੀਤ ਕਰਨ ਦੇ ਯੋਗ ਹੋ ਜਾਂਦਾ ਹੈ ਜਦਕਿ ਤੀਜੀ ਤੇ ਚੌਥੀ ਅਵਸਥਾ ਦੌਰਾਨ ਇਲਾਜ ਕਰਵਾਉਣ ਉਤੇ ਮਰੀਜ਼ ਦੇ ਇਲਾਜ ਸਮੇਂ ਕਈ ਵਾਰੀ ਬਹੁਤੀ ਸਫਲਤਾ ਨਹੀਂ ਮਿਲਦੀ, ਪਰ ਮਰੀਜ਼ ਦੀ ਉਮਰ ਜ਼ਰੂਰ ਲੰਬੀ ਹੋ ਜਾਂਦੀ ਹੈ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਸ਼ੁੱਧ ਹਵਾ ਦਾ ਤਰਸੇਵਾਂ

***ਸੰਸਾਰ ਭਰ ਵਿਚ ਜਿੰਨੀ ਤੇਜ਼ੀ ਨਾਲ ਪ੍ਰਦੂਸ਼ਣ ਵਧ ਰਿਹਾ ਹੈ, ਉਸ ਨੇ ਹਰ ਸੰਜੀਦਾ ਸ਼ਖਸ ਨੂੰ ਫਿਕਰ ਵਿਚ ਪਾ ਦਿੱਤਾ ਹੈ। ਵਾਤਾਵਰਨ ਨਾਲ ਜੁੜੇ ਲੋਕ ਇਸ ਮਾਰ ਤੋਂ ਬਚਾਅ ਲਈ ਵੱਖ-ਵੱਖ ਰਾਹ ਸੁਝਾਅ ਰਹੇ ਹਨ, ਪਰ ਜਾਗਰੂਕਤਾ ਦੇ ਪੱਧਰ 'ਤੇ ਅਜੇ ਇਸ ਪਾਸੇ ਬਹੁਤ ਕੁਝ ਕਰਨਾ ਬਾਕੀ ਹੈ। ਵਿਜੈ ਬੰਬੇਲੀ ਨੇ ਆਪਣੇ ਇਸ ਲੇਖ ਵਿਚ ਪ੍ਰਦੂਸ਼ਣ, ਖਾਸ ਕਰ ਕੇ ਹਵਾ ਦੇ ਪ੍ਰਦੂਸ਼ਣ ਬਾਰੇ ਵਿਸਥਾਰ ਸਹਿਤ ਖੁਲਾਸਾ ਕੀਤਾ ਹੈ। -ਸੰਪਾਦਕ***

ਸਾਡੇ ਆਲੇ-ਦੁਆਲੇ ਦੀ ਵਾਯੂਮੰਡਲੀ ਪਰਤ ਵਿਚ ਮੌਜੂਦ ਧੂੜ, ਧੂੰਆਂ, ਗੈਸ, ਬੂੰਦ, ਬਦਬੂ ਤੇ ਵਾਸ਼ਪ ਆਦਿ ਦੀ ਉਹ ਅਣਉਚਿਤ ਮਾਤਰਾ ਜੋ ਮਨੁੱਖਾਂ, ਪੌਦਿਆਂ ਜਾਂ ਜੀਵਾਂ ਲਈ ਨੁਕਸਾਨਦੇਹ ਪ੍ਰਭਾਵਾਂ ਦਾ ਕਾਰਨ ਬਣਦੀ ਹੈ, ਨੂੰ ਹਵਾ ਪ੍ਰਦੂਸ਼ਣ ਕਿਹਾ ਜਾਂਦਾ ਹੈ। ਹਵਾ-ਪ੍ਰਦੂਸ਼ਣ ਜੀਵਨ ਨੂੰ ਮਾਨਣ ਵਿਚ ਵਿਘਨ ਪਾਉਂਦਾ ਹੈ। ਵਾਪਰ ਰਹੀਆਂ ਅਨੇਕਾਂ ਕਿਰਿਆਵਾਂ ਦੇ ਫਲਸਰੂਪ ਸਾਡੇ ਵਾਯੂਮੰਡਲ ਵਿਚ ਵਿਭਿੰਨ ਪ੍ਰਦੂਸ਼ਣ-ਕਰਤਾ ਦਾਖ਼ਲ ਹੁੰਦੇ ਰਹਿੰਦੇ ਹਨ ਜਿਹੜੇ ਸਾਡੇ ਵਾਤਾਵਰਨੀ ਕਾਰਕਾਂ ਨਾਲ ਕਿਰਿਆ ਕਰ ਕੇ ਵਾਤਾਵਰਨ ਨੂੰ ਜ਼ਹਿਰੀਲਾ ਅਤੇ ਗੰਧਲਾ ਕਰ ਦਿੰਦੇ ਹਨ। ਗ਼ੈਰ-ਕੁਦਰਤੀ ਤੇ ਅਣਸਾਵੇਂ ਵਿਕਾਸ ਅਤੇ ਅਖੌਤੀ ਆਧੁਨਿਕਤਾ ਕਾਰਨ ਵਾਤਾਵਰਨ ਵਿਚ ਸਸਪੈਂਡਿਡ ਪਾਰਟੀਕਲ ਮੈਟਰ (ਐਸ.ਪੀ.ਐਮ.-ਜਿਹੜੇ ਤੱਤ

**ਵਿਜੈ ਬੰਬੇਲੀ**
**ਫੋਨ: +91-94634-39075**

ਹਵਾ ਵਿਚੋਂ ਮਨਫ਼ੀ ਚਾਹੀਦੇ ਹਨ) ਅਤੇ ਨਾਈਟਰੋਜਨ ਆਕਸਾਈਡ ਜ਼ਹਿਰ ਵਧ ਰਹੀ ਹੈ। ਹਵਾ ਵਿਚ ਐਸ.ਪੀ.ਐਮ. ਦੀ ਮਾਤਰਾ 100 ਤੋਂ 200 ਮਾਈਕ੍ਰੋਗ੍ਰਾਮ (ਲਘੂ ਗ੍ਰਾਮ) ਪ੍ਰਤੀ ਘਣ ਮੀਟਰ ਹੋਣੀ ਚਾਹੀਦੀ ਹੈ, ਪਰ ਬਹੁਤੇ ਇਲਾਕਿਆਂ ਵਿਚ ਇਸ ਦੀ ਮਾਤਰਾ 296 ਤੋਂ 586 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਹੋ ਗਈ ਹੈ। ਇਸੇ ਤਰ੍ਹਾਂ ਨਾਈਟਰੋਜਨ ਆਕਸਾਈਡ ਦੀ ਮਾਤਰਾ ਵੀ 30 ਮਾਈਕਰੋਗ੍ਰਾਮ ਪ੍ਰਤੀ ਕਿਊਬਕ ਮੀਟਰ ਹੋਣੀ ਚਾਹੀਦੀ ਹੈ ਜੋ 46 ਤੱਕ ਪੁੱਜ ਗਈ ਹੈ। ਸਲਫਰ ਡਾਇਆਕਸਾਈਡ (ਐਸ.ਓ.ਟੂ.) ਨਿਰਧਾਰਿਤ ਮਾਤਰਾ ਹਾਲਾਂ ਕਿ 30 ਮਾਈਕਰੋਗ੍ਰਾਮ ਤੋਂ ਘੱਟ ਹੈ, ਪਰ ਵਧ ਇਹ ਵੀ ਰਹੀ ਹੈ। ਯੁੱਧਾਂ, ਬਨਾਵਟੀ ਖਾਦਾਂ ਅਤੇ ਨਦੀਨ ਨਾਸ਼ਕ/ਕੀਟ ਨਾਸ਼ਕ ਦੇ ਵਾਸ਼ਪੀਕਰਨ ਸਮੇਤ ਵਾਹਨਾਂ ਅਤੇ ਸਨਅਤੀ ਇਕਾਈਆਂ ਵਿਚੋਂ ਨਿਕਲ ਰਹੇ ਜ਼ਹਿਰੀਲੇ ਧੂੰਏਂ ਅਤੇ ਖੇਤੀ ਰਹਿੰਦ-ਖੂੰਹਦ ਨੂੰ ਲਾਈਆਂ ਜਾਂਦੀਆਂ ਅੱਗਾਂ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਬਿਨਾਂ ਸ਼ੋਰ ਪ੍ਰਦੂਸ਼ਣ ਨੇ ਵੀ ਹਵਾ ਦੇ ਜੜ੍ਹੀਂ ਅੱਕ ਦੇ ਦਿੱਤਾ ਹੈ। ਹੁਣ ਮਨੁੱਖ ਸ਼ੁੱਧ ਹਵਾ ਲਈ ਵੀ ਤਰਸੇਗਾ।

ਧਰਤੀ ਦੇ ਚੌਗਿਰਦੇ ਫੈਲੀ ਗੈਸੀ ਪਰਤ ਨੂੰ ਵਾਯੂਮੰਡਲ ਕਿਹਾ ਜਾਂਦਾ ਹੈ। ਇਹ ਕੁਦਰਤੀ ਗਤੀਸ਼ੀਲ ਸਿਸਟਮ ਹੈ। ਕੁਦਰਤੀ ਅਤੇ ਮਨੁੱਖ-ਨਿਰਮਾਣਿਤ ਸੋਮਿਆਂ ਤੋਂ ਅਨੇਕ ਠੋਸ ਦ੍ਰਵ ਅਤੇ ਗੈਸਾਂ ਲਗਾਤਾਰ ਵਾਯੂਮੰਡਲ ਵਿਚ ਪਹੁੰਚਦੀਆਂ ਰਹਿੰਦੀਆਂ ਹਨ। ਇਹ ਪਦਾਰਥ, ਹਵਾ ਦੇ ਕੰਧਾੜੇ ਚੜ੍ਹ, ਦੂਰ ਦੂਰ ਤਕ ਪਹੁੰਚ ਜਾਂਦੇ ਹਨ, ਆਪਸ ਵਿਚ ਰਲਗੱਡ ਹੋ ਜਾਂਦੇ ਹਨ। ਪਰਸਪਰ ਕ੍ਰਿਆਵਾਂ ਨਾਲ ਇਹ ਪਦਾਰਥ ਅਨੇਕ ਭੌਤਿਕ ਤੇ ਰਸਾਇਣਿਕ ਪਦਾਰਥਾਂ ਦੇ ਜਨਮਦਾਤਾ ਬਣ ਜਾਂਦੇ ਹਨ। ਸਮੇਂ ਨਾਲ ਇਹ ਨਵ-ਜਨਮੇ ਰਸਾਇਣੀ ਪਦਾਰਥ ਨਦੀਆਂ, ਦਰਿਆਵਾਂ, ਝੀਲਾਂ ਤੇ ਸਮੁੰਦਰਾਂ ਵਿਚ ਪਹੁੰਚ ਜਾਂਦੇ ਹਨ। ਸਵੱਛ ਤੇ ਖ਼ੁਸ਼ਕ ਹਵਾ ਵਿਚ ਘਣਫਲ ਵਜੋਂ 78.09 ਫ਼ੀਸਦੀ ਨਾਈਟਰੋਜਨ ਗੈਸ ਹੁੰਦੀ ਹੈ ਅਤੇ ਲਗਪਗ 20.94 ਪ੍ਰਤਿਸ਼ਤ ਆਕਸੀਜਨ ਗੈਸ। ਇਨ੍ਹਾਂ ਦੋਵੇਂ ਮੁੱਖ ਗੈਸਾਂ ਤੋਂ ਇਲਾਵਾ ਸਾਡੇ ਵਾਯੂਮੰਡਲ ਵਿਚ ਕਾਰਬਨ ਡਾਇਆਕਸਾਈਡ, ਹੀਲੀਅਮ, ਆਰਗਨ, ਕ੍ਰਿਪਟਾਨ, ਨਾਇਟਰਸ ਆਕਸਾਈਡ, ਜ਼ੀਨੋਨ ਤੇ ਕੁਝ ਕੁ ਹੋਰ ਕਾਰਬਾਨਿਕ ਗੈਸਾਂ ਹੁੰਦੀਆਂ ਹਨ ਜਿਨ੍ਹਾਂ ਦੀ ਕੁਲ ਮਾਤਰਾ ਲਗਪਗ 0.97 ਫ਼ੀਸਦੀ ਹੁੰਦੀ ਹੈ। ਇਨ੍ਹਾਂ ਗੈਸਾਂ ਦੀ ਮਾਤਰਾ ਭਿੰਨ ਭਿੰਨ ਸਥਾਨਾਂ ਵਿਚ ਸਮੇਂ ਨਾਲ ਬਦਲਦੀ ਰਹਿੰਦੀ ਹੈ।

ਮੁੱਖ ਢੰਗ ਤਿੰਨ ਹਨ- ਸੰਵੇਦਕ ਪਛਾਣ, ਭੌਤਿਕ ਮਾਪ ਅਤੇ ਪੌਦਿਆਂ, ਪਸ਼ੂਆਂ ਤੇ ਇਮਾਰਤਾਂ ਉਤੇ ਪ੍ਰਭਾਵਾਂ ਦੀ ਜਾਣਕਾਰੀ। ਸੰਵੇਦਕ ਪਛਾਣ ਆਮ ਕਰ ਕੇ ਹਵਾ ਪ੍ਰਦੂਸ਼ਣ ਸਮੱਸਿਆ ਦਾ ਪਹਿਲਾ ਸੂਚਕ ਹੁੰਦੀ ਹੈ। ਸੰਵੇਦਕ ਪਛਾਣ ਤੇਜ਼ ਤੇ ਅਸਾਧਾਰਨ ਬੂ, ਦ੍ਰਿਸ਼ਟਤਾ ਦੀ ਘਾਟ, ਅੱਖਾਂ ਵਿਚ ਰੜਕ, ਮੂੰਹ ਵਿਚ ਤੇਜ਼ਾਬੀ ਸੁਆਦ ਅਤੇ ਪੈਰਾਂ ਹੇਠ ਕਿਰਕ ਦਾ ਅਹਿਸਾਸ। ਇਹ ਢੰਗ ਆਤਮ-ਮਨੁੱਖੀ ਘਟਨਾ ਹੈ ਅਤੇ ਵੱਖ-ਵੱਖ ਵਿਅਕਤੀਆਂ ਲਈ ਅੱਡ-ਅੱਡ ਮਾਤਰਾ ਵਾਲੇ ਪ੍ਰਭਾਵ ਹੁੰਦੇ ਹਨ। ਭੌਤਿਕ ਮਾਪ-ਕਾਰਜ ਹਵਾ ਪ੍ਰਦੂਸ਼ਣ ਵਿਚ ਮੌਜੂਦ ਬਹੁਤ ਘੱਟ ਮਾਤਰਾ ਵਾਲੇ, ਪਰ ਜ਼ਹਿਰੀਲੇ ਪਦਾਰਥਾਂ ਜਾਂ ਰੇਡੀਓ-ਐਕਟਿਵ ਮਾਦੇ ਦੀ ਹੋਂਦ ਤੱਕ ਨੂੰ ਜਾਨਣ ਵਿਚ ਵੱਡੇ ਮਦਦਗਾਰ ਸਾਬਤ ਹੁੰਦੇ ਹਨ। ਹਵਾ ਪ੍ਰਦੂਸ਼ਣ ਵਾਲੇ ਖੇਤਰ ਵਿਚੋਂ ਹਵਾ ਦੇ ਨਮੂਨੇ ਲੈ ਕੇ ਉਨ੍ਹਾਂ ਦੀ ਵਿਗਿਆਨਕ ਵਿਧੀਆਂ ਰਾਹੀਂ ਜਾਂਚ ਇਸ ਕਾਰਜ ਵਿਚ ਸਹਾਈ ਹੁੰਦੀ ਹੈ।

ਹਵਾ ਪ੍ਰਦੂਸ਼ਣ ਨੂੰ ਸਮਝਣ ਲਈ ਕਈ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਮੁੱਖ ਤੌਰ 'ਤੇ ਤਿੰਨ ਹਨ: ਵਿਅਕਤੀਗਤ, ਸਮੁਦਾਇਕ ਅਤੇ ਪੇਸ਼ਾਵਾਰਾਨਾ ਹਵਾ ਪ੍ਰਦੂਸ਼ਣ। ਸਿਗਰਟ-ਬੀੜੀ ਪੀਣਾ ਵਿਅਕਤੀਗਤ ਵਾਯੂ ਪ੍ਰਦੂਸ਼ਣ ਨੂੰ ਦਰਸਾਉਂਦਾ ਹੈ। ਕੋਲਾ ਬਾਲਣ ਜਾਂ ਬਿਜਲਈ ਊਰਜਾ ਪੈਦਾ ਕਰਨਾ, ਮੋਟਰਾਂ-ਗੱਡੀਆਂ ਦੀ ਵਰਤੋਂ ਆਦਿ ਸਮੁਦਾਇਕ (ਸਮੂਹਿਕ ਭਾਈਚਾਰਕ) ਹਵਾ ਪ੍ਰਦੂਸ਼ਣ ਦੀਆਂ ਉਦਾਹਰਨਾਂ ਹਨ। ਪੇਸ਼ਾਵਾਰਾਨਾ ਵਾਯੂ ਪ੍ਰਦੂਸ਼ਣ ਦਾ ਸਬੰਧ ਵਿਸ਼ੇਸ਼ ਧੰਦਿਆਂ ਜਿਵੇਂ ਖੇਤੀ ਅਤੇ ਉਦਯੋਗ ਨਾਲ ਸਬੰਧਿਤ ਕਾਰਜਾਂ ਕਾਰਨ ਹੁੰਦਾ ਹੈ।

ਸੂਰਜ ਦੀ ਰੌਸ਼ਨੀ ਵਿਚ ਕਈ ਤਰ੍ਹਾਂ ਦੇ ਅਣਜਲੇ ਹਾਈਡਰੋਕਾਰਬਨ, ਨਾਈਟਰੋਜਨ ਦੇ ਆਕਸਾਈਡਾਂ ਨਾਲ ਪ੍ਰਤੀਕ੍ਰਿਆ ਕਰ ਕੇ ਓਜ਼ੋਨ, ਅਲਡੀਹਾਈਡਜ਼ ਆਦਿ ਬਣਾਉਂਦੇ ਹਨ। ਇਨ੍ਹਾਂ ਨੂੰ ਵਿਗਿਆਨਕ ਸ਼ਬਦਾਵਲੀ ਵਿਚ ਫੋਟੋ ਕੈਮੀਕਲ ਅਕਸਾਈਡੈਂਟਸ ਆਖਦੇ ਹਨ। ਇਨ੍ਹਾਂ ਦੇ ਕਾਰਨ ਫੋਟੋ ਕੈਮੀਕਲ ਸਮੋਕ (ਧੂੰਆਂ+ਧੁੰਦ) ਬਣ ਜਾਂਦਾ ਹੈ। ਇਸ ਦੀ ਵਿਆਖਿਆ ਸਭ ਤੋਂ ਪਹਿਲਾਂ 1905 ਵਿਚ ਵਿਗਿਆਨੀ ਐਚ.ਏ. ਵੋਕਸ ਨੇ ਕੀਤੀ ਸੀ। ਸਮੋਕ ਫੋਟੋ ਕੈਮੀਕਲ ਵੀ ਹੋ ਸਕਦਾ ਹੈ ਅਤੇ ਕੋਲਾ ਬਾਲਣ ਨਾਲ ਵੀ ਬਣ ਸਕਦਾ ਹੈ। ਇਹ ਭੀੜ-ਭੜੱਕੇ ਵਾਲੇ ਖਿੱਤਿਆਂ ਅਤੇ ਸਨਅਤੀ ਖੇਤਰਾਂ ਵਿਚ ਬਹੁਤ ਹੁੰਦਾ ਹੈ। ਕਈ ਮੌਸਮਾਂ ਵਿਚ ਖਾਸ ਕਰ ਕੇ ਖੇਤੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਅਤੇ ਯੁੱਧਾਂ ਵੇਲੇ ਤਾਂ ਇਹ ਬੇਹੱਦ ਵਧ ਜਾਂਦਾ ਹੈ। ਇਸ ਤੱਥ ਦੀ ਪੁਸ਼ਟੀ ਖਾੜੀ ਯੁੱਧ ਸਮੇਂ ਮਾਰਚ 1991 ਵਿਚ ਕਸ਼ਮੀਰ ਵਾਦੀ ਵਿਚ ਕਾਲੇ ਰੰਗ ਦੀ ਹੋਈ ਬਰਫਦਾਰੀ ਸਮੇਂ ਹੋ ਗਈ ਸੀ।

ਗੈਸ ਦੇ ਰੂਪ ਵਿਚ ਠੋਸ ਜਾਂ ਤਰਲ ਕਣਾਂ ਨੂੰ ਹਵਾ ਵਿਚ ਛੱਡਣ ਦੀ ਕਿਰਿਆ ਨੂੰ ਏਰੋਸੋਲ ਆਖਦੇ ਹਨ ਜਿਵੇਂ ਧੂੰਆਂ, ਧੂੜ, ਬਨਾਵਟੀ ਛਿੜਕਾਅ ਕਰਨਾ ਆਦਿ। ਇਨ੍ਹਾਂ ਵਿਚ ਕਲੋਰੋਫਲੂਰੋ ਕਾਰਬਨ ਹੁੰਦੇ ਹਨ ਜੋ ਹਵਾ ਨੂੰ ਦੂਸ਼ਿਤ ਕਰਦੇ ਹਨ ਅਤੇ ਜੀਵਨ ਨੂੰ ਖ਼ਤਰਾ ਪੈਦਾ ਕਰ ਦਿੰਦੇ ਹਨ। ਹਵਾ ਅੰਦਰ ਧੂੰਏਂ ਅਤੇ ਧੂੜ ਦੇ ਕਣਾਂ ਦੀ ਵੱਧ ਮਾਤਰਾ ਦੇ ਕਾਰਨ ਸੂਰਜ ਦੀ ਰੌਸ਼ਨੀ ਧਰਤੀ ਉਪਰ ਘੱਟ ਮਾਤਰਾ ਵਿਚ ਪੁੱਜਦੀ ਹੈ ਜਿਸ ਕਾਰਨ ਧਰਤੀ ਉਪਰਲਾ ਪ੍ਰਾਣੀ ਅਤੇ ਬਨਸਪਤੀ ਜੀਵਨ ਪ੍ਰਭਾਵਿਤ ਹੁੰਦਾ ਹੈ।

ਹਵਾ ਪ੍ਰਦੂਸ਼ਣ ਦਾ ਮੁੱਖ ਸਰੋਤ ਧੂੰਆਂ ਹੈ। ਇਹ ਧੂੰਆਂ ਬਨਸਪਤੀ ਨੂੰ ਅੱਗ ਲਾਉਣ, ਬਲਣ ਵਾਲੇ ਕੋਲੇ, ਪੈਟਰੋਲ, ਡੀਜ਼ਲ ਜਾਂ ਹੋਰ ਬਾਲਣਾਂ ਵਿਚੋਂ ਪੈਦਾ ਹੁੰਦਾ ਹੈ। ਕੋਲਾ ਤੇ ਪੈਟਰੋਲ ਆਦਿ ਦੇ ਬਲਣ ਨਾਲ ਸਲਫਰ ਡਾਈਅਕਸਾਈਡ ਕਾਰਬਨ ਤੇ ਅਕਸਾਈਡ ਵਰਗੀਆਂ ਗੈਸਾਂ ਹਵਾ ਵਿਚ ਮਿਲ ਕੇ ਇਸ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਡੀਜ਼ਲ ਆਦਿ ਤੋਂ ਨਾਈਟਰੋਜਨ ਦੇ ਅਕਸਾਈਡ, ਹਾਈਡਰੋਕਾਰਬਨ ਅਤੇ ਕਾਰਬਨ ਮੋਨੋਅਕਸਾਈਡ ਵਰਗੀਆਂ ਜ਼ਹਿਰੀਲੀਆਂ ਗੈਸਾਂ ਹਵਾ ਵਿਚ ਰਲ ਜਾਂਦੀਆਂ ਹਨ। ਯੁੱਧ ਸਮੱਗਰੀ, ਰਾਕਟਾਂ, ਜੈੱਟ ਜਹਾਜ਼ਾਂ ਵਿਚੋਂ ਨਿਕਲਣ ਵਾਲਾ ਧੂੰਆਂ ਉਪਰਲੀ ਹਵਾ ਨੂੰ ਦੂਸ਼ਿਤ ਕਰ ਦਿੰਦਾ ਹੈ। ਜੰਗਲ, ਕਣਕ ਅਤੇ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਪੈਦਾ ਹੋਣ ਵਾਲਾ ਧੂੰਆਂ ਤਾਂ ਉਸ ਮੌਕੇ ਹਵਾ ਨੂੰ ਬੇਹੱਦ ਦੂਸ਼ਿਤ ਕਰਦਾ ਹੈ। ਧਾਤਾਂ ਢਾਲਣ ਦੇ ਕਾਰਖਾਨਿਆਂ ਵਿਚੋਂ ਨਿਕਲਣ ਵਾਲਾ ਧੂੰਆਂ, ਧੂੜ ਆਦਿ ਦੇ ਵਿਚ ਕਈ ਅਜਿਹੀਆਂ ਧਾਤਾਂ ਦੇ ਕਣ ਹੁੰਦੇ ਹਨ ਜੋ ਸਿਹਤ ਲਈ ਹਾਨੀਕਾਰਕ ਹੁੰਦੀਆਂ ਹਨ। ਇਨ੍ਹਾਂ ਵਿਚ ਸਿੱਕਾ, ਕਰੋਮੀਅਮ, ਬੇਰੀਲੀਅਮ, ਨਿਕਲ, ਵੇਨਾਡੀਅਮ, ਸੰਖੀਆ, ਕੇਡੀਅਮ ਆਦਿ ਬਹੁਤ ਹੀ ਜ਼ਹਿਰੀਲੀਆਂ ਹਨ। ਧੂੜ ਕਣਾਂ ਅਤੇ ਕਾਰਬਨ ਡਾਈਅਕਸਾਈਡ ਦਾ ਮੌਸਮ ਉਪਰ ਬਹੁਤ ਬੁਰਾ ਅਸਰ ਪੈ ਰਿਹਾ ਹੈ। 1957 ਵਿਚ ਹਵਾ ਵਿਚਲੀ ਕਾਰਬਨ ਡਾਈਅਕਸਾਈਡ ਦੀ ਮਾਤਰਾ 311 ਪੀ.ਪੀ.ਐਮ. ਸੀ ਜੋ ਹੁਣ ਵਧ ਕੇ 338 ਪੀ.ਪੀ.ਐਮ. ਹੋ ਗਈ ਹੈ। ਵਾਯੂ ਮੰਡਲ ਵਿਚ ਹਰ ਸਾਲ ਇਕ ਮਿਲੀਅਨ (ਦਸ ਲੱਖ) ਪਿੱਛੇ ਇਕ ਭਾਗ ਕਾਰਬਨ ਡਾਈਅਕਸਾਈਡ ਦਾ ਵਾਧਾ ਹੁੰਦਾ ਹੈ। ਜੇ ਇਹ ਵਾਧਾ ਇਸੇ ਦਰ ਨਾਲ ਹੁੰਦਾ ਰਿਹਾ ਤਾਂ 21ਵੀਂ ਸਦੀ ਦੇ ਤੀਜੇ ਦਹਾਕੇ ਤੱਕ ਵਾਯੂ ਮੰਡਲ ਵਿਚ ਕਾਰਬਨ ਡਾਈਅਕਸਾਈਡ ਦੀ ਮਾਤਰਾ ਕਰੀਬ 61000 ਮਿਲੀਅਨ ਟਨ ਜਾਂ 420 ਪੀ.ਪੀ.ਐਮ. ਹੋ ਜਾਵੇਗੀ। ਭਾਰਤ ਵਿਚ ਇਸ ਨਾਲ ਤਾਪਮਾਨ ਵਿਚ 2 ਤੋਂ 3 ਦਰਜੇ ਸੈਂਟੀਗਰੇਡ ਦਾ ਵਾਧਾ ਹੋ ਜਾਵੇਗਾ ਜਿਸ ਨਾਲ ਵਾਸ਼ਪੀਕਰਨ ਦੀ ਦਰ ਪ੍ਰਤੀ ਦਿਨ 2 ਤੋਂ 3 ਮਿਲੀਮੀਟਰ ਵਧ ਜਾਵੇਗੀ। ਇਸ ਨਾਲ ਪਾਣੀ ਦਾ ਗੰਭੀਰ ਸੰਕਟ ਪੈਦਾ ਹੋ ਜਾਵੇਗਾ। ਵਾਯੂ ਮੰਡਲ ਵਿਚ ਵਧਦੀ ਜਾ ਰਹੀ ਕਾਰਬਨ ਡਾਈਅਕਸਾਈਡ ਦੀ ਮਾਤਰਾ ਨੇ ਗੰਭੀਰ ਖ਼ਤਰਾ ਪੈਦਾ ਕਰ ਦਿੱਤਾ ਹੈ। ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਵਾਯੂ ਮੰਡਲ ਦੇ 10 ਲੱਖ ਭਾਗ ਵਿਚ ਕਾਰਬਨ ਡਾਈਅਕਸਾਈਡ ਦੀ ਮਾਤਰਾ 275 ਤੋਂ 285 ਭਾਗ ਤੱਕ ਸੀ। 1980 ਵਿਚ ਇਹ ਵਧ ਕੇ 338 ਹੋ ਗਈ ਹੈ। ਧਰਤੀ ਦੀ ਗਰਮਾਇਸ਼ ਦੀਰਘ ਤਰੰਗਾਂ ਰਾਹੀਂ ਉਡਦੀ ਹੈ। ਇਸ ਦਾ 90 ਫ਼ੀਸਦੀ ਹਿੱਸਾ ਵਾਯੂ ਮੰਡਲ ਸੋਕ ਲੈਂਦਾ ਹੈ। ਵਾਯੂ ਮੰਡਲ ਵਿਚ ਮੌਜੂਦ ਓਜ਼ੋਨ, ਕਾਰਬਨ ਡਾਈਅਕਸਾਈਡ ਅਤੇ ਵਾਸ਼ਪ ਕਣਾਂ ਕਾਰਨ ਸੂਰਜੀ ਊਰਜਾ ਧਰਤੀ ਦੇ ਵਾਯੂ ਮੰਡਲ ਵਿਚ ਹੀ ਰੋਕ ਲਈ ਜਾਂਦੀ ਹੈ ਜਿਸ ਦੇ ਭੈੜੇ ਪ੍ਰਭਾਵ ਪੈਂਦੇ ਹਨ।

ਪਹਿਲਾਂ ਪਹਿਲ ਸਿਰਫ਼ ਸਲਫਰ ਡਾਇਆਕਸਾਈਡ ਨੂੰ ਹੀ ਪੌਦਿਆਂ ਉਤੇ ਭੈੜੇ ਪ੍ਰਭਾਵ ਦਾ ਕਾਰਨ ਮੰਨਿਆ ਜਾਂਦਾ ਸੀ, ਪਰ ਨਵੇਂ ਕੀਟਨਾਸ਼ਕਾਂ ਤੇ ਜੜੀ-ਬੂਟੀ-ਨਾਸ਼ਕ ਦਵਾਈਆਂ ਦੀ ਖੋਜ ਉਪਰੰਤ ਪੌਦਿਆਂ ਉੱਤੇ ਮਾਰੂ ਪ੍ਰਭਾਵ ਪਾਉਣ ਵਾਲੇ ਪਦਾਰਥਾਂ ਵਿਚ ਵੱਡਾ ਵਾਧਾ ਹੋ ਗਿਆ। ਉਦਯੋਗਿਕ ਵਿਕਾਸ ਨਾਲ ਧਰਤੀ ਦੇ ਕੁਦਰਤੀ ਵਾਤਾਵਰਨ ਤੇ ਵਾਯੂ ਮੰਡਲ ਵਿਚ ਅਨੇਕ ਨਵੇਂ ਪ੍ਰਦੂਸ਼ਣ-ਕਰਤਾ ਪਹੁੰਚ ਗਏ। ਕਈ ਵਾਰ ਤਾਂ ਪ੍ਰਦੂਸ਼ਣ ਦੇ ਸਰੋਤ ਇਨ੍ਹਾਂ ਉਦਯੋਗਾਂ ਤੋਂ 100 ਮੀਲ ਦੀ ਦੂਰੀ 'ਤੇ ਮੌਜੂਦ ਬਨਸਪਤੀ ਉਤੇ ਵੀ ਮਾਰੂ ਪ੍ਰਭਾਵ ਪਾਉਂਦੇ ਨਜ਼ਰ ਆ ਜਾਂਦੇ ਹਨ। ਉਦਯੋਗਾਂ ਤੇ ਖ਼ਾਸ ਕਰ, ਧਾਤ-ਸੋਧਕ ਕਾਰਖ਼ਾਨਿਆਂ ਤੋਂ ਨਿਕਲ ਰਹੀਆਂ ਜ਼ਹਿਰੀਲੀਆਂ ਗੈਸਾਂ ਨੇ ਤਾਂ ਕਈ ਸਥਾਨਾਂ ਉਤੇ ਬਨਸਪਤੀ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ। ਜਿਵੇਂ-ਜਿਵੇਂ ਵਾਯੂਮੰਡਲ ਵਿਚ ਕਣ ਰੂਪੀ ਪਦਾਰਥਾਂ ਦੀ ਮਾਤਰਾ ਵਧਦੀ ਜਾਂਦੀ ਹੈ, ਇਹ ਪਦਾਰਥ ਸੂਰਜ ਤੋਂ ਆ ਰਹੀ ਰੌਸ਼ਨੀ ਦਾ ਵਧੇਰੇ ਖਿੰਡਾਉ ਕਰਨ ਲਗਦੇ ਹਨ ਜਿਸ ਦੇ ਫਲਸਰੂਪ ਧਰਤੀ ਉਤੇ ਪਹੁੰਚ ਰਹੀ ਤਾਪ ਊਰਜਾ ਦੀ ਮਾਤਰਾ ਘਟਣ ਲਗਦੀ ਹੈ ਤੇ ਇਸ ਗ੍ਰਹਿ ਦਾ ਤਾਪਮਾਨ ਘਟਣਾ ਸ਼ੁਰੂ ਹੋ ਜਾਂਦਾ ਹੈ। ਵਿਸ਼ਵ-ਵਿਆਪੀ ਤੌਰ ਉਤੇ ਧਰਤੀ ਦੇ ਤਾਪਮਾਨ ਵਿਚ ਘਾਟਾ, ਸਾਡੇ ਵਾਯੂ ਮੰਡਲ ਵਿਚ ਵਧੇਰੇ ਪ੍ਰਦੂਸ਼ਣ-ਕਰਤਾ ਕਣਾਂ ਦੀ ਹੋਂਦ ਨਾਲ ਜੋੜਿਆ ਜਾਂਦਾ ਹੈ।

ਇਸ ਪ੍ਰਭਾਵ ਦੇ ਠੀਕ ਉਲਟ ਪ੍ਰਭਾਵ ਹੈ ਗਰੀਨ ਹਾਊਸ ਪ੍ਰਭਾਵ ਜੋ ਵਾਯੂ ਮੰਡਲ ਵਿਚ ਕਾਰਬਨ ਡਾਇਆਕਸਾਈਡ ਗੈਸ ਦੀ ਵਧੇਰੇ ਮਾਤਰਾ ਤੋਂ ਪੈਦਾ ਹੁੰਦਾ ਹੈ। ਅਜਿਹਾ ਅੰਦਾਜ਼ਾ ਹੈ ਕਿ ਜੇ ਮੌਜੂਦਾ ਦਰ ਨਾਲ ਹੀ, ਵਾਯੂ ਮੰਡਲ ਵਿਚ ਕਾਰਬਨ ਡਾਇਆਕਸਾਈਡ ਗੈਸ ਦੀ ਮਾਤਰਾ ਲਗਾਤਾਰ ਵਧਦੀ ਗਈ ਤਾਂ ਅਗਲੇ 5 ਦਹਾਕਿਆਂ ਅੰਦਰ ਧਰਤੀ ਦੇ ਵਿਸ਼ਵ-ਵਿਆਪੀ ਤਾਪਮਾਨ ਵਿਚ 4 ਦਰਜਾ ਸੈਲਸੀਅਸ ਦਾ ਵਾਧਾ ਹੋ ਜਾਵੇਗਾ। ਮਾਹਿਰਾਂ ਅਨੁਸਾਰ ਇਹ ਤਾਪਮਾਨ ਵਾਧਾ ਪ੍ਰਿਥਵੀ ਦੀਆਂ ਬਰਫ਼ਾਨੀ ਧਰੁਵੀ ਟੋਪੀਆਂ ਨੂੰ ਪਿਘਲਾ ਦੇਵੇਗਾ ਅਤੇ ਵਿਆਪਕ ਹੜ੍ਹਾਂ ਦਾ ਕਾਰਨ ਬਣੇਗਾ। ਮਗਰੋਂ ਜਲ-ਵਹਿਣ ਸੁੱਕ ਜਾਣਗੇ। -0-



***ਹਵਾ ਪ੍ਰਦੂਸ਼ਣ ਦਾ ਮੁੱਖ ਸਰੋਤ ਧੂੰਆਂ ਹੈ। ਇਹ ਧੂੰਆਂ ਬਨਸਪਤੀ ਨੂੰ ਅੱਗ ਲਾਉਣ, ਬਲਣ ਵਾਲੇ ਕੋਲੇ, ਪੈਟਰੋਲ, ਡੀਜ਼ਲ ਜਾਂ ਹੋਰ ਬਾਲਣਾਂ ਵਿਚੋਂ ਪੈਦਾ ਹੁੰਦਾ ਹੈ। ਕੋਲਾ ਤੇ ਪੈਟਰੋਲ ਆਦਿ ਦੇ ਬਲਣ ਨਾਲ ਸਲਫਰ ਡਾਈਅਕਸਾਈਡ ਕਾਰਬਨ ਤੇ ਅਕਸਾਈਡ ਵਰਗੀਆਂ ਗੈਸਾਂ ਹਵਾ ਵਿਚ ਮਿਲ ਕੇ ਇਸ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਡੀਜ਼ਲ ਆਦਿ ਤੋਂ ਨਾਈਟਰੋਜਨ ਦੇ ਅਕਸਾਈਡ, ਹਾਈਡਰੋਕਾਰਬਨ ਅਤੇ ਕਾਰਬਨ ਮੋਨੋਅਕਸਾਈਡ ਵਰਗੀਆਂ ਜ਼ਹਿਰੀਲੀਆਂ ਗੈਸਾਂ ਹਵਾ ਵਿਚ ਰਲ ਜਾਂਦੀਆਂ ਹਨ। ਜੰਗਲ, ਕਣਕ ਅਤੇ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਪੈਦਾ ਹੋਣ ਵਾਲਾ ਧੂੰਆਂ ਤਾਂ ਉਸ ਮੌਕੇ ਹਵਾ ਨੂੰ ਬੇਹੱਦ ਦੂਸ਼ਿਤ ਕਰਦਾ ਹੈ।***

# ਧਰਤੀ ਦੇ ਫਰਿਸ਼ਤੇ


**ਡਾ. ਗੁਰਮਿੰਦਰ ਸਿੱਧੂ**

ਬਹੁਤ ਵਰ੍ਹੇ ਪਹਿਲਾਂ ਦੀ ਘਟਨਾ ਹੈ, ਮੈਂ ਤੇ ਮੇਰੀ ਛੋਟੀ ਭੈਣ ਜਗਰਾਉਂ ਤੋਂ ਚੰਡੀਗੜ੍ਹ ਲਈ ਬੱਸ ਚੜ੍ਹੀਆਂ। ਕਾਹਲੀ ਵਿਚ ਮੈਂ ਵੱਡੇ ਪਰਸ ਵਿਚ ਪੈਸਿਆਂ ਵਾਲਾ ਛੋਟਾ ਪਰਸ ਰੱਖਣਾ ਭੁੱਲ ਗਈ। ਕੰਡਕਟਰ ਟਿਕਟਾਂ ਕੱਟਦਾ ਸਾਡੇ ਨੇੜੇ ਆ ਰਿਹਾ ਸੀ। ਮੈਂ ਘਬਰਾਈ ਹੋਈ ਪਰਸ ਦੀਆਂ ਸਾਰੀਆਂ ਜੇਬਾਂ ਫੋਲ ਰਹੀ ਸੀ ਕਿ ਸ਼ਾਇਦ ਕਿਸੇ ਜੇਬ ਵਿਚੋਂ ਪੈਸੇ ਲੱਭ ਜਾਣ, ਪਰ ਨਾ ਲੱਭੇ। ਮੈਂ ਆਪਣੀ ਭੈਣ ਨੂੰ ਕਿਹਾ, 'ਹੁਣ ਕੀ ਕਰੀਏ? ਕੰਡਕਟਰ ਕੀ ਕਹੂਗਾ, ਚੰਗੀਆਂ ਪੜ੍ਹੀਆਂ-ਲਿਖੀਆਂ ਲੱਗਦੀਆਂ ਨੇ, ਪਰ ਪੈਸੇ ਰੱਖਣ ਦੀ ਵੀ ਅਕਲ ਨ੍ਹੀਂ? ਹੁਣ ਤਾਂ ਉਤਰ ਵੀ ਨ੍ਹੀਂ ਸਕਦੀਆਂ, ਬੱਸ ਪੰਦਰਾਂ-ਵੀਹ ਕਿਲੋਮੀਟਰ ਅੱਗੇ ਆ ਗਈ, ਉਤੋਂ ਆਥਣ ਹੋਇਐ, ਅਖ਼ੀਰਲੀ ਬੱਸ ਐ।' ਪ੍ਰੇਸ਼ਾਨੀ ਦੇ ਆਲਮ ਵਿਚ ਮੈਂ ਆਲੇ-ਦੁਆਲੇ ਬੈਠੀਆਂ ਸਵਾਰੀਆਂ ਵੱਲ ਦੇਖਿਆ ਕਿ ਇਨ੍ਹਾਂ ਸਾਰਿਆਂ ਸਾਹਮਣੇ ਨਮੋਸ਼ੀ ਝੱਲਣੀ ਹੋਵੇਗੀ। ਖੌਰੇ ਕੰਡਕਟਰ ਕਿੰਨੀ ਉਚੀ ਉਚੀ ਬੋਲੂਗਾ? ਇਹ ਸੋਚ ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ ਤੇ ਹੱਥ ਪੈਰ ਝੂਠੇ ਪੈ ਰਹੇ ਸਨ। ਇੰਨੇ ਨੂੰ ਉਹ ਕੋਲ ਆ ਕੇ ਬੋਲਿਆ, 'ਕਿਥੋਂ ਦੀ ਟਿਕਟ ਕੱਟਾਂ ਬੀਬਾ?' ਮੈਂ ਗੁੱਟ ਤੋਂ ਘੜੀ ਲਾਹ ਕੇ ਫੜਾਉਂਦਿਆਂ ਉਸ ਨੂੰ ਆਪਣੀ ਸਮੱਸਿਆ ਦੱਸੀ। ਕੁਝ ਪਲ ਉਹ ਖ਼ਾਮੋਸ਼ ਰਿਹਾ ਤੇ ਫਿਰ ਮੇਰੀ ਘੜੀ ਵਾਪਸ ਕਰਦਾ ਬੋਲਿਆ, 'ਕੋਈ ਨਾ ਭੈਣੇ! ਹੋ ਜਾਂਦੈ ਕਦੇ ਕਦੇ... ਆਹ ਲਓ ਚੰਡੀਗੜ੍ਹ ਦੀਆਂ ਦੋ ਟਿਕਟਾਂ। ਮੈਂ ਆਪਣੇ ਕੋਲੋਂ ਪਾ ਦਊਂ ਪੈਸੇ, ਘੜੀ ਨਹੀਂ ਲੈਣੀ ਮੈਂ ਥੋਡੀ।'

ਉਹ ਸਾਡੇ ਲਈ ਜਮਦੂਤ ਤੋਂ ਕੋਈ ਫ਼ਰਿਸ਼ਤਾ ਹੋ ਗਿਆ। ਮੈਂ ਵਾਰ ਵਾਰ ਉਸ ਦਾ ਸਿਰਨਾਵਾਂ ਮੰਗਿਆ ਤਾਂ ਕਿ ਉਸ ਨੂੰ ਪੈਸੇ ਭੇਜ ਸਕਾਂ, ਪਰ ਉਹ ਹਰ ਵਾਰ, 'ਕੋਈ ਗੱਲ ਨ੍ਹੀਂ ਭੈਣੇ' ਆਖਦਾ ਅੱਗੇ ਲੰਘ ਜਾਂਦਾ। ਚੰਡੀਗੜ੍ਹ ਬੱਸ ਸਟੈਂਡ ਆ ਗਿਆ ਤਾਂ ਉਹ ਸਾਡੇ ਕੋਲ ਆ ਕੇ ਬੋਲਿਆ, 'ਭੈਣੇ! ਰਿਕਸ਼ੇ ਜੋਗੇ ਪੈਸੇ ਹੈਗੇ ਐ?' 'ਕੋਈ ਨ੍ਹੀਂ ਵੀਰ! ਉਹ ਤਾਂ ਮੈਂ ਘਰ ਪਹੁੰਚ ਕੇ ਦੇ ਦਊਂ, ਪਰ ਤੇਰਾ ਐਡਰੈਸ?' 'ਛੱਡੋ ਭੈਣੇ! ਕਿਥੇ ਲੱਭਦੀਆਂ ਫਿਰੋਂਗੀਆਂ?' ਕਹਿੰਦਾ ਉਹ ਅਹੁ ਗਿਆ, ਅਹੁ ਗਿਆ। ਮੈਂ ਬੱਸ ਦਾ ਨੰਬਰ ਨੋਟ ਕੀਤਾ। ਮੇਰਾ ਹਮਸਫ਼ਰ ਕਈ ਵਾਰ ਉਸ ਦਿਨ ਵਾਲੇ ਸਮੇਂ 'ਤੇ ਜਗਰਾਉਂ ਬੱਸ-ਅੱਡੇ ਗਿਆ ਵੀ, ਪਰ ਨਾ ਉਹ ਬੱਸ ਲੱਭੀ, ਨਾ ਉਹ ਫ਼ਰਿਸ਼ਤਾ।

ਅਜਿਹੇ ਹੀ ਇਕ ਹੋਰ ਫ਼ਰਿਸ਼ਤੇ ਦੀ ਘਟਨਾ ਵੀ ਸਾਂਝੀ ਕਰਦੀ ਹਾਂ, ਜਿਹੜਾ ਮੈਂ ਬੇਹੱਦ ਲੋੜਵੰਦ ਹੋਣ ਦੇ ਬਾਵਜੂਦ ਸਿਰੇ ਦਾ ਸੰਤੋਖੀ ਦੇਖਿਆ। ਮੁਹਾਲੀ ਦੇ ਅੰਬ ਸਾਹਿਬ ਗੁਰਦੁਆਰੇ ਜਾਂਦਿਆਂ ਮੈਂ ਇਕ ਦਿਨ ਸੱਤ ਫੇਜ਼ ਦੀ ਡਿਸਪੈਂਸਰੀ ਨੇੜੇ ਸੜਕ ਕਿਨਾਰੇ ਬਜ਼ੁਰਗ ਬੈਠਾ ਦੇਖਿਆ। ਉਸ ਦੇ ਰੁੱਖੇ-ਰੁੱਖੇ ਚਿੱਟੇ ਕੇਸ, ਬੁਝੀਆਂ ਅੱਖਾਂ, ਸੁੱਜੇ ਹੋਏ ਹੱਥ ਪੈਰ, ਲੀਰਾਂ ਹੋਏ ਕੱਪੜੇ ਤੇ ਕੋਲ ਪਈ ਮੈਲੀ-ਕੁਚੈਲੀ ਗਠੜੀ ਉਸ ਦੀ ਤਰਸਯੋਗ ਹਾਲ ਬਿਆਨ ਕਰਦੀ ਸੀ। ਮੈਂ ਕੋਲੋਂ ਦੀ ਚੁੱਪ-ਚੁਪੀਤੇ ਲੰਘ ਤਾਂ ਗਈ, ਪਰ ਮਨ ਵਿਚ ਖ਼ਿਆਲ ਆਇਆ ਕਿ ਉਸ ਨੂੰ ਸ਼ਾਇਦ ਮਦਦ ਦੀ ਜ਼ਰੂਰਤ ਹੈ। ਪੈਰ ਅੱਗੇ ਵੱਲ ਚੁੱਕਾਂ ਤਾਂ ਪਿੱਛੇ ਨੂੰ ਪੈਣ, ਆਖਰ ਮੁੜ ਆਈ ਅਤੇ ਉਸ ਦੇ ਕੋਲ ਖੜ੍ਹ ਕੇ ਆਪਣਾ ਪਰਸ ਫੋਲਣ ਲੱਗੀ। ਮੇਰੀ ਦਸ ਰੁਪਏ ਦੇਣ ਦੀ ਮਨਸ਼ਾ ਸੀ, ਪਰ ਪਰਸ ਵਿਚ ਸਿਰਫ਼ ਸੌ ਰੁਪਏ ਦਾ ਨੋਟ ਹੀ ਸੀ। ਉਹ ਮੇਰੇ ਵੱਲ ਬੜੀ ਉਮੀਦ ਨਾਲ ਦੇਖ ਰਿਹਾ ਸੀ ਤੇ ਮੈਂ ਵੀ ਆਪਣਾ ਪੈਂਡਾ ਖੋਟਾ ਕੀਤਾ ਸੀ, ਇਸ ਲਈ ਇਹੋ ਨੋਟ ਉਸ ਵੱਲ ਵਧਾ ਦਿੱਤਾ। 'ਇੰਨੇ ਨੀ ਲੈਣੇ, ਦਸ ਰੁਪਈਏ ਹੈਗੇ ਤਾਂ ਦੇ ਦੇ... ਚਾਹ ਜੋਗੇ', ਉਸ ਦੇ ਮੂੰਹੋਂ ਠੇਠ ਪੰਜਾਬੀ ਸੁਣ ਕੇ ਹੈਰਾਨੀ ਜਿਹੀ ਹੋਈ। ਉਂਜ ਦੇਖਣ ਨੂੰ ਵੀ ਉਹ ਕੋਈ ਮੁਸੀਬਤ ਮਾਰਿਆ ਪੰਜਾਬੀ ਹੀ ਲੱਗਦਾ ਸੀ। 'ਰੱਖ ਲੋ ਬਾਬਾ ਜੀ! ਫੇਰ ਕੰਮ ਆਉਣਗੇ', ਮੈਂ ਕਿਹਾ; ਪਰ ਉਸ ਨੇ ਕਿਹਾ ਕਿ ਉਹ ਕਿੱਥੇ ਸਾਂਭਦਾ ਫਿਰੂ ਇੰਨੇ ਪੈਸੇ। ਉਹ ਮੈਥੋਂ ਬੇਲਾਗ ਜਿਹਾ ਹੋ ਕੇ ਆਪਣੀ ਗਠੜੀ ਫਰੋਲਣ ਲੱਗ ਪਿਆ।

ਮੈਂ ਕੁਝ ਦੇਰ ਅਬੋਲ ਖੜ੍ਹੀ ਰਹੀ ਤੇ ਫਿਰ ਗੁਰਦੁਆਰੇ ਵੱਲ ਤੁਰ ਪਈ। ਪਰਸ ਵਿਚ ਖੁੱਲ੍ਹੇ ਪੈਸੇ ਨਾ ਹੋਣ ਕਰ ਕੇ ਮੈਂ ਗ਼ਰੀਬ ਜਿਹੀ ਮਹਿਸੂਸ ਕਰ ਰਹੀ ਸਾਂ। ਗੁਰਦੁਆਰੇ ਜਾ ਕੇ ਦੇਗ ਕਰਵਾ ਕੇ ਨੋਟ ਤੁੜਾਇਆ ਤੇ ਮੱਥਾ ਟੇਕ ਕੇ ਕਾਹਲੀ ਕਾਹਲੀ ਪਿਛੇ ਵੱਲ ਤੁਰ ਪਈ। ਉਸ ਨੂੰ ਉਥੇ ਹੀ ਬੈਠਾ ਦੇਖ ਕੇ ਸਾਹ ਵਿਚ ਸਾਹ ਆਇਆ। ਮੇਰੇ ਦਸ ਰੁਪਏ ਦੇ ਨੋਟ ਨੇ ਉਸ ਨੂੰ ਪਤਾ ਨਹੀਂ ਕੋਈ ਖ਼ੁਸ਼ੀ ਦਿੱਤੀ ਕਿ ਨਾ, ਪਰ ਮੈਂ ਅੰਤਾਂ ਦਾ ਸਕੂਨ ਮਹਿਸੂਸ ਕਰ ਰਹੀ ਸਾਂ। -0-


SARBJIT THIARA
Proudly Presents
Punjab Lok Rang's
Punjabi Drama
ਹੁਕਮੋਂ ਦੀ ਹਵੇਲੀ
Hukmo di Haveli
Written & Directed By Surinder Singh Dhanoa
A Story of Love and Revenge ...
Date: Saturday, February 11, 2017
Time: Doors Open 5:30 PM (Show Starts 6:30 PM)
Tickets: $10 (First Come First Serve)
Venue: River Valley High School, 801 El Margarita Road, Yuba City, CA 95993
www.punjablokrang.org
For more information call: Sarbjit Thiara 530-682-5861 Parminder Grewal 530-682-5860

# ਅੰਜਲੀ ਦੀ ਆਮਦ



## ਮੁੰਡੇ ਤੋਂ ਕੁੜੀ ਬਣੀ ਅੰਜਲੀ ਦਾ ਕ੍ਰਿਸ਼ਮਾ

ਕਲਾ ਪਰਿਕਰਮਾ

ਹਾਲ ਹੀ ਵਿਚ ਮੁੰਬਈ ਵਿਚ ਹੋਏ ਲੈਕਮੇ ਫੈਸ਼ਨ ਵੀਕ- 2017 ਦੌਰਾਨ ਜਿਹੜੀ ਨੇਪਾਲੀ ਮਾਡਲ ਅੰਜਲੀ ਲਾਮਾ ਰੈਂਪ ਉਤੇ ਮਟਕੀ, ਉਸ ਲਈ ਨੇਪਾਲ ਤੋਂ ਭਾਰਤ ਦੀ ਫੈਸ਼ਨ ਸਨਅਤ ਤੱਕ ਪੁੱਜਣ ਦਾ ਸਫ਼ਰ ਕੋਈ ਸੌਖਾ ਨਹੀਂ ਸੀ। ਅਸਲ ਵਿਚ ਜਨਮ ਵੇਲੇ ਅੰਜਲੀ ਲਾਮਾ ਮੁੰਡਾ ਸੀ ਅਤੇ ਉਹਦਾ ਨਾਂ ਸੀ ਪ੍ਰਬੀਨ ਵਾਲੀ; ਪਰ ਉਸ ਦੇ ਹਾਵ-ਭਾਵ ਅਤੇ ਵਰਤੋਂ-ਵਿਹਾਰ, ਸਭ ਕੁਝ ਮੁੰਡਿਆਂ ਵਾਲਾ ਨਹੀਂ ਸੀ। ਉਹ ਆਪਣੀ

**ਕੀਰਤ ਕਾਸ਼ਣੀ**

ਮਾਂ ਦੇ ਬਹੁਤ ਜ਼ਿਆਦਾ ਨੇੜੇ ਸੀ ਅਤੇ ਸਕੂਲ-ਕਾਲਜ ਵਿਚ ਵੀ ਉਸ ਦੀ ਨੇੜਤਾ ਬਹੁਤਾ ਕਰ ਕੇ ਕੁੜੀਆਂ ਨਾਲ ਹੀ ਸੀ। ਇਸ ਬਾਰੇ ਅਕਸਰ ਤੁਰਦੀਆਂ ਗੱਲਾਂ ਉਸ ਨੂੰ ਬਹੁਤ ਪ੍ਰੇਸ਼ਾਨ ਕਰਦੀਆਂ ਰਹਿੰਦੀਆਂ ਅਤੇ ਫਿਰ ਇਕ ਦਿਨ ਉਸ ਦੇ ਦਿਲ-ਦਿਮਾਗ ਨੇ ਬਗਾਵਤ ਕਰ ਦਿੱਤੀ ਅਤੇ ਉਸ ਨੇ ਮੁੰਡੇ ਵਾਲਾ ਲਿਬਾਸ ਉਤਾਰ ਕੇ ਕੁੜੀ ਬਣਨ ਦਾ ਫੈਸਲਾ ਕਰ ਲਿਆ। ਕਾਠਮੰਡੂ ਵਿਚ ਜਾ ਕੇ ਉਸ ਨੇ ਲਿੰਗ ਬਦਲੀ ਵਾਲਾ ਓਪਰੇਸ਼ਨ ਕਰਵਾ ਲਿਆ ਅਤੇ ਫਿਰ ਥੋੜ੍ਹੀ ਦੇਰ ਬਾਅਦ ਫੈਸ਼ਨ ਸਨਅਤ ਵਿਚ ਵੀ ਪੈਰ ਧਰ ਲਿਆ, ਪਰ ਰਵਾਇਤੀ ਰੂੜੀਵਾਦੀ ਸਾਮਜ ਦੀ ਇਸ ਅਤਿ-ਆਧੁਨਿਕ ਸਨਅਤ ਨੇ ਵੀ ਉਸ ਨੂੰ ਸਵੀਕਾਰ ਨਾ ਕੀਤਾ। ਉਸ ਨਾਲ ਹਰ ਪਾਸੇ ਵਿਤਕਰਾ ਕੀਤਾ ਜਾ ਰਿਹਾ ਸੀ। ਨਾ ਉਸ ਨੂੰ ਕਿਤੇ ਕੋਈ ਨੌਕਰੀ ਮਿਲ ਰਹੀ ਸੀ ਅਤੇ ਨਾ ਹੀ ਫੈਸ਼ਨ ਸਨਅਤ ਵਿਚ ਕੋਈ ਕੰਮ ਮਿਲਾ ਰਿਹਾ




*ਅੰਜਲੀ ਲਾਮਾ ਵੱਲੋਂ ਫੇਸਬੁੱਕ 'ਤੇ ਲਾਇਆ ਸਕੈੱਚ।*

ਸੀ। ਉਸ ਮੁਤਾਬਕ, ਇੰਨੀ ਅਤਿ-ਆਧੁਨਿਕ ਦੁਨੀਆ ਅੰਦਰ ਵੀ ਪੁਰਾਣੇ ਖਿਆਲਾਂ ਜਾਂ ਪਹਿਲਾਂ ਬਣੀਆਂ ਬਣਾਈਆਂ ਧਾਰਨਾਵਾਂ ਵਾਲੇ ਲੋਕਾਂ ਦੀ ਕੋਈ ਘਾਟ ਨਹੀਂ ਹੈ! ਇਹ ਲੋਕ ਉਪਰੋ ਭਾਵੇਂ ਆਧੁਨਿਕ ਦਿਸਦੇ ਹਨ, ਪਰ ਇਨ੍ਹਾਂ ਦੀ ਸੋਚ ਅੱਜ ਵੀ ਅੱਧੀ ਸਦੀ ਪਿਛੇ ਹੀ ਚਲ ਰਹੀ ਹੈ। ਸਿੱਟੇ ਵਜੋਂ ਪੈਰ ਪੈਰ ਉਤੇ ਅਸਫਲਤਾ ਦਾ ਮੂੰਹ ਦੇਖਣਾ ਪਿਆ। ਫੈਸ਼ਨ ਸਨਅਤ ਵਿਚ ਉਸ ਦਾ ਕਿਤੇ ਪੈਰ ਹੀ ਨਹੀਂ ਸੀ ਅੜ ਰਿਹਾ।

ਉਂਜ ਨਬੀਨ ਵਾਲੀ ਤੋਂ ਅੰਜਲੀ ਲਾਮਾ ਬਣੀ ਇਸ ਕੁੜੀ ਨੇ ਹਠ ਨਹੀਂ ਹਾਰਿਆ ਅਤੇ ਅੱਜ ਉਹ ਨੇਪਾਲ ਦੀ ਸਫ਼ਲ ਮਾਡਲ ਹੈ, ਭਾਰਤ ਵਿਚ ਲੈਕਮੇ ਫੈਸ਼ਨ ਵੀਕ ਵਿਚ ਹਿੱਸਾ ਲੈਣਾ ਉਸ ਲਈ ਮਾਣ ਵਾਲੀ ਗੱਲ ਬਣ ਗਈ ਹੈ। ਇਉਂ ਅੰਜਲੀ ਲਿੰਗ ਬਦਲ ਕੇ ਮਾਡਲ ਬਣਨ ਵਾਲੀ ਪਹਿਲੀ ਨੇਪਾਲੀ ਮਾਡਲ ਬਣ ਗਈ ਹੈ।

ਪਿਛਲੇ ਦਿਨਾਂ ਦੌਰਾਨ ਅੰਜਲੀ ਥਾਪਾ ਨੇਪਾਲ ਦੀ ਇਕ ਹੋਰ ਮਾਡਲ ਵਰਸ਼ਾ ਥਾਪਾ ਨੂੰ ਮਿਲੀ। ਵਰਸ਼ਾ ਥਾਪਾ ਅੱਜ ਕੱਲ੍ਹ ਨਿਊ ਯਾਰਕ (ਅਮਰੀਕਾ) ਰਹਿੰਦੀ ਹੈ ਅਤੇ ਕੌਮਾਂਤਰੀ ਪ੍ਰਸਿੱਧੀ ਵਾਲੀ ਮਾਡਲ ਹੈ।

ਅੰਜਲੀ ਆਖਦੀ ਹੈ ਕਿ ਹੁਣ ਉਹ ਖੁਸ਼ ਹੈ ਕਿ ਉਸ ਨੇ ਆਪਣੀ ਪਛਾਣ ਲੁਕੋਏ ਬਗੈਰ ਸਫ਼ਲਤਾ ਹਾਸਲ ਕੀਤੀ ਹੈ। ਇਸ ਸਫ਼ਲਤਾ ਲਈ ਭਾਵੇਂ ਉਸ ਨੂੰ ਬੇਹੱਦ ਜੱਦੋ-ਜਹਿਦ ਕਰਨੀ ਪਈ ਅਤੇ ਉਸ ਦਾ ਇਹ ਸਫ਼ਰ ਔਕੜਾਂ ਭਰਪੂਰ ਸੀ, ਪਰ ਉਸ ਨੇ ਆਪਣੇ ਆਪ ਨੂੰ ਸਾਬਤ ਕਰ ਦਿਖਾਇਆ। ਉਹ ਆਖਦੀ ਹੈ ਕਿ ਹੁਣ ਉਹ ਆਪਣੇ ਭਾਈਚਾਰੇ ਨਾਲ ਹੁੰਦੇ ਵਿਤਕਰਿਆਂ ਬਾਰੇ ਐਨ ਸੁਚੇਤ ਹੋ ਕੇ ਕੰਮ ਕਰੇਗੀ ਤਾਂ ਕਿ ਉਸ ਵਰਗੇ ਹੋਰ ਜਿਊੜਿਆਂ ਨੂੰ ਉਹ ਔਕੜਾਂ ਨਾ ਆਉਣ ਜਿਨ੍ਹਾਂ ਖਿਲਾਫ ਉਸ ਨੂੰ ਆਪਣੀ ਚੋਖੀ ਊਰਜਾ ਖਰਚ ਕਰਨੀ ਪਈ।

ਅੰਜਲੀ ਦਾ ਸ਼ਾਬਦਿਕ ਅਰਥ ਹੁੰਦਾ ਹੈ: ਸੌਗਾਤ, ਦਾਤ, ਅਰਪਣ, ਕਮਾਲ। ਸੱਚਮੁੱਚ ਅੰਜਲੀ ਲਾਮਾ ਨੇ ਕਮਾਲ ਕਰ ਦਿਖਾਈ ਹੈ।









*ਅੰਜਲੀ ਲਾਮਾ ਦੀਆਂ ਕੁਝ ਯਾਦਗਾਰੀ ਤਸਵੀਰਾਂ। ਇਕ ਤਸਵੀਰ ਵਿਚ ਉਹ ਹਮਵਤਨ ਮਾਡਲ ਵਰਸ਼ਾ ਥਾਪਾ ਨਾਲ ਬੈਠੀ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਫਰਵਰੀ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-260



*ਪੁੱਤ ਗਿਆ ਹੈ ਰੋਜ਼ੀ ਕਮਾਉਣ, ਸਰਦਾਰਨੀ ਪਈ ਬਿਮਾਰ।*
*ਨੂੰਹ-ਰਾਣੀ ਨੂੰ ਵਿਹਲ ਨਹੀਂ, ਸੌ ਪਏ ਘਰ ਦੇ ਕੰਮ-ਕਾਰ।*
*ਲੈ ਨੂੰਹੇ ਮੈਂ ਹੱਥ ਵਟਾ ਦਿਆਂ, ਕਹਿ ਕੇ ਸਿੰਘ ਮੁਖਤਿਆਰ,*
*ਬੱਚੇ ਨੂੰ ਦੁੱਧ ਪਿਆਉਣ ਲੱਗਾ, ਕਰ ਕਰ ਕੇ ਲਾਡ ਦੁਲਾਰ।*

## ਕੈਪਸ਼ਨ ਮੁਕਾਬਲਾ-258



ਠੰਡ ਹੱਡਾਂ ਨੂੰ ਚੀਰੀ ਜਾਵੇ,
ਲੱਭੇ ਨਾ ਕੋਈ ਓਟ।
ਖਾਲੀ ਖੰਡ ਦੀਆਂ ਬੋਰੀਆਂ,
ਬਣੀਆਂ ਓਵਰ ਕੋਟ।
ਅੱਗੋਂ ਪਿੱਛੋਂ ਕੋਈ ਨਾ ਪੁੱਛੇ,
ਮਨਾਂ ਦੇ ਅੰਦਰ ਖੋਟ।
ਕੰਬਲ ਲੈ ਕੇ ਆਵਣਗੇ,
ਲੁੱਟਣੀ ਹੋਊ ਜਦ ਵੋਟ।

**-ਜਗਮੀਤ ਸਿੰਘ ਪੰਧੇਰ**

---

ਬੋਰੀਆਂ ਲਪੇਟ ਕੇ ਰਚ ਲਿਆ ਅਡੰਬਰ,
ਦੇਖ ਕੇ ਹਰ ਕੋਈ ਜਾਏ ਠਠੰਬਰ।
ਇਹ ਤਾਂ ਬਹੁਤ ਹੀ ਠਰਿਆ ਲਗਦਾ,
ਜਾਂ ਕਿਸੇ ਗੱਲੋਂ ਡਰਿਆ ਲਗਦਾ।
ਸਾਧ-ਚੋਰ ਨਾ ਜਾਣ ਪਛਾਣੇ,
ਅੰਦਰ ਦੀਆਂ ਤਾਂ ਰੱਬ ਹੀ ਜਾਣੇ।

**-ਦਵਿੰਦਰ ਕੌਰ**

---

ਕੁਦਰਤ ਨੇ ਬਖਸ਼ੀ ਸੀ ਵਧੀਆ ਜ਼ਿੰਦਗੀ
ਪਰ ਮਾੜੀ ਸੰਗਤ ਨੇ ਦਿੱਤੀ ਦਰਿੰਦਗੀ।
ਗੁਰਾਂ ਦੀ ਬਾਣੀ ਵਿਸਰ ਗਈ
ਮੰਦੇ ਵਿਚਾਰਾਂ ਕੀਤੀ ਪੁੱਠੀ ਮੱਤ।
ਰੂਹਾਨੀ ਤੌਰ 'ਤੇ ਖਤਮ ਹੋ ਗਏ
ਸਮਾਜ ਵਿਚ ਹੋਈ ਦੁਰਗਤ।

**-ਅਮਰਜੀਤ ਸਿੰਘ ਤੂਰ**

---

ਡਿਪਟੀ ਬਣੂਗਾ ਪੁਤ ਮੇਰਾ,
ਕਦੇ ਮਾਂ ਦਿੰਦੀ ਹੋਊ ਲੋਰੀਆਂ।
ਪਰ ਵਿਧਾਤੇ ਨੇ ਲਿਖ ਦਿਤੀਆਂ,
ਵਿਚ ਨਸੀਬਾਂ ਪਹਿਨਣੀਆਂ ਬੋਰੀਆਂ।
ਲਾਹਣਤ ਹੈ ਐਸੇ ਸਮਾਜ ਨੂੰ,
ਜਿਥੇ ਬੰਦੇ ਦੀ ਇਹ ਹੈ ਤ੍ਰਾਸਦੀ।

**-ਸੇਵਾ ਸਿੰਘ ਨੂਰਪੁਰੀ**

---

ਨਾ ਮੈਂ ਕਰਦਾ ਨਸ਼ਾ ਪੱਤਾ
ਨਾ ਮੈਂ ਕਰਦਾ ਚੋਰੀ।
ਠੰਡ ਤੋਂ ਬਚਣ ਲਈ ਵੀਰੋ
ਲਪੇਟੀ ਸਰੀਰ 'ਤੇ ਬੋਰੀ।
ਕੱਪੜਾ ਲੱਤਾ ਹੈ ਨਹੀਂ ਕੋਈ
ਠੰਡ ਪੈਂਦੀ ਹੈ ਪੂਰੀ।
ਬੋਰੀ ਦਾ ਕੰਬਲ ਬਣਾਇਆ
ਇਹ ਮੇਰੀ ਮਜਬੂਰੀ।

**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਕਦੇ ਬੋਰੀ ਦੀ ਬੁੱਕਲ 'ਚ
ਕਦੇ 10 ਗਜ਼ ਬੀਬੀ ਦਾੜ੍ਹੀ
ਮਲ ਭਬੂਤੀ ਲਾ ਤਿਲਕ
ਰਾਹ ਹਨ ਸਭ ਠੱਗਣ ਦੇ।
ਗੁੱਟ ਨਸ਼ੇ 'ਚ ਸਿਰ ਮਾਰਦੇ
ਹਵਾ ਆਈ ਹੈ ਸੁਲਤਾਨ ਕਾਦਰ ਦੀ
ਤੇਰੇ 'ਤੇ ਤਾਂ ਭਗਤਾ ਬੜਾ ਕਹਿਰ ਹੈ।

**-ਦਰਸ਼ਨਪਾਲ ਦੋਸਾਂਝ**

# ਰਾਤ ਨੂੰ ਗਾਏ ਜਾਣ ਵਾਲੇ ਲੋਕ ਗੀਤਾਂ ਦੀਆਂ ਵੰਨਗੀਆਂ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੱਚ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਵਿਆਹ ਮੌਕੇ ਰਾਤ ਨੂੰ ਗਾਏ ਜਾਂਦੇ ਗੀਤਾਂ ਬਾਰੇ ਤਫਸੀਲ ਸਾਂਝੀ ਕੀਤੀ ਹੈ। -ਸੰਪਾਦਕ*



## ਸਾਡੀਆਂ ਰਸਮਾਂ ਸਾਡੇ ਗੀਤ



**ਨੀਲਮ ਸੈਣੀ**
ਫੋਨ: 510-502-0551

ਵਿਆਹ ਮੌਕੇ ਪੰਜ ਜਾਂ ਸੱਤ ਸੁਹਾਗ ਜਾਂ ਘੋੜੀਆਂ ਗਾਉਣ ਤੋਂ ਬਾਅਦ ਕਾਵਿ ਰੂਪਾਂ ਦੀਆਂ ਹੋਰ ਵੰਨਗੀਆਂ ਗਾਈਆਂ ਜਾਂਦੀਆਂ ਸਨ। ਇਨ੍ਹਾਂ ਕਾਵਿ-ਰੂਪਾਂ ਵਿਚ ਢੋਲਾ, ਮਾਹੀਆ, ਟੱਪੇ ਜਾਂ ਗੀਤ ਆਉਂਦੇ ਸਨ। ਇਹ ਕਾਵਿ-ਰੂਪ ਪੰਜਾਬਣਾਂ ਦੇ ਅੰਤਰ ਮਨ ਦੀ ਤਰਜਮਾਨੀ ਕਰਦੇ ਮਹੌਲ ਨੂੰ ਕਦੀ ਰੰਗੀਨ, ਕਦੇ ਸਾਵਾਂ ਅਤੇ ਕਦੀ ਭਾਵੁਕ ਬਣਾ ਦਿੰਦੇ ਸਨ।

'ਟੱਪੇ' ਅਤੇ 'ਮਾਹੀਆ' ਇਕੋ ਕਾਵਿ-ਰੂਪ ਦੇ ਦੋ ਨਾਮ ਹਨ। 'ਟੱਪਾ' ਜਾਂ 'ਮਾਹੀਆ' ਇਕ ਛੋਟੇ ਛੰਦ ਬੱਧ ਕਾਵਿ ਰੂਪ ਨੂੰ ਕਿਹਾ ਜਾਂਦਾ ਹੈ। ਇਹ ਪੰਜਾਬ ਦੀਆਂ ਸਾਰੀਆਂ ਉਪ-ਭਾਸ਼ਾਵਾਂ ਵਿਚ ਮਿਲਦਾ ਹੈ। ਵਿਆਹ ਵਾਲੇ ਘਰ ਸ਼ਗਨਾਂ ਵਾਲੀ ਦਰੀ ਉਤੇ ਇਕੱਠੀਆਂ ਹੋ ਕੇ ਬੈਠੀਆਂ ਮੁਟਿਆਰਾਂ ਇਸ ਕਾਵਿ ਵੰਨਗੀ ਨੂੰ ਸਮੂਹਿਕ ਰੂਪ ਵਿਚ ਗਾਉਂਦੀਆਂ ਸਨ।

ਕਈ ਵਿਦਵਾਨ ਮਾਹੀਏ ਦੀ ਪਛਾਣ ਵੱਖਰੇ ਰੂਪ ਵਿਚ ਕਰਦੇ ਹਨ। ਮਾਹੀਏ ਦਾ ਮੂਲ ਭਾਵ ਦੂਜੀ ਅਤੇ ਤੀਜੀ ਤੁਕ ਵਿਚ ਸਮਾਇਆ ਹੁੰਦਾ ਹੈ। ਇਸ ਵਿਚ ਕੋਈ ਚਿਤਰ ਜਾਂ ਦ੍ਰਿਸ਼ਟਾਂਤ ਦਾ ਵਰਣਨ ਕੀਤਾ ਹੁੰਦਾ ਹੈ। ਇਸ ਨੂੰ ਬਹੁਤ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਟੱਪਿਆਂ ਦਾ ਮੁੱਖ ਵਿਸ਼ਾ ਬਿਰਹਾ ਦਾ ਦਰਦ ਹੁੰਦਾ ਹੈ, ਪਰ ਜ਼ਿੰਦਗੀ ਨਾਲ ਜੁੜੇ ਹੋਰ ਵਿਸ਼ੇ ਵੀ ਲੋੜ ਮੁਤਾਬਿਕ ਜੋੜ ਲਏ ਜਾਂਦੇ ਹਨ। ਇਨ੍ਹਾਂ ਟੱਪਿਆਂ ਵਿਚ ਮਾਹੀ ਦੇ ਵਿਛੋੜੇ ਦਾ ਦਰਦ, ਪਰਦੇਸ ਨਾ ਜਾਣ ਲਈ ਤਰਲੇ, ਹਾਰ-ਸ਼ਿੰਗਾਰ, ਰੁੱਸਣ-ਮਨਾਉਣ ਦੀਆਂ ਅਦਾਵਾਂ, ਸ਼ਰੀਕਣਾਂ ਦੀ ਈਰਖਾ, ਸੌਕਣਾਂ ਲਈ ਵਿਅੰਗ, ਆਢੇ, ਅੜੀਆਂ ਅਤੇ ਜੰਗ ਦਾ ਵਿਰੋਧ ਹੁੰਦਾ ਹੈ।

ਇਨ੍ਹਾਂ ਗੀਤਾਂ ਨੂੰ ਸਮੂਹਿਕ ਰੂਪ ਵਿਚ ਗਾਉਣ ਲਈ ਔਰਤਾਂ ਦੋ ਭਾਗਾਂ ਵਿਚ ਵੰਡ ਹੋ ਜਾਂਦੀਆਂ ਸਨ। ਇਕ ਧਿਰ ਪਹਿਲਾਂ ਗਾਉਂਦੀ ਸੀ ਅਤੇ ਦੂਜੀ ਧਿਰ ਦੁਹਰਾਉਂਦੀ ਸੀ। ਆਮ ਤੌਰ 'ਤੇ ਇਕ ਧਿਰ ਨਾਨਕੀਆਂ ਦੀ ਅਤੇ ਦੂਜੀ ਦਾਦਕੀਆਂ ਦੀ ਹੁੰਦੀ ਸੀ।

ਹਰ ਇਕ ਗਾਉਣ ਵਾਲੀ ਦੇ ਚਿਹਰੇ ਉਤੇ ਵੱਖਰੀ ਰੌਣਕ ਹੁੰਦੀ ਸੀ। ਦੇਖਦੇ ਹੀ ਦੇਖਦੇ ਇਹ ਸਥਿਤੀ ਮੁਕਾਬਲੇ ਦਾ ਰੂਪ ਧਾਰਨ ਕਰ ਲੈਂਦੀ ਸੀ। ਜਿੱਤ-ਹਾਰ ਦਾ ਸਵਾਲ ਪੈਦਾ ਹੋ ਜਾਂਦਾ ਸੀ। ਇਸ ਜਿੱਤ ਦਾ ਵੱਖਰਾ ਹੀ ਨਸ਼ਾ ਹੁੰਦਾ ਸੀ। ਇਨ੍ਹਾਂ ਗੀਤਾਂ ਵਿਚ ਮੁਟਿਆਰਾਂ ਆਪਣੇ ਮਾਹੀਏ, ਅਰਥਾਤ ਮਹਿਬੂਬ ਨੂੰ ਮੁਖ਼ਾਤਿਬ ਹੁੰਦੀਆਂ ਸਨ। ਇਹ ਗੀਤ ਪੰਜਾਬਣਾਂ ਦੀ ਮਾਨਸਿਕ ਸਥਿਤੀ ਦੀ ਮੂੰਹ ਬੋਲਦੀ ਤਸਵੀਰ ਹੁੰਦੇ ਸਨ।

ਢੋਲਾ ਕਾਵਿ-ਰੂਪ ਢੋਲਕ ਨਾਲ ਗਾਇਆ ਜਾਣ ਵਾਲਾ ਗੀਤ ਹੈ। ਪੰਜਾਬੀ ਦਾ ਮੁਹਾਵਰਾ 'ਢੋਲੇ ਦੀਆਂ ਗਾਉਣਾ' ਇਸ ਕਾਵਿ-ਰੂਪ ਦੇ ਮੌਜ-ਮਸਤੀ ਵਾਲਾ ਗੀਤ ਹੋਣ ਦਾ ਸੰਕੇਤ ਦਿੰਦਾ ਹੈ। ਇਹ ਸਾਰੇ ਕਾਵਿ-ਰੂਪ ਗਾਉਂਦੇ ਸਮੇਂ ਪਰਾਤ ਦੀ ਢੋਲਕੀ ਵਜਾਈ ਜਾਂਦੀ ਸੀ। ਇਕ ਔਰਤ ਪਰਾਤ ਉਤੇ ਹੱਥਾਂ ਨਾਲ ਢੋਲਕੀ ਵਜਾਉਂਦੀ ਅਤੇ ਦੂਜੀ ਔਰਤ ਚਮਚਾ ਮਾਰ-ਮਾਰ ਕੇ ਨਾਲ ਤਾਲ ਬੰਨ੍ਹਦੀ ਸੀ। ਅਜੋਕੇ ਸਮੇਂ ਵਿਚ ਪਰਾਤ ਦੀ ਥਾਂ ਜ਼ਿਆਦਾਤਰ ਢੋਲਕੀ ਹੁੰਦੀ ਹੈ। ਇਹ ਵੰਨਗੀਆਂ ਅੱਜ ਵੀ ਟਾਵੀਆਂ-ਟਾਵੀਆਂ ਗਾਈਆਂ ਜਾਂਦੀਆਂ ਹਨ।

### ਢੋਲਾ, ਮਾਹੀਆ ਅਤੇ ਟੱਪੇ

ਢੋਲਾ ਵੇ ਢੋਲਾ, ਹਾਏ ਢੋਲਾ...
ਬਾਜ਼ਾਰ ਵਿਕੇਂਦੀ ਤਰ ਵੇ,
ਮੇਰਾ ਸਾਹਮਣੀ ਗਲੀ ਵਿਚ ਘਰ ਵੇ।
ਪਿੱਪਲ ਨਿਸ਼ਾਨੀ ਆ-ਹਾਏ ਢੋਲਾ,
ਪਿੱਪਲ ਨਿਸ਼ਾਨੀ ਆ-ਹਾਏ ਢੋਲਾ।

ਢੋਲਾ ਵੇ ਢੋਲਾ, ਹਾਏ ਢੋਲਾ...
ਬਾਜ਼ਾਰ ਵਿਕੇਂਦੀ ਖੰਡ ਵੇ,
ਤੂੰ ਮਿਸ਼ਰੀ ਤੇ ਮੈਂ ਗੁਲਕੰਦ ਵੇ।
ਦੋਮੇਂ ਚੀਜ਼ਾਂ ਮਿੱਠੀਆਂ-ਹਾਏ ਢੋਲਾ,
ਦੋਮੇਂ ਚੀਜ਼ਾਂ ਮਿੱਠੀਆਂ-ਹਾਏ ਢੋਲਾ।

ਢੋਲਾ ਵੇ ਢੋਲਾ, ਹਾਏ ਢੋਲਾ...
ਬਾਜ਼ਾਰ ਵਿਕੇਂਦਾ ਕਿੱਲ ਵੇ,
ਤੇਰਾ ਕਿਹੜੀ ਕੁੜੀ 'ਤੇ ਦਿਲ ਵੇ।
ਦੋਮੇਂ ਵੇ ਕੁਆਰੀਆਂ-ਹਾਏ ਢੋਲਾ,
ਦੋਮੇਂ ਵੇ ਕੁਆਰੀਆਂ-ਹਾਏ ਢੋਲਾ।

ਢੋਲਾ ਵੇ ਢੋਲਾ, ਹਾਏ ਢੋਲਾ...
ਬਾਜ਼ਾਰ ਵਿਕੇਂਦੀ ਬਰਫ਼ੀ,
ਮੈਨੂੰ ਲੈ ਦੇ ਨਿੱਕੀ ਜਿਹੀ ਚਰਖ਼ੀ,
ਦੁੱਖਾਂ ਦੀਆਂ ਪੂਣੀਆਂ-ਹਾਏ ਢੋਲਾ।
ਦੁੱਖਾਂ ਦੀਆਂ ਪੂਣੀਆਂ-ਹਾਏ ਢੋਲਾ।

ਰਾਹੇ ਜਾਂਦਿਆ ਵੇ, ਪੀਲੂ ਖਾਂਦਿਆ ਵੇ!
ਆਖੀਂ ਢੋਲ ਨੂੰ ਜਾ, ਦਾਖਾਂ ਪੱਕੀਆਂ ਵੇ!
ਆਸਾਂ ਰੱਖੀਆਂ ਵੇ, ਢੋਲਾ ਮੁੜ ਘਰ ਆ!
ਰਾਹੀਆ ਰਾਵਲਾ ਵੇ, ਚੰਨਾ ਸਾਂਵਲਾ ਵੇ!
ਸਾਡਾ ਲੱਥਾ ਨਾ ਚਾਅ, ਅੰਬੀਂ ਬੂਰ ਪਿਆ!
ਢੋਲਾ ਦੂਰ ਗਿਆ, ਮੈਨੂੰ ਤੱਤੀ ਨੂੰ ਤਾਅ!
ਰਾਹੇ ਜਾਂਦਿਆ ਵੇ, ਪੀਲੂ ਖਾਂਦਿਆ ਵੇ!



ਰੋਂਦੀ ਛੋੜ ਗਿਆ, ਮੁੱਖ ਮੋੜ ਗਿਆ!
ਰਾਹੇ ਜਾਂਦਿਆ ਵੇ, ਸਾਡੀ ਪੈਜ਼ੁਗੀ ਹਾਅ।

ਮੇਰੇ ਗਲ ਗਲ ਪਾਣੀ ਆਂ,
ਅਜੇ ਤੱਕ ਤੂੰ ਮਾਹੀਆ,
ਮੇਰੀ ਕਦਰ ਨਾ ਜਾਣੀ ਆਂ।

ਮੈਂ ਖੜ੍ਹੀ ਆਂ ਬਨੇਰੇ 'ਤੇ,
ਬੁੱਤ ਮੇਰਾ ਇਥੇ ਦਿਸਦਾ,
ਰੂਹ ਮਾਹੀਏ ਦੇ ਡੇਰੇ 'ਤੇ।

ਨਾਂ ਲਿਖਿਆ ਮਿਟਦਾ ਏ,
ਮੈਨੂੰ ਤਾਂ ਰੱਬ ਮਾਹੀਆ,
ਬੱਸ ਤੇਰੇ ਵਿਚੋਂ ਦਿਸਦਾ ਏ।

ਪਈ ਰਾਤ ਨਾ ਹਾਲਾਂ ਵੇ,
ਵਿਚੋਂ ਤੇਰੀ ਸੁੱਖ ਮੰਗਦੀ,
ਦੇਵਾਂ ਉਤੋਂ ਉਤੋਂ ਗਾਲ੍ਹਾਂ ਵੇ।

ਚਿੱਟਾ ਕੁੱਕੜ ਬਨੇਰੇ 'ਤੇ,
ਕਾਸ਼ਨੀ ਦੁਪੱਟੇ ਵਾਲੀਏ,
ਮੁੰਡਾ ਆਸ਼ਕ ਤੇਰੇ 'ਤੇ।

ਪਾਣੀ ਖਾਰੇ ਨੇ ਸਮੁੰਦਰਾਂ ਦੇ,
ਨੀ ਯਾਰੀ ਤੇਰੀ ਦੋ ਦਿਨ ਦੀ,
ਮਿਹਣੇ ਖੱਟ ਲਏ ਨੇ ਉਮਰਾਂ ਦੇ।

**ਅਸੀਂ ਮਾਹੀਆ ਗਾ ਲਈਦਾ...**
**ਜਦੋਂ ਜਿਥੇ ਜੀਅ ਕਰਦਾ**
**ਪੰਜਾਬ ਬਣਾ ਲਈਦਾ...**

ਦੋ ਪੱਤਰ ਅਨਾਰਾਂ ਦੇ,
ਸਾਡੀ ਗਲੀ ਲੰਘ ਮਾਹੀਆ,
ਦੁੱਖ ਟੁੱਟਣ ਬਿਮਾਰਾਂ ਦੇ।

ਮੈਂ ਖੜ੍ਹੀ ਹਾਂ ਬਨੇਰੇ 'ਤੇ,
ਬੁੱਤ ਸਾਡਾ ਏਥੇ ਦਿਸਦਾ,
ਰੂਹ ਸੱਜਣਾਂ ਦੇ ਡੇਰੇ 'ਤੇ।

ਗਲ ਕੁੜਤਾ ਨਰਮੇ ਦਾ,
ਰੱਬ ਤੈਨੂੰ ਹੁਸਨ ਦਿੱਤਾ,
ਪਤਾ ਦੱਸਿਆ ਨਾ ਮਰਨੇ ਦਾ।

ਫੁੱਲ ਵੇ ਗੁਲਾਬ ਦਿਆ,
ਤੈਨੂੰ ਸੀਨੇ ਨਾਲ ਲਾਵਾਂ,
ਮੇਰੇ ਮਾਹੀਏ ਦੇ ਬਾਗ਼ ਦਿਆ।

ਬਾਗ਼ੇ ਵਿਚ ਆ ਮਾਹੀਆ,
ਨਾਲੇ ਸਾਡੀ ਗੱਲ ਸੁਣ ਜਾ,
ਨਾਲੇ ਘੜਾ ਵੇ ਚੁਕਾ ਮਾਹੀਆ।

ਸੜਕੇ 'ਤੇ ਰੋੜੀ ਏ,
ਨਾਲੇ ਮੇਰਾ ਛੱਲਾ ਲੈ ਗਿਆ,
ਨਾਲੇ ਉਂਗਲੀ ਮਰੋੜੀ ਏ।

ਤੰਦੂਰੀ ਤਾਈ ਹੋਈ ਏ,
ਅੱਗ ਲੱਗੇ ਰੋਟੀਆਂ ਨੂੰ,
ਚਿੱਠੀ ਮਾਹੀਏ ਦੀ ਆਈ ਹੋਈ ਏ।

ਛੱਤਰੀ ਦੀ ਛਾਂ ਕਰ ਲੈ,
ਜਿਥੇ ਮਾਹੀਆ ਆਪ ਵਸੇਂ,
ਓਥੇ ਸਾਡੀ ਵੀ ਥਾਂ ਕਰ ਲੈ।

ਮੈਂ ਔਸੀਆਂ ਪਾਉਨੀ ਆਂ,
ਉਹ ਕਦੋਂ ਘਰ ਆਵੇ,
ਬੈਠੀ ਕਾਂਗ ਉਡਾਉਨੀ ਆਂ।

ਲੰਮੀਆਂ ਰਾਤਾਂ ਨੇ,
ਉਮਰਾਂ ਮੁੱਕ ਜਾਣੀਆਂ,
ਨਹੀਓਂ ਮੁੱਕਣੀਆਂ ਬਾਤਾਂ ਨੇ।

ਕੋਠੇ 'ਤੇ ਕਿੱਲ ਮਾਹੀਆ,
ਲੋਕਾਂ ਦੀਆਂ ਰੋਣ ਅੱਖੀਆਂ,
ਸਾਡਾ ਰੋਂਦਾ ਏ ਦਿਲ ਮਾਹੀਆ।

ਅੱਗ ਬਾਲ ਕੇ ਸੇਕਣ ਦੇ,
ਰੱਬ ਤੈਨੂੰ ਹੁਸਨ ਦਿੱਤਾ,
ਸਾਨੂੰ ਰੱਜ ਕੇ ਦੇਖਣ ਦੇ।

ਦੋ ਪੱਤਰ ਅਨਾਰਾਂ ਦੇ,
ਮਾਹੀਆ ਸਾਡਾ ਦੁੱਖ ਸੁਣ ਕੇ,
ਰੋਂਦੇ ਪੱਥਰ ਪਹਾੜਾਂ ਦੇ।

ਛੱਪੜੀ ਵਿਚ ਅੰਬ ਤਰਦਾ,
ਇਸ ਜੁਦਾਈ ਨਾਲੋਂ,
ਰੱਬ ਪੈਦਾ ਹੀ ਨਾ ਕਰਦਾ।

ਕੋਠੇ 'ਤੇ ਖਲੋ ਮਾਹੀਆ,
ਚੰਨ ਭਾਵੇਂ ਚੜ੍ਹੇ ਨਾ ਚੜ੍ਹੇ,
ਸਾਨੂੰ ਤੇਰੀ ਲੋਅ ਮਾਹੀਆ।

ਚਿੜੀਆਂ ਵੇ ਬਾਰ ਦੀਆਂ,
ਰੱਜ ਕੇ ਨਾ ਡਿੱਠੀਆਂ ਵੇ,
ਅੱਖਾਂ ਸਾਂਵਲੇ ਯਾਰ ਦੀਆਂ।

ਪੈਸੇ ਦੀ ਚਾਹ ਪੀਤੀ,
ਲੱਖਾਂ ਦੀ ਜਿੰਦ ਮੇਰੀ,
ਹਿਜ਼ਰੇ ਮਾਰ ਫ਼ਨਾਹ ਕੀਤੀ।

ਕਟੋਰਾ ਕਾਂਸੀ ਦਾ,
ਤੇਰੀ ਵੇ ਜੁਦਾਈ ਮਾਹੀਆ,
ਸਾਨੂੰ ਝੂਟਾ ਫ਼ਾਂਸੀ ਦਾ।

ਸੋਟੀ ਦੇ ਬੰਦ ਕਾਲੇ,
ਆਖੀਂ ਮੇਰੇ ਮਾਹੀਏ ਨੂੰ,
ਲੱਗੀ ਯਾਰੀ ਦੀ ਲੱਜ ਪਾਲੇ।

ਕੰਢਾ ਟੁੱਟ ਗਿਆ ਥਾਲੀ ਦਾ,
ਪਤਲਾ ਪਤੰਗ ਮਾਹੀਆ,
ਕਿਸੇ ਕਰਮਾਂ ਵਾਲੀ ਦਾ।

ਚਿੱਟਾ ਵੇ ਬਦਾਮ ਹੋਸੀ,
ਜੀਂਦਿਆਂ ਨੌਕਰ ਤੇਰੀ,
ਮੋਇਆਂ ਮਿੱਟੀ ਗ਼ੁਲਾਮ ਹੋਸੀ।

ਗੱਡੀ ਆਈ ਹੋਈ ਖੋਲੇ 'ਤੇ,
ਮਾਹੀਏ ਮੈਨੂੰ ਝਿੜਕ ਦਿੱਤੀ,
ਹੰਝੂ ਡੁੱਲ੍ਹ ਗਏ ਚੋਲੇ 'ਤੇ।

ਦੋ ਪੱਤਰ ਅਨਾਰਾਂ ਦੇ,
ਤੇਰੇ ਕੰਨੀ ਬੀਰਬਲੀਆਂ,
ਸਾਡੇ ਬੁੰਦੇ ਹਜ਼ਾਰਾਂ ਦੇ।

ਹੱਥ ਜੋੜਾ ਪੱਖੀਆਂ ਦਾ,
ਇਕ ਵਾਰੀ ਤੱਕ ਗੋਰੀਏ,
ਕੀ ਜਾਂਦਾ ਈ ਅੱਖੀਆਂ ਦਾ।

ਫੁੱਲ ਗਮਲੇ 'ਚ ਸੁੱਕ ਜਾਂਦੇ,
ਜਿਹੜੇ ਬਹੁਤਾ ਹੱਸਦੇ ਨੇ,
ਉਹ ਵਿਚੇ ਵਿਚ ਮੁੱਕ ਜਾਂਦੇ।

ਤੇਰਾ ਅੰਬਰਾਂ 'ਤੇ ਨਾਂ ਲਿਖਿਆ,
ਤੇਰੀਆਂ ਕਿਤਾਬਾਂ ਵਿਚ ਵੇ,
ਸਾਡਾ ਨਾਂ ਨਾ ਨਿਸ਼ਾਂ ਲਿਖਿਆ।

ਖੂਹੇ 'ਤੇ ਆ ਮਾਹੀਆ,
ਨਾਲੇ ਸਾਡੀ ਗੱਲ ਸੁਣ ਜਾ,
ਨਾਲੇ ਘੜਾ ਵੇ ਚੁਕਾ ਮਾਹੀਆ।

ਭੱਠੀਆਂ ਤੋਂ ਭੁਨਾ ਦਾਣੇ,
ਮੈਂ ਤਾਂ ਤੇਰੀ ਚਾਕਰ ਆਂ,
ਤੇਰੇ ਦਿਲ ਦੀਆਂ ਰੱਬ ਜਾਣੇ।

ਸੜਕੇ ਉਤੇ ਰਿੜ੍ਹ ਵੱਟਿਆ,
ਜਿਨ੍ਹੇ ਯਾਰੀ ਨਹੀਉਂ ਲਾਈ,
ਉਨ੍ਹੇ ਦੁਨੀਆ 'ਚ ਕੀ ਖੱਟਿਆ।

ਬਾਗੀਂ ਫੁੱਲ ਪਏ ਖਿੜਦੇ ਨੇ,
ਲਾ ਕੇ ਨਿਭਾਉਣ ਵਾਲੇ,
ਬੜੀ ਮੁਸ਼ਕਿਲ ਨਾ' ਮਿਲਦੇ ਨੇ।

ਟੱਪੇ ਟੱਪਿਆਂ ਦੀ ਆਈ ਵਾਰੀ,
ਮੈਂ ਕੁੜੀ ਜਲੰਧਰ ਸ਼ਹਿਰ ਦੀ,
ਜਿਹੜੀ ਟੱਪਿਆਂ ਤੋਂ ਨਾ ਹਾਰੀ।

#

# ਮਿਰਜ਼ਾ .ਗ਼ਾਲਿਬ ਦੀ ਫਰਵਰੀ ਤੇ ਕਲਕੱਤਾ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਫਰਵਰੀ ਦਾ ਮਹੀਨਾ ਮਿਰਜ਼ਾ ਗ਼ਾਲਿਬ ਦੇ ਇੰਤਕਾਲ ਦਾ ਮਹੀਨਾ (15 ਫਰਵਰੀ 1869) ਹੀ ਨਹੀਂ, ਉਸ ਦੇ ਪੈਨਸ਼ਨ ਦੀ ਬਹਾਲੀ ਲਈ ਕਲਕੱਤਾ ਪਹੁੰਚਣ (19 ਫਰਵਰੀ 1828) ਦਾ ਮਹੀਨਾ ਵੀ ਹੈ। ਗ਼ਾਲਿਬ ਦੇ ਵੱਡੇ-ਵਡੇਰੇ ਤੁਰਕੀ ਵਿਚ ਉਚੇ ਸੈਨਿਕ ਪਦਾਂ 'ਤੇ ਰਹਿਣ ਪਿਛੋਂ ਸਮਰਕੰਦ ਵਿਚ ਖੇਤੀਬਾੜੀ ਕਰਨ ਉਪਰੰਤ ਲਾਹੌਰ ਰਾਹੀਂ ਆਗਰਾ ਦੇ ਵਸਨੀਕ ਹੋ ਗਏ ਸਨ।

1802 ਵਿਚ ਪਿਤਾ ਦੀ ਮੌਤ ਸਮੇਂ ਗਾਲਿਬ ਦੀ ਮਾਂ ਕੋਲ ਦੋ ਹਵੇਲੀਆਂ ਸਨ ਪਰ ਦੋਨੋਂ ਗਿਰਵੀ ਪਈਆਂ ਸਨ। ਫੇਰ ਵੀ ਲਾਰਡ ਲੇਕ ਦੇ ਕਾਰਜ ਕਾਲ ਵਿਚ ਮਿਰਜ਼ਾ ਗਾਲਿਬ ਦੇ ਵਡੇਰਿਆਂ ਨੂੰ 10,000 ਰੁਪਏ ਸਾਲਾਨਾ ਪੈਨਸ਼ਨ ਮਿਲਦੀ ਸੀ ਜੋ ਦਗੇਬਾਜ਼ ਰਿਸ਼ਤੇਦਾਰਾਂ ਨੇ ਵੰਡ-ਵੰਡਾ ਲਈ ਤੇ ਗ਼ਾਲਿਬ ਦੇ ਹਿੱਸੇ ਕੇਵਲ 750 ਰੁਪਏ ਸਾਲ ਰਹਿ ਗਈ। ਜੀਵਨ ਨਿਰਬਾਹ ਦਾ ਹੋਰ ਕੋਈ ਸਾਧਨ ਨਾ ਹੋਣ ਕਾਰਨ ਹਰ ਤਰ੍ਹਾਂ ਦੇ ਦੁੱਖ ਭੋਗਦਿਆਂ ਘੋੜਾ, ਤਾਂਗਾ, ਬੈਲਗੱਡੀ ਤੇ ਕਿਸ਼ਤੀ ਦੁਆਰਾ ਬਾਂਦਾ, ਮੋਧਾ, ਚਿੱਲਾ ਤਾਰਾ, ਅਲਾਹਾਬਾਦ, ਬਨਾਰਸ ਤੇ ਮੁਰਸ਼ਿਦਾਬਾਦ ਰਾਹੀਂ 1500 ਕਿਲੋਮੀਟਰ ਦਾ ਸਫਰ ਤੈਅ ਕਰਕੇ ਕਲਕੱਤਾ ਪਹੁੰਚਿਆ ਤਾਂ ਉਸ ਨੂੰ ਸ਼ਿਮਲਾ ਬਾਜ਼ਾਰ ਵਿਚ ਛੇ ਰੁਪਏ ਪ੍ਰਤੀ ਮਹੀਨਾ ਇਕ ਮਕਾਨ ਕਿਰਾਏ ਉਤੇ ਮਿਲ ਗਿਆ। ਇਸ ਮਕਾਨ ਦੇ ਖੁੱਲ੍ਹੇ ਵਿਹੜੇ ਵਿਚ ਪੀਣ ਵਾਲੇ ਪਾਣੀ ਦਾ ਖੂਹ ਹੀ ਨਹੀਂ, ਉਹਦੇ ਆਪਣੇ ਲਈ ਯੋਗ ਪਾਖਾਨਾ ਤੇ ਉਸ ਦੇ ਘੋੜੇ ਲਈ ਵੱਖਰਾ ਪ੍ਰਬੰਧ ਸੀ। ਮਿਰਜ਼ਾ ਨੇ ਇਸ ਮਕਾਨ ਦੇ ਸ਼ਾਂਤਮਈ ਮਾਹੌਲ ਦੀ ਇਵੇਂ ਸਿਫਤ ਕੀਤੀ ਹੈ ਜਿਵੇਂ ਰਸਤੇ ਵਿਚ ਬਨਾਰਸ ਵਿਚ ਰਹਿ ਕੇ ਕੱਟੇ ਟਿਕਾਣੇ ਦੀ।

ਬਨਾਰਸ ਦੀ ਇਕ ਹਸੀਨਾ ਬਾਰੇ ਉਸ ਦਾ ਫਾਰਸੀ ਵਿਚ ਲਿਖਿਆ ਇੱਕ ਸ਼ਿਅਰ ਵੀ ਪ੍ਰਸਿੱਧ ਹੈ, "ਕਾਸ਼! ਬਨਾਰਸ ਦਾ ਉਹ ਹਸੀਨ ਬੁੱਤ ਮੈਨੂੰ ਕਬੂਲ ਕਰ ਲਵੇ ਤੇ ਮੈਂ ਆਖਾਂ ਕਿ ਮੈਂ ਤੇਰਾ ਗੁਲਾਮ ਹਾਂ ਤੇ ਉਹ ਨਾਜ਼ ਨਖਰੇ ਨਾਲ ਬੋਲੇ, ਬੇਸ਼ੱਕ ਬੇਸ਼ੱਕ।"

ਬਨਾਰਸ ਬਾਰੇ ਉਸ ਨੇ ਮੁਹੰਮਦ ਅਲੀ ਖਾਂ ਦੇ ਨਾਂ ਇਕ ਖਤ ਵਿਚ ਇਹ ਵੀ ਲਿਖਿਆ, "ਬਨਾਰਸ ਦੀ ਹਵਾ ਨੇ ਮੇਰੇ ਸਰੀਰ ਨੂੰ ਏਨਾ ਤਰੋਤਾਜ਼ਾ ਕਰ ਦਿੱਤਾ ਹੈ ਕਿ ਜੇ ਮੈਨੂੰ ਆਪਣੇ ਦੁਸ਼ਮਣਾਂ ਦੇ ਮਜ਼ਾਕ ਦਾ ਕੋਈ ਡਰ ਨਾ ਹੋਵੇ ਤਾਂ ਮੈਂ ਧਰਮ ਬਦਲ ਕੇ ਸਦਾ ਲਈ ਇਸ ਸਵਰਗ ਰੂਪੀ ਸ਼ਹਿਰ ਵਿਚ ਵਸਣ ਲਈ ਆਪਣੇ ਮੱਥੇ ਉਤੇ ਤਿਲਕ ਲਾ ਕੇ ਜਨੇਊ ਪਹਿਨ ਲੈਂਦਾ ਤੇ ਨਿਯਮ ਨਾਲ ਉਦੋਂ ਤੱਕ ਗੰਗਾ ਦੇ ਕੰਢੇ ਬੈਠਾ ਰਹਿੰਦਾ ਜਦੋਂ ਤੱਕ ਜੀਵਨ ਰੂਪੀ ਚਕਾਚੌਂਧ ਦੀ ਗਰਦ ਨਾ ਧੁਲ ਜਾਂਦੀ ਤੇ ਮੈਂ ਇਕ ਕਤਰੇ ਵਾਂਗ




ਗੰਗਾ ਨਦੀ ਵਿਚ ਨਾ ਸਮਾ ਜਾਂਦਾ। ਹੋ ਸਕਦਾ ਹੈ ਗ਼ਾਲਿਬ ਦਾ ਹੇਠ ਲਿਖਿਆ ਸ਼ਿਅਰ ਵੀ ਬਨਾਰਸ ਦੇ ਟਿਕਾਣੇ ਦੀ ਉਪਜ ਹੋਵੇ:

ਹੂਏ ਮਰ ਕੇ ਹਮ ਜੋ ਰੁਸਵਾ ਹੂਏ
ਕਿਉਂ ਨਾ ਗਰਕ ਏ ਦਰਯਾ।
ਨਾ ਕਭੀ ਜਨਾਜ਼ਾ ਉਠਤਾ
ਨਾ ਕਹੀਂ ਮਜ਼ਾਰ ਹੋਤਾ।

ਸ਼ਿਮਲਾ ਬਾਜ਼ਾਰ ਵਾਲੇ ਟਿਕਾਣੇ ਤੋਂ ਨਵਾਬ ਅਲੀ ਅਕਬਰ ਖਾਂ ਦੀ ਹੁਗਲੀ ਵਾਲੀ ਹਵੇਲੀ ਲਈ ਕਿਸ਼ਤੀ ਵੀ ਸਹਿਜੇ ਹੀ ਮਿਲ ਜਾਂਦੀ ਸੀ। ਉਥੇ ਹੁਗਲੀ ਕਾਲਜ, ਮੁਸਾਫਰਖਾਨਾ ਨਵਾਬ ਦੀ ਦੇਖ-ਰੇਖ ਵਿਚ ਚਲਦੇ ਹੋਣ ਕਾਰਨ ਉਸ ਦੀ ਸਰਕਾਰੇ-ਦਰਬਾਰੇ ਬੜੀ ਪਤ ਸੀ। ਪਰ ਗ਼ਾਲਿਬ ਨਹੀਂ ਸੀ ਜਾਣਦਾ ਕਿ ਉਸ ਦੇ ਕਲਕੱਤਾ ਪਹੁੰਚਣ ਤੱਕ ਅਲੀ ਅਕਬਰ ਖਾਂ ਦਾ ਗੋਰੀ ਸਰਕਾਰ ਨਾਲ ਏਨਾ ਮਤਭੇਦ ਹੋ ਚੁੱਕਾ ਹੈ ਕਿ ਹੁਗਲੀ ਦੇ ਕਲੈਕਟਰ ਨਾਲ ਵੀ ਸਾਰੇ ਸਬੰਧ ਵਿਗੜ ਚੁੱਕੇ ਸਨ। ਮਿਰਜ਼ਾ ਗ਼ਾਲਿਬ ਦਾ ਪੱਕਾ ਮੱਦਾਹ ਹੋਣ ਦੇ ਬਾਵਜੂਦ ਨਵਾਬ ਬਹੁਤਾ ਕੁਝ ਨਹੀਂ ਕਰ ਸਕਿਆ, ਓਧਰ ਮਿਰਜ਼ਾ ਮੁਹੰਮਦ 'ਬਾਕਿਰ' ਦਾ ਇੱਕ ਸ਼ਾਗਿਰਦ ਦੀਵਾਨੀ ਸਿੰਘ ਜੋ 18 ਸਾਲ ਦੀ ਉਮਰ ਵਿਚ ਮੁਸਲਮਾਨ ਹੋਣ ਪਿਛੋਂ ਕਵੀ ਕਤੀਲ ਵਜੋਂ ਪ੍ਰਸਿੱਧ ਹੋਇਆ, ਗ਼ਾਲਿਬ ਨਾਲ ਏਨੀ ਖਾਰ ਖਾਂਦਾ ਸੀ ਕਿ ਗ਼ਾਲਿਬ ਦੇ ਪਰਿਵਾਰਕ ਦੁਸ਼ਮਣ ਅਫਜ਼ਲ ਬੇਗ ਨਾਲ ਮਿਲ ਕੇ ਮਿਰਜ਼ਾ ਗ਼ਾਲਿਬ ਨੂੰ ਏਨਾ ਰੁਸਵਾ ਤੇ ਜ਼ਲੀਲ ਕੀਤਾ ਕਿ ਗ਼ਾਲਿਬ ਦੇ ਕਲਕੱਤਾ ਦੀ ਅਦਬੀ ਦੁਨੀਆਂ ਵਿਚ ਪੈਰ ਨਹੀਂ ਲੱਗਣ ਦਿੱਤੇ ਤੇ ਉਸ ਨੂੰ ਦਿੱਲੀ ਪਰਤਣਾ ਪਿਆ। ਦਿੱਲੀ 'ਚ 5 ਮਈ 1830 ਵਾਲੇ ਦਿਨ ਉਸ ਨੂੰ ਗਵਰਨਰ ਜਨਰਲ ਨੇ ਇਤਲਾਹ ਦਿੱਤੀ ਕਿ ਉਸ ਦੀ ਪੈਨਸ਼ਨ ਦਾ ਕੇਸ ਖਾਰਜ ਹੋ ਚੁਕਾ ਹੈ।

ਉਪਰੋਕਤ ਜਾਣਕਾਰੀ, ਹੋਰਨਾਂ ਸਾਧਨਾਂ ਤੋਂ ਬਿਨਾ ਮੈਨੂੰ ਮੇਰੇ ਮਿੱਤਰ ਟੀ.ਐਨ. ਰਾਜ ਵੱਲੋਂ ਸੰਪਾਦਤ ਪੁਸਤਕ 'ਗ਼ਾਲਿਬ-ਜੀਵਨ, ਸ਼ਾਇਰੀ, ਖੱਤ ਅਤੇ ਸਫਰ-ਏ-ਕਲਕੱਤਾ' ਵਿਚੋਂ ਮਿਲੀ ਹੈ। ਟੀ.ਐਨ. ਰਾਜ਼ ਜੋਸ਼ ਮਲਸੀਆਨੀ ਤੇ ਕਾਲੀ ਦਾਸ ਗੁਪਤਾ ਰਿਜ਼ਾ ਵਰਗੇ ਪੰਜਾਬੀਆਂ ਵਾਂਗ ਗ਼ਾਲਿਬ ਦੀ ਸ਼ਾਇਰੀ ਦਾ ਮੱਦਾਹ ਹੀ ਨਹੀਂ, ਗਾਲਿਬ ਨੂੰ ਆਪਣੀਆਂ ਪੈਰੋਡੀਆਂ, ਟਿੱਪਣੀਆਂ ਤੇ ਵਜ਼ਾਹਤ ਰਾਹੀਂ ਹਿੰਦੀ ਤੇ ਪੰਜਾਬੀ ਦੇ ਪਾਠਕਾਂ ਦੀ ਨਜ਼ਰ ਪੇਸ਼ ਕਰਨ ਵਾਲਾ ਵੀ ਹੈ।

ਉਰਦੂ ਜ਼ੁਬਾਨ ਦਾ ਉਚ ਦੁਮਾਲੜਾ ਸ਼ਾਇਰ ਮਿਰਜ਼ਾ ਗਾਲਿਬ ਆਪਣੀ ਉਮਰ ਦੇ ਬਾਕੀ ਚਾਲੀ ਸਾਲ ਤੰਗੀ ਤੁਰਸ਼ੀ ਵਿਚ ਦਿੱਲੀ ਹੀ ਰਿਹਾ। ਅੰਤਲੇ ਸਮੇਂ ਉਹ ਕਈ ਦਿਨਾਂ ਤੋਂ ਕਈ ਰੋਗਾਂ ਦਾ ਸ਼ਿਕਾਰ ਸੀ ਕਿ ਮੌਲਾਨਾ ਹਾਲੀ ਉਸ ਨੂੰ ਮਿਲਣ ਗਿਆ ਤਾਂ ਗ਼ਾਲਿਬ ਆਪਣੇ ਸੁਭਾਅ ਅਨੁਸਾਰ ਨਵਾਬ ਅਲਾਉਦੀਨ ਖਾਂ (ਲੋਹਾਰੂ) ਦੇ ਖਤ ਦਾ ਜਵਾਬ ਲਿਖਦਾ ਰਿਹਾ ਸੀ, "ਮੇਰਾ ਹਾਲ ਮੇਰੇ ਕੋਲੋਂ ਕਿਉਂ ਪੁੱਛ ਰਹੇ ਹੋ, ਇਕ ਅੱਧ ਦਿਨ ਵਿਚ ਪੜੋਸੀਆਂ ਤੋਂ ਪੁੱਛਣਾ।"

ਮਿਰਜ਼ਾ ਗਾਲਿਬ 15 ਫਰਵਰੀ 1869 ਵਾਲੇ ਦਿਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਨਵਾਬ ਰਾਮਪੁਰ ਵੱਲੋਂ ਭੇਜਿਆ ਜਨਵਰੀ ਮਹੀਨੇ ਦਾ ਆਖਰੀ ਵਜ਼ੀਫਾ ਉਸ ਦੇ ਦਿਹਾਂਤ ਤੋਂ ਕੇਵਲ ਇੱਕ ਘੰਟਾ ਪਹਿਲਾਂ ਵਸੂਲ ਹੋਇਆ ਸੀ।

**ਰਾਜਨੀਤਕ ਨਾਵਲਕਾਰੀ ਦਾ ਸ਼ਾਹ ਸਵਾਰ ਦਰਸ਼ਨ ਸਿੰਘ:** ਜਨਵਰੀ 2017 ਦੇ ਅੰਤਲੇ ਦਿਨਾਂ ਵਿਚ ਨਿਵੇਕਲੇ ਨਾਵਲਕਾਰ ਦਰਸ਼ਨ ਸਿੰਘ ਦਾ ਦੇਹਾਂਤ ਹੋ ਗਿਆ। 88 ਵਰ੍ਹੇ ਦੀ ਉਮਰ ਭੋਗਣ ਵਾਲੇ ਦਰਸ਼ਨ ਸਿੰਘ ਨੇ 70 ਸਾਲ ਦੀ ਉਮਰ ਵਿਚ ਨਾਵਲ ਲਿਖਣੇ ਸ਼ੁਰੂ ਕੀਤੇ ਅਤੇ ਹਰ ਸਾਲ ਨਵੀਂ ਤੇ ਨਿਵੇਕਲੀ ਕਲਾ ਵਾਲਾ ਨਾਵਲ ਲੈ ਕੇ ਆਇਆ। ਭਾਵੇਂ ਮੁੱਢਲੀਆਂ ਰਚਨਾਵਾਂ 'ਮੀਂਹ ਕਣੀ ਦੇ ਦਿਨ', 'ਬੁਝਾਰਤ', 'ਕੰਡਾ' ਤੇ 'ਮੀਂਹ ਵਰਸੇਂਦਾ' ਆਦਿ ਪਿਆਰ ਦੇ ਪੱਕੇ ਤੇ ਸਥਾਈ ਵਿਸ਼ੇ ਵਾਲੀਆਂ ਹਨ ਪਰ ਉਸ ਦੀ ਅਸਲੀ ਪਛਾਣ 'ਭਾਊ' ਨਾਲ ਬਣੀ ਜਿਹੜਾ ਮਾਰਕਸੀ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਦੀ ਰਾਜਨੀਤਕ ਗੰਢ-ਤੁਪ ਨਾਲ ਲਬਰੇਜ਼ ਹੈ। ਇਥੋਂ ਤੱਕ ਕਿ ਉਸ ਦੇ



ਦਰਸ਼ਨ ਸਿੰਘ

ਪਾਠਕਾਂ ਵਿਚ ਉਸ ਦੀ ਪਹਿਚਾਣ ਹੀ ਦਰਸ਼ਨ ਸਿੰਘ ਭਾਊ ਬਣ ਗਈ। ਸੋਵੀਅਤ ਦੂਤਾਵਾਸ ਦੀ ਨੌਕਰੀ ਕਰਦਿਆਂ ਰਾਜਨੀਤੀ ਨਾਲ ਸਬੰਧਤ ਪੁਸਤਕਾਂ ਦਾ ਅਨੁਵਾਦਕ ਰਹਿਣ ਕਾਰਨ ਦਰਸ਼ਨ ਸਿੰਘ ਨੂੰ ਰਾਜਨੀਤਕ ਦਾਓ ਪੇਚਾਂ ਦਾ ਡੂੰਘਾ ਗਿਆਨ ਸੀ। ਇਥੋਂ ਤੱਕ ਕਿ ਅੰਮ੍ਰਿਤਾ ਪ੍ਰੀਤਮ ਦੀ ਜੀਵਨੀ ਨਾਲ ਸਬੰਧਤ 'ਬੱਦਲਾਂ ਦੀ ਪੌੜੀ', ਪ੍ਰਭਜੋਤ ਕੌਰ ਬਾਰੇ 'ਭੂਮਿਕਾ' ਤੇ ਦੇਵ ਚਿੱਤਰਕਾਰ ਦੀ ਜੀਵਨੀ 'ਤੇ ਆਧਾਰਤ 'ਮਿੱਟੀ' ਵਿਚ ਵੀ ਇਸ ਤਰ੍ਹਾਂ ਦੇ ਅੰਸ਼ ਪ੍ਰਧਾਨ ਹਨ। ਭਾਵੇਂ 'ਗੈਲਰੀ ਸ਼ਹੀਦਾਂ' ਤੇ 'ਚੱਕਰਵਿਊ' ਨਾਂ ਦੇ ਨਾਵਲਾਂ ਵਿਚ ਵੀ ਅਜਿਹੀ ਗੰਢ-ਤੁਪ ਦੇ ਨਮੂਨੇ ਘੱਟ ਨਹੀਂ ਪਰ 'ਲੋਟਾ' ਵਿਚ ਸਿਆਸਤਦਾਨਾਂ ਦੀ ਜੁਗਾੜਬੰਦੀ ਇੰਨੇ ਵਧੀਆ ਢੰਗ ਨਾਲ ਪਰੋਈ ਮਿਲਦੀ ਹੈ ਕਿ ਉਸ ਨੂੰ 25,000 ਡਾਲਰ ਵਾਲਾ ਸਾਹਿਤ ਦਾ ਢਾਹਾਂ ਕੌਮਾਂਤਰੀ ਪੁਰਸਕਾਰ ਮਿਲਿਆ। ਉਹ ਇਸ ਪੁਰਸਕਾਰ ਨੂੰ ਪ੍ਰਾਪਤ ਕਰਨ ਵਾਲਾ ਦੂਸਰਾ ਵਿਅਕਤੀ ਸੀ। ਉਂਜ ਕੇਂਦਰੀ ਸਾਹਿਤ ਅਕਾਡਮੀ ਦੇ ਪੁਰਸਕਾਰ ਤੋਂ ਵਿਰਵਾ ਰਹਿਣ ਕਾਰਨ ਦਰਸ਼ਨ ਸਿੰਘ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸ਼੍ਰੇਣੀ ਵਿਚ ਆਉਂਦਾ ਹੈ।

28 ਜਨਵਰੀ ਨੂੰ ਦਿੱਲੀ ਵਿਖੇ ਉਸ ਦੇ ਸਸਕਾਰ ਸਮੇਂ ਉਸ ਦਾ ਛੋਟਾ ਭਰਾ ਅਮਰਜੀਤ ਸਿੰਘ, ਫੈਜ਼ ਅਹਿਮਦ ਫੈਜ਼ ਨੂੰ ਖੁੱਭ ਕੇ ਪੇਸ਼ ਕਰਨ ਵਾਲੀ ਉਸ ਦੀ ਪਤਨੀ ਤਰਲੋਚਨ, ਬੇਟਾ ਨਵਰੂਪ ਸਿੰਘ, ਸਾਈਪ੍ਰਸ ਵਾਸੀ ਬੇਟੀ ਪ੍ਰੀਤੀ ਸਿੰਘ ਤੇ ਪ੍ਰੀਤ ਨਗਰ ਵਾਲੀ ਪ੍ਰਵੀਨ ਪਾਲ ਹਾਜ਼ਰ ਸਨ। ਉਸ ਦੀ ਮ੍ਰਿਤਕ ਦੇਹ ਉਤੇ ਹੋਰਨਾਂ ਤੋਂ ਬਿਨਾ ਪੰਜਾਬੀ ਸਾਹਿਤ ਸਭਾ-ਨਵੀਂ ਦਿੱਲੀ ਅਤੇ ਚੰਡੀਗੜ੍ਹ ਸਾਹਿਤ ਅਕਾਡਮੀ ਨੇ ਫੁੱਲ ਮਾਲਾ ਚੜ੍ਹਾਈ। ਉਸ ਦਾ ਸਾਰਾ ਪਰਿਵਾਰ ਅਗਾਂਹਵਧੂ ਤੇ ਸਕੂਲਰ ਸੋਚ ਨੂੰ ਪ੍ਰਣਾਇਆ ਹੋਇਆ ਹੈ।

**ਅੰਤਿਕਾ:**

*(ਦਰਸ਼ਨ ਸਿੰਘ ਹੀਰ ਬਰਤਾਨੀਆ)*

ਸੱਜਣਾਂ ਦੇ ਸੰਗ ਵਿਚ
ਕੁੱਲੀ ਵੀ ਬਣ ਜਾਂਦੀ ਮਹੱਲ,
ਯਾਰ ਬਿਨ ਮਹਿਲਾਂ ਦਾ
ਮਾਲਿਕ ਵੀ ਜਿਵੇਂ ਬੇਘਰ ਗਿਆ।
ਜਾਣਾ ਤਾਂ ਹੈ ਹਰ ਬੜੇ ਛੋਟੇ ਨੇ
ਆਖਰ ਇਕ ਦਿਨ
ਤੋੜਿਆ ਜਿਸ ਯਾਰ ਦੀ
ਬਾਹਾਂ 'ਚ ਦਮ, ਬਿਹਤਰ ਗਿਆ।

# ਸਹੀ ਇਲਾਜ ਤੇ ਸਹੀ ਸੋਚ ਨਾਲ ਹਰਾਇਆ ਜਾ ਸਕਦਾ ਹੈ ਕੈਂਸਰ

ਵਿਸ਼ਵ ਕੈਂਸਰ ਦਿਵਸ 'ਤੇ ਵਿਸ਼ੇਸ਼



ਪ੍ਰੋ. ਹਰਗੁਣਪ੍ਰੀਤ ਸਿੰਘ
ਫੋਨ: 91-94636-19353


ਸਰੀਰ ਦੇ ਸੈੱਲਾਂ ਦੇ ਅਨਿਸ਼ਚਿਤ ਰੂਪ ਵਿਚ ਵਧਣ ਨੂੰ ਕੈਂਸਰ ਕਿਹਾ ਜਾਂਦਾ ਹੈ। ਸਾਡੇ ਸਰੀਰ ਦੇ ਸੈਲ ਹਰ ਵੇਲੇ ਬਣਦੇ-ਟੁੱਟਦੇ ਰਹਿੰਦੇ ਹਨ ਪਰ ਜਦੋਂ ਸਰੀਰ ਦੇ ਕਿਸੇ ਹਿੱਸੇ ਵਿਚ ਸੈੱਲ ਅਨਿਸ਼ਚਿਤ ਰੂਪ ਵਿਚ ਵਧਣ ਲੱਗ ਜਾਣ ਤਾਂ ਉਹ ਕੈਂਸਰ ਬਣ ਜਾਂਦਾ ਹੈ। ਭਾਵੇਂ ਵਿਗਿਆਨ ਹਾਲੇ ਤੱਕ ਕੈਂਸਰ ਦੇ ਮੁੱਖ ਕਾਰਨਾਂ ਦਾ ਚੰਗੀ ਤਰ੍ਹਾਂ ਪਤਾ ਨਹੀਂ ਲਾ ਸਕਿਆ ਪਰ ਫੇਰ ਵੀ ਕੁਝ ਕਾਰਨ ਜਿਵੇਂ ਸਿਗਰਟ, ਸ਼ਰਾਬ ਅਤੇ ਤੰਬਾਕੂ ਦਾ ਖੁੱਲ੍ਹਾ ਸੇਵਨ, ਕੀਟਨਾਸ਼ਕ ਦਵਾਈਆਂ ਦਾ ਛਿੜਕਾਅ, ਵੱਧ ਰਿਹਾ ਪ੍ਰਦੂਸ਼ਣ, ਪਰਾਂਵੈਂਗਣੀ ਕਿਰਨਾਂ, ਯੂਰੇਨੀਅਮ ਅਤੇ ਥਰਮਲ ਪਲਾਂਟਾਂ ਦੀ ਸੁਆਹ, ਸਾਡਾ ਖਾਣ-ਪੀਣ ਤੇ ਰਹਿਣ-ਸਹਿਣ ਆਦਿ ਕੈਂਸਰ ਲਈ ਜ਼ਿੰਮੇਵਾਰ ਦੱਸੇ ਜਾਂਦੇ ਹਨ। ਸਮੁੱਚੇ ਸੰਸਾਰ ਵਿਚ 12 ਫੀਸਦੀ ਮੌਤਾਂ ਕੇਵਲ ਕੈਂਸਰ ਨਾਲ ਹੁੰਦੀਆਂ ਹਨ ਅਤੇ 8 ਮੌਤਾਂ ਵਿਚੋਂ ਇਕ ਮੌਤ ਪਿੱਛੇ ਕੈਂਸਰ ਦਾ ਹੀ ਹੱਥ ਹੁੰਦਾ ਹੈ। ਪਰੰਤੂ ਕੁਝ ਸ਼ਖਸੀਅਤਾਂ ਨੇ ਨਾ ਕੇਵਲ ਸਹੀ ਇਲਾਜ ਅਤੇ ਸਾਕਾਰਾਤਮਕ ਸੋਚ ਨਾਲ ਇਸ ਬਿਮਾਰੀ ਉਤੇ ਜਿੱਤ ਪ੍ਰਾਪਤ ਕੀਤੀ ਬਲਕਿ ਉਹ ਹੋਰਨਾਂ ਕੈਂਸਰ ਦੇ ਮਰੀਜ਼ਾਂ ਲਈ ਵੀ ਪ੍ਰੇਰਨਾ ਸਰੋਤ ਸਾਬਤ ਹੋਏ।

ਮਸ਼ਹੂਰ ਭਾਰਤੀ-ਕੈਨੇਡੀਅਨ ਅਭਿਨੇਤਰੀ, ਸੁਪਰ ਮਾਡਲ, ਟੀ.ਵੀ. ਹੋਸਟ ਅਤੇ ਸਮਾਜ ਸੇਵੀ ਲੀਜ਼ਾ ਰੇਅ ਨੂੰ 2009 ਵਿਚ 'ਮਲਟੀਪਲ ਮਾਇਲੋਮਾ' ਕੈਂਸਰ ਵਰਗੀ ਭਿਆਨਕ ਬਿਮਾਰੀ ਨੇ ਆ ਘੇਰਿਆ ਸੀ। ਇਸ ਰੋਗ ਬਾਰੇ ਪਤਾ ਲੱਗਣ ਉਤੇ ਉਸ ਨੂੰ ਬਹੁਤ ਨਿਰਾਸ਼ਾ ਹੋਈ ਅਤੇ ਇੰਜ ਮਹਿਸੂਸ ਹੋਇਆ ਜਿਵੇਂ ਸਫਲਤਾ ਦੇ ਉਜਾਲੇ ਵੱਲ ਨਿਰੰਤਰ ਵੱਧ ਰਹੀ ਉਸ ਦੀ ਜ਼ਿੰਦਗੀ ਦੇ ਅਸਮਾਨ ਉਪਰ ਇਕ ਦਮ ਦੁੱਖ ਅਤੇ ਉਦਾਸੀ ਦੇ ਕਾਲੇ ਬੱਦਲ ਛਾ ਗਏ ਹੋਣ। ਪਰੰਤੂ ਉਸ ਨੇ ਇਸ ਚੁਣੌਤੀ ਨੂੰ ਖਿੜੇ ਮੱਥੇ ਲਿਆ ਅਤੇ ਇਕ ਸਾਲ ਦਾ ਸਹੀ ਡਾਕਟਰੀ ਇਲਾਜ ਕਰਵਾਉਣ ਮਗਰੋਂ ਉਹ 2010 ਵਿਚ ਪੂਰੀ ਤਰ੍ਹਾਂ ਕੈਂਸਰ ਮੁਕਤ ਹੋ ਗਈ। ਉਸ ਨੇ ਇਸ ਸਮੇਂ ਦੌਰਾਨ ਹਾਸਲ ਕੀਤੇ ਤਜਰਬੇ ਆਪਣੇ ਬਲਾਗ ਤੇ ਮੀਡੀਆ ਦੇ ਹੋਰ ਸਾਧਨਾਂ ਜ਼ਰੀਏ ਲੋਕਾਂ ਨਾਲ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਕੈਂਸਰ ਨਾਲ ਜੁੜੀਆਂ ਸਰੀਰਕ, ਮਾਨਸਿਕ ਤੇ ਆਰਥਿਕ ਮੁਸ਼ਕਿਲਾਂ ਤੇ ਸਾਵਧਾਨੀਆਂ ਤੋਂ ਜਾਣੂ ਕਰਵਾਇਆ।

ਇਕ ਵਾਰ ਕੈਂਸਰ ਜਾਗਰੂਕਤਾ ਸਬੰਧੀ ਰੱਖੀ ਗਈ ਪ੍ਰੈਸ ਕਾਨਫਰੰਸ ਦੌਰਾਨ ਜਦੋਂ ਇਕ ਪੱਤਰਕਾਰ ਨੇ ਲੀਜ਼ਾ ਰੇਅ ਤੋਂ ਇਹ ਪੁੱਛਿਆ ਕਿ ਉਸ ਨੂੰ ਕੈਂਸਰ ਨਾਲ ਲੜਨ ਦੀ ਪ੍ਰੇਰਨਾ ਅਤੇ ਹੌਂਸਲਾ ਕਿੱਥੋਂ ਮਿਲਿਆ ਤਾਂ ਉਸ ਨੇ ਮੁਸਕਰਾਉਂਦਿਆਂ ਕਿਹਾ, "ਇਸ ਬਿਮਾਰੀ ਨੂੰ ਹਰਾਉਣਾ ਇੰਨਾ ਆਸਾਨ ਨਹੀਂ ਸੀ ਪਰੰਤੂ ਮੈਂ ਸਹੀ ਇਲਾਜ, ਸਾਕਾਰਾਤਮਕ ਸੋਚ ਅਤੇ ਦ੍ਰਿੜ ਆਤਮ ਵਿਸ਼ਵਾਸ ਸਦਕਾ ਇਸ ਬਿਮਾਰੀ ਨੂੰ ਹਰਾਉਣ ਵਿਚ ਸਫਲ ਹੋ ਸਕੀ ਹਾਂ।" ਉਸ ਨੇ ਦੱਸਿਆ ਕਿ ਉਸ ਨੂੰ ਇਸ ਬਿਮਾਰੀ ਨਾਲ ਲੜਨ ਦਾ ਹੌਸਲਾ ਜਿੱਥੇ ਉਸ ਦੇ ਡਾਕਟਰਾਂ ਅਤੇ ਪਰਿਵਾਰਕ ਮੈਂਬਰਾਂ ਕੋਲੋਂ ਮਿਲਿਆ, ਉਥੇ ਨਾਲ ਹੀ ਉਸ ਦੇ ਚਹੇਤਿਆਂ ਤੇ ਸ਼ੁਭ ਚਿੰਤਕਾਂ ਦੀਆਂ ਅਰਦਾਸਾਂ ਤੇ ਸ਼ੁਭ ਕਾਮਨਾਵਾਂ ਨੇ ਵੀ ਉਸ ਨੂੰ ਇਸ ਬਿਮਾਰੀ ਨਾਲ ਲੜਨ ਦਾ ਬਲ ਬਖਸ਼ਿਆ। ਉਸ ਨੇ ਆਪਣੇ ਇਲਾਜ ਦੌਰਾਨ ਨਾ ਕੇਵਲ ਕੈਂਸਰ ਦੇ ਵੱਖ-ਵੱਖ ਪਹਿਲੂਆਂ ਅਤੇ ਇਲਾਜ ਉਪਰ ਡੂੰਘਾ ਅਧਿਐਨ ਕੀਤਾ ਬਲਕਿ ਆਪਣੇ ਮੈਡੀਕਲ ਇਲਾਜ ਦੇ ਨਾਲ-ਨਾਲ ਯੋਗਾ ਅਤੇ ਮੈਡੀਟੇਸ਼ਨ ਦਾ ਵੀ ਸਹਾਰਾ ਲਿਆ।

ਲੀਜ਼ਾ ਰੇਅ ਨੇ ਪਿਛਲੇ ਸਾਲ ਕੈਨੇਡਾ ਵਿਚ 'ਬਿਊਟੀ ਗਿਵਜ਼ ਬੈਕ' ਨਾਂ ਦੀ ਰਾਸ਼ਟਰੀ ਕੈਂਸਰ ਮੁਹਿੰਮ ਸ਼ੁਰੂ ਕੀਤੀ ਜਿਸ ਦਾ ਉਦੇਸ਼ ਕੈਂਸਰ ਪ੍ਰਤੀ ਜਾਗਰੂਕਤਾ ਫੈਲਾਉਣਾ, ਕੈਂਸਰ ਨਾਲ ਜੂਝ ਰਹੇ ਲੋੜਵੰਦ ਮਰੀਜ਼ਾਂ ਲਈ ਵੱਧ ਤੋਂ ਵੱਧ ਚੰਦਾ ਇਕੱਠਾ ਕਰਨਾ ਅਤੇ ਉਨ੍ਹਾਂ ਦਾ ਸਹੀ ਇਲਾਜ ਕਰਵਾਉਣਾ ਹੈ। ਉਸ ਨੇ 'ਬੀਕੌਜ਼ ਆਈ ਐਮ ਅ ਗਰਲ' ਅਤੇ 'ਮੇਕ ਮਾਇਲੋਮਾ ਮੈਟਰ' ਨਾਂ ਦੀਆਂ ਮੀਡੀਆ ਮਹਿੰਮਾਂ ਵੀ ਸ਼ੁਰੂ ਕੀਤੀਆਂ। ਲੀਜ਼ਾ ਰੇਅ ਨੇ ਇੰਡੀਅਨ ਇਨੋਵੇਸ਼ਨ ਰਿਸਰਚ ਸੈਂਟਰ ਨਾਂ ਦੀ ਨਾਨ-ਪਰਾਫਿਟ ਕੈਂਸਰ ਖੋਜ ਸੰਸਥਾ ਅਰੰਭ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਉਸ ਨੇ ਕੈਂਸਰ ਮਰੀਜ਼ਾਂ ਦੀ ਆਰਥਿਕ ਸਹਾਇਤਾ ਲਈ 'ਦ ਪ੍ਰਿੰਸੈਸ ਮਾਰਗਰੇਟ ਰਨ 5 ਕਿਲੋਮੀਟਰ ਵਾਕ' ਨਾਂ ਦੀ ਦੌੜ ਵੀ ਆਯੋਜਿਤ ਕਰਵਾਈ।

ਸੰਨ 2010 ਵਿਚ ਬ੍ਰੈਸਟ ਕੈਂਸਰ ਸਰਵਾਈਵਰ ਭਾਰਤੀ-ਅਮਰੀਕਨ ਅਦਾਕਾਰਾ ਨਮਰਤਾ ਸਿੰਘ ਗੁਜਰਾਲ ਦੁਆਰਾ ਕਈ ਪ੍ਰਸਿੱਧ ਕੈਂਸਰ ਜੇਤੂ ਮਹਿਲਾਵਾਂ ਉਤੇ 'ਵਨ ਅ ਮਿਨਟ' ਨਾਂ ਦੀ ਡਾਕੂਮੈਂਟਰੀ ਫਿਲਮ ਬਣਾਈ ਗਈ ਸੀ ਜਿਸ ਵਿਚ ਲੀਜ਼ਾ ਰੇਅ ਦੀ ਵੀ ਮਹੱਤਵਪੂਰਨ ਭੂਮਿਕਾ ਸੀ। ਯੂਨੀਗਲੋਬ ਐਂਟਰਟੇਨਮੈਂਟ ਵੱਲੋਂ ਤਿਆਰ ਕੀਤੀ ਗਈ ਇਸ ਫਿਲਮ ਨੂੰ ਦੁਨੀਆਂ ਵਿਚ ਹੁਣ ਤੱਕ ਦੀਆਂ ਕੈਂਸਰ ਆਧਾਰਤ ਫਿਲਮਾਂ ਵਿਚੋਂ ਸਭ ਤੋਂ ਵੱਡੀ ਅਤੇ ਸਫਲ ਫਿਲਮ ਮੰਨਿਆ ਗਿਆ ਹੈ ਜੋ ਅਮਰੀਕਾ ਦੇ 600 ਸਿਨੇਮਾ ਘਰਾਂ ਵਿਚ ਇਕੋ ਸਮੇਂ ਰਿਲੀਜ਼ ਹੋਈ ਸੀ। ਉਹ ਆਪਣੇ ਨਿਜੀ ਤਜਰਬਿਆਂ ਅਤੇ ਭਾਵਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਇਕ ਪੁਸਤਕ 'ਦ ਯੈਲੋ ਡਾਇਰੀਜ਼' ਵੀ ਲਿਖ ਰਹੀ ਹੈ।



ਲੀਜ਼ਾ ਰੇਅ




ਲੀਜ਼ਾ ਰੇਅ ਦਾ ਮੰਨਣਾ ਹੈ ਕਿ ਭਾਵੇਂ ਕੈਂਸਰ ਇਕ ਖਤਰਨਾਕ ਬਿਮਾਰੀ ਹੈ ਜਿਸ ਦਾ ਨਾਂ ਲੈਣ ਤੋਂ ਵੀ ਲੋਕ ਡਰਦੇ ਹਨ ਪਰੰਤੂ ਇਸ ਨਾਲ ਇਹ ਧਾਰਨਾ ਜੋੜ ਦੇਣੀ ਠੀਕ ਨਹੀਂ ਕਿ ਇਹ ਇਕ ਲਾਇਲਾਜ ਤੇ ਜਾਨਲੇਵਾ ਬਿਮਾਰੀ ਹੈ। ਉਸ ਮੁਤਾਬਿਕ ਜਦੋਂ ਕੈਂਸਰ ਉਤੇ ਜਿੱਤ ਪ੍ਰਾਪਤ ਕਰ ਚੁੱਕੇ ਵਿਅਕਤੀ ਬਿਨਾ ਕਿਸੇ ਸ਼ਰਮ ਅਤੇ ਘਬਰਾਹਟ ਤੋਂ ਸਮਾਜ ਵਿਚ ਅੱਗੇ ਆਉਣਗੇ ਅਤੇ ਇਹ ਪ੍ਰਚਾਰ ਕਰਨਗੇ ਕਿ ਸਹੀ ਸੋਚ ਅਤੇ ਸਹੀ ਇਲਾਜ ਜ਼ਰੀਏ ਇਸ ਬਿਮਾਰੀ ਨੂੰ ਹਰਾਇਆ ਜਾ ਸਕਦਾ ਹੈ ਤਾਂ ਹੋਰਨਾਂ ਕੈਂਸਰ ਦੇ ਮਰੀਜ਼ਾਂ ਨੂੰ ਵੀ ਇਸ ਬਿਮਾਰੀ ਖਿਲਾਫ ਡਟ ਕੇ ਮੁਕਾਬਲਾ ਕਰਨ ਅਤੇ ਇਸ ਉਤੇ ਫਤਿਹ ਪ੍ਰਾਪਤ ਕਰਨ ਦਾ ਹੌਸਲਾ ਮਿਲ ਸਕੇਗਾ।

ਲੀਜ਼ਾ ਰੇਅ ਵਾਂਗ ਹੀ ਹੋਰਾਂ ਅਨੇਕਾਂ ਮਸ਼ਹੂਰ ਹਸਤੀਆਂ ਜਿਵੇਂ ਕ੍ਰਿਕੇਟ ਸਟਾਰ ਯੁਵਰਾਜ ਸਿੰਘ, ਫਿਲਮ ਅਦਾਕਾਰਾ ਮੁਮਤਾਜ਼, ਮਨੀਸ਼ਾ ਕੋਇਰਾਲਾ, ਨਮਰਤਾ ਸਿੰਘ ਗੁਜਰਾਲ, ਵਿਦੇਸ਼ੀ ਕਲਾਕਾਰ ਸੁਜ਼ੈਨ ਸੋਮਰਜ਼, ਸਿਨਥੀਆ ਨਿਕਸਨ, ਪੈਗੀ ਫਲੈਮਿੰਗ, ਸ਼ੈਰੋਨ ਓਸਬੌਰਨ, ਮੈਲੀਸਾ ਐਥਰਿਜ, ਓਲੀਵੀਆ ਨਿਊਟਨ ਜੌਹਨ, ਰਾਬਰਟ ਡੀ ਨੀਰੋ, ਸ਼ੈਰਿਲ ਕਰੋਅ, ਟਾਮ ਗਰੀਨ, ਐਡੀ ਫੈਲਕੋ ਆਦਿ ਨੇ ਕੈਂਸਰ ਜਾਗਰੂਕਤਾ ਲਈ ਨਾ ਕੇਵਲ ਮੀਡੀਆ ਦਾ ਸਹੀ ਉਪਯੋਗ ਕੀਤਾ ਬਲਕਿ ਕੈਂਸਰ ਦੇ ਮਰੀਜ਼ਾਂ ਦੀ ਦੇਖਭਾਲ ਅਤੇ ਉਨ੍ਹਾਂ ਦੇ ਮੁਫਤ ਇਲਾਜ ਲਈ ਸਮਾਜ ਸੇਵੀ ਸੰਸਥਾਵਾਂ ਬਣਾ ਕੇ ਇਕ ਮਿਸਾਲ ਵੀ ਕਾਇਮ ਕੀਤੀ।

# ਡਾਹਢਾ ਆਹ ਕਿਹੋ ਜਿਹੇ ਲੇਖ ਲਿਖ ਰਿਹੈ?

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

ਬੰਦਿਆਂ ਦੀਆਂ ਸ਼ੈਤਾਨੀਆਂ ਦੀ ਵੀ ਕੋਈ ਗਿਣਤੀ ਮਿਣਤੀ ਨਹੀਂ ਰਹੀ। ਪਰ ਕਈ ਵਾਰੀ ਲੱਗਦਾ ਨਹੀਂ ਕਿ ਜਿੱਦਾਂ ਦੇ ਬੰਦੇ ਹੋਈ ਜਾਂਦੇ ਨੇ, ਰੱਬ ਵੀ ਉਹੋ ਜਿਹਾ ਹੀ ਹੋਈ ਜਾ ਰਿਹਾ ਹੈ? ਮਨੁੱਖ ਤਾਂ ਕਈ ਵਾਰੀ ਇਕ ਤੀਰ ਨਾਲ ਦੋ ਨਿਸ਼ਾਨੇ ਮਾਰਦਾ ਹੈ ਪਰ ਰੱਬ ਨੇ ਹਾਲੇ ਭੱਥੇ ਵਿਚੋਂ ਤੀਰ ਕੱਢਿਆ ਵੀ ਨਹੀਂ ਹੁੰਦਾ ਤੇ ਜ਼ਖਮੀਆਂ ਦੀ ਗਿਣਤੀ ਬੇਹਿਸਾਬ ਹੋ ਜਾਂਦੀ ਹੈ। ਇਕ ਸਿਆਣੇ ਦੀ ਕਹੀ ਇਹ ਗੱਲ ਬੜੀ ਅਜੀਬ ਲੱਗੀ ਕਿ ਮਾਂਵਾਂ ਦਿਲ 'ਤੇ ਹੱਥ ਰੱਖ ਕੇ ਰੋਂਦੀਆਂ ਵੇਖੀਆਂ ਹਨ ਪਰ ਗੀਤਾਂ 'ਚ ਭਾਵੇਂ ਜੋ ਮਰਜ਼ੀ ਕਹਿੰਦੇ ਰਹਿਣ, ਮਾਂਵਾਂ ਢਿੱਡਾਂ 'ਤੇ ਹੱਥ ਰੱਖ ਕੇ ਵਿਲਕਦੀਆਂ ਹੁਣ ਵੇਖੀਆਂ ਜਾ ਸਕਦੀਆਂ ਨੇ...।

ਦੋ ਔਰਤਾਂ, ਦੋਵੇਂ ਮਾਂਵਾਂ ਤੇ ਬੈਠੀਆਂ ਵੀ ਆਹਮੋ ਸਾਹਮਣੇ ਸਨ। ਇੱਕ ਦਰਦ 'ਚ ਵਿਲਕ ਰਹੀ ਸੀ ਅਤੇ ਇੱਕ ਦਰਦ ਨਾਲ ਮੋਇਆਂ ਵਰਗੀ ਬੇਹੋਸ਼! ਵਿਲਕਦੀ ਦੇ ਵੈਣਾਂ 'ਚੋਂ ਆਵਾਜ਼ਾਂ ਆ ਰਹੀਆਂ ਸਨ, "ਨੀ ਮੈਂ ਦੋਨਾਂ 'ਚੋਂ ਇਕ ਨੂੰ ਮੰਗਦੀ ਰਹੀ, ਮੇਰੀਏ ਭੈਣੇ ਨਾ ਤੂੰ ਮੈਨੂੰ ਧੀ ਦਿੱਤੀ ਨਾ ਪੁੱਤ, ਤੇ ਮੈਂ ਕੈਸੀ ਬਦਕਿਸਮਤ ਮਾਂ ਸੀ ਜਿਹਦੇ ਨਾਲ ਨਾ ਧੀ ਤੁਰੀ ਨਾ ਪੁੱਤ ਤੁਰਿਆ।"

...ਤੇ ਦੂਸਰੀ ਮਾਂ ਦੇ ਅੱਥਰੂ ਪੱਥਰ ਹੋ ਚੁੱਕੇ ਸਨ, ਅਵਾਜ਼ ਖਾਮੋਸ਼ ਹੋ ਚੁੱਕੀ ਸੀ ਤੇ ਬਿਟਰ ਬਿਟਰ ਵੇਖਦੀ ਬੰਸੋ, ਵਿਲਕਦੀ ਮਨਜੀਤ ਦੀਆਂ ਚੀਕਾਂ ਦਾ ਅਹਿਸਾਸ ਤਾਂ ਕਰ ਰਹੀ ਸੀ ਪਰ ਇਹ ਇਕ ਐਸੀ ਸਥਿਤੀ ਸੀ ਜਿੱਥੇ ਲੱਗਦਾ ਸੀ ਕਿ ਲੋਕ ਵਿਲਕ ਰਹੇ ਨੇ ਤੇ ਰੱਬ ਲੁੱਡੀਆਂ ਪਾ ਰਿਹਾ ਹੈ ਕਿਉਂਕਿ ਸਾਹਮਣੇ ਮੰਜੇ 'ਤੇ ਪਈਆਂ ਦੋ ਲਾਸ਼ਾਂ ਸਕੇ ਭੈਣ-ਭਰਾ ਦੀਆਂ ਹੀ ਨਹੀਂ ਸਨ ਸਗੋਂ ਇਨ੍ਹਾਂ ਦੀ ਮੌਤ ਨੇ ਦੋ ਮਾਂਵਾਂ ਦੀਆਂ ਕੁੱਖਾਂ ਦਾ ਵੀ ਕਤਲ ਕਰ ਦਿੱਤਾ ਸੀ। ਇਕੱਠਿਆਂ ਨੂੰ ਜਨਮ ਤਾਂ ਇਕ ਮਾਂ ਨੇ ਦਿੱਤਾ ਸੀ ਪਰ ਨਾਸੂਰ ਦੋ ਮਾਂਵਾਂ ਦਾ ਇੱਕੋ ਜਿਹਾ ਲੱਗ ਰਿਹਾ ਸੀ।

ਹਰਨਾਮ ਦਾਸ ਬਸ ਠੀਕ ਠਾਕ ਹੀ ਮਰ ਗਿਆ ਸੀ, ਇਕ ਧੀ ਨੂੰ ਛੱਡ ਕੇ। ਇਹ ਓਹੀ ਬੰਸੋ ਸੀ ਜਿਸ ਨੂੰ ਰਤਨ ਕੌਰ ਨੇ ਪੁੱਤ ਸਮਝ ਕੇ ਪਾਲ ਲਿਆ ਅਤੇ ਆਪਣੀ ਸਿਰ ਦੀ ਚਿੱਟੀ ਚੁੰਨੀ ਦਾ ਰੰਗ ਨਾ ਬਦਲਿਆ। ਫਿਰ ਅਧਰੰਗ ਦੇ ਅਟੈਕ ਨੇ ਰਤਨ ਕੌਰ ਨੂੰ ਨਾ ਜਿਉਂਦਿਆਂ 'ਚ ਛੱਡਿਆ, ਨਾ ਮੋਇਆਂ 'ਚ। ਪਰ ਉਹ ਚਾਹੁੰਦੀ ਸੀ ਕਿ ਧੀ ਦੇ ਹੱਥ ਪੀਲੇ ਕਰ ਦਿਆਂ। ਸੋ ਕਾਰਖਾਨੇ 'ਚ ਕੰਮ ਕਰਦਾ ਪ੍ਰੇਮ ਸਿੰਘ ਉਸ ਨੇ ਆਪਣਾ ਜਵਾਈ ਸਵੀਕਾਰ ਕਰ ਲਿਆ। ਮਾਂ ਨੇ ਹਰਬੰਸ ਕੌਰ ਨੂੰ ਬੰਸੋ ਸਮਝ ਕੇ ਹੀ ਪਾਲਿਆ ਸੀ ਤੇ ਉਸ ਮੰਜੇ 'ਤੇ ਪਈ ਨੇ ਵੀ ਆਪਣਾ ਫਰਜ਼ ਇਉਂ ਪੂਰਾ ਕਰ ਦਿੱਤਾ ਸੀ ਕਿ ਧੀ ਨੂੰ ਪਿਓ ਦੀ ਘਾਟ ਰੜਕੀ ਹੀ ਨਹੀਂ ਸੀ। ਮਾਂ ਦਾ ਅੱਧਾ ਕੁ ਦੁੱਖ ਇਸ ਕਰਕੇ ਘਟ ਗਿਆ ਕਿ ਸਾਲ ਹੀ ਗੁਜ਼ਰਿਆ ਸੀ ਕਿ ਬੰਸੋ ਦੀ ਕੁੱਖ 'ਚੋਂ ਦੋ ਜੌੜੇ ਬੱਚਿਆਂ ਨੇ ਜਨਮ ਲਿਆ। ਇੱਕ ਮੁੰਡਾ, ਇੱਕ ਕੁੜੀ। ਦੋਵੇਂ ਰੱਜ ਕੇ ਸੁਨੱਖੇ। ਰਤਨ ਕੌਰ ਨੇ ਦੋਹਤੀ ਦਾ ਨਾਂ ਕੋਕਲਾ ਰੱਖਿਆ ਤੇ ਦੋਹਤੇ ਦਾ ਪਰਮੇਸ਼ਰ ਸਿਹੁੰ। ਜਵਾਈ ਘਰ ਜਵਾਈ ਤਾਂ ਨਹੀਂ ਸੀ ਪਰ ਉਹ ਆਪਣੀ ਸੱਸ ਨੂੰ ਮਾਂ ਤੋਂ ਵੱਧ ਪਿਆਰ ਦੇਣ ਲੱਗਿਆ। ਉਹ ਕਾਰਖਾਨੇ ਤੋਂ ਅਧਰੰਗ ਦੀ ਮਾਰੀ ਰਤਨ ਕੌਰ ਕੋਲ ਹੀ ਆਪਣੀ ਪਤਨੀ ਬੰਸੋ ਤੇ ਬੱਚਿਆਂ ਨਾਲ ਰਹਿਣ ਲੱਗ ਪਿਆ।

ਵਕਤ ਜਦੋਂ ਲੰਬੀਆਂ ਬਾਹਾਂ ਕਰਦਾ ਹੈ ਤਾਂ ਬੰਦਾ ਪਤਾਲ ਵਿਚ ਵੀ ਲੁਕਿਆ ਹੋਵੇ, ਡਾਹਢਾ ਖਿੱਚ ਹੀ ਲਿਆਉਂਦਾ ਹੈ। ਛੁੱਟੀ ਦਾ ਦਿਨ ਸੀ ਪਰ ਤੀਰਥ ਸਿਹੁੰ ਇਸ ਕਰਕੇ ਰੋਟੀ ਆਲਾ ਡੱਬਾ ਵੀ ਘਰ ਹੀ ਛੱਡ ਕੇ ਕੰਮ 'ਤੇ ਤਾਂ ਚਲਾ ਗਿਆ ਕਿ ਅੱਜ ਪੈਸੇ ਵੀ ਕਾਰਖਾਨੇ 'ਚੋਂ ਡਿਊਢੇ ਮਿਲਣਗੇ। ਹਾਲੇ ਕੰਮ 'ਤੇ ਲੱਗਿਆਂ ਮਸਾਂ ਹੀ ਦੋ ਤਿੰਨ ਘੰਟੇ ਦਾ ਸਮਾਂ ਗੁਜ਼ਰਿਆ ਹੋਵੇਗਾ ਕਿ ਕਾਰਖਾਨੇ ਦੇ ਇਕ ਹਿੱਸੇ 'ਚ ਵੱਡਾ ਧਮਾਕਾ ਹੋਇਆ ਤੇ ਪਲਾਂ ਵਿਚ ਹੀ ਪਤਾ ਨਾ ਲੱਗ ਸਕਿਆ ਕਿ ਤੀਰਥ ਸਿਹੁੰ ਤਾਂ ਕੀ, ਪਤਾ ਨਹੀਂ ਰੱਬ ਦੇ ਕਿੰਨੇ ਕੁ ਭੇਜੇ ਹੋਏ ਪਿਆਰੇ ਅੱਗ ਦੀਆਂ ਲਪਟਾਂ 'ਚ ਸ਼ਮਸ਼ਾਨਘਾਟ ਵਾਂਗ ਸੜ੍ਹ ਕੇ ਰਾਖ ਬਣ ਗਏ।

ਨਿੱਕੇ ਜਿਹੇ ਪਿੰਡ ਵਿਚ ਵੱਡਾ ਭੁਚਾਲ ਆ ਗਿਆ, ਚਲੋ ਅਪੰਗ ਹੋਈ ਰਤਨ ਕੌਰ ਨੇ ਤਾਂ ਰੰਡੇਪਾ ਕੱਟ ਹੀ ਲਿਆ ਸੀ ਪਰ ਵਿਹੜੇ 'ਚ ਖੇਲਦੇ ਦੋ ਬਾਲ-ਪਰਮੇਸ਼ਰ ਤੇ ਕੋਕਲਾ ਦੀ ਮਾਂ ਬੰਸੋ ਉਸ ਤੋਂ ਵੇਖੀ ਨਹੀਂ ਜਾ ਰਹੀ ਸੀ। ਚੀਕਦੀਆਂ ਰਗਾਂ, ਅੱਖਾਂ 'ਚ ਵਗਦਾ ਅੱਥਰੂਆਂ ਦਾ ਸਮੁੰਦਰ ਇਉਂ ਲੱਗ ਰਿਹਾ ਸੀ ਕਿ ਸ਼ਾਇਦ ਇਸ ਤੋਂ ਵੱਡਾ ਧਰਤੀ 'ਤੇ ਕੋਈ ਹੋਰ ਜ਼ੁਲਮ ਨਾ ਹੋਇਆ ਹੋਵੇ। ਸਾਰਾ ਪਿੰਡ ਮੌਤ ਦੀ ਖਬਰ ਨੂੰ ਮੰਨਣ ਲਈ ਤਿਆਰ ਨਹੀਂ ਸੀ ਪਰ ਸੜ੍ਹੀ ਹੋਈ ਲਾਸ਼ ਵੀ ਜਦੋਂ ਤੀਰਥ ਦੀ ਪਿੰਡ ਨਾ ਪਹੁੰਚੀ ਤਾਂ ਇਉਂ ਲੱਗਦਾ ਸੀ, ਜ਼ੁਲਮ ਕਰਕੇ ਰੱਬ ਆਪ ਹੀ ਫੂਕਾਂ ਮਾਰਨ ਦੀ ਵਿਉਂਤਬੰਦੀ ਵੀ ਕਰ ਰਿਹਾ ਸੀ।

ਸਮੇਂ ਨੇ ਗੁਜ਼ਰ ਹੀ ਜਾਣਾ ਹੁੰਦਾ ਹੈ, ਇਹ ਵੱਖਰੀ ਗੱਲ ਹੈ ਕਿ ਗਰੀਬ ਦਾ ਵਕਤ ਤੇ ਦੁਖੀ ਦੀਆਂ ਘੜੀਆਂ ਛੋਟੀਆਂ ਨਹੀਂ ਰਹਿੰਦੀਆਂ। ਕਿਸੇ ਵਾਕਫਕਾਰ ਨੇ ਰਤਨ ਕੌਰ ਨੂੰ ਨੌਂ ਕੁ ਮਹੀਨਿਆਂ ਬਾਅਦ ਇਹ ਦੱਸ ਪਾਈ ਕਿ ਇਕ ਮੁੰਡਾ ਹੈ ਤਾਂ ਲੱਤੋਂ ਹੀਣਾ ਪਰ ਰਾਜ ਮਿਸਤਰੀ ਚੰਗਾ ਹੈ। ਕਿਉਂ ਨਾ ਬੰਸੋ ਨੂੰ ਉਹਦੇ ਲੜ ਲਾ ਦਿੱਤਾ ਜਾਵੇ। ਮਾਂ ਨੂੰ ਧੀ ਦੀ ਚਿੱਟੀ ਚੁੰਨੀ ਨੇ ਇਕ ਵਾਰ ਘੂਰਿਆ ਤਾਂ ਸਹੀ ਪਰ ਉਹਦੀ ਆਪਣੀ ਡੋਲਦੀ ਸਰੀਰਕ ਦਸ਼ਾ ਨੇ ਹਾਂ ਕਰਨ ਲਈ ਮਜਬੂਰ ਕਰ ਦਿੱਤਾ ਤੇ ਰਿਸ਼ਤਾ ਤੈਅ ਹੋ ਗਿਆ। ਦਿਨ ਬੰਨ੍ਹ ਦਿੱਤੇ ਗਏ। ਗਿਆਰਾਂ ਬੰਦਿਆਂ ਨੂੰ ਆਉਣ ਦਾ ਬੁਲਾਵਾ ਭੇਜ ਦਿੱਤਾ ਗਿਆ। ਪਰ ਐਨ ਇਕ ਹਫਤਾ ਪਹਿਲਾਂ ਰਤਨ ਕੌਰ ਦੇ ਇਸ ਨਵੇਂ ਜਵਾਈ ਨੂੰ ਜਦੋਂ ਪਤਾ ਲੱਗਾ ਕਿ ਬੰਸੋ ਵਿਧਵਾ ਤਾਂ ਹੈ ਪਰ ਉਹਦੇ ਦੋ ਜੌੜੇ ਬੱਚੇ ਵੀ ਹਨ ਤਾਂ ਉਸ ਨੇ ਕੋਰਾ ਜਵਾਬ ਦੇ ਦਿੱਤਾ। ਰਤਨ ਕੌਰ 'ਤੇ ਪਹਾੜ ਤਾਂ ਡਿੱਗ ਪਿਆ ਸੀ ਪਰ ਡਿੱਗਿਆ ਹਿਮਾਲਾ ਵਰਗਾ ਸੀ। ਇਸ ਦਰਦ ਦੀ ਵਿਥਿਆ 'ਚ ਰਤਨ ਕੌਰ ਦਾ ਇਕ ਦੁੱਖ ਵੰਡਾਉਣ ਵਾਲੇ ਗੁਆਂਢੀ ਭਜਨ ਸਿਹੁੰ ਦੇ ਘਰ ਰਿਸ਼ਤੇਦਾਰ ਆਏ ਹੋਏ ਸਨ। ਸ਼ਾਇਦ ਭੈਣ ਤੇ ਭਣੋਈਆ ਹੋਣ। ਉਮਰ ਹੋਵੇਗੀ ਕੋਈ ਪੰਜਾਹਾਂ ਕੁ ਦੀ। ਗੁਆਂਢੀ ਨੇ ਰਤਨ ਕੌਰ ਨੂੰ ਇਸ ਦਰਦ ਨੂੰ ਘਟਾਉਣ ਲਈ ਇਕ ਮਰਜ਼ ਸਮਝਾਈ ਕਿ ਉਸ ਦੇ ਰਿਸ਼ਤੇਦਾਰਾਂ ਦੇ ਘਰ ਔਲਾਦ ਨਹੀਂ ਹੈ, ਡੇਢ ਕੁ ਕਿੱਲੇ ਜ਼ਮੀਨ ਨਾਲ ਗੁਜ਼ਾਰਾ ਚੱਲ ਰਿਹਾ ਹੈ, ਥੋੜਾ ਬਹੁਤਾ ਪੜ੍ਹੇ-ਲਿਖੇ ਵੀ ਹਨ, ਕੋਕਲਾ ਤੇ ਪਰਮੇਸ਼ਰ ਨੂੰ ਕਿਉਂ ਨਾ ਉਨ੍ਹਾਂ ਦੀ ਗੋਦ 'ਚ ਬਿਠਾ ਦਿੱਤਾ ਜਾਵੇ। ਰਤਨ ਕੌਰ ਵੀ ਮੰਨ ਗਈ, ਬੇਵੱਸ ਬੰਸੋ ਨੇ ਵੀ ਹਾਮੀ ਭਰ ਦਿੱਤੀ। ਲਿਖ ਲਿਖਾ ਹੋ ਗਿਆ ਤੇ ਦੋਵੇਂ ਬੱਚੇ ਨਵੇਂ ਮਾਂ ਬਾਪ ਦੇ ਘਰ ਦਾ ਚਾਨਣ ਬਣ ਗਏ।

ਜਿਸ ਘਰ ਵਿਚ ਤੀਹ ਸਾਲ ਤੋਂ ਬੱਚਿਆਂ ਦੀ ਉਡੀਕ ਹੋ ਰਹੀ ਸੀ ਤੇ ਇਸ ਨਵੇਂ ਮਾਂ-ਬਾਪ ਅਰਜਨ ਸਿੰਘ ਤੇ ਮਨਜੀਤ ਕੌਰ ਦੇ ਘਰ ਇਕ ਸੰਤੁਲਿਤ ਪਰਿਵਾਰ ਸ਼ਾਇਦ ਵਾਹਿਗੁਰੂ ਨੇ ਕੁਝ ਘੜੀਆਂ 'ਚ ਹੀ ਮੁਕੰਮਲ ਕਰ ਦਿੱਤਾ ਸੀ।

ਉਦੋਂ ਕੋਈ ਚਾਰ ਕੁ ਸਾਲ ਦੇ ਸਨ-ਕੋਕਲਾ ਤੇ ਪਰਮੇਸ਼ਰ। ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਦੀ ਵਿਧਵਾ ਮਾਂ ਦੀ ਫਿਰ ਰਾਜ ਮਿਸਤਰੀ ਚਾਦਰਦਾਰੀ ਕਰਕੇ ਲੈ ਜਾਣ ਲਈ ਰਜ਼ਾਮੰਦ ਹੋ ਗਿਆ ਸੀ। ਕਈ ਦਿਨ ਤੱਕ ਇਹ ਭੈਣ-ਭਰਾ ਦਿਨ ਰਾਤ ਰੋਂਦੇ ਰਹੇ। ਪਰ ਬੰਸੋ ਦੀ ਮਜਬੂਰੀ ਸੀ ਕਿ ਉਹ ਆ ਨਾ ਸਕੀ...ਤੇ ਜਦੋਂ ਆਈ, ਉਦੋਂ ਮਨਜੀਤ ਦੀ ਮਮਤਾ ਬੱਚਿਆਂ ਦੇ ਧੁਰ ਅੰਦਰ ਤੱਕ ਉਤਰ ਗਈ ਸੀ ਕਿਉਂਕਿ ਬੰਸੋ ਨੇ ਮਜਬੂਰੀਆਂ ਵੱਸ ਬੱਚਿਆਂ ਦੇ ਵਿਛੋੜੇ ਦਾ ਵਕਤ ਹੀ ਸ਼ਾਇਦ ਲੰਬਾ ਲੰਘਾ ਲਿਆ ਸੀ।

ਅਰਜਨ ਸਿੰਘ ਤੇ ਮਨਜੀਤ ਕੌਰ ਦੇ ਘਰ ਫਿਰ ਸਧਰਾਂ ਦਾ ਸੂਰਜ ਚੜ੍ਹਿਆ ਹੀ ਰਿਹਾ। ਉਨ੍ਹਾਂ ਨੂੰ ਕੋਈ ਵੀ ਰਾਤ ਹਨੇਰੀ ਨਾ ਲੱਗੀ। ਕੋਕਲਾ ਤੇ ਪਰਮੇਸ਼ਰ ਨੂੰ ਚੰਗੇ ਸਕੂਲ 'ਚ ਪੜ੍ਹਨ ਲਾ ਦਿੱਤਾ। ਦੋਹਾਂ ਭੈਣ-ਭਰਾਵਾਂ ਦਾ ਪਿਆਰ 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ' ਵਰਗਾ ਸੀ। ਕੋਕਲਾ ਅੱਠਵੀਂ ਵਿਚ ਪਹਿਲੇ ਨੰਬਰ 'ਤੇ ਆਈ, ਪਰਮੇਸ਼ਰ ਚੰਗਾ ਸੀ ਪੜ੍ਹਨੇ ਨੂੰ ਪਰ ਕੋਕਲਾ ਦਾ ਮੁਕਾਬਲਾ ਨਾ ਕਰਦਾ। ਦਸਵੀਂ 'ਚ ਕੋਕਲਾ ਜ਼ਿਲ੍ਹੇ 'ਚੋਂ ਅੱਵਲ ਰਹੀ। ਅਗਲੇ ਚਾਰ ਵਰ੍ਹਿਆਂ ਦੀ ਪੜ੍ਹਾਈ ਕਰਕੇ ਇਕ ਐਸਾ ਮਾਹੌਲ ਬਣਿਆ ਕਿ ਕੋਕਲਾ ਨੂੰ ਵਿਦੇਸ਼ ਪੜ੍ਹਨ ਜਾਣ ਦਾ ਮੌਕਾ ਮਿਲ ਗਿਆ। ਨਾ ਚਾਅ ਮਨਜੀਤ ਤੋਂ ਸਾਂਭਿਆ ਜਾਵੇ ਤੇ ਨਾ ਅਰਜਨ ਸਿੰਘ ਤੋਂ।

ਪਰਮੇਸ਼ਰ ਵੀ ਪੜ੍ਹਨ 'ਚ ਭਾਵੇਂ ਚੰਗਾ ਨਹੀਂ ਸੀ ਪਰ ਉਂ ਚੰਗਾ ਤੇ ਬੀਬਾ ਪੁੱਤ ਬਹੁਤ ਸੀ। ਪਾਸ ਬੀ.ਏ. ਉਹ ਵੀ ਕਰ ਗਿਆ ਸੀ। ਅਰਜਨ ਤੇ ਮਨਜੀਤ ਨੇ ਛੇ ਕੁ ਕਨਾਲ ਜ਼ਮੀਨ ਦੋਵਾਂ ਦੀ ਪੜ੍ਹਾਈ ਲਈ ਵੇਚ ਦਿੱਤੀ ਸੀ ਤੇ ਉਹ ਅਕਸਰ ਗੱਲਾਂ ਕਰਦੇ ਕਿ ਹੁਣ ਸੱਤਰਾਂ ਨੂੰ ਲੰਘ ਚੱਲੇ ਹਾਂ, ਜ਼ਮੀਨ ਵੀ ਕੀ ਕਰਨੀ ਐ, ਜਿਹੜਾ ਕਿੱਲਾ ਰਹਿੰਦਾ, ਉਹ ਵੀ ਵੇਚ ਕੇ ਧੀ ਦੇ ਵਿਆਹ 'ਤੇ ਲਾ ਦਿੰਦੇ ਆ। ਪੁੱਤ ਨੂੰ ਛੋਟਾ ਮੋਟਾ ਕਾਰੋਬਾਰ ਖੋਲ੍ਹ ਦਿੰਦੇ ਆਂ ਤੇ ਜ਼ਿੰਦਗੀ ਦਾ ਪੈਂਡਾ ਆਪਣੇ ਆਪ ਹੀ ਮੁਕੰਮਲ ਹੋ ਜਾਵੇਗਾ।

ਇਕ ਦਿਨ ਘਰ ਰੌਣਕਾਂ ਹੀ ਰੌਣਕਾਂ ਸਨ। ਮਨਜੀਤ ਕਦੇ ਸਮਾਨ ਇੱਧਰੋਂ ਉਧਰ ਚੁੱਕ ਕੇ ਰੱਖਦੀ ਤੇ ਕਦੇ ਓਧਰੋਂ ਏਧਰ। ਲੱਕੜੀ ਦੀ ਪੌੜੀ ਦੇ ਅੱਧ ਜਿਹੇ 'ਚ ਜਾ ਕੇ ਖੜ੍ਹ ਕੇ ਕੋਲੋਂ ਲੰਘਦੀ ਸੜ੍ਹਕ 'ਤੇ ਝਾਤੀ ਮਾਰਦੀ ਕਿ ਕੋਈ ਕਾਰ ਸਾਡੇ ਘਰ ਵੱਲ ਤਾਂ ਨਹੀਂ ਆ ਰਹੀ?

ਪਰਮੇਸ਼ਰ ਵਿਅੰਗ ਨਾਲ ਪੁੱਛਦਾ, "ਮਾਂ ਘਰ ਹੀ ਆਉਣਾ, ਤੂੰ ਏਦਾਂ ਕਿਉਂ ਕਰ ਰਹੀ ਏਂ?" ਤਾਂ ਮਨਜੀਤ ਹੁੱਬ ਕੇ ਬੋਲਦੀ, "ਪਰਮੇਸ਼ਰ ਸਿਹਾਂ, ਤੈਨੂੰ ਕੀ ਪਤਾ, ਧੀਆਂ ਦੇ ਦੁੱਖ ਮਾਂ ਨੂੰ ਪਤਾ ਹੁੰਦੇ ਨੇ। ਧੀਆਂ ਦੇ ਚਾਅ ਵੀ ਮਾਂਵਾਂ ਨੂੰ ਹੁੰਦੇ ਨੇ। ਤੈਨੂੰ ਕੀ ਦੱਸਾਂ, ਇਕ ਮਾਂ 'ਤੇ ਕੀ ਬੀਤ ਰਹੀ ਹੈ। ਅੱਜ ਚਾਅ ਮੇਰੇ ਤੋਂ ਸਾਂਭਿਆ ਨਹੀਂ ਜਾ ਰਿਹਾ। ਡੈਡੀ ਤਾਂ ਤੇਰਾ ਕਹਿ ਰਿਹਾ ਸੀ, ਅਸੀਂ ਦਸ ਵੱਜਦੇ ਨੂੰ ਪਹੁੰਚ ਜਾਵਾਂਗੇ ਪਰ ਹੁਣ ਤਾਂ ਦੁਪਹਿਰਾ ਵੀ ਲੰਘ ਚੱਲਿਆ ਹੈ?" ਤੇ ਜਦ ਨੂੰ ਕਾਰ ਦਾ ਹੌਰਨ ਵੱਜ ਹੀ ਗਿਆ। ਤੇਲ ਦੀ ਸ਼ੀਸ਼ੀ ਥਾਲ 'ਚ, ਖੰਡ ਲੈ ਕੇ ਮਨਜੀਤ ਬੂਹੇ ਵੱਲ ਭੱਜੀ। ਕਿਸੇ ਵੀ ਆਂਢ-ਗੁਆਂਢ ਨੂੰ ਨਹੀਂ ਪਤਾ ਸੀ ਕਿ ਅੱਜ ਕੋਕਲਾ ਦਿੱਲੀਓਂ ਜਹਾਜ਼ ਉਤਰ ਕੇ ਕੁਝ ਦਿਨਾਂ ਲਈ ਪਿੰਡ ਤਾਂ ਆ ਰਹੀ ਸੀ ਕਿਉਂਕਿ ਉਹਦਾ ਵੀਰ ਵੀ ਕੁਝ ਦਿਨਾਂ ਤੱਕ ਆਸਟਰੇਲੀਆ ਪੜ੍ਹਨ ਜਾਣ ਲਈ ਬਿਸਤਰਾ ਬੰਨ੍ਹੀਂ ਬੈਠਾ ਸੀ। ਓਹਲਾ ਸਾਰਾ ਤਾਂ ਰੱਖਿਆ ਜਾ ਰਿਹਾ ਸੀ ਕਿ ਅਰਜਨ ਤੇ ਮਨਜੀਤ ਸੋਚਦੇ ਸਨ ਕਿ ਕਿਸੇ ਦੀ ਨਜ਼ਰ ਨਾ ਲੱਗ ਜਾਏ। ਬੱਚੇ ਕੁੱਖ ਤਾਂ ਕਿਸੇ ਹੋਰ 'ਚੋਂ ਪੈਦਾ ਹੋਏ ਨੇ ਪਰ ਭਾਗ ਮਨਜੀਤ ਦੀ ਕੁੱਖ ਨੂੰ ਲੱਗੇ ਸਨ। ਪਲਾਂ ਛਿਣਾਂ 'ਚ ਬਨੇਰੇ, ਵਿਹੜਾ ਆਂਢੀਆਂ-ਗੁਆਂਢੀਆਂ ਨਾਲ ਭਰ ਗਏ। ਬਿੱਲੀਆਂ ਅੱਖਾਂ ਵਾਲੀ ਕੋਕਲਾ ਠੰਡੇ ਮੁਲਖ 'ਚ ਰਹਿ ਕੇ ਡੂਢ ਸਾਲ 'ਚ ਹੀ ਪਰੀਆਂ ਤੋਂ ਵੀ ਸੁਨੱਖੀ ਲੱਗ ਰਹੀ ਸੀ। ਚਾਵਾਂ ਦਾ ਗਿੱਧਾ ਆਥਣ ਤੱਕ ਪੈਂਦਾ ਰਿਹਾ। ਹਰ ਆਏ ਦੇ ਹੱਥ 'ਤੇ ਮਨਜੀਤ ਲੱਡੂ ਰੱਖਦੀ ਅਤੇ ਚਾਅ ਨਾਲ ਕਹਿੰਦੇ ਦੋ ਕੁ ਸਾਲ ਠਹਿਰੋ ਪਹਿਲੇ ਦਿਨ ਧੀ ਤੋਰਨੀ ਹੈ ਅਤੇ ਦੂਜੇ ਦਿਨ ਪੁੱਤ ਵਿਆਹ ਕੇ ਧੀ ਘਰ ਲਿਆਉਣੀ ਹੈ। ਬਸ ਮੇਰੇ ਪੁੱਤ ਨੂੰ ਇਕ ਵਾਰ ਆਸਟਰੇਲੀਆ ਗੇੜਾ ਮਾਰ ਆਉਣ ਦਿਓ। ਫਿਰ ਅਗਲੇ ਦੋ ਤਿੰਨ ਦਿਨ ਘਰ 'ਚ ਵਿਆਹ ਵਰਗੇ ਮਾਹੌਲ ਨੇ ਕਿਸੇ ਨੂੰ ਪਤਾ ਹੀ ਨਾ ਲੱਗਣ ਦਿੱਤਾ ਕਿ ਬੰਸੋ ਵੀ ਘਰ 'ਚ ਆਈ ਹੋਈ ਹੈ ਤੇ ਦੋ ਮਾਂਵਾਂ ਵੀ ਨਹੀਂ ਜਾਣਦੀਆਂ ਕਿ ਬੱਚੇ ਕਿਸ ਮਾਂ ਦਾ ਦੁੱਧ ਚੁੰਘ ਕੇ ਤੇ ਕਿਸ ਮਾਂ ਦੇ ਲਾਡ ਨਾਲ ਵੱਡੇ ਹੋਏ ਨੇ।

ਕੋਕਲਾ ਨੂੰ ਆਇਆਂ ਚੌਥਾ ਦਿਨ ਸੀ, ਦਿਨ ਵੀ ਵੀਰਵਾਰ ਸੀ। ਅਰਜਨ ਨੇ ਪਰਮੇਸ਼ਰ ਨੂੰ ਕਿਹਾ, "ਪੁੱਤ ਮੈਂ ਦੋ ਲੱਡੂਆਂ ਦੇ ਡੱਬੇ, ਬੰਦ ਤੇਲ ਦੀ ਸ਼ੀਸ਼ੀ, ਅਗਰਬੱਤੀ ਲੈ ਕੇ ਆਇਆ ਹਾਂ, ਸਵੇਰੇ ਤੈਨੂੰ ਚੜ੍ਹਾਉਣ ਦਿੱਲੀ ਜਾਣਾ ਹੈ, ਇਹ ਤਾਂ ਸ਼ਾਇਦ ਕਿਸੇ ਨੂੰ ਵੀ ਨਹੀਂ ਪਤਾ ਕਿ ਸਵੇਰੇ ਤੈਨੂੰ ਚੜ੍ਹਾਉਣ ਵਾਸਤੇ ਏਅਰਪੋਰਟ ਜਾਣਾ ਪਰ ਤੂੰ ਪੀਰਾਂ ਦੀ ਜਗ੍ਹਾ 'ਤੇ ਹੁਣੇ ਹੀ ਮੱਥਾ ਤਾਂ ਟੇਕ ਆ।" ਪਲਾਸਟਿਕ ਦੇ ਬੈਗ 'ਚ ਇਹ ਸਾਰਾ ਸਮਾਨ ਪਾ ਕੇ ਪਰਮੇਸ਼ਰ ਨੇ ਹੀਰੋ ਹਾਂਡਾ ਮੋਟਰਸਾਈਕਲ ਵਿਹੜਿਓਂ ਬਾਹਰ ਕੱਢ ਲਿਆ। ਮਾਂ ਨੇ ਕਿਹਾ ਕੋਕਲਾ ਤੂੰ ਵੀ ਨਾਲ ਚਲੇ ਜਾ।

ਨਹੀਂ ਮਾਂ ਮੈਂ ਹਾਲੇ ਹਫਤਾ ਇਥੇ ਹੀ ਹਾਂ, ਮੈਂ ਫਿਰ ਜਾ ਆਵਾਂਗੀ।

ਖਸਮਾ ਖਾਣੀ ਨਾ ਹੋਵੇ, ਵੀਰ ਨੇ ਸਵੇਰ ਨੂੰ ਜਹਾਜ ਚੜ੍ਹਨਾ ਹੋਵੇ, ਪੀਰਾਂ ਦੇ ਮੱਥਾ ਟੇਕਣ ਜਾਣਾ ਹੋਵੇ ਤੇ ਭੈਣ ਮਨ੍ਹਾਂ ਕਰੇ? ਕਮਲੀ ਨਾ ਹੋਵੇ। ਬੰਸੋ ਨੇ ਵੀ ਧੀ ਨੂੰ ਨਾਲ ਚੱਲਣ ਲਈ ਤਾਕੀਦ ਕਰ ਦਿੱਤੀ।

'ਚੱਲ ਫਿਰ ਜਾ ਹੀ ਆ ਪੁੱਤ', ਮੋਹਰ ਅਰਜਨ ਸਿੰਘ ਨੇ ਵੀ ਲਾ ਦਿੱਤੀ।

ਤੇ ਹੈ ਵੀ ਕਿੰਨਾ ਕੁ ਦੂਰ ਸੀ! ਪੀਰਾਂ ਦੀ ਮਜ਼ਾਰ ਘਰ ਤੋਂ ਕੋਹ ਵਾਟ ਵੀ ਨਹੀਂ ਹੋਵੇਗੀ। ਦੋਵੇਂ ਭੈਣ-ਭਰਾ ਸੁੱਖਾਂ ਤੇ ਮਨਾਉਤਾਂ ਲਾਹੁਣ ਤੁਰ ਪਏ। ਕੀ ਪਤਾ ਸੀ ਕਿ ਸੁੱਖਾਂ ਤੇ ਮਨਾਉਤਾਂ ਜ਼ਿੰਦਗੀ ਦੀਆਂ ਆਖਰੀ ਘੜੀਆਂ ਬਣ ਜਾਣਗੀਆਂ। ਘਰ ਮੂਹਰਿਓਂ ਗੁਜਰਦੀ ਵੱਡੀ ਸੜਕ 'ਤੇ ਜਿਉਂ ਹੀ ਪਰਮੇਸ਼ਰ ਨੇ ਮੋਟਰਸਾਈਕਲ ਹੌਲੀ ਕੀਤਾ, ਪਿੱਛਿਓਂ ਤੇਜ਼ ਆ ਰਹੇ ਲੋਹੇ ਦੇ ਸਰੀਏ ਨਾਲ ਲੱਦੇ ਟਰੱਕ ਨੇ ਭੈਣ-ਭਰਾ ਨੂੰ ਥਾਂ 'ਤੇ ਹੀ ਖਤਮ ਕਰ ਦਿੱਤਾ ਤੇ ਸ਼ਾਇਦ ਸਧਰਾਂ ਦਾ ਚੁਬਾਰਾ ਤਾਂ ਡਿੱਗ ਹੀ ਪਿਆ ਸੀ ਪਰ ਅਰਜਨ ਤੇ ਮਨਜੀਤ ਦਾ ਘਰ ਉਜੜਨਾ ਇਉਂ ਲੱਗ ਰਿਹਾ ਸੀ, ਬਾਗ ਤਾਂ ਮਾਲੀ ਨੇ ਰੂਹ ਨਾਲ ਪਾਲਿਆ ਸੀ ਪਰ ਡਾਹਢੇ ਨੇ ਇੱਕੋ ਅੱਖ ਦੇ ਫੋਰ 'ਚ ਉਜਾੜ ਕੇ ਰੱਖ ਦਿੱਤਾ ਹੋਵੇ। ਜਿੱਥੇ ਸਵੇਰ ਨੂੰ ਜਹਾਜਾਂ ਦੇ ਚੜ੍ਹਨ ਦੀ ਉਡੀਕ ਕੀਤੀ ਜਾ ਰਹੀ ਸੀ, ਉਥੇ ਦੋ ਮਾਸੂਮ ਜ਼ਿੰਦੜੀਆਂ 'ਲੰਬੀ' ਉਡਾਰੀ ਮਾਰ ਗਈਆਂ ਸਨ। ਸਮਝ ਨਹੀਂ ਲੱਗ ਰਹੀ ਸੀ ਕਿ ਵਧੀਕੀ ਰਤਨ ਕੌਰ ਨਾਲ ਹੋਈ ਸੀ ਕਿ ਹਰਬੰਸ ਕੌਰ ਨਾਲ, ਅਰਜਨ ਸਿੰਘ ਨਾਲ ਕਿ ਮਨਜੀਤ ਨਾਲ ਤੇ ਜਾਂ ਇਹ ਲੰਬੇ ਹੱਥਾਂ ਦਾ ਅੱਤਿਆਚਾਰ ਸਹਿਣ ਲਈ ਕੋਕਲਾ ਤੇ ਪਰਮੇਸ਼ਰ ਨੇ ਜਨਮ ਲਿਆ ਸੀ...।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਫੱਟ ਪੰਜਾਬ ਦੇ

ਚੜ੍ਹ ਵੇ ਚੰਦਾ ਦੇਹ ਹੁਣ ਲਾਲੀ, ਲੋਕ ਜਾਗ ਪਏ ਸਾਰੇ।
ਲਗਦੈ ਗੱਲ ਕਿਨਾਰੇ ਲੱਗ ਜੂ, ਟਹਿਕਣ ਲੱਗ ਪਏ ਤਾਰੇ।
ਬਾਗਾਂ ਦੇ ਵਿਚ ਮੋਰ ਨਾ ਕੂਕਣ, ਕੋਇਲਾਂ ਦੇ ਮੂੰਹ ਬੰਦ ਹੋਏ ਨੇ।
ਤਖਤ ਹਜ਼ਾਰਾ ਰਲ ਕੇ ਲੁੱਟਿਆ, ਖੱਟੇ ਸਭ ਤੋਂ ਦੰਦ ਹੋਏ ਨੇ।
ਕਿਸ ਵਾਰਿਸ ਕੋਲ ਧੀਆਂ ਰੋਵਣ, ਉਜੜੀ ਮਾਂ ਦੀ ਕੁੱਖ ਪਈ ਏ।
ਚਿੱਟਾ ਖਾ ਗਿਆ ਸਿਰ ਦਾ ਸਾਈਂ, ਕੱਲੀ ਰੋਂਦੀ ਦੁੱਖ ਪਈ ਏ।
ਕਿੰਨੇ ਫੱਟ ਪੰਜਾਬ ਦੇ ਲੱਗੇ, ਗਿਣ ਨਹੀਂ ਹੁੰਦੇ ਧਾਹ ਨਿਕਲੇ।
ਜੋਰਾਵਰ ਤੇ ਡਾਢੇ ਹਾਕਮ, ਮਾੜਾ ਕਿਹੜੇ ਰਾਹ ਨਿਕਲੇ।
ਰੱਜਿਆਂ ਦੇ ਢਿੱਡ ਰੱਜਦੇ ਨਾਹੀਂ, ਰੱਜ ਕੇ ਭੁੱਖ ਖਿਲਾਰੀ ਏ।
ਪਿੱਟਦੇ ਮਾਰ ਦੁਹੱਥੜਾਂ ਤੱਕ ਦੇ, ਖੁੱਸਦੀ ਜਾਂਦੀ ਵਾਰੀ ਏ।
ਨਾਅਰੇ ਲਾਉਂਦੀਆਂ ਵੇਖੀਆਂ 'ਭੌਰੇ', ਅਸੀਂ ਜਮੀਰਾਂ ਜਾਗਦੀਆਂ।
ਅੱਖੀਆਂ ਲਾਟਾਂ ਬਣ ਚੱਲੀਆਂ ਨੇ, ਜਿਉਂ ਨੇਰ੍ਹੇ ਵਿਚ ਨਾਗ ਦੀਆਂ।

# ਗੱਜਣ ਚੌਕੀਦਾਰ

## ਅਜੀਬ ਬੰਦੇ

ਗੱਜਣ ਪਿੰਡ ਦਾ ਚੌਕੀਦਾਰ ਹੀ ਨਹੀਂ ਸਗੋਂ ਇਲਾਕੇ ਦਾ ਸਿਰਮੌਰ ਬੁਲਾਰਾ ਵੀ ਸੀ। ਭਾਵੇਂ ਪੜ੍ਹਾਈ ਦੇ ਮਾਮਲੇ ਵਿਚ ਉਹ ਕੋਰਾ ਸੀ ਪਰ ਉਸ ਨੂੰ ਅੰਦਰੂਨੀ ਗਿਆਨ ਬਹੁਤ ਸੀ। ਗੱਲਬਾਤ ਕਰਨ ਦਾ ਅਜਿਹਾ ਨਿਵੇਕਲਾ ਢੰਗ ਕਿ ਅਗਲੇ ਨੂੰ ਬੰਨ੍ਹ ਕੇ ਖੜ੍ਹਾ ਲਵੇ। ਸਰਕਾਰੀ ਖਾਕੀ ਵਰਦੀ ਤੇ ਤੁਰਲੇ ਵਾਲੀ ਪੱਗ 'ਚ ਜਿਵੇਂ ਬਾਦਸ਼ਾਹ ਹੀ ਲੱਗਦਾ। ਬੋਲਬਾਣੀ



ਸੁਰਜੀਤ ਜੱਸਲ
ਫੋਨ: 91-98146-07737

ਏਨੀ ਮਿੱਠੀ ਕਿ ਅਗਲੇ ਦੇ ਦਿਲ ਵਿਚ ਹੀ ਲਹਿ ਜਾਵੇ।

ਗੱਜਣ ਉਨ੍ਹਾਂ ਸਮਿਆਂ 'ਚ ਪੈਦਾ ਹੋਇਆ ਜਦੋਂ ਲਾਊਡ ਸਪੀਕਰ ਨਾਂ ਦੀ ਕੋਈ ਚੀਜ਼ ਹੀ ਨਹੀਂ ਸੀ ਹੁੰਦੀ। ਕਿਸੇ ਨੇ ਹੋਕਾ ਦੇਣਾ ਹੁੰਦਾ ਤਾਂ ਗੱਜਣ ਨੂੰ ਹੀ ਕਹਿਣਾ। ਕਿਸੇ ਦੇ ਵਿਆਹ-ਸ਼ਾਦੀ ਹੋਣੀ ਤਾਂ ਆਥਣੇ ਗੱਜਣ ਨੇ ਪਿੰਡ ਵਾਲੀ ਪੁਰਾਣੀ ਹਥਾਈ ਦੇ ਉਚੇ ਚੌਂਤਰੇ 'ਤੇ ਖੜ੍ਹ ਕੇ ਜਦੋਂ ਪਿੱਪਲ ਦੇ ਘੜਿਆਲ ਦੇ ਦੋ ਤਿੰਨ ਡੱਗੇ ਮਾਰਨੇ ਤਾਂ ਸਾਰੇ ਪਿੰਡ ਨੇ ਕੰਨ੍ਹ ਚੱਕ ਲੈਣੇ। ਫੇਰ ਉਸ ਨੇ ਉਚੀ ਆਵਾਜ਼ ਵਿਚ ਹੋਕਾ ਦੇਣਾ, "ਭਾਈ ਮੇਲੇ ਛੀਂਬੇ ਦੇ ਮੁੰਡੇ ਨੂੰ ਸਵੇਰੇ ਸ਼ਗਨ ਪੈਣੈ, ਕੱਠ-ਬੱਠ ਦਾ ਕੰਮ ਐ, ਦੁੱਧ ਦੀ ਬਹੁਤ ਜ਼ਰੂਰਤ ਹੈ, ਸੋ ਵੱਧ ਤੋਂ ਵੱਧ ਦੁੱਧ (ਸਮੁੰਦਰ) ਉਨ੍ਹਾਂ ਦੇ ਘਰ ਪੁਚਾਓ ਤੇ ਸ਼ਗਨ ਮੌਕੇ ਹਾਜ਼ਰੀ ਲਵਾਓ।"

ਗੱਜਣ ਏਨੇ ਟਿਕਾਅ ਨਾਲ ਬੋਲਦਾ ਕਿ ਸਾਰੀ ਗੱਲ ਸਾਫ ਸਮਝ ਆਉਂਦੀ।

ਪਿੰਡ ਵਿਚ ਕਿਸੇ ਟੋਭੇ-ਛੱਪੜ ਦੀ ਮਿੱਟੀ ਕੱਢਣੀ ਹੁੰਦੀ, ਸਾਂਝਾ ਖਾਲ ਘੜਨਾ ਹੁੰਦਾ ਜਾਂ ਪਿੰਡ ਦਾ ਕੋਈ ਹੋਰ ਪੰਚਾਇਤੀ ਕੰਮ ਹੁੰਦਾ, ਗੱਜਣ ਦੇ ਹੋਕਰੇ ਆਥਣ-ਸਵੇਰੇ ਵੱਜਦੇ ਰਹਿੰਦੇ। ਇੱਕ ਦੋ ਦਿਨ ਜੇ ਉਹ ਨਾ ਬੋਲਦਾ ਤਾਂ ਘਰੋ-ਘਰੀ ਗੱਲਾਂ ਤੁਰਦੀਆਂ, "ਕਈ ਦਿਨ ਹੋ'ਗੇ, ਗੱਜਣ ਨ੍ਹੀਂ ਬੋਲਿਆ...। ਖੌਰੇ ਚੰਦਰੇ ਨੂੰ ਕੋਈ ਢਿੱਲ-ਮੱਠ ਈ ਨਾ ਹੋ'ਗੀ ਹੋਵੇ।"

ਲੋਕਾਂ ਨੂੰ ਉਸ ਦੀ ਦੋ ਚਾਰ ਦਿਨ ਦੀ ਗੈਰਹਾਜ਼ਰੀ ਕਈ ਮਹੀਨਿਆਂ ਵਾਂਗ ਲੱਗਦੀ। ਗੱਜਣ ਦੇ ਹੱਥ 'ਚ ਹਮੇਸ਼ਾ ਮੋਟੀ, ਬੇ-ਢੰਗੀ ਸੋਟੀ, ਤਿੰਨ ਸੈਲਾਂ ਵਾਲੀ ਬੈਟਰੀ ਹੁੰਦੀ, ਜੋ ਉਹ ਰੱਸੀ ਨਾਲ ਬੰਨ੍ਹ ਕੇ ਮੋਢੇ 'ਚ ਲਟਕਾਈ ਰੱਖਦਾ। ਡੱਬੂ ਕੁੱਤਾ ਤਾਂ ਗੱਜਣ ਦਾ ਰਤਾ ਵਸਾਹ ਨਹੀਂ ਸੀ ਕਰਦਾ, ਉਹ ਜਿੱਧਰ ਵੀ ਜਾਂਦਾ, ਮਗਰ ਮਗਰ ਫਿਰਦਾ ਰਹਿੰਦਾ। ਪਿੰਡ ਦੇ ਕੁੱਤਿਆਂ ਨੇ ਡੱਬੂ ਨੂੰ ਘੇਰਨਾ ਤਾਂ ਗੱਜਣ ਦੀ ਸੋਟੀ ਦੀ ਸ਼ਹਿ ਨੇ ਜੋਸ਼ ਭਰ ਦੇਣਾ ਤੇ ਡੱਬੂ ਸਾਰੇ ਕੁੱਤੇ ਮੂਹਰੇ ਲਾ ਲੈਂਦਾ।

ਪਿੰਡ ਵਿਚ ਕਿਸੇ ਦੇ ਪੁਲਿਸ ਆਉਣੀ ਤਾਂ ਸਭ ਤੋਂ ਪਹਿਲਾਂ ਗੱਜਣ ਨੂੰ ਹੀ ਘਰੋਂ ਬੁਲਾਉਣਾ ਕਿ ਦੱਸ ਭਾਈ, ਫਲਾਣੇ ਦਾ ਘਰ। ਪਰ ਗੱਜਣ ਗੱਲਬਾਤ 'ਚ ਐਨਾ ਚੁਸਤ ਕਿ ਪਹਿਲਾਂ ਛੇਤੀ-ਛੇਤੀ ਕੋਈ ਰਾਹ ਨਾ ਦੇਣਾ। ਚਾਹ-ਪਾਣੀ ਪੁੱਛ ਕੇ ਫਿਰ ਹੌਲੀ-ਹੌਲੀ ਗੱਲਬਾਤ ਦਾ ਭੇਤ ਲੈਣਾ। ਉਸ ਦੇ ਇਸ ਚੁਸਤੀ ਦੀ ਪਿੰਡ ਵਿਚ ਬਹੁਤ ਸਲਾਹੁਤਾ ਹੁੰਦੀ।

ਅੰਗਰੇਜ਼ਾਂ ਦੀ ਹਕੂਮਤ ਵੇਲੇ, ਕਹਿੰਦੇ ਨੇ ਪਿੰਡ ਦੇ ਮਸ਼ਹੂਰ ਆਜ਼ਾਦੀ ਘੁਲਾਟੀਏ ਤੇਜਾ ਸਿੰਘ ਨੂੰ ਪੁਲਿਸ ਫੜ੍ਹਨ ਆ ਗਈ। ਗੱਜਣ ਤੇ ਪੁਲਿਸ ਵਾਲੇ ਜਦੋਂ ਸੱਥ 'ਚੋਂ ਲੰਘ ਰਹੇ ਸਨ ਤਾਂ ਉਹੀ ਤੇਜਾ ਸਿੰਘ ਖੁੰਢ 'ਤੇ ਬੈਠਾ ਦਿਸਿਆ ਪਰ ਚੁਸਤ ਚਲਾਕ ਗੱਜਣ ਚੌਕੀਦਾਰ ਨੇ ਇਸ਼ਾਰੇ ਨਾਲ ਤੇਜਾ ਸਿੰਘ ਨੂੰ ਸੱਦਿਆ ਤੇ ਕਿਹਾ, "ਜ਼ੈਲ ਸਿਆਂ-ਭਲਾ ਤੈਂ ਤੇਜਾ ਸਿਓਂ ਨਹੀਂ ਵੇਖਿਆ?"

ਤੇਜਾ ਸਿੰਘ ਸਮਝ ਗਿਆ। ਉਸ ਨੇ ਕਿਹਾ, "ਬਾਈ ਘਰੇ ਪਤਾ ਕਰ ਲੈਂ...।" ਏਨਾ ਆਖ ਉਹ ਟਲ ਗਿਆ।

ਲਾਊਡ ਸਪੀਕਰਾਂ ਦਾ ਜ਼ਮਾਨਾ ਆ ਗਿਆ ਤਾਂ ਗੱਜਣ ਨੂੰ ਚਿੜ੍ਹ ਆਉਣ ਲੱਗੀ। ਜਣੇ-ਖਣੇ ਨੇ ਮਾਈਕ ਫੜ੍ਹ ਅਨਾਊਂਸਰ ਬਣ ਜਾਣਾ। ਗੱਜਣ ਨੂੰ ਲੱਗਦਾ ਜਿਵੇਂ ਲਾਊਡ ਸਪੀਕਰ ਨੇ ਉਸ ਦੀ ਵੁੱਕਤ ਘਟਾ ਦਿੱਤੀ ਹੋਵੇ। ਕਿਸੇ ਨੇ ਕੋਈ ਹੋਕਾ ਦੇਣਾ ਹੁੰਦਾ ਤਾ ਉਹ ਸਪੀਕਰ 'ਚ ਬੋਲ ਦੇਣਾ। ਕਈ ਵਾਰੀ ਗੁੱਸੇ 'ਚ ਉਸ ਨੇ ਸਪੀਕਰ ਬਣਾਉਣ ਵਾਲੇ ਨੂੰ ਸ਼ਲੋਕ ਸੁਣਾ ਦੇਣੇ।

ਜੇ ਕਿਸੇ ਨੇ ਗੱਜਣ ਨੂੰ ਸਪੀਕਰ 'ਤੇ ਬੋਲਣ ਲਈ ਆਖਣਾ ਤਾਂ ਉਸ ਅੱਗੋਂ ਕਹਿਣਾ, "ਇਹ ਸਾਲਾ ਕੀ ਕਰੂ ਮੇਰੀ ਰੀਸ, ਪਿੰਡ ਤੋਂ ਬਾਹਰ ਤਾਂ 'ਵਾਜ ਨ੍ਹੀਂ ਜਾਂਦੀ ਇਹਦੀ। ਮੈਂ ਭਾਵੇਂ ਵੇਖਣ ਨੂੰ ਬੁੜ੍ਹਾ ਲੱਗਦਾਂ, ਪੁਰਾਣੀ ਥੇੜ੍ਹੀ 'ਤੇ ਖੜ੍ਹ ਕੇ 'ਵਾਜ ਮਾਰਾਂ... ਪਰਲੀ ਫਿਰਨੀ ਵਾਲੇ ਖੂਹ 'ਤੇ ਬੈਠਿਆਂ ਨੂੰ ਸੁਣੂ। ਟਿਕੀ ਰਾਤ 'ਚ 'ਵਾਜ ਮਾਰਾਂ, ਨਾਲ ਦੇ ਪਿੰਡ ਨਾ ਸੁਣੇ, ਤਾਂ ਗੱਜਣ ਨਾ ਕਿਹੋ।"

# ਵੱਡਾ ਘੱਲੂਘਾਰਾ: ਕੁਝ ਅਹਿਮ ਵਿਚਾਰ



ਕੁਪ ਰਹੀੜ ਵਿਚ ਬਣਾਈ ਵੱਡੇ ਘੱਲੂਘਾਰੇ ਦੀ ਯਾਦਗਾਰ।

**ਡਾ. ਮਹਮੋਹਨ ਸਿੰਘ ਦੁਪਾਲਪੁਰ**
ਫੋਨ: +91-75891-68133

ਹਰ ਸਾਲ ਚੜ੍ਹਦੀ ਫਰਵਰੀ ਨੂੰ ਵੱਡੇ ਘੱਲੂਘਾਰੇ ਬਾਰੇ ਚਰਚਾ ਕੀਤੀ ਜਾਂਦੀ ਹੈ। ਤਕਰੀਬਨ ਸਾਰੇ ਵਿਦਵਾਨ ਇਸ ਘਟਨਾ ਬਾਰੇ ਇਉਂ ਲਿਖਦੇ ਹਨ, ਜਿਵੇਂ ਕੋਈ ਬਿਆਨਕਰਤਾ ਕਿਸੇ ਖੇਡ ਨੂੰ ਨਾਲੋ-ਨਾਲ ਬਿਆਨ ਕਰ ਰਿਹਾ ਹੋਵੇ। ਕਹਿਣ ਦਾ ਭਾਵ, ਬਹੁਤੇ ਲੇਖਕ ਇੰਨਾ ਕੁ ਹੀ ਲਿਖਦੇ ਨੇ ਕਿ ਸਾਰਾ ਸਿੱਖ ਵਹੀਰ ਕੁਪ ਰਹੀੜ ਪਹੁੰਚਿਆ ਅਤੇ ਅਹਿਮਦ ਸ਼ਾਹ ਅਬਦਾਲੀ ਨੇ ਘੇਰਾ ਪਾ ਕੇ ਸਾਰੇ ਵਹੀਰ (30 ਹਜ਼ਾਰ ਦੇ ਕਰੀਬ) ਨੂੰ ਇਕ ਹੀ ਦਿਨ ਵਿਚ ਸ਼ਹੀਦ ਕਰ ਦਿੱਤਾ। ਕੋਈ ਵੀ ਲੇਖਕ ਇਸ ਘੱਲੂਘਾਰੇ ਦੇ ਕਾਰਨਾਂ ਵੱਲ ਧਿਆਨ ਨਹੀਂ ਦਿਵਾਉਂਦਾ, ਨਾ ਹੀ ਇਸ ਗੱਲ 'ਤੇ ਵਿਚਾਰ ਕਰਦਾ ਹੈ ਕਿ ਇਹ ਘੱਲੂਘਾਰਾ ਵਾਪਰਨ ਤੋਂ ਬਾਅਦ ਉਸ ਵੇਲੇ ਦੇ ਜਥੇਦਾਰਾਂ ਨੇ ਬੈਠ ਕੇ ਕੋਈ ਵਿਚਾਰ ਕੀਤੀ ਕਿ ਐਸਾ ਕਾਰਾ ਮੁੜ ਨਾ ਹੋਵੇ। ਕੌਮਾਂ ਦੀ ਕਿਸਮਤ ਜਾਂ ਭਵਿੱਖ, ਵਿਦਵਾਨਾਂ-ਬੁੱਧੀਜੀਵੀਆਂ ਉਤੇ ਨਿਰਭਰ ਹੈ। ਜੇ ਇਹ ਤਬਕਾ ਕੋਈ ਸਾਰਥਕ ਸੇਧ ਨਾ ਦੇਵੇ ਤਾਂ ਐਸੇ 'ਭਾਣੇ' ਮੁੜ-ਮੁੜ ਵਾਪਰਦੇ ਰਹਿੰਦੇ ਹਨ।

ਬੁੱਧ ਦਾ ਇਕ ਵਚਨ ਹੈ। ਉਹ ਕਹਿੰਦੇ ਹਨ ਕਿ ਜੇ ਸਾਰੇ ਵੱਗ (ਮੱਝਾਂ-ਗਾਵਾਂ ਦਾ ਇਕੱਠ) ਦਾ ਮੁਖੀ ਬੈਲ ਕਿਸੇ ਐਸੇ ਤੰਗ ਰਸਤੇ ਵਿਚੋਂ ਲੰਘੇ ਜਿਸ ਦੇ ਦੋਹੀਂ ਪਾਸੇ ਕੰਡਿਆਲੀਆਂ ਝਾੜੀਆਂ ਹੋਣ, ਉਸ ਬੈਲ ਦਾ ਸਾਰਾ ਸਰੀਰ ਕੰਡਿਆਂ ਨਾਲ ਝਰੀਟਿਆ ਜਾਵੇ, ਤਾਂ ਵੀ ਪਿੱਛੇ ਆਉਣ ਵਾਲਾ ਸਾਰਾ ਵੱਗ ਉਸੇ ਰਸਤੇ ਥਾਣੀਂ ਹੀ ਲੰਘਦਾ ਹੈ। ਇਸ ਕਰ ਕੇ ਮੁਖੀ ਦਾ ਫਰਜ਼ ਬਹੁਤ ਅਹਿਮ ਹੁੰਦਾ ਹੈ। ਮੁਖੀ ਇਕ-ਇਕ ਕਦਮ ਅੱਖਾਂ ਖੋਲ੍ਹ ਕੇ, ਭਾਵ ਸਾਵਧਾਨ ਹੋ ਕੇ ਪੁੱਟੇ ਤਾਂ ਕਿ ਉਸ ਦੇ ਪਿੱਛੇ ਆ ਰਿਹਾ ਵੱਗ ਲਹੂ-ਲੁਹਾਣ ਹੋਣ ਤੋਂ ਬਚ ਜਾਵੇ।

ਵੱਡੇ ਘੱਲੂਘਾਰੇ ਦੇ ਕਾਰਨ ਕੀ ਸਨ? ਸਾਡੇ ਪ੍ਰਚਾਰਕ, ਰਾਗੀ, ਢਾਡੀ ਤੇ ਨੇਤਾ ਸਟੇਜਾਂ ਉਤੇ ਗੱਜ-ਵੱਜ ਕੇ ਕਹਿ ਦਿੰਦੇ ਹਨ ਕਿ ਪੰਜਾਬ ਸਦੀਆਂ ਤੋਂ ਮੁਲਕ ਦੀ ਖੜਗ ਭੁਜਾ ਰਿਹਾ ਹੈ; ਕਿਉਂਕਿ ਪੱਛਮੀ ਜਰਵਾਣੇ ਜਦੋਂ ਵੀ ਮੁਲਕ ਉਤੇ ਹਮਲਾ ਕਰਦੇ ਸਨ ਤਾਂ ਪਹਿਲਾਂ ਪੰਜਾਬ ਨਾਲ ਹੀ ਉਨ੍ਹਾਂ ਦਾ ਵਾਹ ਪੈਂਦਾ ਸੀ। ਇਤਿਹਾਸ ਦੇ ਖੋਜੀਆਂ ਨੂੰ ਪਤਾ ਹੈ ਕਿ ਸਾਡੇ ਮੁਲਕ ਉਤੇ ਅੱਠਵੀਂ ਸਦੀ ਤੋਂ ਲੈ ਕੇ ਲਗਭਗ 18ਵੀਂ, 19ਵੀਂ ਸਦੀ ਤੱਕ ਕਈ ਜਰਵਾਣੇ ਚੜ੍ਹ-ਚੜ੍ਹ ਆਉਂਦੇ ਰਹੇ ਅਤੇ ਲੁਟਦੇ ਰਹੇ। ਮੁਹੰਮਦ ਗੌਰੀ, ਮਹਿਮੂਦ ਗਜ਼ਨਵੀ, ਅਹਿਮਦ ਸ਼ਾਹ ਅਬਦਾਲੀ, ਨਾਦਰ ਵਰਗਿਆਂ ਨੇ 10-10, 12-12 ਹਮਲੇ ਕੀਤੇ। ਮੁਲਕ ਦੀ ਖੜਗ ਭੁਜਾ ਦਾ ਜੇ ਖੜਗ ਭੁਜਾ ਵਾਲਾ ਰੋਲ ਹੁੰਦਾ ਤਾਂ ਐਨੇ ਹਮਲੇ ਕਿਵੇਂ ਸੰਭਵ ਹੋ ਸਕਦੇ ਸਨ?

ਕਰਮ ਸਿੰਘ ਹਿਸਟੋਰੀਅਨ, ਪਿਆਰਾ ਸਿੰਘ ਪਦਮ, ਡਾ. ਕਿਰਪਾਲ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਸੰਗਤ ਸਿੰਘ, ਡਾ. ਹਰਜਿੰਦਰ ਸਿੰਘ ਦਿਲਗੀਰ ਆਦਿ ਇਤਿਹਾਸਕਾਰ ਇਹੀ ਲਿਖਦੇ ਹਨ ਕਿ ਜਦੋਂ ਅਬਦਾਲੀ ਮੁਲਕ ਅੰਦਰ ਦਾਖਲ ਹੁੰਦਾ ਸੀ, ਉਸ ਵੇਲੇ ਜਥੇਦਾਰ ਉਸ ਨਾਲ ਲੜਨ ਦੀ ਬਜਾਏ ਜੰਗਲਾਂ ਵਿਚ ਜਾ ਲੁਕਦੇ ਸਨ; ਇਕ ਤਰ੍ਹਾਂ ਅਬਦਾਲੀ ਨੂੰ ਹਰੀ ਝੰਡੀ ਦੇ ਦਿੰਦੇ ਸਨ, ਪਰ ਜਦੋਂ ਸਾਰੇ ਮੁਲਕ ਨੂੰ ਲੁੱਟ ਕੇ ਉਹ ਵਾਪਸ ਆਉਂਦਾ ਸੀ, ਉਦੋਂ ਸਤਲੁਜ, ਬਿਆਸ, ਰਾਵੀ, ਜਿਹਲਮ, ਝਨਾਬ ਲੰਘ ਕੇ ਅਟਕ ਦਰਿਆ ਦੇ ਨੇੜੇ ਜਾ ਕੇ ਉਸ ਦੇ ਕਾਫਲੇ ਨੂੰ ਲੁੱਟਦੇ ਸਨ। ਕਾਫਲਾ 10-10 ਮੀਲ ਲੰਮਾ ਹੁੰਦਾ ਸੀ। ਜਦੋਂ ਤੱਕ ਮੂਹਰੇ ਅਬਦਾਲੀ ਤੱਕ ਖਬਰ ਪਹੁੰਚਦੀ, ਉਦੋਂ ਤੱਕ ਸਿੰਘ ਆਪਣਾ ਕੰਮ ਕਰ ਕੇ ਝੱਲ੍ਹਾਂ ਵਿਚ ਜਾ ਵੜਦੇ।

ਸਿੱਖ ਜਥੇਦਾਰਾਂ ਤੋਂ ਇਲਾਵਾ ਮਹਾਂਰਾਸ਼ਟਰ ਦੇ ਮਰਹੱਟੇ ਵੀ ਉਸ ਨੂੰ ਲੁੱਟਦੇ ਸਨ। ਇਕ ਵਾਰ ਅਬਦਾਲੀ ਨੇ ਆਪਣੇ ਸੂਬੇਦਾਰਾਂ ਨੂੰ ਪੁੱਛਿਆ ਕਿ ਇਹ ਕੌਣ ਲੋਕ ਹਨ ਜੋ ਉਸ ਨੂੰ ਹੀ ਲੁੱਟਣ ਆ ਪੈਂਦੇ ਹਨ? ਸੂਬੇਦਾਰਾਂ ਨੇ ਜਵਾਬ ਦਿੱਤਾ ਕਿ ਜਨਾਬ! ਸਾਰੇ ਭਾਰਤ ਵਿਚ ਸਾਨੂੰ ਕੋਈ ਹੱਥ ਨਹੀਂ ਲਾ ਸਕਦਾ, ਬੱਸ ਦੋ ਹੀ ਕੌਮਾਂ ਹਨ- ਇਕ ਮਹਾਰਾਸ਼ਟਰ ਦੇ ਮਰਹੱਟੇ ਤੇ ਦੂਜੇ ਪੰਜਾਬ ਦੇ ਸਿੱਖ। ਅਬਦਾਲੀ ਨੇ ਸੋਚ-ਵਿਚਾਰ ਕੇ ਸਪੈਸ਼ਲ ਗੇੜਾ ਮਰਹੱਟਿਆਂ ਨੂੰ ਖਤਮ ਕਰਨ ਲਈ ਮਾਰਿਆ। ਸਾਲ 1761 ਦੇ ਮਈ-ਜੂਨ ਮਹੀਨੇ ਉਹ ਚੜ੍ਹ ਕੇ ਆ ਗਿਆ। ਮਰਹੱਟਿਆਂ ਨੂੰ ਸਾਰੇ ਮੁਲਕ ਵਿਚੋਂ ਘੇਰ ਕੇ ਪਾਣੀਪਤ ਦੇ ਮੈਦਾਨ ਵਿਚ ਲਿਆਂਦਾ ਅਤੇ ਇਕ ਦਿਨ ਵਿਚ ਹੀ ਲਗਭਗ ਇਕ ਲੱਖ ਮਰਹੱਟਾ ਕਤਲ ਕੀਤਾ ਅਤੇ ਵਾਪਸ ਮੁੜ ਗਿਆ। ਇਸ ਘਟਨਾ ਨੂੰ ਪਾਣੀਪਤ ਦੀ ਤੀਜੀ ਲੜਾਈ ਕਰ ਕੇ ਜਾਣਿਆ ਜਾਂਦਾ ਹੈ। ਇਹ ਲੜਾਈ ਨਹੀਂ, ਸਮਝੋ ਨਰ-ਸੰਘਾਰ ਸੀ। ਕੀ ਇਸ ਘਟਨਾ ਦਾ ਸਿੱਖਾਂ ਨੂੰ ਪਤਾ ਨਹੀਂ ਲੱਗਿਆ ਹੋਵੇਗਾ? ਜੂਨ 1761 ਅਤੇ ਫਰਵਰੀ 1762 ਵਿਚ ਭਲਾ ਕਿੰਨਾ ਕੁ ਵਕਫ਼ਾ ਹੈ? ਅਬਦਾਲੀ ਜਨਵਰੀ 1762 ਵਿਚ ਫਿਰ ਆ ਗਿਆ। ਇਸ ਵਾਰ ਉਸ ਦਾ ਨਿਸ਼ਾਨਾ ਪੰਜਾਬ ਦੇ ਸਿੱਖ ਸਨ। ਸੋ, ਉਸ ਨੇ ਸਿੱਖਾਂ ਨੂੰ ਕੁਪ ਰਹੀੜੇ (ਮਲੇਰਕੋਟਲੇ ਨੇੜੇ) ਘੇਰ ਲਿਆ।

ਦਸਵੇਂ ਪਾਤਸ਼ਾਹ ਨੇ 14 ਜੰਗ ਲੜੇ, ਪਰ ਕਿਸੇ ਵੀ ਜੰਗ ਵਿਚੋਂ ਕੋਈ ਇਲਾਕਾ, ਧਨ-ਦੌਲਤ ਜਾਂ ਰੁਪਈਆ-ਪੈਸਾ ਲੁੱਟਣ ਦੀ ਪਿਰਤ ਨਹੀਂ ਪਾਈ। ਖੈਰ, ਜੇ ਸਮੇਂ ਦੀ ਲੋੜ ਸੀ, ਕਿਉਂਕਿ ਅਬਦਾਲੀ ਵੀ ਲੁਟੇਰਾ ਹੀ ਸੀ ਅਤੇ ਲੁਟੇਰੇ ਨੂੰ ਲੁੱਟਣਾ ਕੋਈ ਪਾਪ ਤਾਂ ਨਹੀਂ, ਪਰ ਜਦੋਂ ਸਿੱਖਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਇਸ ਨੇ ਮਰਹੱਟਿਆਂ ਨਾਲ ਕੀ ਕੀਤਾ ਹੈ, ਤਾਂ ਖਬਰਦਾਰ ਹੋ ਜਾਣਾ ਚਾਹੀਦਾ ਸੀ। ਘੱਲੂਘਾਰਾ ਰੋਕਣ ਲਈ ਕੁਝ ਤਾਂ ਹੋਣਾ ਚਾਹੀਦਾ ਸੀ!

ਸਿੱਖਾਂ ਬਾਰੇ ਸਿਰਦਾਰ ਕਪੂਰ ਸਿੰਘ 'ਸਰ ਫਜ਼ਲ ਹੁਸੈਨ ਦਾ ਇਕ ਵੀਚਾਰ' 'ਬਿਖ ਮਹਿ ਅੰਮ੍ਰਿਤ' ਕਿਤਾਬ ਦੇ ਪੰਨਾ 4 ਉਤੇ ਲਿਖਦੇ ਹਨ ਕਿ ਹਿੰਦੂ ਬੜਾ ਦੂਰ ਦਰਸ਼ਕ ਹੈ, ਆਉਣ ਵਾਲੀ ਸਥਿਤੀ ਨੂੰ ਪਹਿਲਾਂ ਹੀ ਭਾਂਪ ਲੈਂਦਾ ਹੈ ਅਤੇ ਕੋਈ ਪ੍ਰਬੰਧ ਕਰ ਲੈਂਦਾ ਹੈ, ਪਰ ਮੁਸਲਮਾਨ ਜਦੋਂ ਕੋਈ ਸਥਿਤੀ ਸਿਰ ਉਪਰ ਆ ਜਾਵੇ ਤਾਂ ਚੌਕੰਨਾ ਹੋ ਜਾਂਦਾ ਹੈ, ਪਰ ਸਿੱਖ, ਜਿੰਨਾ ਚਿਰ ਵੇਲਾ ਲੰਘ ਨਾ ਜਾਵੇ, ਨਾ ਕੁਝ ਸੋਚਦਾ ਹੈ ਤੇ ਨਾ ਹੀ ਕਿਸੇ ਸੋਚਵਾਨ ਦੀ ਗੱਲ ਸੁਣਦਾ ਹੈ। ਫੜ੍ਹਾਂ ਤੇ ਫੋਕੇ ਦਮਗਜ਼ੇ ਮਾਰੀ ਜਾਂਦਾ ਹੈ।

ਸਾਲ 1762 ਤੋਂ 14 ਸਾਲ ਪਹਿਲਾਂ ਸਿੱਖਾਂ ਨੇ 12 ਮਿਸਲਾਂ ਬਣਾ ਲਈਆਂ ਸਨ। ਉਸ ਸਮੇਂ ਸਿੱਖਾਂ ਦੀ ਹਾਲਤ (ਫੌਜ ਪੱਖੋਂ) ਐਨੀ ਮਾੜੀ ਨਹੀਂ ਸੀ। ਦੂਜੀ ਗੱਲ, ਜਿਸ ਸਮੇਂ ਇਹ ਭਾਣਾ ਵਾਪਰਿਆ, ਉਸ ਵੇਲੇ ਪਟਿਆਲੇ ਵਿਚ ਬਾਬਾ ਆਲਾ ਸਿੰਘ ਦਾ ਰਾਜ ਸੀ। ਪਟਿਆਲੇ ਤੋਂ ਕੁੱਪ ਰਹੀੜਾ ਕਿੰਨੇ ਕੁ ਮੀਲ ਹੈ? ਬੱਸ 20-30 ਕੁ ਮੀਲ! ਜੇ ਕਿਤੇ ਸਿੱਖ ਅਤੇ ਮਰਹੱਟੇ ਰਲ ਕੇ ਅਬਦਾਲੀ ਨੂੰ ਪੈ ਜਾਂਦੇ ਤਾਂ ਇਤਿਹਾਸ ਕੁਝ ਹੋਰ ਹੋਣਾ ਸੀ!

> ***ਸਿੱਖਾਂ ਬਾਰੇ ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ ਹਿੰਦੂ ਬੜਾ ਦੂਰ ਦਰਸ਼ਕ ਹੈ, ਆਉਣ ਵਾਲੀ ਸਥਿਤੀ ਨੂੰ ਪਹਿਲਾਂ ਹੀ ਭਾਂਪ ਲੈਂਦਾ ਹੈ ਅਤੇ ਕੋਈ ਪ੍ਰਬੰਧ ਕਰ ਲੈਂਦਾ ਹੈ, ਪਰ ਮੁਸਲਮਾਨ ਜਦੋਂ ਕੋਈ ਸਥਿਤੀ ਸਿਰ ਉਪਰ ਆ ਜਾਵੇ ਤਾਂ ਚੌਕੰਨਾ ਹੋ ਜਾਂਦਾ ਹੈ, ਪਰ ਸਿੱਖ, ਜਿੰਨਾ ਚਿਰ ਵੇਲਾ ਲੰਘ ਨਾ ਜਾਵੇ, ਨਾ ਕੁਝ ਸੋਚਦਾ ਹੈ ਤੇ ਨਾ ਹੀ ਕਿਸੇ ਸੋਚਵਾਨ ਦੀ ਗੱਲ ਸੁਣਦਾ ਹੈ। ਫੜ੍ਹਾਂ ਤੇ ਫੋਕੇ ਦਮਗਜ਼ੇ ਮਾਰੀ ਜਾਂਦਾ ਹੈ।... ਜੇ ਕਿਤੇ ਸਿੱਖ ਅਤੇ ਮਰਹੱਟੇ ਰਲ ਕੇ ਅਬਦਾਲੀ ਨੂੰ ਪੈ ਜਾਂਦੇ ਤਾਂ ਇਤਿਹਾਸ ਕੁਝ ਹੋਰ ਹੋਣਾ ਸੀ!***


ਵੱਡੇ ਘੱਲੂਘਾਰੇ ਬਾਰੇ ਬਣਾਇਆ ਇਕ ਚਿਤਰ।

18ਵੀਂ ਸਦੀ ਦੇ ਪਿਛਲੇ ਅੱਧ ਵਿਚ ਦਿੱਲੀ ਅਤੇ ਲਾਹੌਰ ਦੀ ਹਾਲਤ (ਸੱਤਾ ਪੱਖੋਂ) ਬਹੁਤ ਪਤਲੀ ਹੋ ਗਈ ਸੀ। ਇਸ ਸਮੇਂ ਵਿਚ ਵੀ ਸਿੱਖ ਲੁੱਟ-ਮਾਰ ਕਰਦੇ ਰਹੇ। ਪ੍ਰਿੰਸੀਪਲ ਸਤਿਬੀਰ ਸਿੰਘ 'ਪੂਰਨ ਸੱਚ ਭਰੇ' ਕਿਤਾਬ ਵਿਚ ਪੰਨਾ 228-229 ਉਤੇ ਲਿਖਦੇ ਹਨ ਕਿ 1765 ਤੋਂ 1787 ਤੱਕ ਸਿੱਖਾਂ ਨੇ ਦਿੱਲੀ ਨੂੰ 15 ਵਾਰ ਲੁੱਟਿਆ, ਇਸੇ ਤਰ੍ਹਾਂ ਕਈ ਵਾਰ ਲਾਹੌਰ ਨੂੰ ਵੀ ਲੁੱਟਿਆ; ਪਰ ਸਿੱਖਾਂ ਨੇ ਉਸ ਸਮੇਂ 'ਰਾਜ' ਆਪਣੇ ਹੱਥਾਂ ਵਿਚ ਨਾ ਲਿਆ। ਅਖੇ, 'ਸਿੱਖੀ ਪ੍ਰੇਮ' ਅੱਗੇ 'ਰਾਜ' ਦੀ ਅਹਿਮੀਅਤ ਹੀ ਕੀ ਹੈ! ਦਸਵੇਂ ਪਾਤਸ਼ਾਹ ਨੇ ਰਾਜ ਸਬੰਧੀ ਬੜੇ ਸਾਫ ਵਚਨ ਕੀਤੇ ਹੋਏ ਹਨ- ਸ੍ਰੀ ਮੁੱਖ ਵਾਕ ਭਨਿਓ ਗਰੀਬ ਨਿਵਾਜ, ਸ਼ਸਤਰਨ ਕੇ ਅਧੀਨ ਹੈ ਰਾਜ॥ ਰਾਜ ਬਿਨਾ ਨਹਿ ਧਰਮ ਚਲੇ ਹੈ, ਧਰਮ ਬਿਨਾ ਸਭ ਦਲੇ ਮਲੇ ਹੈ॥ (ਸੂਰਜ ਪ੍ਰਕਾਸ਼), ਭਾਵ ਰਾਜ ਲੈਣਾ ਕੋਈ ਮਾੜਾ ਨਹੀਂ ਹੁੰਦਾ, ਜੇ ਰਾਜ ਪਾ ਕੇ ਧਰਮ ਦਾ ਪ੍ਰਚਾਰ ਕੀਤਾ ਜਾਵੇ। ਸਭ ਨੂੰ ਪਤਾ ਹੀ ਹੈ ਕਿ ਜੇ ਬੁੱਧ ਧਰਮ ਭਾਰਤ ਅਤੇ ਬਾਹਰਲੇ ਮੁਲਕਾਂ ਵਿਚ ਫੈਲਿਆ ਤਾਂ ਇਹ ਰਾਜਾ ਅਸ਼ੋਕ ਦੀ ਮਿਹਰਬਾਨੀ ਨਾਲ ਹੀ ਹੋ ਸਕਿਆ ਹੈ। ਮੁਸਲਮਾਨ ਰਾਜਿਆਂ ਨੇ ਵੀ ਇਸਲਾਮ ਨੂੰ ਵੱਡੀ ਪੱਧਰ 'ਤੇ ਦੁਨੀਆਂ ਵਿਚ ਪ੍ਰਚਲਤ ਕਰਨ ਵਿਚ ਯੋਗਦਾਨ ਪਾਇਆ।

ਸੋ, ਅਜਿਹੇ ਸਮੇਂ ਸਿੱਖਾਂ ਨੇ ਰਾਜ ਹੀ ਨਹੀਂ ਲਿਆ, ਧਰਮ ਦਾ ਪ੍ਰਚਾਰ ਕਿਥੇ ਅਤੇ ਕਿਸ ਨੇ ਕਰਨਾ ਸੀ! ਅੰਗਰੇਜ਼ ਵਿਦਵਾਨ ਮੈਕਾਲਫ਼ ਇਕ ਜਗ੍ਹਾ ਹਉਕਾ ਭਰਦਾ ਹੈ ਕਿ ਕਾਸ਼! ਕਿਤੇ ਗੁਰੂ ਗੋਬਿੰਦ ਸਿੰਘ ਇੰਗਲੈਂਡ ਵਿਚ ਜੰਮੇ ਹੁੰਦੇ, ਅਸੀਂ ਸਾਰੀ ਦੁਨੀਆ ਵਿਚ ਸਿੱਖੀ ਦਾ ਝੰਡਾ ਝੁਲਾ ਦਿੰਦੇ!

ਪਹਿਲਾਂ 1762 ਵਾਲੇ ਘੱਲੂਘਾਰਾ ਹੋਇਆ, ਫਿਰ ਜੂਨ 1984 ਵਾਲਾ ਘੱਲੂਘਾਰੇ ਹੋਇਆ ਜੋ ਆਪਣੇ ਹੀ ਮੁਲਕ ਦੀ ਸਰਕਾਰ ਨੇ ਗਿਣੀ-ਮਿਥੀ ਸਾਜ਼ਿਸ਼ ਤਹਿਤ ਕੀਤਾ। ਇਸ ਘੱਲੂਘਾਰੇ ਬਾਰੇ ਬੀ.ਬੀ.ਸੀ. ਦੇ ਪੱਤਰਕਾਰ ਮਾਰਕ ਟੱਲੀ, ਸਤੀਸ਼ ਜੈਕਬ, ਖੁਸ਼ਵੰਤ ਸਿੰਘ, ਕੁਲਦੀਪ ਨਈਅਰ, ਦਲਬੀਰ ਸਿੰਘ, ਹਰਬੀਰ ਸਿੰਘ ਭੰਵਰ, ਏ.ਆਰ. ਦਰਸ਼ੀ, ਡਾ. ਸੰਗਤ ਸਿੰਘ ਅਤੇ ਹੋਰ ਕਈ ਵਿਦਵਾਨਾਂ ਨੇ ਕਿਤਾਬਾਂ ਲਿਖੀਆਂ। ਜਿਨ੍ਹਾਂ ਲੋਕਾਂ ਨੂੰ ਇਸ ਬਾਰੇ ਸੱਚ ਦਾ ਪਤਾ ਨਹੀਂ, ਉਹ ਆਮ ਤੌਰ 'ਤੇ ਸਾਰਾ ਦੋਸ਼ ਸਿੱਖਾਂ ਸਿਰ ਹੀ ਮੜ੍ਹ ਦਿੰਦੇ ਹਨ। ਇਸ ਸਾਰੇ ਰਾਮ-ਰੌਲੇ ਵਿਚ ਇਕ ਗੱਲ ਧਿਆਨ ਮੰਗਦੀ ਹੈ। ਜਦੋਂ ਜੂਨ 1984 ਤੋਂ ਪਹਿਲਾਂ ਸਿੱਖ ਲੀਡਰਾਂ ਦੀਆਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਪੰਜਾਬ ਸਮੱਸਿਆ ਬਾਰੇ ਮੀਟਿੰਗਾਂ ਚਲਦੀਆਂ ਸਨ ਤਾਂ ਘੱਟੋ-ਘੱਟ ਦੋ ਵਾਰੀ ਉਸ ਵੇਲੇ ਦੇ ਵਿਦੇਸ਼ ਮੰਤਰੀ ਸਵਰਨ ਸਿੰਘ ਨੇ ਦੋਵਾਂ ਧਿਰਾਂ ਵਿਚ ਪੈ ਕੇ ਰਾਜੀ ਕਰ ਲਿਆ ਸੀ, ਸਾਰੀ ਸਮੱਸਿਆ ਮੁੱਕ ਗਈ ਸੀ। ਬੱਸ, ਸਵੇਰ ਨੂੰ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਜਾ ਕੇ ਐਲਾਨ ਕਰਨਾ ਸੀ, ਪਰ ਪ੍ਰਧਾਨ ਮੰਤਰੀ ਨੇ ਅਜਿਹਾ ਨਾ ਕੀਤਾ। ਇਹ ਦੇਖ ਕੇ ਸਵਰਨ ਸਿੰਘ ਨੇ ਦੁਖੀ ਹੋ ਕੇ ਇਹ ਗੱਲ ਕੀਤੀ ਕਿ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਦਿਆਨਤਦਾਰ ਨਹੀਂ।

ਹੁਣ ਅਸਲ ਗੱਲ ਵੱਲ ਆਈਏ। ਜੇ 18ਵੀਂ-19ਵੀਂ ਸਦੀ ਦੇ ਜਥੇਦਾਰਾਂ ਅਤੇ ਅੱਜ ਦੇ ਜਥੇਦਾਰਾਂ ਦਾ ਟਾਕਰਾ ਕਰੀਏ ਤਾਂ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਬੁਨਿਆਦੀ ਫਰਕ ਕੀ ਹੈ? ਪੁਰਾਣੇ ਜਥੇਦਾਰ ਸਿੱਖੀ ਪ੍ਰੇਮ ਦੇ ਸਾਹਮਣੇ ਰਾਜ ਨੂੰ ਟਿੱਚ ਸਮਝਦੇ ਸੀ, ਅੱਜ ਦੇ ਜਥੇਦਾਰ ਰਾਜ ਦੇ ਸਾਹਮਣੇ ਸਿੱਖੀ ਪ੍ਰੇਮ ਨੂੰ ਟਿੱਚ ਸਮਝਦੇ ਹਨ। ਸਮੀਕਰਨ ਬਦਲ ਗਿਆ ਹੈ। ਹੁਣ ਦੇ ਜਥੇਦਾਰ 84 ਦੇ ਘੱਲੂਘਾਰੇ ਲਈ ਕਾਂਗਰਸ ਨੂੰ ਦੋਸ਼ੀ ਕਹਿ ਕੇ ਪੱਲਾ ਝਾੜ ਦਿੰਦੇ ਹਨ। ਉਹ ਇਹ ਨਹੀਂ ਦੱਸਦੇ ਕਿ ਜਿਹੜੇ ਨੇਤਾ ਉਸ ਵੇਲੇ ਕਾਂਗਰਸ ਵਿਚ ਸਨ, ਉਹ ਹੁਣ ਕਿਹੜੀ ਪਾਰਟੀ ਵਿਚ ਹਨ? ਜਿਹੜੇ ਨੇਤਾ ਭਾਜਪਾ ਵਿਚ ਨੇਤਾ ਹਨ, ਉਨ੍ਹਾਂ ਨੇ ਉਸ ਸਮੇਂ ਪ੍ਰਧਾਨ ਮੰਤਰੀ ਨੂੰ ਵਧਾਈਆਂ ਦਿੱਤੀਆਂ ਸਨ ਅਤੇ ਅੰਮ੍ਰਿਤਸਰ ਜਾ ਕੇ ਬਿਆਨ ਦੇ ਦਿੱਤਾ ਕਿ ਇਹ ਮੰਦਭਾਗੀ ਘਟਨਾ ਸੀ। ਇਨ੍ਹਾਂ ਨੇਤਾਵਾਂ ਦੀ ਪਾਰਟੀ ਨਾਲ ਹੁਣ ਅਕਾਲੀ ਦਲ ਦੀ ਸਾਂਝ ਹੈ। ਇਸ ਹਾਲਾਤ ਵਿਚ ਇਸ ਪਾਰਟੀ ਕੋਲੋਂ ਕੀ ਆਸ ਰੱਖੀ ਜਾ ਸਕਦੀ ਹੈ?

ਜੂਨ 1984 ਤੋਂ ਬਾਅਦ ਪੱਤਰਕਾਰ ਖੁਸ਼ਵੰਤ ਸਿੰਘ ਨੇ ਕਿਹਾ ਸੀ ਕਿ ਸ਼ਾਇਦ 50 ਕੁ ਸਾਲਾਂ ਬਾਅਦ ਸਿੱਖੀ ਖਤਮ ਹੋ ਜਾਵੇ, ਪਰ ਸਾਡੇ ਅਜੋਕੇ ਜਥੇਦਾਰ ਇਸ ਗੱਲ ਨੂੰ ਪੜ੍ਹ ਸੁਣ ਕੇ ਜ਼ਿਆਦਾ ਫਿਕਰਮੰਦ ਨਜ਼ਰ ਨਹੀਂ ਆਉਂਦੇ। ਹਜ਼ਰਤ ਮੁਹੰਮਦ ਦਾ ਵਚਨ ਹੈ ਕਿ ਅਗਰ ਤੁਹਾਡੇ ਉਤੇ ਕੋਈ ਵਧੀਕੀ ਹੋ ਜਾਵੇ, ਤੇ ਤੁਸੀਂ ਬਹੁਤ ਲਾਚਾਰ ਹੋ, ਤੁਸੀਂ ਕੁਝ ਨਹੀਂ ਕਰ ਸਕਦੇ, ਤਾਂ ਵੀ ਤੁਸੀਂ ਆਪਣੇ ਘਰ, ਕਮਰੇ ਅੰਦਰ ਵੜ ਕੇ ਦਰਵਾਜ਼ਾ ਬੰਦ ਕਰ ਕੇ ਆਪਣੇ ਮਨ ਵਿਚ ਜ਼ਰੂਰ ਕਹਿ ਦਿਓ ਕਿ ਮੇਰੇ ਨਾਲ ਵਧੀਕੀ ਹੋਈ ਹੈ! ਜੇ ਤੁਸੀਂ ਇਸ ਤਰ੍ਹਾਂ ਵੀ ਕਰ ਲਿਆ ਤਾਂ ਅੱਲ੍ਹਾ ਤੁਹਾਨੂੰ ਇਸ ਦਾ ਵੀ ਸਵਾਬ (ਫਲ) ਦੇਵੇਗਾ।

ਅੱਜ ਕੱਲ੍ਹ ਸਿੱਖਾਂ ਦੀ ਹਾਲਤ ਕੁਝ ਹੋਰ ਹੀ ਹੈ। ਕਿਸੇ ਸਿੱਖ ਨੂੰ ਵਿਧਾਇਕੀ ਜਾਂ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਦੀ ਤਾਂ ਗੱਲ ਹੀ ਛੱਡੋ, ਕਿਸੇ ਪਿੰਡ ਦੀ ਪੰਚੀ ਦੀ ਟਿਕਟ ਵੀ ਮਿਲ ਜਾਵੇ ਤਾਂ ਉਹ ਸਭ ਕੁਝ ਭੁੱਲ-ਭੁਲਾ ਜਾਂਦਾ ਹੈ। ਇਸ ਕਰ ਕੇ ਸਿੱਖਾਂ ਦਾ ਹੁਣ ਰੱਬ ਹੀ ਰਾਖਾ ਹੈ।

ਸਿਰਦਾਰ ਕਪੂਰ ਸਿੰਘ ਦੀ ਕਿਤਾਬ 'ਬਿਖੁ ਮਹਿ ਅੰਮ੍ਰਿਤ' ਵਿਚ ਨੋਟ ਕਵਿਤਾ ਨਾਲ ਸਮਾਪਤੀ ਕਰਦੇ ਹਾਂ:

ਸ਼੍ਰੋਮਣੀ ਹਮਾਰੀ ਰਹੇ,
ਸੇਵਾ ਚੰਦਾ ਜਾਰੀ ਰਹੇ,
ਸੰਘ ਨਾਲ ਯਾਰੀ ਰਹੇ,
ਥਲੇ ਆਰੀਆ ਸਮਾਜ ਕੇ।
ਸਿੱਖੀ ਕੀ ਨਾ ਬਾਤ ਚਲੈ,
ਪੰਥ ਕੀ ਨ ਗਾਥ ਚਲੈ,
ਲੂਟ ਦੋਨੋਂ ਹਾਥ ਚਲੈ,
ਸੰਗ ਸਾਜ ਬਾਜ ਕੇ।
ਅਕਲ ਕੀ ਨ ਗੱਲ ਰਹੈ,
ਇਕੋ ਕੱਾਲੀ ਦਲ ਰਹੈ,
ਨਿਤ ਤਰਥਲ ਰਹੈ,
ਜ਼ਿੰਦਾਬਾਦ ਗਾਜ ਕੈ।
ਝੰਡੀ ਵਾਲੀ ਕਾਰ ਰਹੈ,
ਫੂਲਨ ਕੇ ਹਾਰ ਰਹੈਂ,
ਗੋਲਕੇਂ ਭਰਪੂਰ ਕਰੈਂ,
ਸਿੱਖ ਭਾਜ ਭਾਜ ਕੈ।
ਪੰਥ ਕੇ ਦਰਦ ਹਿਤ,
ਬੁਧੀ ਕੀ ਜੋ ਸੇਧ ਦੇਵੇ,
ਨਿਕਟ ਨ ਆਣੇ ਪਾਵੈਂ,
ਰਾਜ ਭਾਗ ਕਾਜ ਕੈ।
ਜਥੇਦਾਰ ਕਹਿਤ ਬਿਰਾਜੋ,
ਮਤ ਤੁਸੀਂ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੇਂ,
ਪੰਥ ਮਹਾਰਾਜ ਕੇ।

ਗੁਰਮਤਿ ਵਿਚਾਰ

# ਵੀਹ ਇਕੀਹ ਚੜ੍ਹਾਉ ਸਦਾ ਸੁਹਾਗੁ ਹੈ



ਡਾ. ਗੁਰਨਾਮ ਕੌਰ, ਪਟਿਆਲਾ

ਤੀਸਰੀ ਵਾਰ ਦੀ ਇਸ ਤੇਰ੍ਹਵੀਂ ਪਉੜੀ ਵਿਚ ਭਾਈ ਗੁਰਦਾਸ ਨੇ ਗੁਰਮੁਖਿ ਦੇ ਸੁਭਾਅ ਦੀ ਵਿਆਖਿਆ ਕੀਤੀ ਹੈ ਕਿ ਗੁਰਮੁਖਿ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ਜਾਂ ਗੁਰਮੁਖਿ ਕਿਸ ਨੂੰ ਕਹਿੰਦੇ ਹਨ। ਭਾਈ ਸਾਹਿਬ ਸਭ ਤੋਂ ਪਹਿਲਾਂ ਸਤਿਸੰਗਤ ਦੀ ਵਿਆਖਿਆ ਕਰਦੇ ਹਨ ਕਿ ਸਤਿਸੰਗਤ ਅਜਿਹਾ ਮਿਲ ਬੈਠਣਾ ਜਾਂ ਇਕੱਠ ਹੈ ਜਿਸ ਵਿਚ ਅਕਾਲ ਪੁਰਖ ਦਾ ਨਿਰਮਲ ਭੈ ਅਤੇ ਮਨੁੱਖਤਾ ਲਈ ਪ੍ਰੇਮ-ਦੋਵੇਂ ਇਕਮਿਕ ਹੋਏ ਹੁੰਦੇ ਹਨ ਜਿਸ ਕਰਕੇ ਸਤਿਸੰਗਤ ਵਿਚ ਇਕੱਤਰ ਹੋਏ ਪ੍ਰਾਣੀਆਂ ਦੇ ਮਨ ਵਿਚ ਸਹਿਜ ਵੈਰਾਗ ਆ ਜਾਂਦਾ ਹੈ ਅਰਥਾਤ ਉਨ੍ਹਾਂ ਦਾ ਮਨ ਇਸ ਭਉ ਤੇ ਭਾਉ ਕਰਕੇ ਆਪਣੇ ਆਪ ਹੀ ਦੁਨੀਆਂ ਦੇ ਲੱਗ-ਲਬੇੜਾਂ ਤੋਂ ਉਤੇ ਉਠ ਜਾਂਦਾ ਹੈ, ਮਨ ਸਹਿਜ ਅਵਸਥਾ ਵਿਚ ਵਿਚਰਦਾ ਹੈ। ਗੁਰਮੁਖਾਂ ਦੀ ਸਤਿਸੰਗਤ ਵਿਚ ਜਾ ਕੇ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਵਿਅਕਤੀਆਂ ਦਾ ਸੁਭਾਅ ਕੁਦਰਤੀ ਹੀ ਅਜਿਹਾ ਬਣ ਜਾਂਦਾ ਹੈ ਕਿ ਉਨ੍ਹਾਂ ਦੀ ਸੁਰਤਿ ਸਦਾ ਹੀ ਗੁਰੂ ਦੇ ਸ਼ਬਦ ਵਿਚ ਜੁੜੀ ਰਹਿੰਦੀ ਹੈ ਅਤੇ ਉਹ ਇਸ ਪ੍ਰਤੀ ਸਦਾ ਸੁਚੇਤ ਰਹਿੰਦੇ ਹਨ। ਗੁਰਮੁਖਾਂ ਦੀ ਬੋਲ-ਚਾਲ ਵਿਚ ਹਲੀਮੀ ਆ ਜਾਂਦੀ ਅਤੇ ਉਹ ਸਦਾ ਮਿੱਠੇ ਬਚਨ ਬੋਲਦੇ ਹਨ, ਉਹ ਹਉਮੈ ਦਾ ਸਦਾ ਲਈ ਤਿਆਗ ਕਰ ਦਿੰਦੇ ਹਨ।

ਗੁਰੂ ਦੀ ਮਤਿ ਅਨੁਸਾਰ ਚੱਲਦਿਆਂ ਉਹ ਸਦਾ ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗੇ ਰਹਿੰਦੇ ਹਨ। ਉਹ ਖੁਦ ਨੂੰ ਬਹੁਤ ਚੰਗੇ ਭਾਗਾਂ ਵਾਲਾ ਮੰਨਦੇ ਹੋਏ ਅਕਾਲ ਪੁਰਖ ਦੇ ਪ੍ਰੇਮ ਰੂਪੀ ਅੰਮ੍ਰਿਤ ਦਾ ਪਿਆਲਾ ਪੀਂਦੇ ਹਨ ਅਤੇ ਆਪਣੇ ਅੰਦਰ ਰੱਬੀ ਜੋਤਿ ਦਾ ਅਨੁਭਵ ਕਰਦੇ ਹੋਏ ਇਸ ਯੋਗ ਹੋ ਜਾਂਦੇ ਹਨ ਕਿ ਇਸ ਅਨੁਭਵ ਦੇ ਗਿਆਨ ਦੀ ਰੌਸ਼ਨੀ ਅੱਗੇ ਫੈਲਾ ਸਕਣ। ਗੁਰੂ ਤੋਂ ਉਚੀ ਮਤਿ ਪ੍ਰਾਪਤ ਕਰਕੇ ਉਨ੍ਹਾਂ ਨੂੰ ਅਸੀਮ ਚਾਅ ਚੜ੍ਹ ਜਾਂਦਾ ਹੈ ਅਤੇ ਉਨ੍ਹਾਂ ਦਾ ਵਿਅਕਤੀਤਵ ਮਾਇਆਵੀ ਲੱਗ-ਲਪੇਟ ਤੋਂ ਰਹਿਤ ਹੋ ਜਾਂਦਾ ਹੈ ਅਤੇ ਨਿਰਮਲ ਭਾਵ ਦਾਗ-ਰਹਿਤ ਰਹਿੰਦਾ ਹੈ। ਪਉੜੀ ਦੀ ਆਖਰੀ ਤੁਕ ਵਿਚ ਉਹ ਨਤੀਜਾ ਕੱਢਦੇ ਹਨ ਕਿ ਦੁਨਿਆਵੀ ਵਰਤਾਵੇ ਵਿਚ ਗੁਰਮੁਖਿ ਸਦਾ ਚੜ੍ਹਾਈ 'ਤੇ ਹੁੰਦੇ ਹਨ, ਉਨ੍ਹਾਂ ਦੀ ਪਦਵੀ ਉਚੀ ਹੁੰਦੀ ਹੈ, ਜਿਸ ਨੂੰ ਉਨ੍ਹਾਂ ਨੇ ਕਿਹਾ ਹੈ ਕਿ ਜੇ ਦੁਨੀਆਂ ਵੀਹ ਹੈ ਤਾਂ ਉਹ ਇੱਕੀ ਹੁੰਦੇ ਹਨ:

ਸਾਧਸੰਗਤਿ ਭਉ ਭਾਉ ਸਹਜੁ ਬੈਰਾਗੁ ਹੈ।
ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ।
ਮਧੁਰ ਬਚਨ ਆਲਾਉ ਹਉਮੈ ਤਿਆਗੁ ਹੈ।
ਸਤਿਗੁਰ ਮਤਿ ਪਰਥਾਉ ਸਦਾ ਅਨੁਰਾਗੁ ਹੈ।
ਪਿਰਮ ਪਿਆਲੇ ਸਾਉ ਮਸਤਕਿ ਭਾਗੁ ਹੈ।
ਬ੍ਰਹਮ ਜੋਤਿ ਬ੍ਰਹਮਾਉ ਗਿਆਨੁ ਚਰਾਗੁ ਹੈ।
ਅੰਤਰਿ ਗੁਰਮਤਿ ਚਾਉ ਅਲਿਪਤੁ ਅਦਾਗੁ ਹੈ।
ਵੀਹ ਇਕੀਹ ਚੜ੍ਹਾਉ ਸਦਾ ਸੁਹਾਗੁ ਹੈ॥੧੩॥

ਅਗਲੀ ਪਉੜੀ ਵਿਚ ਉਹ ਇਸ ਵਰਣਨ ਨੂੰ ਜਾਰੀ ਰੱਖਦਿਆਂ ਕਹਿੰਦੇ ਹਨ ਕਿ ਗੁਰਮੁਖਿ ਦੇ ਕਹੇ ਸ਼ਬਦਾਂ (ਗੁਰਮੁਖਿ ਨੇ ਬਚਨ ਗੁਰੂ ਦੀ ਸਿੱਖਿਆ ਅਨੁਸਾਰ ਬੋਲਣੇ ਹੁੰਦੇ ਹਨ) ਨੂੰ ਹਿਰਦੇ ਵਿਚ ਵਸਾ ਕੇ ਰੱਖੀਏ ਅਤੇ ਸੁਰਤਿ ਨੂੰ ਸ਼ਬਦ ਵਿਚ ਜੋੜ ਕੇ ਰੱਖੀਏ। ਗੁਰਮੁਖਿ ਦੀ ਮਿਹਰ ਭਰੀ ਇੱਕ ਤੱਕਣੀ ਨਾਲ ਮਨੁੱਖ ਪ੍ਰੇਮ-ਰੂਪ ਅਤੇ ਖੁਸ਼ ਹੋ ਜਾਂਦਾ ਹੈ, ਇਸ ਲਈ ਪ੍ਰੇਮ ਨਾਲ ਉਨ੍ਹਾਂ ਦੇ ਦਰਸ਼ਨ ਕਰੀਏ। ਗੁਰਮੁਖਾਂ ਦੀ ਸੇਵਾ ਕਰਨਾ ਇੱਕ ਘਾਲ ਕਮਾਈ ਹੈ ਜੋ ਕਿਸੇ ਵਿਰਲੇ ਨੇ ਕੀਤੀ ਹੈ। ਗੁਰਮੁਖਿ ਹਲੀਮ ਤੇ ਦਿਆਲੂ ਹਨ, ਦਿਲ ਵਿਚ ਮੁਹੱਬਤ ਰੱਖਦੇ ਹਨ। ਗੁਰਮੁਖਿ ਸਦਾ ਹੀ ਅੰਤ ਤੱਕ ਨਾਲ ਨਿਭਦੇ ਹਨ ਕਿਉਂਕਿ ਉਹ ਗੁਰੂ ਦੀ ਸਿੱਖਿਆ ਅਨੁਸਾਰ ਚੱਲਦੇ ਹਨ; ਇਸ ਲਈ ਗੁਰੂ ਦੀ ਸਿੱਖਿਆ ਦੀ ਪਾਲਣਾ ਕਰੀਏ। ਗੁਰਮੁਖਾਂ ਕੋਲ ਪ੍ਰੇਮ ਅਤੇ ਵੈਰਾਗ ਰੂਪੀ ਰਤਨਾਂ ਅਤੇ ਲਾਲਾਂ ਵਰਗੇ ਗੁਣ ਹੁੰਦੇ ਹਨ ਜੋ ਉਨ੍ਹਾਂ ਪਾਸੋਂ ਲੱਭੀਏ ਅਤੇ ਪਾਈਏ। ਗੁਰਮੁਖ ਕਿਸੇ ਕਿਸਮ ਦੀ ਲੁਕ-ਲਪੇਟ ਤੋਂ ਰਹਿਤ ਅਤੇ ਅਮਰ ਹੁੰਦੇ ਹਨ, ਇਸ ਲਈ ਉਨ੍ਹਾਂ ਦੀ ਭਗਤੀ ਸੁੱਖਾਂ ਦਾ ਘਰ ਹੈ। ਗੁਰਮੁਖਾਂ ਦੀ ਬਿਰਤੀ ਹੰਸਾਂ ਵਾਲੀ ਹੈ ਜੋ ਅਸਲੀ ਅਤੇ ਮਿੱਥਿਆ ਦਾ ਵਿਵੇਚਨ ਕਰਦੀ ਹੈ, ਇਸ ਲਈ ਉਹ ਆਪਣੇ ਮਨ ਤੇ ਤਨ-ਦੋਵਾਂ ਕਰਕੇ ਪ੍ਰੇਮ ਕਰਦੇ ਹਨ ਅਰਥਾਤ ਪੂਰਨ ਸਮਰਪਣ ਨਾਲ ਪ੍ਰੇਮਾ-ਭਗਤੀ ਕਰਦੇ ਹਨ:

ਗੁਰਮੁਖਿ ਸਬਦ ਸਮ੍ਹਾਲ
ਸੁਰਤਿ ਸਮਾਲੀਐ।
ਗੁਰਮੁਖਿ ਨਦਰਿ ਨਿਹਾਲ ਨੇਹ ਨਿਹਾਲੀਐ।
ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ
ਗੁਰਮੁਖਿ ਦੀਨ ਦਇਆਲ ਹੇਤੁ ਹਿਆਲੀਐ।
ਗੁਰਮੁਖਿ ਨਿਬਹੈ ਨਾਲਿ
ਗੁਰ ਸਿਖ ਪਾਲੀਐ।
ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ।
ਗੁਰਮੁਖਿ ਅਕਲ ਅਕਾਲ
ਭਗਤਿ ਸੁਖਾਲੀਐ।
ਗੁਰਮੁਖਿ ਹੰਸਾ ਢਾਲਿ
ਰਸਿਕ ਰਸਾਲੀਐ॥੧੪॥

ਗੁਰੂ ਅਮਰ ਦਾਸ ਗੁਰਮੁਖਿ ਦਾ ਵਰਣਨ ਕਰਦੇ ਹਨ ਕਿ ਗੁਰੂ ਦੇ ਰਸਤੇ 'ਤੇ ਚੱਲਣ ਵਾਲੇ ਮਨੁੱਖ ਨੂੰ ਅਕਾਲ ਪੁਰਖ ਆਪ ਮਿਲ ਪੈਂਦਾ ਹੈ ਅਤੇ ਅਕਾਲ ਪੁਰਖ ਆਪਣੀ ਮਿਹਰ ਨਾਲ ਹੀ ਉਸ ਨੂੰ ਗੁਰੂ ਮਿਲਾਉਂਦਾ ਹੈ। ਗੁਰਮੁਖ ਨੂੰ ਮੌਤ ਅਤੇ ਦੁੱਖ-ਸੰਤਾਪ ਨਹੀਂ ਸਤਾਉਂਦੇ। ਉਹ ਆਪਣੇ ਅੰਦਰੋਂ ਹਉਮੈ ਨੂੰ ਦੂਰ ਕਰ ਦਿੰਦਾ ਹੈ ਅਤੇ ਇਸ ਤਰ੍ਹਾਂ ਮਾਇਆ ਦੇ ਬੰਧਨਾਂ ਤੋਂ ਉਤੇ ਉਠ ਜਾਂਦਾ ਹੈ। ਗੁਰੂ ਦੇ ਸ਼ਬਦ ਰਾਹੀਂ ਉਸ ਦਾ ਜੀਵਨ ਸੋਹਣਾ ਹੋ ਜਾਂਦਾ ਹੈ। ਗੁਰੂ ਅਮਰ ਦਾਸ ਕਹਿੰਦੇ ਹਨ ਕਿ ਉਹ ਅਜਿਹੇ ਮਨੁੱਖ ਤੋਂ ਸਦਕੇ ਜਾਂਦੇ ਹਨ ਜੋ ਅਕਾਲ ਪੁਰਖ ਦੇ ਨਾਮ ਸਿਮਰਨ ਰਾਹੀਂ ਆਪਣੇ ਜੀਵਨ ਨੂੰ ਸੁੰਦਰ ਬਣਾਉਂਦਾ ਹੈ। ਗੁਰਮੁਖਿ ਅਕਾਲ ਪੁਰਖ ਦੇ ਗੁਣ ਗਾਉਂਦਾ ਹੈ, ਉਸ ਦਾ ਮਨ ਸਿਮਰਨ ਵਿਚ ਜੁੜ ਕੇ ਮਸਤੀ ਵਿਚ ਆਇਆ ਰਹਿੰਦਾ ਹੈ ਅਤੇ ਆਪਣਾ ਮਨ ਅਕਾਲ ਪੁਰਖ ਦੇ ਚਰਨ ਕੰਵਲਾਂ ਨਾਲ ਜੋੜੀ ਰੱਖਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਜ਼ਿੰਦਗੀ ਵਿਚ ਅਤੇ ਮੌਤ ਉਪਰੰਤ-ਦੋਵਾਂ ਹਾਲਤਾਂ ਵਿਚ ਪ੍ਰਵਾਨ ਰਹਿੰਦਾ ਹੈ। ਉਸ ਦੀ ਉਮਰ ਵਿਅਰਥ ਨਹੀਂ ਜਾਂਦੀ ਅਤੇ ਉਹ ਸ਼ਬਦ ਨੂੰ ਪਛਾਨਣ ਵਾਲਾ ਹੈ। ਉਹ ਆਤਮਕ ਜ਼ਿੰਦਗੀ ਜਿਉਂਦਾ ਹੈ ਜਿਸ ਕਰਕੇ ਮੌਤ ਦਾ ਉਸ 'ਤੇ ਅਸਰ ਨਹੀਂ ਹੁੰਦਾ ਭਾਵ ਉਹ ਆਤਮਕ ਮੌਤ ਨਹੀਂ ਮਰਦਾ ਅਤੇ ਸੱਚ ਵਿਚ ਸਮਾ ਜਾਂਦਾ ਹੈ। ਉਹ ਸਦਾ ਅਕਾਲ ਪੁਰਖ ਦੀ ਭਗਤੀ ਵਿਚ ਲੀਨ ਰਹਿੰਦਾ ਹੈ। ਗੁਰਮੁਖਿ ਨੂੰ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਸ਼ੋਭਾ ਪ੍ਰਾਪਤ ਹੁੰਦੀ ਹੈ। ਉਹ ਆਪ ਵੀ ਸੰਸਾਰ-ਸਾਗਰ ਨੂੰ ਪਾਰ ਕਰ ਲੈਂਦਾ ਹੈ ਅਤੇ ਆਪਣੀ ਕੁਲ ਨੂੰ ਵੀ ਪਾਰ ਕਰਾ ਲੈਂਦਾ ਹੈ। ਗੁਰਮੁਖਿ ਕਾਮ, ਕ੍ਰੋਧ ਆਦਿ ਬਿਰਤੀਆਂ ਤੋਂ ਆਪਣੇ ਮਨ ਨੂੰ ਨਿਰਮਲ ਰੱਖਦਾ ਹੈ ਅਤੇ ਸਹਿਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਗੁਰਮੁਖਿ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ, ਉਸ ਦੇ ਗੁਣਾਂ ਦਾ ਗਾਇਨ ਕਰਕੇ ਜਸ ਖੱਟਦਾ ਹੈ ਅਤੇ ਸ਼ਬਦ ਦੀ ਕਮਾਈ ਕਰਦਾ ਹੈ ਜਿਸ ਕਰਕੇ ਉਸ ਦਾ ਮਨ ਸਦੀਵੀ ਅਨੰਦ ਵਿਚ ਰਹਿੰਦਾ ਹੈ:

ਗੁਰਮੁਖਿ ਮਿਲੈ ਮਿਲਾਏ ਆਪੇ॥
ਕਾਲੁ ਨ ਜੋਹੈ ਦੁਖੁ ਨ ਸੰਤਾਪੈ॥
ਹਉਮੈ ਮਾਰਿ ਬੰਧਨ ਸਭ ਤੋੜੈ
ਗੁਰਮੁਖਿ ਸਬਦਿ ਸੁਹਾਵਣਿਆ॥੧॥...
ਗੁਰਮੁਖਿ ਨਾਮੁ ਮਿਲੈ ਵਡਿਆਈ॥
ਗੁਰਮੁਖਿ ਗੁਣ ਗਾਵੈ ਸੋਭਾ ਪਾਈ॥
ਸਦਾ ਅਨੰਦਿ ਰਹੈ ਦਿਨੁ ਰਾਤੀ
ਗੁਰਮੁਖਿ ਸਬਦੁ ਕਰਾਵਣਿਆ॥੫॥...
(ਪੰਨਾ ੧੨੪-੨੫)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਜਪੁਜੀ ਸਾਹਿਬ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਵੱਲੋਂ ਰਚਿਆ ਹੋਇਆ ਅਕਾਲ ਪੁਰਖ ਦਾ ਸੰਕਲਪ ਦਿੱਤਾ ਗਿਆ ਹੈ ਜਿਸ ਨੂੰ ਮੂਲ ਮੰਤਰ ਕਿਹਾ ਜਾਂਦਾ ਹੈ। ਇਸ ਵਿਚ ਦਿੱਤੇ ਅਕਾਲ ਪੁਰਖ ਦੇ ਗੁਣਾਂ ਦੀ ਵਿਆਖਿਆ ਹੀ ਸੰਖੇਪ ਵਿਚ ਭਾਈ ਗੁਰਦਾਸ ਨੇ ਤੀਸਰੀ ਵਾਰ ਦੀ ਪੰਦਰ੍ਹਵੀਂ ਪਉੜੀ ਵਿਚ ਕੀਤੀ ਹੈ ਕਿ ਮੂਲ ਮੰਤਰ ਦੇ ਅਰੰਭ ਵਿਚ ਇੱਕ (੧) ਲਾ ਕੇ ਇਹ ਦਿਖਾਇਆ ਹੈ ਕਿ ਓਅੰਕਾਰ ਅਰਥਾਤ ਅਕਾਲ ਪੁਰਖ ਇੱਕ ਤੇ ਕੇਵਲ ਇੱਕ ਹੈ ਜੋ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ (ਇਹ ਹਿੰਦੂ ਧਰਮ ਵੱਲੋਂ ਪਰਮਾਤਮਾ ਨੂੰ ਵੱਖ ਵੱਖ ਸ਼ਕਤੀਆਂ ਭਾਵ ਦੇਵਤਿਆਂ ਦੇ ਰੂਪ ਵਿਚ ਤਸੱਵਰ ਕਰਨ ਜਿਵੇਂ ਪੈਦਾ ਕਰਨ ਵਾਲਾ ਬ੍ਰਹਮਾ, ਪਾਲਣ ਵਾਲਾ ਵਿਸ਼ਨੂੰ ਅਤੇ ਸੰਘਾਰ ਕਰਨ ਵਾਲਾ ਸ਼ਿਵਜੀ ਦੇ ਸੰਕਲਪ ਨੂੰ ਸਪੱਸ਼ਟ ਰੂਪ ਵਿਚ ਨਕਾਰਨਾ ਹੈ ਅਤੇ ਇਹ ਵੈਦਿਕ ਧਰਮ ਨਾਲੋਂ ਮੂਲ ਤੇ ਸਪੱਸ਼ਟ ਨਖੇੜਾ ਹੈ)। ਇਸ ਇੱਕ (੧) ਦੇ ਨਾਲ 'ਅ' (ਗੁਰਮੁਖੀ ਲਿਪੀ ਦਾ ਪਹਿਲਾ ਅੱਖਰ) ਤੋਂ ਓਅੰਕਾਰੁ ਬਿਠਾ ਕੇ ਇਹ ਦੱਸ ਦਿਤਾ ਹੈ ਕਿ ਉਹ ਹਸਤੀ ਵਿਲੱਖਣ ਹੈ ਅਤੇ ਇੱਕ ਰਸ ਵਿਆਪਕ ਹੈ। ਸਤਿਨਾਮੁ ਤੋਂ ਭਾਵ ਹੈ ਕਿ ਉਸ ਹਸਤੀ ਦਾ ਨਾਮ ਹੋਂਦ ਵਾਲਾ ਹੈ ਭਾਵ ਉਹ ਸਦੀਵੀ ਹੈ। ਉਹ ਹਸਤੀ ਇਸ ਬ੍ਰਹਿਮੰਡ ਦੀ ਸਿਰਜਣਹਾਰ ਹੈ, ਕਰਤਾਰ ਹੈ, ਉਹ ਇਸ ਬ੍ਰਹਿਮੰਡ ਦਾ ਸਿਰਜਕ ਹੈ। ਉਹ ਹਸਤੀ ਨਿਰਭਉ ਤੇ ਨਿਰਵੈਰ ਹੈ (ਭੈ ਅਤੇ ਵੈਰ ਆਮ ਪ੍ਰਾਣੀਆਂ ਦਾ ਲੱਛਣ ਹੈ, ਪਰਮ ਹਸਤੀ ਦਾ ਨਹੀਂ)। ਉਹ ਹਸਤੀ ਅਜੂਨੀ ਤੇ ਅਕਾਲ ਹੈ ਅਰਥਾਤ ਜਨਮ-ਮਰਨ ਵਿਚ ਨਹੀਂ ਆਉਂਦੀ, ਸਮੇਂ ਤੋਂ ਉਤੇ ਹੈ, ਜਨਮ-ਮਰਨ ਦੇ ਚੱਕਰ ਤੋਂ ਬਾਹਰ ਹੈ। ਉਸ ਦਾ ਨਿਸ਼ਾਨ ਸੱਚ ਹੈ ਤੇ ਉਸ ਦੀ ਅਪਰੰਪਰ ਜੋਤਿ ਨਾਲ ਹੀ ਸਭ ਕੁਝ ਰੌਸ਼ਨ ਹੈ।

ਭਾਈ ਗੁਰਦਾਸ ਅਨੁਸਾਰ ਪੰਜ ਅੱਖਰ '੧ਓ ਅੰਕਾਰ' ਪਰਉਪਕਾਰੀ ਹਨ ਕਿਉਂਕਿ ਉਨ੍ਹਾਂ ਵਿਚ ਪਰਮਾਤਮ-ਸਰੂਪ ਦੀ ਸ਼ਕਤੀ ਨਿਹਿਤ ਹੈ। ਜਿਸ ਉਤੇ ਅਕਾਲ ਪੁਰਖ ਦੀ ਕਿਰਪਾ ਹੁੰਦੀ ਹੈ, ਉਹ ਇਨ੍ਹਾਂ ਅੱਖਰਾਂ ਨੂੰ ਆਪਣੇ ਹਿਰਦੇ ਵਿਚ ਸੰਮ੍ਹਾਲਦਾ ਹੈ। ਜਿਹੜੇ ਮਨੁੱਖ ਇਨ੍ਹਾਂ ਦੀ ਸ਼ਕਤੀ ਨੂੰ ਸਮਝਦੇ ਹਨ, ਉਨ੍ਹਾਂ 'ਤੇ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਪੈਂਦੀ ਹੈ ਅਤੇ ਉਹ ਨਿਹਾਲ ਹੋ ਜਾਂਦੇ ਹਨ ਕਿਉਂਕਿ ਉਹ ਅਕਾਲ ਪੁਰਖ ਅਨੰਦ ਦਾ ਖਜ਼ਾਨਾ ਹੈ, ਅਨੰਦ ਉਸ ਦਾ ਤੱਤਸਾਰ ਹੈ। ਭਾਵ ਇੱਕ ਤੋਂ ਲੈ ਕੇ ਨੌਂ ਤੱਕ ਦੇ ਅੰਗ (੧, ੨, ੩, ੪, ੫, ੬, ੭, ੮, ੯) ਹਨ ਜਿਨ੍ਹਾਂ ਦੀ ਆਪਣੀ ਕੀਮਤ ਹੈ ਪਰ ਜਦੋਂ ਇਨ੍ਹਾਂ ਵਿਚ ਸਿਫਰ ਦਾ ਸ਼ੁਮਾਰ ਹੋ ਜਾਂਦਾ ਹੈ ਤਾਂ ਇਨ੍ਹਾਂ ਦੀ ਕੀਮਤ ਦਸ ਗੁਣਾ ਵੱਧ ਜਾਂਦੀ ਹੈ। ਜਿਵੇਂ ਜਿਵੇਂ ਸਿਫਰ ਸ਼ਾਮਲ ਕਰਦੇ ਜਾਵਾਂਗੇ, ਕੀਮਤ ਦਸ ਗੁਣਾ ਦੇ ਹਿਸਾਬ ਨਾਲ ਵਧਦੀ ਜਾਵੇਗੀ। ਇਸੇ ਤਰ੍ਹਾਂ ਉਹ ਵਿਅਕਤੀ ਜਿਹੜੇ ਅਕਾਲ ਪੁਰਖ ਦੇ ਪ੍ਰੇਮ ਦਾ ਪਿਆਲਾ ਉਸ ਦੇ ਅੰਮ੍ਰਿਤ ਨਾਮ ਦੇ ਸਿਮਰਨ ਰਾਹੀਂ ਪੀਂਦੇ ਜਾਂਦੇ ਹਨ ਤਾਂ ਇਹ ਗਿਣਤੀ ਬੇਸ਼ੁਮਾਰ ਹੋ ਜਾਂਦੀ ਹੈ। ਇਸ ਨਾਲ ਮਨੁੱਖ ਰੂਹਾਨੀ ਤੌਰ 'ਤੇ ਸ਼ਕਤੀਸ਼ਾਲੀ ਹੁੰਦਾ ਹੈ, ਭਾਵ ਗੁਰੂ ਨੇ ਸਾਡੇ 'ਤੇ ਮਿਹਰ ਕੀਤੀ ਹੈ ਅਤੇ ਸਾਨੂੰ ਇਹ ਮੂਲ ਮੰਤਰ ਬਖਸ਼ਿਸ਼ ਕੀਤਾ ਹੈ। ਅਸੀਂ ਜਿਉਂ ਜਿਉਂ ਇਸ ਦਾ ਸਿਮਰਨ ਕਰਦੇ ਜਾਵਾਂਗੇ, ਆਪਣੇ ਅੰਦਰ ਇਸ ਨੂੰ ਸੰਮ੍ਹਾਲਦੇ ਜਾਵਾਂਗੇ, ਸਾਡੇ ਲਈ ਬੇਸ਼ਕੀਮਤੀ ਹੁੰਦਾ ਜਾਵੇਗਾ, ਤਾਂ ਇਸ ਦੀ ਕੀਮਤ ਸਾਡੇ ਲਈ ਵਧਦੀ ਜਾਵੇਗੀ:

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿ ਨਾਮੁ ਕਰਤਾਰੁ ਨਿਰਭਉ ਭਾਲਿਆ।
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
ਪੰਜ ਅਖਰ ਉਪਕਾਰ ਨਾਮੁ ਸਮਾਲਿਆ।
ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।
ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।
ਨੀਲ ਅਨੀਲ ਵੀਚਾਰਿ
ਪਿਰਮ ਪਿਆਲਿਆ॥੧੫॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਇਹ ਪਾਠ ਇਸ ਤਰ੍ਹਾਂ ਦਿੱਤਾ ਹੈ "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥" 'ੴ' ਦਾ ਅਰਥ ਹੈ, ਉਹ ਪਰਮ ਹਸਤੀ ਇੱਕ ਹੈ, ਜਿਵੇਂ ਪਹਿਲਾਂ ਗੱਲ ਕੀਤੀ ਸੀ ਕਿ ਉਸ ਨੂੰ ਇੱਕ ਤੇ ਕੇਵਲ ਇੱਕ ਦੱਸਣ ਲਈ ਗੁਰੂ ਸਾਹਿਬ ਨੇ ਇਸ ਅੱਗੇ ਨੰਬਰ '੧' ਲਾਇਆ ਹੈ, ਜੋ ਇਕ-ਰਸ ਵਿਆਪਕ ਹੈ। ਸਤਿਨਾਮੁ ਦਾ ਭਾਵ ਹੈ ਜਿਸ ਦਾ ਨਾਮ ਸਤਿ ਹੈ, ਜਿਸ ਦੀ ਹੋਂਦ ਸਦੀਵੀ ਹੈ। ਕਰਤਾ ਪੁਰਖ ਦਾ ਅਰਥ ਹੈ ਉਹ ਆਤਮਾ ਜਾਂ ਰੱਬੀ ਜੋਤਿ ਜੋ ਸਾਰੇ ਰਮ ਰਿਹਾ ਹੈ, ਵਿਆਪਕ ਹੈ, ਉਹ ਇਸ ਸ੍ਰਿਸ਼ਟੀ ਦਾ ਰਚਣਹਾਰਾ ਹੈ। ਅਕਾਲ ਮੂਰਤਿ ਦਾ ਅਰਥ ਹੈ ਕਿ ਉਹ ਕਾਲ ਭਾਵ ਸਮੇਂ ਦੀ ਵੰਡ ਵਿਚ ਨਹੀਂ ਆਉਂਦਾ ਅਤੇ ਇਹ ਸੰਸਾਰ ਉਸੇ ਦਾ ਪਰਗਟ ਰੂਪ ਹੈ। ਅਜੂਨੀ ਦਾ ਅਰਥ ਹੈ ਜੋ ਜਨਮ ਨਹੀਂ ਲੈਂਦਾ, ਜੂਨਾਂ ਵਿਚ ਨਹੀਂ ਆਉਂਦਾ। ਜਨਮ ਲੈਣ ਤੇ ਮਰਨ ਦਾ ਅਰਥ ਹੈ, ਸੀਮਤ ਹੋਣਾ, ਹੱਦ-ਬੰਦੀ ਵਿਚ ਆਉਣਾ ਅਤੇ ਅਕਾਲ ਪੁਰਖ ਕਿਸੇ ਹੱਦ-ਬੰਦੀ ਵਿਚ ਨਹੀਂ ਆਉਂਦਾ। (ਪਰਮ ਹਸਤੀ ਦੇ ਅਜੂਨੀ ਹੋਣ ਦਾ ਅਰਥ ਹੈ ਹਿੰਦੂ ਧਰਮ ਦੇ ਅਵਤਾਰਵਾਦ ਨੂੰ ਨਕਾਰਨਾ। ਅਵਤਾਰ ਪਰਮਾਤਮਾ ਨਹੀਂ ਹੋ ਸਕਦੇ ਕਿਉਂਕਿ ਉਹ ਆਮ ਮਨੁੱਖਾਂ ਵਾਂਗ ਜਨਮ ਲੈਂਦੇ ਅਤੇ ਮਰਦੇ ਰਹੇ ਹਨ)। ਸੈਭੰ ਦਾ ਅਰਥ ਹੈ ਜੋ ਆਪਣੇ ਆਪ ਤੋਂ ਹੈ ਅਰਥਾਤ ਜਿਸ ਦਾ ਪ੍ਰਕਾਸ਼ ਕਿਸੇ ਹੋਰ ਸੋਮੇ ਤੋਂ ਨਹੀਂ ਹੈ। ਗੁਰ ਪ੍ਰਸਾਦਿ ਦਾ ਅਰਥ ਹੈ, ਉਹ ਗੁਰੂ ਦੀ ਮਿਹਰ ਨਾਲ ਮਿਲਦਾ ਹੈ।

ਅਗਲੀ ਪਉੜੀ ਵਿਚ ਭਾਈ ਗੁਰਦਾਸ ਨੇ ਗੁਰਮੁਖਾਂ ਦੀ ਸੰਗਤ ਦਾ ਮਹੱਤਵ ਦੱਸਿਆ ਹੈ ਕਿ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਿਆਂ ਦੀ ਸੰਗਤ ਅਜਿਹੀ ਥਾਂ ਹੈ, ਜਿੱਥੇ ਚਾਰੇ ਵਰਣਾਂ ਦੇ ਲੋਕ ਇਕੱਠੇ ਬੈਠਦੇ ਹਨ। ਉਥੇ ਕੋਈ ਛੋਟਾ-ਵੱਡਾ, ਉਚਾ-ਨੀਵਾਂ ਨਹੀਂ ਹੈ। (ਇਹ ਵੀ ਹਿੰਦੂ ਧਰਮ ਦੀ ਵਰਣ ਵੰਡ ਤੋਂ ਮੂਲ ਨਿਖੇੜਾ ਹੈ ਕਿਉਂਕਿ ਵਰਣ-ਆਸ਼ਰਮ ਵੰਡ ਅਨੁਸਾਰ ਮਨੁੱਖ ਜਿਸ ਵਰਣ ਵਿਚ ਜਨਮ ਲੈਂਦਾ ਹੈ, ਉਸ ਅਨੁਸਾਰ ਛੋਟਾ ਜਾਂ ਵੱਡਾ, ਉਚਾ ਜਾਂ ਨੀਵਾਂ ਹੁੰਦਾ ਹੈ; ਸਾਰੇ ਮਨੁੱਖ ਬਰਾਬਰ ਨਹੀਂ ਹਨ ਅਤੇ ਨਾ ਹੀ ਇਕੱਠੇ ਇੱਕ ਥਾਂ ਬਰਾਬਰ ਬੈਠ ਕੇ ਧਾਰਮਿਕ ਕਰਮ ਕਰ ਸਕਦੇ ਹਨ। ਧਰਮ ਕਰਮ ਦਾ ਅਧਿਕਾਰ ਸਿਰਫ ਉਚੀਆਂ ਜਾਤਾਂ ਨੂੰ ਦਿੱਤਾ ਗਿਆ ਹੈ)। ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਇਸ ਸੰਗਤ ਵਿਚ ਆ ਕੇ ਸਾਰੇ ਗੁਰਮੁਖਿ ਹੋ ਜਾਂਦੇ ਹਨ। ਜਿਸ ਤਰ੍ਹਾਂ ਕੱਥਾ, ਸੁਪਾਰੀ, ਚੂਨਾ ਅਤੇ ਪਾਨ ਮਿਲ ਕੇ ਸਾਰਿਆਂ ਦਾ ਇੱਕੋ ਲਾਲ ਰੰਗ ਹੋ ਜਾਂਦਾ ਹੈ, ਇਸੇ ਤਰ੍ਹਾਂ ਸਤਿਸੰਗਤ ਵਿਚ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵੱਖ ਵੱਖ ਵਰਣ ਨਾ ਰਹਿ ਕੇ ਇੱਕੋ ਰੰਗ ਗੁਰਮੁਖਿ ਹੋ ਜਾਂਦੇ ਹਨ। ਗੁਰਮੁਖਿ ਨੂੰ ਅਲੱਗ ਅਲੱਗ ਸਾਜਾਂ ਵਿਚੋਂ ਨਿਕਲਦੇ ਵੱਖਰੇ ਵੱਖਰੇ ਨਾਦ ਇੱਕੋ ਹੀ ਰਾਗ ਸੁਣਾਉਂਦੇ ਹਨ-ਅਨਹਦ ਨਾਦ ਅਤੇ ਉਸ ਨੂੰ ਅਨੰਦ ਨਾਲ ਭਰਦੇ ਹਨ। ਸਤਿਗੁਰ ਦੇ ਸ਼ਬਦ ਦੀਆਂ ਤਰੰਗਾਂ ਵਿਚ ਗੁਰਮੁਖਿ ਸਦਾ ਨਿਹਾਲ ਰਹਿੰਦਾ ਹੈ। ਗੁਰੂ ਦੀਆਂ ਸਿੱਖਿਆਵਾਂ ਵਿਚ, ਗੁਰੂ ਦੇ ਸ਼ਬਦ ਵਿਚ ਆਪਣੀ ਸੁਰਤਿ ਨੂੰ ਜੋੜ ਕੇ ਗੁਰਮੁਖਿ ਗਿਆਨਵਾਨ ਹੋ ਜਾਂਦੇ ਹਨ। ਗੁਰੂ ਦੀ ਬਾਣੀ ਦੇ ਨਾਦ ਨਾਲ ਗੁਰੂ ਦੇ ਸ਼ਬਦ ਦੇ ਰਾਗ ਨਾਲ ਇਕਮਿਕ ਹੋ ਕੇ ਮਿਲੇ ਰਹਿੰਦੇ ਹਨ। ਅਨਾਹਦ ਸ਼ਬਦ ਵਿਚ ਅਤੇ ਇਸ ਦੇ ਸਦੀਵੀ ਪੱਕੇ ਰੰਗ ਵਿਚ ਰੰਗੇ ਹੋਏ ਇੱਕ ਅਕਾਲ ਪੁਰਖ ਨੂੰ ਹੀ ਅਨੁਭਵ ਕਰਦੇ ਹਨ। ਗੁਰਮੁਖਿ ਪੰਥ ਨਿਰਮਲ ਪੰਥ ਹੈ, ਜਿਸ ਵਿਚ ਕੋਈ ਮੈਲ ਜਾਂ ਦਵੈਸ਼ ਨਹੀਂ ਹੈ ਕਿਉਂਕਿ ਇਹ ਬਾਰਾਂ ਅਰਥਾਤ ਪੰਜ ਗਿਆਨ-ਇੰਦਰੇ, ਪੰਜ ਕਰਮ ਇੰਦਰੇ, ਮਨ ਤੇ ਬੁੱਧੀ ਵਿਖੇ ਖੇਲ੍ਹਦੇ ਹਨ ਅਤੇ ਨਿਰਲੇਪ ਰਹਿੰਦੇ ਹਨ। ਇਸ ਸਾਰੀ ਪਉੜੀ ਦਾ ਭਾਵ ਹੈ ਕਿ ਗੁਰਮੁਖਾਂ ਦੀ ਸੰਗਤ ਅਜਿਹੀ ਸੰਗਤ ਹੈ ਜਿਸ ਵਿਚ ਜਾ ਕੇ ਮਨੁੱਖ ਸਾਰੇ ਭੇਦ-ਭਾਵ ਮਿਟਾ ਕੇ ਗੁਰੂ ਦੇ ਸ਼ਬਦ ਰਾਹੀਂ ਸਿਰਫ ਤੇ ਸਿਰਫ ਇੱਕੋ ਅਕਾਲ ਪੁਰਖ ਦੇ ਰੰਗ ਵਿਚ ਰੰਗੇ ਜਾਂਦੇ ਹਨ ਅਤੇ ਉਨ੍ਹਾਂ ਦਾ ਪੰਥ ਨਿਰਮਲ ਪੰਥ ਹੁੰਦਾ ਹੈ ਕਿਉਂਕਿ ਉਹ ਹਰ ਤਰ੍ਹਾਂ ਬੁਰੀਆਂ ਬਿਰਤੀਆਂ ਤੋਂ ਰਹਿਤ ਹੁੰਦੇ ਹਨ। ਉਨ੍ਹਾਂ ਦਾ ਪੰਥ ਦੈਵੀ ਗੁਣਾਂ ਵਿਚ ਖੇਡਦਾ ਹੈ ਅਤੇ ਜੀਵਨ ਮੁਕਤ ਹੋ ਕੇ ਵਿਚਰਦਾ ਹੈ:

ਚਾਰ ਵਰਨ ਸਤਿਸੰਗੁ ਗੁਰਮੁਖਿ ਮੇਲਿਆ।
ਜਾਣ ਤੰਬੋਲਹੁ ਰੰਗੁ ਗੁਰਮੁਖਿ ਚੇਲਿਆ।
ਪੰਜੇ ਸਬਦ ਅਭੰਗ ਅਨਹਦ ਕੇਲਿਆ।
ਸਤਿਗੁਰ ਸਬਦਿ ਤਰੰਗ ਸਦਾ ਸੁਹੇਲਿਆ।
ਸਬਦ ਸੁਰਤਿ ਪਰਸੰਗ ਗਿਆਨ ਸੰਗ ਮੇਲਿਆ।
ਰਾਗ ਨਾਦ ਸਰਬੰਗ ਅਹਿਨਿਸਿ ਭੇਲਿਆ।
ਸਬਦ ਅਨਾਹਦੁ ਰੰਗ ਸੁਝ ਇਕੇਲਿਆ।
ਗੁਰਮੁਖਿ ਪੰਥੁ ਨਿਪੰਗੁ ਬਾਰਹ ਖੇਲਿਆ॥੧੬॥

#

ਗੁਰਬਾਣੀ ਗਿਆਨ

## ਕਾਚਾ ਧਨੁ ਸੰਚਹਿ ਮੂਰਖ ਗਾਵਾਰ

**ਧਨਾਸਰੀ ਮਹਲਾ ੩**

ਕਾਚਾ ਧਨੁ ਸੰਚਹਿ ਮੂਰਖ ਗਾਵਾਰ॥
ਮਨਮੁਖ ਭੂਲੇ ਅੰਧ ਗਾਵਾਰ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ॥
ਨਾ ਸਾਥਿ ਜਾਇ ਨ ਪਰਾਪਤਿ ਹੋਇ॥੧॥
ਸਾਚਾ ਧਨੁ ਗੁਰਮਤੀ ਪਾਏ॥
ਕਾਚਾ ਧਨੁ ਫੁਨਿ ਆਵੈ ਜਾਏ॥ ਰਹਾਉ॥
ਮਨਮੁਖਿ ਭੂਲੇ ਸਭਿ ਮਰਹਿ ਗਵਾਰ॥
ਭਵਜਲਿ ਡੂਬੇ ਨ ਉਰਵਾਰਿ ਨ ਪਾਰਿ॥
ਸਤਿਗੁਰੁ ਭੇਟੇ ਪੂਰੈ ਭਾਗਿ॥
ਸਾਚਿ ਰਤੇ ਅਹਿਨਿਸਿ ਬੈਰਾਗਿ॥੨॥
ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ॥
ਪੂਰੈ ਭਾਗਿ ਹਰਿ ਨਾਮਿ ਸਮਾਣੀ॥
ਸਿਧ ਸਾਧਿਕ ਤਰਸਹਿ ਸਭਿ ਲੋਇ॥
ਪੂਰੈ ਭਾਗਿ ਪਰਾਪਤਿ ਹੋਇ॥੩॥
ਸਭੁ ਕਿਛੁ ਸਾਚਾ ਸਾਚਾ ਹੈ ਸੋਇ॥
ਊਤਮ ਬ੍ਰਹਮੁ ਪਛਾਣੈ ਕੋਇ॥
ਸਚੁ ਸਾਚਾ ਸਚੁ ਆਪਿ ਦ੍ਰਿੜਾਏ॥
ਨਾਨਕ ਆਪੇ ਵੇਖੈ ਆਪੇ ਸਚਿ ਲਾਏ॥੪॥

ਸਤਿਗੁਰੂ ਉਪਦੇਸ਼ ਕਰਦੇ ਹਨ, ਹੇ ਭਾਈ! ਮੂਰਖ ਗਵਾਰ ਲੋਕ ਸਿਰਫ ਨਾਸ ਹੋ ਜਾਣ ਵਾਲਾ ਦੁਨਿਆਵੀ ਧਨ ਹੀ ਇਕੱਠਾ ਕਰਦੇ ਰਹਿੰਦੇ ਹਨ, ਮਨਮੁਖ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਕੁਰਾਹੇ ਪਏ ਰਹਿੰਦੇ ਹਨ; ਹੇ ਭਾਈ! ਇਸ ਜ਼ਹਿਰ ਰੂਪੀ ਧਨ ਨਾਲ ਦੁਖ ਹੀ ਦੁਖ ਮਿਲਦਾ ਹੈ, ਨਾ ਇਹ ਧਨ ਜੀਵ ਦੇ ਨਾਲ ਜਾਂਦਾ ਹੈ ਅਤੇ ਨਾ ਹੀ ਜੋੜ ਕੇ ਇਸ ਦਾ ਰੱਜ ਹੁੰਦਾ ਹੈ।

ਸਾਚਾ ਧਨੁ ਗੁਰਮਤੀ ਪਾਏ॥
ਕਾਚਾ ਧਨੁ ਫੁਨਿ ਆਵੈ ਜਾਏ॥ ਰਹਾਉ॥

ਗੁਰੂ ਅਮਰਦਾਸ ਜੀ ਇਸ ਸ਼ਬਦ ਰਾਹੀਂ ਕਲਜੁਗ ਦੇ ਜੀਵਾਂ ਨੂੰ ਪ੍ਰਭੂ ਪ੍ਰਾਪਤੀ ਦਾ ਮਾਰਗ ਦਰਸਾਉਂਦੇ ਹੋਇਆਂ ਆਖਦੇ, ਹੇ ਭਾਈ! ਜਿਹੜਾ ਵਡਭਾਗਾ ਮਨੁੱਖ ਗੁਰੂ ਦੀ ਮਤਿ ਤੁਰਦਾ ਹੈ, ਉਹ ਸਦਾ ਹੀ ਅਟੱਲ ਰਹਿਣ ਵਾਲੇ ਪ੍ਰਭੂ ਦਾ ਨਾਮ ਰੂਪੀ ਧਨ ਪ੍ਰਾਪਤ ਕਰ ਲੈਂਦਾ ਹੈ; ਪਰ ਹੇ ਭਾਈ! ਇਹ ਜੋ ਦੁਨਿਆਵੀ ਕੱਚਾ ਧਨ ਹੈ, ਕਦੀ ਤਾਂ ਇਹ ਮਨੁੱਖ ਨੂੰ ਮਿਲ ਜਾਂਦਾ ਹੈ ਅਤੇ ਕਦੇ ਹੱਥੋਂ ਨਿਕਲ ਜਾਂਦਾ ਹੈ, ਭਾਵ ਆਉਂਦਾ ਜਾਂਦਾ ਰਹਿੰਦਾ ਹੈ।

ਮਨਮੁਖਿ ਭੂਲੇ ਸਭਿ ਮਰਹਿ ਗਵਾਰ॥
ਭਵਜਲਿ ਡੂਬੇ ਨ ਉਰਵਾਰਿ ਨ ਪਾਰਿ॥
ਸਤਿਗੁਰੁ ਭੇਟੇ ਪੂਰੈ ਭਾਗਿ॥
ਸਾਚਿ ਰਤੇ ਅਹਿਨਿਸਿ ਬੈਰਾਗਿ॥੨॥

ਗੁਰਦੇਵ ਆਖਦੇ ਹਨ, ਹੇ ਭਾਈ! ਆਪਣੇ ਮਨ ਪਿੱਛੇ ਲੱਗ ਕੇ ਤੁਰਨ ਵਾਲੇ ਮੂਰਖ ਗਵਾਰ ਮਨੁੱਖ ਮਾਇਆ ਦੇ ਮੋਹ ਵਿਚ ਫਸ ਕੇ ਕੁਰਾਹੇ ਪੈ ਕੇ ਆਤਮਿਕ ਮੌਤ ਸਹੇੜ ਲੈਂਦੇ ਹਨ; ਐਸੇ ਮਨੁੱਖ ਸੰਸਾਰ ਸਮੁੰਦਰ ਵਿਚ ਹੀ ਡੁੱਬ ਜਾਂਦੇ ਹਨ, ਨਾ ਉਹ ਉਰਲੇ ਬੰਨ੍ਹੇ ਦੇ ਰਹਿੰਦੇ ਹਨ ਤੇ ਨਾ ਹੀ ਪਰਲੇ ਬੰਨ੍ਹੇ ਦੇ। ਹੇ ਭਾਈ! ਜਿਨ੍ਹਾਂ ਮਨੁੱਖਾਂ ਨੂੰ ਵੱਡੇ ਭਾਗਾਂ ਨਾਲ ਗੁਰੂ ਮਿਲ ਪੈਂਦਾ ਹੈ, ਉਹ ਮਨੁੱਖ ਮਿਹਰਬਾਨ ਪ੍ਰਭੂ ਦੇ ਨਾਮ ਵਿਚ ਦਿਨ ਰਾਤ ਮਗਨ ਰਹਿੰਦੇ ਹਨ।

ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ॥
ਪੂਰੈ ਭਾਗਿ ਹਰਿ ਨਾਮਿ ਸਮਾਣੀ॥
ਸਿਧ ਸਾਧਿਕ ਤਰਸਹਿ ਸਭਿ ਲੋਇ॥
ਪੂਰੈ ਭਾਗਿ ਪਰਾਪਤਿ ਹੋਇ॥੩॥

ਗੁਰਦੇਵ ਆਖਦੇ ਹਨ, ਹੇ ਭਾਈ! ਚਹੁੰ ਜੁਗਾਂ ਵਿਚ ਸਦਾ ਹੀ ਪ੍ਰਭੂ ਸਿਫਤ ਸਾਲਾਹ ਵਾਲੀ ਬਾਣੀ, ਨਾਮ ਰੂਪੀ ਅੰਮ੍ਰਿਤ ਜਲ ਵੰਡਦੀ ਆਈ ਹੈ; ਵੱਡੇ ਭਾਗਾਂ ਵਾਲਾ ਮਨੁੱਖ ਇਸ ਬਾਣੀ ਦੀ ਬਰਕਤ ਨਾਲ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ; ਸਿਧ ਸਾਧਿਕ ਤਰਸਹਿ ਸਭਿ ਲੋਇ, ਸਾਧਨਾ ਕਰਨ ਵਾਲੇ ਜੋਗੀ, ਸਾਰੇ ਹੀ ਸੰਸਾਰ ਦੇ ਲੋਕ ਇਸ ਅੰਮ੍ਰਿਤ ਰੂਪੀ ਬਾਣੀ ਨੂੰ ਤਰਸਦੇ ਫਿਰਦੇ ਹਨ, ਪਰ ਇਹ ਬਾਣੀ ਵੱਡੇ ਭਾਗਾਂ ਨਾਲ ਹੀ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ।

ਸਭੁ ਕਿਛੁ ਸਾਚਾ ਸਾਚਾ ਹੈ ਸੋਇ॥
ਊਤਮ ਬ੍ਰਹਮੁ ਪਛਾਣੈ ਕੋਇ॥
ਸਚੁ ਸਾਚਾ ਸਚੁ ਆਪਿ ਦ੍ਰਿੜਾਏ॥
ਨਾਨਕ ਆਪੇ ਵੇਖੈ ਆਪੇ ਸਚਿ ਲਾਏ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਜਿਹੜਾ ਕੋਈ ਵਡਭਾਗਾ ਮਨੁੱਖ ਉਸ ਸੱਚੇ ਮਿਹਰਬਾਨ ਪ੍ਰਭੂ ਨਾਲ ਸਾਂਝ ਪਾਉਂਦਾ ਹੈ, ਉਸ ਨੂੰ ਜਗਤ ਦੀ ਹਰ ਸ਼ੈਅ ਉਸ ਸਦਾ ਹੀ ਅਟੱਲ ਰਹਿਣ ਵਾਲੇ ਹਰੀ ਪ੍ਰਭੂ ਦਾ ਰੂਪ ਹੀ ਦਿਖਾਈ ਦਿੰਦੀ ਹੈ, ਹਰ ਥਾਂ ਪ੍ਰਭੂ ਹੀ ਦਿਖਾਈ ਦਿੰਦਾ ਹੈ। ਹੇ ਨਾਨਕ! ਸਦਾ ਹੀ ਅਟੱਲ ਰਹਿਣ ਵਾਲਾ ਉਹ ਸੱਚਾ ਪਰਮਾਤਮਾ ਪ੍ਰਭੂ ਆਪਣਾ ਸੱਚਾ ਨਾਮ ਆਪ ਹੀ ਜੀਵ ਦੇ ਅੰਦਰ ਪਕਾ ਕਰ ਦਿੰਦਾ ਹੈ ਅਤੇ ਆਪਣੇ ਨਾਲ ਜੋੜ ਲੈਂਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਅਜੇ ਅਸੀਂ ਰਾਜ ਕਰਨ ਦੇ ਲਾਇਕ ਨਹੀਂ

ਵਿਚਾਰ-ਚਰਚਾ

***ਕਮਿਊਨਿਸਟ (ਨਕਸਲੀ) ਆਗੂ ਤੋਂ ਸਿੱਖ ਵਿਦਵਾਨ ਬਣੇ ਸ. ਅਜਮੇਰ ਸਿੰਘ ਵੱਲੋਂ ਇਕ ਟੀ.ਵੀ. ਚੈਨਲ ਨੂੰ ਦਿਤੀ ਇੰਟਰਵਿਊ ਦੇ ਪ੍ਰਸੰਗ ਵਿਚ 'ਪੰਜਾਬ ਟਾਈਮਜ਼' ਦੇ 7 ਜਨਵਰੀ 2017 ਦੇ ਅੰਕ ਵਿਚ ਛਪੇ ਸੀਨੀਅਰ ਪੱਤਰਕਾਰ ਤੇ ਸਿੱਖ ਵਿਦਵਾਨ ਕਰਮਜੀਤ ਸਿੰਘ ਚੰਡੀਗੜ੍ਹ ਦੇ ਲੇਖ 'ਥਿੜਕ ਗਏ ਹਨ ਅਜਮੇਰ ਸਿੰਘ ਆਪਣੀ ਮੰਜ਼ਿਲ ਤੋਂ' ਉਪਰੰਤ ਅਸੀਂ ਹਜਾਰਾ ਸਿੰਘ ਮਿਸੀਸਾਗਾ (ਕੈਨੇਡਾ), ਤਰਲੋਕ ਸਿੰਘ ਨਿਊ ਜਰਸੀ, ਕਮਲਜੀਤ ਸਿੰਘ ਫਰੀਮਾਂਟ, ਡਾ. ਸੰਦੀਪ ਸਿੰਘ ਅਤੇ ਅਜਮੇਰ ਸਿੰਘ ਦੇ ਸਾਥੀ ਰਹੇ ਗੁਰਬਚਨ ਸਿੰਘ ਅਤੇ ਹਾਕਮ ਸਿੰਘ ਦੇ ਵਿਚਾਰ ਛਾਪ ਚੁਕੇ ਹਾਂ। ਇਸੇ ਲੜੀ ਵਿਚ ਐਤਕੀਂ ਹਜਾਰਾ ਸਿੰਘ ਮਿਸੀਸਾਗਾ, ਪੰਜਾਬੀ ਯੂਨੀਵਰਸਿਟੀ-ਪਟਿਆਲਾ ਵਿਚ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਰਹਿ ਚੁਕੇ ਡਾ. ਗੁਰਨਾਮ ਕੌਰ ਕੈਨੇਡਾ ਅਤੇ ਕਮਲਜੀਤ ਸਿੰਘ ਫਰੀਮਾਂਟ ਦੇ ਵਿਚਾਰ ਛਾਪ ਰਹੇ ਹਾਂ। ਸਾਡਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਸਾਡਾ ਮਨਸ਼ਾ ਇਸ ਮੁੱਦੇ ਉਤੇ ਸੰਜੀਦਾ ਬਹਿਸ ਚਲਾਉਣਾ ਹੈ। ਆਈਆਂ ਹੋਰ ਲਿਖਤਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬੱਸ ਇਕ ਹੀ ਬੇਨਤੀ ਹੈ ਕਿ ਧੀਰਜ ਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

ਪੱਤਰਕਾਰ ਸ. ਕਰਮਜੀਤ ਸਿੰਘ ਨੇ ਜਿਸ ਤਰਕ ਨਾਲ ਸ. ਅਜਮੇਰ ਸਿੰਘ ਨੂੰ 'ਨੇਸ਼ਨ ਸਟੇਟ' ਦੀ ਵਿਰੋਧਤਾ ਕਾਰਨ ਖਾਲਿਸਤਾਨ ਤੋਂ ਭਗੌੜਾ ਹੋਣ ਲਈ ਕੋਈ ਰਾਹ ਤਲਾਸ਼ਦੇ ਹੋਣ ਵਾਲਾ ਲਿਖਿਆ ਹੈ, ਉਸ ਤੋਂ ਦੋ ਨਤੀਜੇ ਨਿਕਲਦੇ ਹਨ-ਪਹਿਲਾ, ਇਹ ਕਿ ਖਾਲਿਸਤਾਨ ਵੀ ਇੱਕ ਨੇਸ਼ਨ ਸਟੇਟ ਹੋਏਗਾ। ਦੂਜਾ, ਕਰਮਜੀਤ ਸਿੰਘ ਸਮੇਤ ਬਹੁਤੀਆਂ ਧਿਰਾਂ ਅਜਮੇਰ ਸਿੰਘ ਨੂੰ ਖਾਲਿਸਤਾਨ ਦਾ ਸਿਧਾਂਤਕਾਰ ਮੰਨੀ ਬੈਠੀਆਂ ਸਨ।

ਇਹ ਦੋਵੇਂ ਨੁਕਤੇ 'ਫਰਜ਼ ਕਰ ਲਓ' ਦੇ ਭਾਰੀ ਭਰਕਮ ਤਰਕ 'ਤੇ ਉਸਰੇ ਜਾਪਦੇ ਹਨ। ਖਾਲਿਸਤਾਨ ਵਿਚ ਸਟੇਟ ਦੇ ਸਰੂਪ ਬਾਰੇ ਕਿਸੇ

**ਹਜ਼ਾਰਾ ਸਿੰਘ**
ਫੋਨ: 905-795-3428

ਨੂੰ ਕੁਝ ਵੀ ਪਤਾ ਨਹੀਂ। ਫਿਰ ਇਸ ਦੇ ਨੇਸ਼ਨ ਸਟੇਟ ਹੋਣ ਬਾਰੇ ਤਾਂ ਕਿਸੇ ਨੂੰ ਕੋਈ ਇਲਮ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹ ਕਰਮਜੀਤ ਸਿੰਘ ਹੁਰਾਂ ਵੱਲੋਂ 'ਫਰਜ਼ ਕਰੋ' ਦੇ ਸਿਧਾਂਤ ਨਾਲ 'ਨੇਸ਼ਨ ਸਟੇਟ' ਨੂੰ ਖਾਲਿਸਤਾਨ ਨਾਲ ਜੋੜ ਕੇ ਅਜਮੇਰ ਸਿੰਘ ਨੂੰ ਦੋਸ਼ੀ ਬਣਾਉਣ ਦੀ ਇੱਕ ਸਰਲ ਵਿਧੀ ਹੈ, ਜਿਸ ਅਨੁਸਾਰ, 'ਫਰਜ਼ ਕਰੋ' ਖਾਲਿਸਤਾਨ ਨੇਸ਼ਨ ਸਟੇਟ ਬਣ ਜਾਂਦਾ ਹੈ ਤਾਂ ਜੋ ਅੱਜ ਨੇਸ਼ਨ ਸਟੇਟ ਦਾ ਵਿਰੋਧ ਕਰਦੇ ਹਨ, ਉਹ ਤਾਂ ਖਾਲਿਸਤਾਨ ਦੇ ਵਿਰੋਧੀ ਹੀ ਸਾਬਿਤ ਹੋਣਗੇ।

"ਬੜਾ ਚਲਾਕ ਵਕੀਲ ਸਾਡਾ, ਪਿਆ ਦਫੇ 'ਤੇ ਦਫਾ ਸੁਣਾਏ ਸਾਨੂੰ। ਫੋਲ ਫੋਲ ਕੇ ਸਭ ਕਾਨੂੰਨ ਦੱਸੇ, 'ਫਰਜ਼ ਕਰੋ' ਵਿਚ ਜੇਲ੍ਹ ਪੁਚਾਏ ਸਾਨੂੰ।" ਬੱਸ ਇਸੇ 'ਫਰਜ਼ ਕਰੋ' ਦੇ ਤਰਕ ਨਾਲ ਹੀ ਅਜਮੇਰ ਸਿੰਘ ਨੂੰ ਖਾਲਿਸਤਾਨ ਤੋਂ ਭਗੌੜੇ ਅਤੇ ਦੂਸਰੀ ਗੁਲਾਮੀ ਦੇਣ ਵਾਲਿਆਂ ਨਾਲ ਰਲ ਜਾਣ ਦੇ ਤਮਗੇ ਦੇ ਹੀ ਦਿੱਤੇ ਗਏ ਹਨ। ਵੈਸੇ, ਆਪਣੀ ਲਿਖਤ, 'ਅਜਮੇਰ ਸਿੰਘ ਰਾਹੇ ਜਾਂ ਕੁਰਾਹੇ?' ਰਾਹੀਂ ਕਰਮਜੀਤ ਸਿੰਘ ਕਿਸ ਵਿਸ਼ੇ ਨੂੰ ਬਹਿਸ ਦਾ ਮੁੱਦਾ ਬਣਾਉਣਾ ਚਾਹੁੰਦੇ ਹਨ, ਆਮ ਪਾਠਕ ਨੂੰ ਬਹੁਤਾ ਸਪਸ਼ਟ ਨਹੀ ਹੁੰਦਾ, ਪਰ ਇਹ ਪ੍ਰਭਾਵ ਜ਼ਰੂਰ ਪੈਂਦਾ ਹੈ ਕਿ ਖਾਲਿਸਤਾਨ ਜਾਂ ਸਿੱਖ ਰਾਜ ਦੀ ਕੋਈ ਗੱਲ ਹੋ ਰਹੀ ਹੈ।

ਖਾਲਿਸਤਾਨ ਬਾਰੇ ਅਜੇ ਕਿਸੇ ਨੂੰ ਬਹੁਤਾ ਸਪਸ਼ਟ ਨਹੀ। ਇਹ ਕੇਵਲ ਨਾਹਰੇ ਤੱਕ ਹੀ ਸੀਮਤ ਹੈ। ਦੁਨਿਆਵੀ ਪ੍ਰਬੰਧ ਵਾਸਤੇ ਸਿੱਖਾਂ ਕੋਲ ਗੁਰੂਆਂ ਵੱਲੋਂ ਦਿੱਤਾ ਹੋਇਆ ਕੋਈ ਦਸਤਾਵੇਜ਼ ਨਹੀ ਹੈ। 26 ਸਫਿਆਂ ਦੀ ਰਹਿਤ ਮਰਿਆਦਾ ਵੀ ਵਿਵਾਦਤ ਹੈ ਤੇ ਵੇਲਾ ਵਿਹਾ ਚੁਕੀ ਹੈ। ਗੁਰੂ ਗ੍ਰੰਥ ਸਾਹਿਬ ਅਨੁਸਾਰ ਕੋਈ ਪੀਨਲ ਕੋਡ ਨਹੀਂ ਘੜਿਆ ਜਾ ਸਕਦਾ। ਨਾ 18ਵੀਂ ਸਦੀ ਵਾਲਾ ਨਿਜ਼ਾਮ ਬਹਾਲ ਕੀਤਾ ਜਾ ਸਕਦਾ ਹੈ। ਸਟੇਟ ਕਿਸੇ ਤਰ੍ਹਾਂ ਦੀ ਵੀ ਹੋਏ, ਲੋਕਾਂ ਨੂੰ ਦੱਸਣਾ ਪਏਗਾ ਕਿ ਖਾਲਿਸਤਾਨ ਵਿਚ ਉਨ੍ਹਾਂ ਦੇ ਕੀ ਅਧਿਕਾਰ ਹੋਣਗੇ? ਗੈਰ ਸਿੱਖਾਂ ਦੇ ਕੀ ਹੱਕ ਹੋਣਗੇ? ਨਿਰੰਕਾਰੀਆ, ਪ੍ਰੇਮੀਆਂ ਆਦਿ ਨਾਲ ਕਿਵੇਂ ਨਜਿੱਠਿਆ ਜਾਏਗਾ? ਖਾਲਸਾਈ ਰਵਾਇਤਾਂ ਅਨੁਸਾਰ ਸੋਧੇ ਜਾਣ ਦੇ ਅਰਥ ਕੀ ਹੋਣਗੇ? ਆਦਿ ਸਵਾਲਾਂ ਬਾਰੇ ਸਪਸ਼ਟ ਹੋਣਾ ਪਏਗਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਮਿਸਾਲ ਨਾਲ ਕੰਮ ਨਹੀਂ ਚੱਲੇਗਾ।

ਇਨ੍ਹਾਂ ਸਵਾਲਾਂ ਦੇ ਉਤਰ ਤਾਂ ਦੂਰ ਦੀ ਗੱਲ, ਅਜੇ ਤੱਕ ਤਾਂ ਇਹ ਵੀ ਸਪਸ਼ਟ ਨਹੀਂ ਹੋ ਸਕਿਆ ਕਿ ਖਾਲਿਸਤਾਨ ਦਾ ਨਾਹਰਾ ਲਾਉਣ ਵਾਲੇ ਇਹ ਨਾਹਰਾ ਆਪਣੇ ਆਪ ਲਾ ਰਹੇ ਹਨ ਜਾਂ ਕਿਸੇ ਦੇ ਕਹਿਣ 'ਤੇ ਲਾ ਰਹੇ ਹਨ, ਜਾਂ ਅਣਜਾਣੇ ਵਿਚ ਹੀ ਕਿਸੇ ਲਈ ਵਰਤੇ ਜਾ ਰਹੇ ਹਨ? ਕਿਉਂਕਿ ਇਸ ਵਰਤਾਰੇ ਤੋਂ ਉਪਜੇ ਭੰਬਲਭੂਸੇ ਕਾਰਨ ਇੱਕ ਤਾਂ ਸਿੱਖ ਭਾਈਚਾਰੇ ਅੰਦਰ ਬੌਧਿਕ ਮਾਰੂਥਲ ਪਸਰ ਗਿਆ ਹੈ ਅਤੇ ਦੂਸਰਾ ਭਾਈਚਾਰੇ ਦੀ ਰਾਜਨੀਤਕ ਹਸਤੀ ਘਟਦੀ ਘਟਦੀ ਜ਼ਮੀਨ 'ਤੇ ਆਣ ਡਿੱਗੀ ਹੈ। ਪੰਜਾਬ ਵਿਚ ਮੌਜੂਦਾ ਵਿਧਾਨ ਸਭਾ ਚੋਣਾਂ ਇਸ ਦੀ ਮਿਸਾਲ ਹਨ। ਜਿਨ੍ਹਾਂ ਦੌਰਾਨ ਨਵੀਂ ਪਾਰਟੀ ਦੀ ਤਾਂ ਤੂਤੀ ਬੋਲਦੀ ਹੈ ਪਰ ਪੰਥਕ ਧਿਰਾਂ ਗੈਰ ਪ੍ਰਸੰਗਿਕ ਹੋ ਕੇ ਰਹਿ ਗਈਆਂ ਹਨ।


"ਕਿਸੇ ਬੇਦਰਦੀ ਆਣ ਕਸ਼ੀਸ਼ ਦਿੱਤੀ,
ਅੰਗ ਅੰਗ ਕਮਾਨ ਦੇ ਟੁੱਟ ਗਏ ਨੇ।
ਵਾਰਿਸਾ ਕਿਨ੍ਹਾਂ ਫੁਲੇਲੀਆ ਪੀੜੀਆਂ ਈ,
ਇਤਰ ਕੱਢ ਕੇ ਫੋਗ ਨੂੰ ਸੁੱਟ ਗਏ ਨੇ।"

ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਅਤੇ ਕਾਂਗਰਸ ਨੇ ਖਾਲਿਸਤਾਨ ਨੂੰ ਆਪਣੀ ਚੋਣ ਮੁਹਿੰਮ ਵਿਚ ਜਿਵੇਂ ਇੱਕ ਹਊਏ ਵਜੋਂ ਵਰਤਿਆ ਹੈ, ਉਸ ਤੋਂ ਤਾਂ ਇੰਜ ਜਾਪਦਾ ਹੈ ਜਿਵੇਂ 'ਕਿਸੇ ਹੋਰ ਨੇ' ਖਾਲਿਸਤਾਨ ਦਾ ਨਾਹਰਾ ਘੜਿਆ ਹੀ ਸਿੱਖਾਂ ਦੀ ਰਾਜਸੀ ਹਸਤੀ ਨੂੰ ਨੇਸਤੋ ਨਬੂਦ ਕਰਨ ਲਈ ਹੋਵੇ।

ਹੁਣ ਆਈਏ ਅਜਮੇਰ ਸਿੰਘ ਨੂੰ ਖਾਲਿਸਤਾਨੀ ਸਿਧਾਂਤਕਾਰ ਸਮਝ ਲਏ ਜਾਣ ਵਾਲੇ ਦੂਸਰੇ ਨੁਕਤੇ ਵੱਲ। ਇਸ ਵਿਚ ਅਜਮੇਰ ਸਿੰਘ ਦਾ ਦੋਸ਼ ਘੱਟ ਪਰ ਉਸ ਨੂੰ ਸਿਧਾਂਤਕਾਰ ਸਮਝਣ ਦਾ ਟਪਲਾ ਖਾਣ ਵਾਲੀਆਂ ਧਿਰਾ ਦਾ ਵੱਧ ਹੈ, ਜਿਨ੍ਹਾਂ ਇਸ ਬਾਰੇ ਪਹਿਲਾਂ ਕੋਈ ਪੜਤਾਲ ਹੀ ਨਹੀਂ ਕੀਤੀ। ਅਜਮੇਰ ਸਿੰਘ ਨੇ ਵਾਪਰ ਚੁਕੀਆਂ ਘਟਨਾਵਾਂ ਦੀ ਪੜਤਾਲ ਦੇ ਸਿਲਸਿਲੇ ਵਿਚ ਇੱਕ ਵਿਸ਼ਲੇਸ਼ਕ, ਸਲਾਹਕਾਰ, ਖੋਜੀ ਇਤਿਹਾਸਕਾਰ ਆਦਿ ਪੜਾਵਾਂ ਵਿਚ ਦੀ ਲੰਘ ਕੇ ਸਿੱਖ ਚਿੰਤਕ ਦੇ ਤੌਰ 'ਤੇ ਪਛਾਣ ਬਣਾਈ। ਭਵਿੱਖ ਦੀ ਸੇਧ ਬਾਰੇ ਸਿਧਾਂਤਕਾਰੀ ਉਸ ਨੇ ਪੇਸ਼ ਨਹੀਂ ਕੀਤੀ।

ਜੇ 31 ਜਨਵਰੀ 2017 ਨੂੰ ਉਨ੍ਹਾਂ ਵੱਲੋਂ ਮਸਤੂਆਣੇ ਵਿਚ ਕੀਤੀ ਤਾਜ਼ਾ ਤਕਰੀਰ ਸੁਣੀਏ ਤਾਂ ਪਿਛਲੇ ਇਤਿਹਾਸ ਬਾਰੇ ਖੋਜ ਕਰਦਿਆਂ, ਲਿਖਦਿਆਂ, ਪ੍ਰਚਾਰਦਿਆਂ, ਬੌਧਿਕ ਅਤੇ ਰੂਹਾਨੀ ਵਿਕਾਸ ਦੇ ਪੜਾਵਾਂ ਵਿਚ ਦੀ ਲੰਘਦਿਆਂ ਇੱਕ ਸਿਧਾਂਤਕਾਰ ਦੀ ਬਜਾਏ ਅਜਮੇਰ ਸਿੰਘ ਇੱਕ ਕਥਾਕਾਰ ਜਾਂ ਪ੍ਰਫਾਰਮਰ ਦੇ ਪੜਾਅ 'ਤੇ ਜਾ ਪਹੁੰਚਿਆ ਵਧੇਰੇ ਜਾਪਦਾ ਹੈ। ਜਿਹੜੀਆਂ ਧਿਰਾਂ ਉਸ ਨੂੰ ਖਾਲਿਸਤਾਨ ਦਾ ਸਿਧਾਂਤਕਾਰ ਸਮਝਦੀਆਂ ਰਹੀਆਂ, ਉਹ ਕੁਝ ਨਿਰਾਸ਼ ਅਤੇ ਨਾਰਾਜ਼ ਹੋ ਕੇ ਅਜਮੇਰ ਸਿੰਘ ਨੂੰ ਕੋਸ ਰਹੀਆਂ ਹਨ। ਉਨ੍ਹਾਂ ਦਾ ਰੋਸ ਸੁਭਾਵਕ ਹੈ, ਕਿਉਂਕਿ ਉਨ੍ਹਾਂ ਨਾਲ ਤਾਂ, 'ਨਾਲੇ ਬਾਬਾ ਲੱਸੀ ਪੀ ਗਿਆ, ਨਾਲੇ ਦੇ ਗਿਆ ਦੁਆਨੀ ਖੋਟੀ' ਵਾਲੀ ਹੋਈ।

ਸ. ਕਰਮਜੀਤ ਸਿੰਘ ਜਾਂ ਹੋਰ ਧਿਰਾਂ ਕਿਸ ਭੁਲੇਖੇ ਵਿਚ ਰਹੀਆਂ ਇਸ ਦਾ ਕਾਰਨ ਤਾਂ ਉਹ ਜਾਣਨ, ਪਰ ਜੋ ਨੁਕਤੇ ਹੁਣ ਉਠਾਏ ਜਾ ਰਹੇ ਹਨ, ਮੈਨੂੰ ਉਨ੍ਹਾਂ ਬਾਰੇ ਕੋਈ ਦਸ ਵਰ੍ਹੇ ਪਹਿਲਾਂ ਹੀ ਪਤਾ ਲੱਗ ਗਿਆ ਸੀ। ਹੋਇਆ ਇੰਜ ਕਿ ਨਵੰਬਰ 2007 ਵਿਚ ਅਜਮੇਰ ਸਿੰਘ ਪਹਿਲੀ ਵਾਰ ਟੋਰਾਂਟੋ ਆਏ। ਜਿਥੇ 11 ਨਵੰਬਰ 2007 ਨੂੰ ਇੱਕ ਸਮਾਗਮ ਵਿਚ ਉਨ੍ਹਾਂ ਦੀ ਪੁਸਤਕ 'ਕਿਸ



ਅਜਮੇਰ ਸਿੰਘ

ਬਿਧ ਰੁਲੀ ਪਾਤਸ਼ਾਹੀ' ਜਾਰੀ ਕੀਤੀ ਗਈ। ਸਮਾਗਮ ਦੌਰਾਨ ਉਨ੍ਹਾਂ ਪ੍ਰਭਾਵਸ਼ਾਲੀ ਭਾਸ਼ਣ ਵੀ ਕੀਤਾ ਅਤੇ ਸਰੋਤਿਆਂ ਦੇ ਲਿਖਤੀ ਸਵਾਲਾਂ ਦੇ ਬਣਦੇ-ਸਰਦੇ ਜਵਾਬ ਵੀ ਦਿੱਤੇ। ਆਪਣੇ ਲੈਕਚਰ ਦੌਰਾਨ ਉਨ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਐਸਾ ਨਾਇਕ ਸਾਬਿਤ ਕੀਤਾ, ਜਿਸ ਨੇ ਸਿੱਖੀ ਪ੍ਰਭੂਤਾ ਦੀ ਕਮਜ਼ੋਰ ਪੈਂਦੀ ਜਾ ਰਹੀ ਧਾਰਾ ਨੂੰ ਮੁੜ ਸੁਰਜੀਤ ਕਰਕੇ ਰਾਸ਼ਟਰਵਾਦ ਦੀ ਜ਼ੋਰੀਂ ਵਗ ਰਹੀ ਧਾਰਾ ਦੇ ਉਲਟ ਵਗਣ ਲਾ ਦਿੱਤਾ ਸੀ, ਜਿਸ ਨੇ ਸਟੇਟ ਦੀ 'ਹਿੰਸਾ ਅਤੇ ਹਥਿਆਰਾਂ' ਦੀ ਅਜ਼ਾਰੇਦਾਰੀ ਵਾਲੀ ਸ਼ਕਤੀ ਨੂੰ ਵੰਗਾਰਦਿਆਂ ਸਿੱਖਾਂ ਨੂੰ ਗੁਰੂਆਂ ਵੱਲੋਂ ਬਖਸ਼ੇ ਪਾਤਸ਼ਾਹੀ ਦੇ ਦਾਅਵੇ ਨੂੰ ਮੁੜ ਉਜਾਗਰ ਕਰ ਦਿੱਤਾ ਸੀ।

ਸਮਾਗਮ ਵਿਚ ਹੋਈ ਬ੍ਰੇਕ ਦੌਰਾਨ ਜਦ ਅਜਮੇਰ ਸਿੰਘ ਲੋਕਾਂ ਨੂੰ ਮਿਲ ਰਹੇ ਸਨ ਤਾਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਲਟੀ ਧਾਰਾ ਵਗਾਉਣ ਦਾ ਕਰੈਡਿਟ ਤਾਂ ਸੰਤਾਂ ਨੂੰ ਜਾਂਦਾ ਹੈ ਪਰ ਇਸ ਉਲਟੀ ਧਾਰਾ ਵਗਾਉਣ ਕਾਰਨ ਹੋਏ ਨੁਕਸਾਨ ਦਾ ਦੋਸ਼ ਕਿਸ ਜ਼ਿੰਮੇ ਲੱਗੇਗਾ? ਉਤਰ ਵਿਚ "ਇਹ ਤਾਂ ਆਪੋ ਆਪਣਾ ਨਜ਼ਰੀਆ ਹੈ" ਕਹਿ ਕੇ ਅਜਮੇਰ ਸਿੰਘ ਮੁੜ ਸਟੇਜ 'ਤੇ ਜਾ ਬਿਰਾਜੇ। ਮੇਰੀ ਇੱਛਾ ਕੁਝ ਹੋਰ ਜਾਣਨ ਦੀ ਵੀ ਸੀ ਪਰ ਉਥੇ ਬਹੁਤੇ ਸਵਾਲ ਜਾਂ ਗੱਲਾਂ-ਬਾਤਾਂ ਕਰਨ ਦਾ ਮੌਕਾ ਅਸੰਭਵ ਸੀ। ਸਮਾਗਮ ਤੋਂ ਬਾਅਦ ਉਸੇ ਦਿਨ ਅਜਮੇਰ ਸਿੰਘ ਅਮਰੀਕਾ ਚਲੇ ਗਏ।

ਅਮਰੀਕਾ ਵਿਚ ਅਜਮੇਰ ਸਿੰਘ ਨਾਲ ਗੱਲਬਾਤ ਕਰਨ ਦੇ ਮਨਸ਼ੇ ਨਾਲ ਫੋਨ ਲੱਭ ਕੇ ਕਈ ਥਾਂਵਾਂ 'ਤੇ ਕਈ ਵਾਰ ਫੋਨ ਕੀਤਾ। ਅਖੀਰ ਮਹੀਨੇ ਪਿਛੋਂ ਅਜਮੇਰ ਸਿੰਘ ਨਾਲ ਫੋਨ ਮਿਲਿਆ ਤਾਂ ਮੈਨੂੰ ਅਹਿਸਾਸ ਹੋਇਆ ਕਿ ਖੋਜ ਕਰਨੀ ਕਿੰਨਾ ਔਖਾ ਕਾਰਜ ਹੈ। ਫੋਨ ਮਿਲ ਜਾਣ 'ਤੇ ਮੈਂ ਦਿਲੋਂ ਧੰਨਵਾਦੀ ਹੁੰਦਿਆਂ ਆਖਿਆ ਕਿ ਆਪ ਧੰਨਤਾ ਦੇ ਪਾਤਰ ਹੋ ਜੋ ਇਤਨੇ ਸਿਰੜ ਨਾਲ ਗੰਭੀਰ ਖੋਜ ਕਾਰਜ ਕਰ ਰਹੇ ਹੋ, ਮੇਰੀ ਤਾਂ ਤੁਹਾਨੂੰ ਫੋਨ ਰਾਹੀਂ ਖੋਜਦਿਆਂ ਈ ਬੱਸ ਹੋ ਗਈ ਸੀ।

ਇਸ ਤੋਂ ਬਾਅਦ ਮੈਂ ਬੇਨਤੀ ਕੀਤੀ ਕਿ ਆਪ ਲਈ ਮੇਰੇ ਕੋਲ ਦੋ ਸਵਾਲ ਹਨ, ਜੇ ਆਗਿਆ ਹੋਏ ਤਾਂ ਕਰਾਂ? ਮੈਂ ਜੋ ਪਹਿਲਾ ਸਵਾਲ ਕੀਤਾ ਉਹ ਸੀ, "ਤੁਹਾਡੇ ਜ਼ਿਲੇ ਬਠਿੰਡੇ ਵਿਚ ਸਿੱਖਾਂ ਵੱਲੋਂ ਪ੍ਰੇਮੀਆਂ ਦੇ ਘਰਾਂ ਅੰਦਰ ਜਾ ਕੇ ਜੋ ਨਾਮ ਚਰਚਾਵਾਂ ਬੰਦ ਕਰਵਾਈਆਂ ਜਾ ਰਹੀਆਂ ਹਨ, ਇਹ ਸਿੱਖੀ ਦੇ ਕਿਹੜੇ ਸਿਧਾਂਤ ਅਨੁਸਾਰ ਜਾਇਜ਼ ਹਨ?" ਉਤਰ ਵਿਚ ਸ. ਅਜਮੇਰ ਸਿੰਘ ਨੇ ਆਖਿਆ, "ਸਿੱਖੀ ਸਿਧਾਂਤਾਂ ਅਨੁਸਾਰ ਤਾਂ ਇਹ ਜਾਇਜ਼ ਨਹੀਂ। ਸਿੱਖੀ ਸਿਧਾਂਤ ਇਸ ਧੱਕੇ ਦੀ ਆਗਿਆ ਨਹੀਂ ਦਿੰਦੇ।"

ਸਿੱਖ ਹਲਕਿਆਂ ਵਿਚ ਐਸਾ ਬੇਬਾਕ ਅਤੇ ਸਪਸ਼ਟ ਉਤਰ ਦੇਣ ਵਾਲੇ ਅਜਮੇਰ ਸਿੰਘ ਪਹਿਲੇ ਵਿਅਕਤੀ (ਸਿਰਦਾਰ ਗੁਰਤੇਜ ਸਿੰਘ ਤੋਂ ਬਾਅਦ) ਮਿਲੇ ਸਨ। ਉਤਰ ਤਸੱਲੀਬਖਸ਼ ਹੋਣ ਕਾਰਨ ਕਿਸੇ ਕਿੰਤੂ-ਪ੍ਰੰਤੂ ਦੀ ਗੁੰਜ਼ਾਇਸ਼ ਹੀ ਨਾ ਰਹੀ। ਉਂਜ ਥੋੜ੍ਹਾ ਸਮਾਂ ਪਹਿਲਾਂ ਸਲਾਬਤਪੁਰੇ ਵਾਲਾ ਡੇਰਾ ਬੰਦ ਕਰਾਉਣ ਦੇ ਮੋਰਚੇ ਬਾਰੇ ਸਿੱਖ ਜਥੇਬੰਦੀਆਂ ਨੂੰ ਆਪਣੀ ਸਲਾਹ ਅਤੇ ਪ੍ਰੇਰਣਾ ਦਿੰਦਿਆਂ ਅਜਮੇਰ ਸਿੰਘ ਨੇ ਸਲਾਬਤਪੁਰੇ ਨੂੰ ਦੁਸ਼ਟਤਾ ਦਾ ਪ੍ਰਤੀਕ ਦੱਸਦਿਆਂ ਇਹ ਵੀ ਆਖਿਆ ਸੀ ਕਿ ਬਾਦਲ ਨੂੰ ਢਾਹੁਣ ਲਈ ਲੰਮੇ ਸਮੇਂ ਤੋਂ ਜੋ ਯਤਨ ਹੋ ਰਹੇ ਹਨ, ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਜਿਸ ਦਿਨ ਦੁਸ਼ਟਤਾ ਦਾ ਪ੍ਰਤੀਕ ਸਲਾਬਤਪੁਰਾ ਢਹਿ ਜਾਏਗਾ, ਬਾਦਲ ਵੀ ਢਹਿ ਜਾਏਗਾ।

ਖੈਰ, ਬੜੀ ਸਖਤ ਘਾਲਣਾ ਤੋਂ ਬਾਅਦ ਮਿਲੇ ਵਿਦਵਾਨ ਨਾਲ ਬਹਿਸ ਕਰਨ ਦੀ ਥਾਂ ਸਮੇਂ ਦਾ ਲਾਹਾ ਲੈਣ ਲਈ ਮੈਂ ਆਗਿਆ ਲੈ ਕੇ ਦੂਸਰਾ ਅਤੇ ਆਖਰੀ ਸਵਾਲ ਕੀਤਾ, "ਸਿੱਖ ਲੋਕ ਆਪਣੇ ਆਪ ਨੂੰ ਭਾਰਤ ਵਿਚ ਗੁਲਾਮ ਕਹਿੰਦੇ ਹਨ। ਗੁਲਾਮ ਹੁੰਦਿਆਂ ਈ ਅਸੀਂ ਦੂਸਰਿਆਂ ਦੇ ਘਰਾਂ ਵਿਚ ਜਾ ਕੇ ਸਮਾਗਮ ਬੰਦ ਕਰਾਉਂਦੇ ਹਾਂ। ਗੁਲਾਮ ਹੁੰਦਿਆਂ ਈ ਉਨ੍ਹਾਂ ਗਰੀਬ ਲੋਕਾਂ ਦੇ ਨਾਸੀਂ ਧੂੰਆਂ ਦਿੱਤਾ ਹੋਇਆ ਹੈ। ਜੇ ਕੱਲ੍ਹ ਨੂੰ ਆਜ਼ਾਦ ਹੋ ਕੇ ਸਿੱਖਾਂ ਦਾ ਰਾਜ ਆ ਗਿਆ ਤਾਂ ਫਿਰ ਸਿੱਖ ਰਾਜ ਵਿਚਲੀਆਂ ਇਨ੍ਹਾਂ ਘੱਟਗਣਿਤੀਆਂ ਨਾਲ ਕੀ ਵਿਹਾਰ ਕੀਤਾ ਜਾਏਗਾ?" ਉਤਰ ਵਿਚ ਅਜਮੇਰ ਸਿੰਘ ਨੇ ਕਿਹਾ, "ਇਨ੍ਹਾਂ ਸਭ ਦੇ ਤੁਖਮ ਉਡਾ ਦੇਣਗੇ। ਅਜੇ ਅਸੀਂ ਰਾਜ ਕਰਨ ਦੇ ਲਾਇਕ ਨਹੀਂ। ਅਜੇ ਸਾਨੂੰ ਰਾਜ ਨਹੀਂ ਮਿਲਣਾ ਚਾਹੀਦਾ। ਅਜੇ ਸਿੱਖ ਰਾਜ ਕਰਨ ਯੋਗ ਨਹੀਂ।"

ਉਤਰ ਸੁਣ ਕੇ ਮੈਂ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਫਤਿਹ ਬੁਲਾ ਕੇ ਫੋਨ ਬੰਦ ਕਰ ਦਿੱਤਾ। ਐਸੇ ਬੇਬਾਕ, ਧਲੱੜੇਦਾਰ ਅਤੇ ਸਪਸ਼ਟ ਉਤਰ ਕਿਸੇ ਸਿੱਖ ਵਿਦਵਾਨ ਕੋਲੋਂ ਪਹਿਲੀ ਵਾਰ ਸੁਣੇ ਹੋਣ ਕਾਰਨ ਮੇਰੇ ਮਨ ਵਿਚ ਅਜਮੇਰ ਸਿੰਘ ਦਾ ਸਤਿਕਾਰ ਹੋਰ ਵਧ ਗਿਆ। ਉਤਰਾਂ ਦਾ ਸਰੂਪ ਵਿਗੜ ਜਾਣ ਦੇ ਡਰੋਂ ਸੀਨੇ ਵਿਚ ਸਾਂਭਣ ਦੀ ਬਜਾਏ ਕਾਗਜ਼ 'ਤੇ ਉਤਾਰ ਲਏ ਤਾਂ ਜੋ ਕਿਸੇ ਢੁਕਵੇਂ ਸਮੇਂ ਕੰਮ ਆ ਸਕਣ। ਮੇਰੇ ਖਿਆਲ ਅਨੁਸਾਰ ਪੱਤਰਕਾਰ ਕਰਮਜੀਤ ਸਿੰਘ ਵੱਲੋਂ ਛੇੜੇ ਚਰਚੇ ਕਾਰਨ ਹੁਣ ਇਹ ਉਤਰ ਸਭ ਨਾਲ ਸਾਂਝੇ ਕਰਨ ਦਾ ਢੁਕਵਾਂ ਸਮਾਂ ਆ ਗਿਆ ਸੀ। ਆਸ ਹੈ, ਚੱਲ ਰਹੀ ਚਰਚਾ ਵਿਚ ਇਸ ਦਾ ਕੁਝ ਨਾ ਕੁਝ ਲਾਭ ਜ਼ਰੂਰ ਹੋਏਗਾ।

ਪੁਸਤਕ ਸਮਾਗਮ ਸਬੰਧੀ ਇੱਕ ਹੋਰ ਗੱਲ ਕਿ ਟੋਰਾਂਟੋ ਵਿਚ ਪੁਸਤਕ ਜਾਰੀ ਕਰਨ ਵਾਲੇ ਸਮਾਗਮ ਦਾ ਐਲਾਨ ਕਾਫੀ ਪਹਿਲਾਂ ਹੀ ਹੋ ਚੁੱਕਾ ਸੀ। ਪੁਸਤਕ ਵਿਚਲੇ ਵਿਸ਼ੇ ਦੇ ਮੱਦੇਨਜ਼ਰ ਪ੍ਰਤੀਕਰਮ ਵਜੋਂ ਸਮਾਗਮ ਤੋਂ ਦੋ ਦਿਨ ਪਹਿਲਾਂ 9 ਨਵੰਬਰ 2007 ਨੂੰ ਟੋਰਾਂਟੋ ਤੋਂ ਛਪਦੇ ਅਖਬਾਰ 'ਖਬਰਨਾਮਾ' ਵਿਚ ਮੇਰੀ ਇੱਕ ਚਿੱਠੀ, 'ਇਸ ਬਿਧ ਰੁਲੀ ਪਾਤਸ਼ਾਹੀ' (ਕਿਸੇ ਕਾਰਨ ਸੰਪਾਦਕ ਵੱਲੋਂ 'ਕਿਸ ਬਿਧ' ਦੀ ਥਾਂ 'ਇਸ ਬਿਧ' ਕਰ ਦਿੱਤਾ ਗਿਆ) ਦੇ ਅਨੁਵਾਨ ਹੇਠ ਛਪੀ। ਇਸ ਚਿੱਠੀ ਵਿਚ ਲਿਖਿਆ ਸੀ ਕਿ ਗੱਲ ਪਾਤਸ਼ਾਹੀ ਦੇ ਦਾਅਵੇ ਕਰਨ ਜਾਂ ਨਾਂ ਕਰਨ ਦੀ ਨਹੀਂ। ਅਸਲ ਗੱਲ ਭੱਜਦੇ-ਟੁੱਟਦੇ ਸਾਮਰਾਜਾਂ ਦੌਰਾਨ ਪੈਦਾ ਹੋਏ ਢੁਕਵੇਂ ਮੌਕੇ ਨੂੰ ਸਾਂਭ ਸਕਣ ਦੀ ਹੈ। ਇਸ ਲਈ ਪ੍ਰਤੀਕੂਲ ਹਾਲਾਤ ਵਿਚ ਹੋਂਦ ਬਚਾਈ ਰੱਖਣ ਅਤੇ ਅਨੁਕੂਲ ਹਾਲਾਤ ਵਿਚ ਪੈਦਾ ਹੋਇਆ ਸੰਭਾਵੀ ਮੌਕਾ ਸਾਂਭਣ ਲਈ ਸਮਰੱਥਾ ਪੈਦਾ ਕਰਨ ਦੀ ਲੋੜ ਹੁੰਦੀ ਹੈ। ਫੋਨ 'ਤੇ ਹੋਈ ਗੱਲਬਾਤ ਦੌਰਾਨ ਅਜਮੇਰ ਸਿੰਘ ਨੂੰ ਇਹ ਚਿੱਠੀ ਅਖਬਾਰ 'ਅੰਮ੍ਰਿਤਸਰ ਟਾਈਮਜ਼' ਰਾਹੀਂ ਪ੍ਰਾਪਤ ਕਰ ਲੈਣ ਦੀ ਬੇਨਤੀ ਵੀ ਕਰ ਦਿੱਤੀ। ਮੈਨੂੰ ਬਹੁਤ ਖੁਸ਼ੀ ਹੋਈ ਜਦ ਅਜਮੇਰ ਸਿੰਘ ਨੇ ਮੌਜੂਦਾ ਚਰਚਾ ਦਾ ਆਧਾਰ ਬਣੀਆਂ ਦੋ ਟੀ.ਵੀ. ਮੁਲਾਕਾਤਾਂ ਵਿਚੋਂ ਦੂਸਰੀ ਵਿਚ ਮੇਰੀ ਇਸ ਚਿੱਠੀ ਦੇ ਲਫਜ਼ਾਂ ਨੂੰ ਕਿਸੇ ਵੱਡੇ ਲੇਖਕ ਦਾ ਨਾਂ ਲੈ ਕੇ ਹੂਬਹੂ ਦੁਹਰਾ ਦਿੱਤਾ। ਇਸ ਤੋਂ ਮੈਨੂੰ ਇੰਜ ਜਾਪਿਆ ਜਿਵੇਂ ਕੋਈ ਵੱਡਾ ਵਿਦਵਾਨ ਮੇਰੇ ਵੱਲੋਂ ਨੌਂ ਸਾਲ ਪਹਿਲਾ ਲਿਖੀ ਗੱਲ ਦੀ ਪ੍ਰੋੜਤਾ ਕਰ ਰਿਹਾ ਹੋਏ। ਪਲ ਭਰ ਲਈ ਮੈਨੂੰ ਇੰਜ ਜਾਪਿਆ ਕਿ ਜਿਸ ਪੜਾਅ 'ਤੇ ਮੈਂ ਨੌਂ ਸਾਲ ਪਹਿਲਾਂ ਸਾਂ, ਅਜਮੇਰ ਸਿੰਘ ਉਥੇ ਹੁਣ ਪਹੁੰਚੇ ਹਨ। ਟੀ.ਵੀ. ਇੰਟਰਵਿਊ ਦੇ ਇਹ ਲਫਜ਼ ਸੁਣਦਿਆਂ ਹੀ ਅਜਮੇਰ ਸਿੰਘ ਵੱਲੋਂ ਨੌਂ ਸਾਲ ਪਹਿਲਾਂ ਕੀਤੇ ਕਥਨ, "ਅਜੇ ਅਸੀਂ ਰਾਜ ਕਰਨ ਦੇ ਲਾਇਕ ਨਹੀਂ। ਅਜੇ ਸਾਨੂੰ ਰਾਜ ਨਹੀਂ ਮਿਲਣਾ ਚਾਹੀਦਾ। ਅਜੇ ਸਿੱਖ ਰਾਜ ਕਰਨ ਯੋਗ ਨਹੀਂ।" ਇੱਕ ਵਾਰ ਫਿਰ ਮੇਰੇ ਮਨ ਅੰਦਰ ਘੁੰਮ ਗਏ।

---

# 'ਰੋਸ ਨਾ ਕੀਜੈ ਉਤਰੁ ਦੀਜੈ'

'ਪੰਜਾਬ ਟਾਈਮਜ਼' ਵਿਚ ਸ. ਅਜਮੇਰ ਸਿੰਘ ਦੀਆਂ ਲਿਖਤਾਂ ਨੂੰ ਲੈ ਕੇ ਚੱਲ ਰਹੀ ਬਹਿਸ ਵਿਚ ਪੈਣ ਦਾ ਨਾ ਕੋਈ ਇਰਾਦਾ ਹੈ ਅਤੇ ਨਾ ਹੀ ਮੇਰੀ ਕੋਈ ਦਿਲਚਸਪੀ ਹੈ। ਪਰ 28 ਜਨਵਰੀ ਦੇ 'ਪੰਜਾਬ ਟਾਈਮਜ਼' ਵਿਚ ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਚੰਡੀਗੜ੍ਹ ਦਾ ਲੇਖ ਛਪਿਆ ਹੈ, 'ਅਜਮੇਰ ਸਿੰਘ ਦੇ ਚਿੰਤਨ ਵਿਰੁਧ ਬਹਿਸ

**ਡਾ. ਗੁਰਨਾਮ ਕੌਰ, ਕੈਨੇਡਾ**

ਦਾ ਪੱਧਰ ਉਚੀ ਦਿਸ਼ਾ ਵਲ' ਜਿਸ ਵਿਚ ਉਨ੍ਹਾਂ ਇਸ ਬਹਿਸ ਬਾਰੇ ਕੁੱਝ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਹੁਣ ਤੱਕ ਵੱਡੇ ਦਾਰਸ਼ਨਿਕਾਂ ਅਤੇ ਸਿਧਾਂਤਕਾਰਾਂ ਵਿਚ ਹੋਈਆਂ ਬਹਿਸਾਂ ਬਾਰੇ ਗੱਲ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਨਾਨਕ ਸਾਹਿਬ ਦੀ ਬਾਣੀ 'ਸਿਧ ਗੋਸਟਿ' ਦਾ ਹਵਾਲਾ ਦਿੱਤਾ ਹੈ। ਇਹ ਗੁਰੂ ਨਾਨਕ ਸਾਹਿਬ ਅਤੇ ਸਿੱਧਾਂ ਵਿਚਕਾਰ ਹੋਈ ਗੋਸ਼ਟੀ 'ਤੇ ਆਧਾਰਤ ਗੁਰੂ ਨਾਨਕ ਸਾਹਿਬ ਦੀ ਰਚਨਾ ਹੈ।

ਸ. ਕਰਮਜੀਤ ਸਿੰਘ ਲਿਖਦੇ ਹਨ, "ਪਰ ਸਭ ਤੋਂ ਵੱਡੀ ਯਾਦਗਾਰੀ ਬਹਿਸ 500 ਸਾਲ ਪਹਿਲਾਂ ਹੋਈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਸਾਂਭੀ ਪਈ ਹੈ। ਇਹ ਬਹਿਸ ਗੁਰੂ ਨਾਨਕ ਸਾਹਿਬ ਅਤੇ ਉਸ ਦੌਰ ਦੇ ਕਹਿੰਦੇ-ਕਹਾਉਂਦੇ ਦਾਨਿਸ਼ਵਰ ਸਿੱਧਾਂ ਨਾਲ ਹੋਈ। 'ਸਿਧ ਗੋਸਟਿ' ਦੇ ਸਿਰਲੇਖ ਹੇਠ ਹੋਈ ਇਹ ਬਹਿਸ ਇੰਨੀ ਪਿਆਰੀ, ਇੰਨੀ ਮਹਾਨ, ਇੰਨੀ ਉਚੀ, ਇੰਨੀ ਇਤਿਹਾਸਕ, ਇੰਨੀ ਰੂਹਾਨੀ ਅਤੇ ਦਾਰਸ਼ਨਿਕ ਹੈ ਕਿ ਖਾਲਸਾ ਪੰਥ ਦਾ ਸਿਰ ਮਾਣ ਨਾਲ ਉਚਾ ਹੋ ਜਾਂਦਾ ਹੈ। ਇਕ ਪਾਸੇ ਸਿੱਧਾਂ ਦੀ ਮੰਡਲੀ ਬੈਠੀ ਹੋਈ ਹੈ ਅਤੇ ਦੂਜੇ ਪਾਸੇ ਗੁਰੂ ਨਾਨਕ ਸਾਹਿਬ ਨਾਲ ਸੰਤਾਂ ਦੀ ਇਕ ਸਭਾ ਬੈਠੀ ਹੋਈ ਹੈ। ਬਹਿਸ ਦੀਆਂ ਦੋ ਸ਼ਰਤਾਂ ਹਨ- ਪਹਿਲੀ, 'ਰੋਸ ਨ ਕੀਜੈ ਉਤਰੁ ਦੀਜੈ' ਅਤੇ ਦੂਜੀ, 'ਸਾਚਾ ਕਰਹੁ ਬੀਚਾਰੁ।' ਗੁਰੂ ਨਾਨਕ ਸਾਹਿਬ ਨੇ ਸਿੱਧਾਂ ਦੇ ਸਵਾਲਾਂ ਦੇ, ਜੋ ਉਤਰ ਦਿਤੇ ਅਤੇ ਜਿਸ ਅੰਦਾਜ਼ ਅਤੇ ਸਪੱਸ਼ਟਤਾ ਵਿਚ ਦਿੱਤੇ, ਉਹ ਇਸ ਧਰਤੀ 'ਤੇ ਲੱਗਿਆ ਇਹੋ ਜਿਹਾ ਰੌਣਕ ਮੇਲਾ ਅਤੇ ਜਸ਼ਨ ਹੈ, ਜੋ ਸਾਨੂੰ ਯਾਦ ਕਰਵਾਉਂਦਾ ਹੈ ਕਿ ਬਹਿਸ ਦੇ ਮਾਪਦੰਡ, ਬਹਿਸ ਵਿਚ ਸਲੀਕਾ ਅਤੇ ਗਿਆਨ ਦਾ ਪੱਧਰ ਕਿਹੋ ਜਿਹਾ ਹੋਣਾ ਚਾਹੀਦਾ ਹੈ।"

ਸ. ਕਰਮਜੀਤ ਸਿੰਘ ਇਕ ਸੀਨੀਅਰ ਪੱਤਰਕਾਰ (ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦੇ ਸਾਬਕਾ ਅਸਿਸਟੈਂਟ ਐਡੀਟਰ) ਹਨ ਅਤੇ ਉਹ ਗੁਰਬਾਣੀ ਨਾਲ ਵੀ ਡੂੰਘੇ ਜੁੜੇ ਹੋਏ ਹਨ ਤੇ ਨਿੱਤਨੇਮੀ ਗੁਰਸਿੱਖ ਹਨ। ਜੋ ਬੰਦਾ ਬਾਣੀ ਦਾ ਅਧਿਐਨ ਕਰਦਾ ਹੈ, ਕੁਦਰਤੀ ਹੈ ਕਿ ਸਿੱਖ ਸਿਧਾਂਤਕਾਰੀ ਲਈ ਉਸ ਦੀ ਟੇਕ ਵੀ ਸਿੱਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦਿੱਤੇ ਗੁਰਮਤਿ ਸਿਧਾਂਤਾਂ ਤੇ ਹੀ ਹੋਣੀ ਚਾਹੀਦੀ ਹੈ, ਕਿਉਂਕਿ ਜੋ ਸਿਧਾਂਤ ਤੇ ਅਮਲ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੇ ਅਨੁਸਾਰੀ ਨਹੀਂ ਹਨ, ਤਾਂ ਸਿਧਾਂਤ ਜਿੰਨਾ ਮਰਜ਼ੀ ਲਾਹੇਵੰਦਾ ਹੋਵੇ, ਉਸ ਨੂੰ ਗੁਰੂ-ਅਨੁਸਾਰੀ ਨਹੀਂ ਮੰਨਿਆ ਜਾ ਸਕਦਾ। ਸਾਰੇ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦੀ ਨਿਰੰਤਰਤਾ ਵਿਚ ਹੀ ਸਿਧਾਂਤਾਂ ਦੀ ਪੇਸ਼ਕਾਰੀ ਕੀਤੀ ਹੈ।

ਸ. ਕਰਮਜੀਤ ਸਿੰਘ ਦੇ ਪਹਿਲੇ ਲੇਖ ਤੋਂ ਬਾਅਦ ਪੰਜਾਬ ਟਾਈਮਜ਼ ਦੇ 21 ਜਨਵਰੀ ਦੇ ਅੰਕ ਵਿਚ ਸ. ਕਮਲਜੀਤ ਸਿੰਘ ਬਾਸੀ, ਫਰੀਮਾਂਟ ਨੇ ਆਪਣੇ ਸੰਖੇਪ ਲੇਖ ਵਿਚ ਕੁੱਝ ਪ੍ਰਸ਼ਨ ਸ. ਕਰਮਜੀਤ ਸਿੰਘ ਨੂੰ ਕੀਤੇ ਸਨ। ਇਹ ਪ੍ਰਸ਼ਨ ਬਹੁਤ ਸਾਰੇ ਲੋਕਾਂ ਦੇ ਵੀ ਹਨ ਅਤੇ ਬਿਲਕੁਲ ਸਹੀ ਪਰਿਪੇਖ ਵਿਚ ਵੀ ਹਨ, ਜਿਨ੍ਹਾਂ ਦਾ ਉਤਰ ਕਦੇ ਕਿਸੇ ਨੇ ਦੇਣ ਦੀ ਖੇਚਲ ਨਹੀਂ ਕੀਤੀ।

ਇਹ ਪ੍ਰਸ਼ਨ ਕਰਦਿਆਂ ਸ. ਕਮਲਜੀਤ ਸਿੰਘ ਨੇ ਪਟਿਆਲੇ ਅਰਬਨ ਅਸਟੇਟ ਸਥਿਤ 'ਵਾਈਟ ਹਾਊਸ' ਦਾ ਜ਼ਿਕਰ ਵੀ ਕੀਤਾ ਹੈ। 'ਵਾਈਟ ਹਾਊਸ' ਦੀ ਅਸਲੀਅਤ ਸਾਹਮਣੇ ਆਉਣ ਤੋਂ ਪਹਿਲਾਂ ਦੀ ਗੱਲ ਹੈ ਕਿ ਸਾਡੇ ਇੱਕ ਪ੍ਰੋਫੈਸਰ, ਜੋ ਅਰਬਨ ਅਸਟੇਟ ਦੇ ਹੀ ਰਹਿਣ ਵਾਲੇ ਹਨ, ਯੂਨੀਵਰਸਿਟੀ ਅਧਿਆਪਕ ਯੂਨੀਅਨ ਦੇ ਪ੍ਰਧਾਨ ਬਣੇ ਤਾਂ ਉਨ੍ਹਾਂ ਦੀ ਪਤਨੀ ਨੇ ਆਪਣੇ ਘਰ ਪ੍ਰੋਫੈਸਰ ਸਾਹਿਬ ਦੀਆਂ ਇਸਤਰੀ ਅਧਿਆਪਕ ਹਮਾਇਤੀਆਂ ਲਈ ਇੱਕ ਚਾਹ ਪਾਰਟੀ ਰੱਖੀ,

*(ਬਾਕੀ ਅਗਲੇ ਸਫੇ 'ਤੇ)*

# 'ਰੋਸ ਨਾ ਕੀਜੈ ਉਤਰੁ ਦੀਜੈ'

*(ਪਿਛਲੇ ਸਫੇ ਤੋਂ ਜਾਰੀ)*

ਜਿਸ ਵਿਚ ਗੁਆਂਢ ਤੋਂ ਵੀ ਕੁੱਝ ਬੀਬੀਆਂ ਨੂੰ ਸੱਦਿਆ। ਗੁਆਂਢ ਵਿਚ ਹੋਣ ਕਰਕੇ ਉਸ ਵਿਚ ਵਾਈਟ ਹਾਊਸ ਵਾਲੀ ਬੀਬੀ ਵੀ ਸ਼ਾਮਲ ਸੀ ਜਿਸ ਨੇ ਕੂਹਣੀਆਂ ਤੱਕ ਦੋਵੇਂ ਬਾਹਵਾਂ ਸੋਨੇ ਦੀਆਂ ਚੂੜੀਆਂ ਨਾਲ ਭਰੀਆਂ ਹੋਈਆਂ ਸਨ, ਦੋਵਾਂ ਹੱਥਾਂ ਵਿਚ ਛਾਪਾਂ-ਛੱਲੇ ਅਤੇ ਕਈ ਕਈ ਥਾਂਵਾਂ ਤੋਂ ਵਿੰਨ੍ਹੇ ਦੋਵਾਂ ਕੰਨਾਂ ਵਿਚ ਵੱਡੇ-ਛੋਟੇ ਗਹਿਣੇ ਪਾਏ ਹੋਏ ਸਨ। ਸਭ ਦਾ ਧਿਆਨ ਉਸ ਵੱਲ ਜਾਣਾ ਕੁਦਰਤੀ ਸੀ, ਕਿਉਂਕਿ ਅਧਿਆਪਕਾਂ ਕੋਲ ਨਾ ਇੰਨੇ ਗਹਿਣੇ ਹੁੰਦੇ ਹਨ ਅਤੇ ਨਾ ਹੀ ਉਹ ਪਾਉਂਦੀਆਂ ਹਨ। ਸਾਡੀ ਇੱਕ ਬਹੁਤ ਹੀ ਸਤਿਕਾਰਤ ਸੀਨੀਅਰ ਅਧਿਆਪਕਾ, ਜੋ ਅਕਾਲੀ ਪਰਿਵਾਰ ਵਿਚ ਜੰਮੇ ਪਲੇ ਹਨ, ਨੇ ਮੈਨੂੰ ਹੌਲੀ ਦੇਣੇ ਪੁੱਛਿਆ, 'ਗੁਰਨਾਮ ਇਹ ਲੇਡੀ ਕੌਣ ਹੈ?' (ਮੇਰਾ ਘਰ ਵੀ ਉਸੇ ਏਰੀਏ ਵਿਚ ਹੈ), ਤਾਂ ਮੈਂ ਜਿਸ ਰੂਪ ਵਿਚ ਅਸੀਂ ਸਾਰੇ ਗੁਆਂਢੀ ਜਾਣਦੇ ਸਾਂ, ਦੱਸਿਆ ਕਿ ਇਹ ਠੇਕੇਦਾਰ 'ਸੰਧੂ' ਦੀ ਪਤਨੀ ਹੈ ਅਤੇ 'ਨਾਭੇ ਵਾਲੀਆਂ ਬੀਬੀਆਂ' ਵਿਚੋਂ ਹੈ। ਸਾਡੇ ਇਸੇ ਗੁਆਂਢ ਵਿਚੋਂ ਇੱਕ ਭਾਈ ਸਾਹਿਬ ਸਰਕਾਰੀ ਨੌਕਰੀ ਵਿਚ ਇੰਜੀਨੀਅਰ ਦੇ ਤੌਰ 'ਤੇ ਪਹਿਲਾਂ ਐਸ. ਵਾਈ. ਐਲ. 'ਤੇ ਕੰਮ ਕਰਦੇ ਸਨ ਅਤੇ ਫਿਰ ਕੰਮ ਬੰਦ ਹੋਣ 'ਤੇ ਉਨ੍ਹਾਂ ਦਾ ਤਬਾਦਲਾ ਕਿਸੇ ਹੋਰ ਮਹਿਕਮੇ ਵਿਚ ਹੋ ਗਿਆ ਸੀ। ਜਿਸ ਦਿਨ ਸਾਰੀ ਦੁਖਦਾਈ ਘਟਨਾ ਵਾਪਰੀ ਅਤੇ ਟੀ.ਵੀ. ਉਤੇ ਖਬਰ ਨਸ਼ਰ ਹੋਈ ਕਿ ਸਾਡੇ ਗੁਆਂਢ ਰਹਿਣ ਵਾਲੇ ਠੇਕੇਦਾਰ 'ਸੰਧੂ' ਅਸਲ ਵਿਚ ਭਾਈ ਸੁਖਦੇਵ ਸਿੰਘ ਬੱਬਰ ਸਨ ਤਾਂ ਉਸ ਵੀਰ ਦੇ ਚਿਹਰੇ ਉਤੇ ਦੁੱਖ ਦੀਆਂ ਲਕੀਰਾਂ ਸਪੱਸ਼ਟ ਨਜ਼ਰ ਆ ਰਹੀਆਂ ਸਨ। ਬੜੇ ਦੁਖੀ ਮਨ ਨਾਲ ਉਨ੍ਹਾਂ ਦਾ ਪ੍ਰਸ਼ਨ ਸੀ, "ਮੈਨੂੰ ਸਮਝ ਨਹੀਂ ਆ ਰਹੀ ਕਿ ਪਹਿਲਾਂ ਇਨ੍ਹਾਂ ਨੇ ਬਤੌਰ ਠੇਕੇਦਾਰ ਐਸ.ਵਾਈ.ਐਲ. ਦਾ ਠੇਕਾ ਕਿਉਂ ਲਿਆ ਤੇ ਪਿੱਛੋਂ ਉਥੇ ਕੰਮ ਕਰਨ ਵਾਲੇ ਮਜ਼ਦੂਰ ਕਿਉਂ ਮਰਵਾ ਦਿੱਤੇ?"

ਮੈਨੂੰ ਇਸ ਗੱਲ ਦਾ ਅਜੇ ਤੱਕ ਵੀ ਚੰਗੀ ਤਰ੍ਹਾਂ ਪਤਾ ਨਹੀਂ ਹੈ ਕਿ ਭਾਈ ਸੁਖਦੇਵ ਸਿੰਘ ਬੱਬਰ ਦਾ ਐਸ.ਵਾਈ.ਐਲ. ਦੇ ਨਿਰਮਾਣ ਲਈ ਠੇਕੇਦਾਰੀ ਵਿਚ ਕੋਈ ਹਿੱਸਾ ਸੀ ਜਾਂ ਨਹੀਂ। ਇਹ ਵੀ ਨਹੀਂ ਪਤਾ ਕਿ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਲਈ ਰੁੱਖੀ-ਮਿੱਸੀ ਰੋਟੀ ਜੁਟਾਉਣ ਵਾਲੇ ਗਰੀਬ ਨਿਹੱਥੇ ਮਜ਼ਦੂਰ ਭਾਈ ਸੁਖਦੇਵ ਸਿੰਘ ਦੇ ਹੁਕਮਾਂ ਅਨੁਸਾਰ ਹੀ ਮਾਰੇ ਗਏ ਸਨ? ਇਸ ਤਰ੍ਹਾਂ ਦੇ ਹਜ਼ਾਰਾਂ ਸਵਾਲ ਸਨ ਜੋ ਉਨ੍ਹੀਂ ਦਿਨੀਂ ਲੋਕਾਂ ਦੇ ਮਨਾਂ ਵਿਚ ਉਠਦੇ ਸਨ ਅਤੇ ਅਜੇ ਤੱਕ ਵੀ ਉਠ ਰਹੇ ਹਨ।

ਸ. ਕਰਮਜੀਤ ਸਿੰਘ ਜਾਣਦੇ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਸਿੱਧਾਂ ਨੇ ਯੋਗ, ਦੁਨੀਆਂਦਾਰੀ ਤੇ ਅਧਿਆਤਮਕਤਾ ਨਾਲ ਜੁੜੇ ਅਨੇਕ ਪ੍ਰਸ਼ਨ ਕੀਤੇ। ਗੁਰੂ ਨਾਨਕ ਸਾਹਿਬ ਨੇ ਸਭ ਦਾ ਉਤਰ ਬਹੁਤ ਹੀ ਸਹਿਜ ਅਤੇ ਸਪੱਸ਼ਟਤਾ ਨਾਲ ਦਿੱਤਾ ਅਤੇ ਸਿੱਧਾਂ ਦੀ ਪੂਰੀ ਤਰ੍ਹਾਂ ਤਸੱਲੀ ਕਰਾਈ। ਇਸ ਦਾ ਜ਼ਿਕਰ ਆਪਣੇ ਲੇਖ ਵਿਚ ਕਰਮਜੀਤ ਸਿੰਘ ਨੇ ਖੁਦ ਕੀਤਾ ਵੀ ਹੈ। ਮੈਂ ਇਹ ਜਾਣਨ ਲਈ ਉਤਸੁਕ ਹਾਂ ਕਿ ਕਮਲਜੀਤ ਸਿੰਘ ਬਾਸੀ ਦੇ ਪ੍ਰਸ਼ਨਾਂ ਦਾ ਉਤਰ (ਇਹ ਪ੍ਰਸ਼ਨ ਮੇਰੇ ਵਰਗੇ ਸਧਾਰਨ ਅਤੇ ਆਮ ਸਿੱਖਾਂ ਦੇ ਵੀ ਹਨ) ਸ. ਕਰਮਜੀਤ ਸਿੰਘ ਜ਼ਰੂਰ ਦੇਣਗੇ। ਗੋਸ਼ਟੀ ਜਾਂ ਬਹਿਸ ਦਾ ਅਰਥ ਹੀ ਇਹ ਹੁੰਦਾ ਹੈ ਕਿ ਪ੍ਰਸ਼ਨ ਪੁੱਛਣ ਵਾਲੇ ਦੀ ਅਕਾਂਖਿਆ ਸੰਤੁਸ਼ਟ ਕੀਤੀ ਜਾਵੇ ਅਤੇ ਉਸ ਦੇ ਭਰਮ ਦੂਰ ਕੀਤੇ ਜਾਣ। ਇਸੇ ਨਾਲ ਹੀ ਕੋਈ ਵੀ ਸਾਰਥਕ ਗੋਸ਼ਟੀ ਅੱਗੇ ਚੱਲ ਸਕਦੀ ਹੈ। ਵਿਰੋਧੀ ਧਿਰ ਦੀ ਸੰਤੁਸ਼ਟੀ ਕਰਾਏ ਬਿਨਾ ਕਿਸੇ ਵੀ ਗੋਸ਼ਟੀ ਨੂੰ ਅੱਗੇ ਲੈ ਜਾਣਾ ਮੁਸ਼ਕਿਲ ਹੁੰਦਾ ਹੈ।

ਸ. ਕਰਮਜੀਤ ਸਿੰਘ ਨੇ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਦੇਣ ਦੀ ਅਜੇ ਤੱਕ ਕੋਈ ਚੇਸ਼ਟਾ ਨਹੀਂ ਕੀਤੀ। ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਜਿਸ ਗੁਰੂ ਨਾਨਕ ਸਾਹਿਬ, ਸਿੱਖ ਧਰਮ ਦੇ ਬਾਨੀ ਗੁਰੂ ਦੀ ਗੋਸਟਿ ਦੀ ਉਨ੍ਹਾਂ ਨੇ ਉਦਾਹਰਣ ਦਿੱਤੀ ਹੈ, ਉਸੇ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਹ ਪੂਰੀ ਦਿਆਨਤਦਾਰੀ ਨਾਲ, ਗੁਰੂ ਦੇ ਸਿੱਖ ਵਰਗੇ ਸਹਿਜ ਨਾਲ, ਗੁਰੂ ਨਾਨਕ ਦੀ ਵਿਚਾਰਧਾਰਾ ਅਨੁਸਾਰ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਦੇਣ। ਬਿਨਾ ਉਤਰ ਦਿੱਤਿਆਂ, ਉਹ ਵੀ ਗੁਰਬਾਣੀ ਅਨੁਸਾਰ ਬਹਿਸ ਸਾਰਥਕ ਕਿਵੇਂ ਹੋਵੇਗੀ ਅਤੇ ਅੱਗੇ ਕਿਵੇਂ ਵਧਿਆ ਜਾਵੇਗਾ? ਜੇ ਇਨ੍ਹਾਂ ਪ੍ਰਸ਼ਨਾਂ ਦੀ ਵਿਆਖਿਆ ਸਿੱਖ ਸਿਧਾਂਤਾਂ ਅਨੁਸਾਰ ਨਹੀਂ ਸਾਹਮਣੇ ਆਉਂਦੀ ਤਾਂ ਜੋ ਸਾਰਾ ਵਰਤਾਰਾ ਉਦੋਂ ਵਾਪਰਿਆ, ਉਹ ਪੂਰਨ ਤੌਰ 'ਤੇ ਸਿੱਖ ਸਿਧਾਂਤਾਂ ਅਨੁਸਾਰ ਕਿਵੇਂ ਇੰਟਰਪਰੈਟ ਹੋਵੇਗਾ? ਜੇ ਵਰਤਾਰੇ ਵਿਚ ਸਿੱਖ ਸਿਧਾਂਤਾਂ ਦੀ ਉਲੰਘਣਾ ਹੋਈ ਹੈ ਤਾਂ ਇਹ ਕਿਵੇਂ ਆਸ ਕੀਤੀ ਜਾਵੇਗੀ ਕਿ ਨਤੀਜੇ ਵਜੋਂ ਸਥਾਪਤ ਹੋਇਆ ਰਾਜ-ਪ੍ਰਬੰਧ ਗੁਰਮਤਿ ਅਸੂਲਾਂ ਅਨੁਸਾਰ 'ਇਹੁ ਹੋਆ ਹਲੇਮੀ ਰਾਜੁ ਜੀਉ' ਹੀ ਹੋਵੇਗਾ?

ਇਥੇ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਕਾਫੀ ਸਮਾਂ ਪਹਿਲਾਂ ਮੇਰੇ ਹੱਥ ਇੱਕ ਲੇਖ ਲੱਗਿਆ ਸੀ, "ਅੱਗੇ ਤੁਰਨ ਤੋਂ ਪਹਿਲਾਂ...ਇਕ ਨਜ਼ਰ ਅਤੇ ਨਜ਼ਰੀਆ" (ਦਲਜੀਤ ਸਿੰਘ ਬਿੱਟੂ)। ਇਸ ਲੇਖ ਵਿਚ ਉਨ੍ਹਾਂ ਲਿਖਿਆ ਹੈ, "ਖਾਲਸਾ ਪੰਥ ਵਿਚ ਆਪਣੇ ਸਾਰੇ ਪੈਰੋਕਾਰਾਂ ਲਈ ਆਜ਼ਾਦੀ ਅਤੇ ਬਰਾਬਰੀ ਤਾਂ ਹੈ ਹੀ ਸਗੋਂ ਦੂਸਰੀ ਵਿਚਾਰਧਾਰਾ ਦੇ ਸਚਿਆਰੇ ਅਮਲ ਵਾਲੀਆਂ ਰੂਹਾਂ ਨੂੰ ਵੀ ਬਰਾਬਰੀ ਹਾਸਲ ਹੈ ਜਿਸ ਦੀ ਮਿਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਆਪ ਹਨ। ਹਿੰਦੂ ਮਤ ਆਪਣੇ ਸਾਰੇ ਪੈਰੋਕਾਰਾਂ ਨੂੰ ਬਰਾਬਰੀ ਦਾ ਦਰਜ਼ਾ ਨਹੀਂ ਦਿੰਦਾ। ਉਥੇ ਜਾਤ-ਪਾਤ ਆਧਾਰਤ ਊਚ-ਨੀਚ ਹੈ। ਪੱਛਮ ਦੇ ਤਿੰਨੇ ਧਰਮਾਂ, ਪੂਰਬ ਦੇ ਬੁੱਧ ਧਰਮ ਅਤੇ ਆਧੁਨਿਕਤਾਵਾਦੀ ਵਿਚਾਰਧਾਰਾ ਵਿਚ ਆਪਣੇ ਪੈਰੋਕਾਰਾਂ ਲਈ ਆਜ਼ਾਦੀ ਤੇ ਬਰਾਬਰੀ ਦਾ ਸਿਧਾਂਤ ਤਾਂ ਹੈ ਪਰ 'ਦੂਜਿਆਂ' ਲਈ, ਜਾਂ ਜੋ ਸੱਚ ਲਈ ਤਤਪਰ ਨਹੀਂ ਹਨ, ਵਾਸਤੇ ਕੋਈ ਥਾਂ ਨਹੀਂ ਹੈ। ਹਰ ਧਰਮ, ਸੱਭਿਆਚਾਰ ਜਾਂ ਵਿਚਾਰਧਾਰਾ ਵਿਚ 'ਆਪਣਿਆਂ' ਅਤੇ 'ਦੂਜਿਆਂ' ਵਿਚ ਵਖਰੇਵਾਂ ਕੀਤਾ ਜਾਂਦਾ ਹੈ। ਇਸ ਵਖਰੇਵੇਂ ਦਾ ਆਧਾਰ ਰੰਗ, ਨਸਲ, ਧਾਰਮਕ, ਸੱਭਿਆਚਾਰਕ ਜਾਂ ਵਿਚਾਰਧਾਰਕ ਵਿਸ਼ਵਾਸ ਨੂੰ ਬਣਾਇਆ ਜਾਂਦਾ ਹੈ। ਕੋਈ ਦੇਸ਼ ਆਪਣੀ ਵਿਚਾਰਧਾਰਾ ਵਿਚ ਸਾਰਿਆਂ ਲਈ ਬਰਾਬਰੀ ਦਾ ਸਿਧਾਂਤ ਹੋਣ ਦੇ ਬਾਵਜੂਦ ਵਿਤਕਰੇ ਦੇ ਉਕਤ ਬਿਆਨੇ ਤੱਤਾਂ ਤੋਂ ਮੁਕਤ ਨਹੀਂ ਹਨ। ਪਰ ਖਾਲਸਾ ਪੰਥ ਵਿਚ ਇਸ ਫਰਕ ਦਾ ਆਧਾਰ 'ਸਚਿਆਰਾ ਅਮਲ' ਹੈ ਨਾ ਕਿ ਰੰਗ, ਨਸਲ, ਲਿੰਗ ਤੇ ਧਾਰਮਕ, ਸੱਭਿਆਚਾਰਕ ਜਾਂ ਵਿਚਾਰਧਾਰਕ ਵਿਸ਼ਵਾਸ। ਖਾਲਸਾ ਪੰਥ 'ਦੂਜਿਆਂ' ਜਾਂ ਉਨ੍ਹਾਂ ਨੂੰ ਜੋ ਸੱਚ ਲਈ ਹੀ ਤਤਪਰ ਨਹੀਂ ਹਨ, ਨੂੰ ਵੀ ਬਣਦੀ ਜਗ੍ਹਾ ਦਿੰਦਾ ਹੈ ਕਿਉਂਕਿ ਪੰਥ ਵਿਚ ਸਰਬੱਤ ਦੇ ਭਲੇ ਦਾ ਨੇਮ ਹੈ। ਇਥੇ ਬੁਰੇ ਦੀ ਥਾਂ ਬੁਰਿਆਈ ਨੂੰ ਖਤਮ ਕਰਨ ਦਾ ਬਿਰਦ ਹੈ ਅਤੇ ਪੰਥ ਦੂਜਿਆਂ ਨੂੰ ਵੀ ਆਜ਼ਾਦੀ, ਬਰਾਬਰੀ ਅਤੇ ਸਾਂਝੀਵਾਲਤਾ ਵਾਲਾ ਸੁਖਾਵਾਂ ਮਾਹੌਲ ਪ੍ਰਦਾਨ ਕਰਦਾ ਹੈ।"

ਜੇ ਭਾਈ ਦਲਜੀਤ ਸਿੰਘ ਬਿੱਟੂ ਦੀ ਇਸ

## ਵਿਚਾਰ-ਚਰਚਾ

ਲਿਖਤ 'ਤੇ ਕੋਈ ਸ਼ੋਰ ਨਹੀਂ ਮੱਚਿਆ (ਮੱਚਣਾ ਚਾਹੀਦਾ ਵੀ ਨਹੀਂ ਕਿਉਂਕਿ ਇਹੀ ਗੁਰਬਾਣੀ ਦੀ ਸਿੱਖਿਆ ਹੈ) ਤਾਂ ਫਿਰ ਸ. ਅਜਮੇਰ ਸਿੰਘ ਦੇ ਭਾਸ਼ਣ 'ਤੇ ਏਨਾ ਵਾਵੇਲਾ ਕਿਉਂ? ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੰਨਣ ਵਾਲਾ ਕੋਈ ਵੀ ਗੁਰੂ ਦਾ ਸਿੱਖ ਤੰਗ ਨਜ਼ਰੀਆ ਰੱਖ ਹੀ ਨਹੀਂ ਸਕਦਾ। ਬਾਣੀ ਨੂੰ ਪੜ੍ਹਦਿਆਂ-ਸੁਣਦਿਆਂ ਸਮਝ ਨੇ ਇਹੀ ਤੱਥ ਗ੍ਰਹਿਣ ਕੀਤਾ ਹੈ।

# ਸਿੱਖ ਧਰਮ ਅਤੇ ਸਟੇਟ ਦਾ ਸੰਕਲਪ

**ਪਿਆਰੇ ਸੰਪਾਦਕ ਜੀਓ,**
**ਸਤਿ ਸ੍ਰੀ ਅਕਾਲ।**

'ਪੰਜਾਬ ਟਾਈਮਜ਼' ਵਿਚ ਵਿਚਾਰ-ਚਰਚਾ ਅਧੀਨ ਚਲਾਈ ਜਾ ਰਹੀ ਲੜੀ ਬਹੁਤ ਦਿਲਚਸਪ ਮੋੜ 'ਤੇ ਆ ਗਈ ਜਾਪਦੀ ਹੈ। ਮੇਰੀ ਮੁਰਾਦ 4 ਫਰਵਰੀ 2017 ਦੇ ਅੰਕ ਵਿਚ ਸ. ਹਾਕਮ ਸਿੰਘ ਦੇ ਲੇਖ ਵਿਚ ਸਿੱਖ ਧਰਮ ਵਿਚੋਂ ਸਟੇਟ ਦੇ ਸੰਕਲਪ ਨੂੰ ਬਿਲਕੁਲ ਗੈਰ-ਸਿੱਖੀ ਸਾਬਤ ਕਰਨ ਨਾਲ ਹੈ। ਉਨ੍ਹਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸਿੱਖ ਧਰਮ ਤਾਂ ਹਰ ਭੌਤਿਕ ਵਸਤੂ ਜਾਂ ਪਦਾਰਥਵਾਦੀ ਜੀਵਨ ਨੂੰ ਜੜ੍ਹੋਂ ਮਨਜ਼ੂਰ ਨਹੀਂ ਕਰਦਾ। ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖਤਾ ਤਾਂ ਇਕੋ ਨੂਰ ਦੀ ਉਪਜ ਹੈ ਅਤੇ ਇਸ ਵਿਚ ਰਾਜਾ ਜਾਂ ਪਰਜਾ ਦਾ ਸੰਕਲਪ ਹੀ ਅਲੋਪ ਹੋ ਜਾਂਦਾ ਹੈ।

ਇਸ ਸਬੰਧ ਵਿਚ ਸੁਖਮਨੀ ਸਾਹਿਬ ਵਿਚ ਦਰਜ 'ਮਿਥਿਆ ਰਾਜ ਜੋਬਨ ਧਨ ਮਾਲ' ਤੁਕ ਢੁਕਵਾਂ ਸੰਦੇਸ਼ ਦਿੰਦੀ ਹੈ। ਗੁਰੂ ਸਾਹਿਬ ਨੇ ਰਾਜ ਨੂੰ 'ਮਿਥਿਆ' ਆਖਿਆ ਹੈ ਤੇ ਇਸ ਦੀ ਪ੍ਰਾਪਤੀ ਸਿੱਖ ਫਸਲਫੇ ਦੇ ਦਾਇਰੇ ਵਿਚ ਨਹੀਂ ਆਉਂਦੀ।

ਹਾਕਮ ਸਿੰਘ ਦੇ ਲੇਖ ਨੇ ਖਾਲਿਸਤਾਨੀਆਂ ਵਲੋਂ ਖਾਲਿਸਤਾਨ ਦੇ ਸੰਕਲਪ ਨੂੰ ਸਿੱਖ ਧਰਮ ਨਾਲ ਜੋੜਨ ਜਾਂ ਆਧਾਰ ਬਣਾਉਣ ਦੀ ਜੜ੍ਹ ਹੀ ਪੁੱਟ ਕੇ ਰੱਖ ਦਿੱਤੀ ਹੈ। ਉਨ੍ਹਾਂ ਨੇ ਦਸਮ ਗ੍ਰੰਥ ਦੇ ਹਵਾਲੇ ਨਾਲ ਖਾਲਿਸਤਾਨੀਆਂ ਦੀ ਧਾਰਮਿਕ ਓਟ ਸਰਕਾ ਦਿੱਤੀ ਹੈ।

ਹਾਲਾਂ ਕਿ ਹਾਕਮ ਸਿੰਘ ਵਲੋਂ ਆਪਣੇ ਲੇਖ ਦੇ ਪਹਿਲੇ ਪੈਰੇ ਵਿਚ ਵਰਤੀ ਗਈ ਸ਼ਬਦਾਬਲੀ ਹੀ ਸਟੇਟ ਅਤੇ ਸਿੱਖੀ ਨੂੰ ਅੱਡ ਕਰਨ ਵਿਚ ਕਾਮਯਾਬ ਹੈ ਪਰ ਅੱਗਿਓਂ ਦਸਮ ਗ੍ਰੰਥ, ਆਰ.ਐਸ.ਐਸ., ਖਾਲਿਸਤਾਨੀਆਂ ਦੇ ਹਵਾਲੇ, ਆਰੀਆ ਸਮਾਜੀਆਂ ਵਲੋਂ ਵੇਦ ਕਾਲ ਦੇ ਸੁਪਨੇ, ਧੀਰਮੱਲੀਆਂ, ਅੰਗਰੇਜ਼ਾਂ, ਮਾਝੇ ਜਾਂ ਮਾਲਵੇ ਦੇ ਸਿੱਖਾਂ ਦੇ ਵਿਚਾਰ, 18ਵੀਂ ਸਦੀ ਦੇ ਕਾਰਨਾਮਿਆਂ ਦਾ ਭਾਰ, ਸਿੱਖ ਸਿਆਸਤ ਉਤੇ ਜਥੇਦਾਰਾਂ ਦਾ ਪ੍ਰਭਾਵ, ਗੈਰ-ਰਸਮੀ ਵਿਚਾਰਕ ਨੂੰ ਡਰਾਉਣ-ਧਮਕਾਉਣ ਦੀ ਲੜੀ ਪਰੋ ਕੇ ਲੇਖਕ ਨੇ ਖਾਲਿਸਤਾਨ ਨੂੰ ਧਰਮ ਦੇ ਚਬੂਤਰੇ ਤੋਂ ਲਾਹ ਕੇ ਜ਼ਮੀਨ 'ਤੇ ਰੱਖ ਦਿੱਤਾ ਹੈ, ਅਤੇ ਰੱਖਿਆ ਵੀ ਸਿਆਸਤ ਦੇ ਪੈਰਾਂ ਹੇਠ।

***-ਕਮਲਜੀਤ ਸਿੰਘ ਫਰੀਮਾਂਟ***

# ਸਿੱਖ ਤਾਂ ਬਣ ਲਓ ਪਹਿਲਾਂ...

***ਸਾਡੇ ਗੁਰੂ ਸਾਹਿਬਾਨ ਨੇ ਜਿਹੜੀ ਸਿੱਖੀ ਸਾਨੂੰ ਦਿੱਤੀ ਸੀ, ਅਸੀਂ ਅੱਜ ਉਸ ਤੋਂ ਕੋਹਾਂ ਦੂਰ ਜਾ ਚੁਕੇ ਹਾਂ ਜਿਸ ਦਾ ਜਿਉਂਦਾ ਜਾਗਦਾ ਸਬੂਤ ਸਾਡੇ ਗੁਰੂ ਘਰਾਂ ਵਿਚ ਪ੍ਰਬੰਧਕਾਂ ਦੀ ਹਉਮੈ ਹੈ। ਕਹਿਣ ਨੂੰ ਅਸੀਂ ਗੁਰੂ ਘਰ ਹਉਮੈ ਮਾਰਨ ਜਾਂਦੇ ਹਾਂ ਪਰ ਹੁੰਦਾ ਇਸ ਤੋਂ ਉਲਟ ਹੈ। ਇਸੇ ਸਭ ਉਤੇ ਇਸ ਲੇਖ ਵਿਚ ਮਾਸਟਰ ਦੀਵਾਨ ਸਿੰਘ ਨੇ ਉਂਗਲ ਧਰੀ ਹੈ। -ਸੰਪਾਦਕ***

**ਮਾਸਟਰ ਦੀਵਾਨ ਸਿੰਘ**
**ਕਾਰਟਰੇਟ, ਨਿਊ ਜਰਸੀ**
**ਫੋਨ: 732-850-2719**

ਪੰਦਰਵੀਂ ਸਦੀ ਦਾ ਸਮਾਂ ਸੀ, ਜਦੋਂ ਹਿੰਦੂ ਧਰਮ ਦੀਆਂ ਕੁਰੀਤੀਆਂ ਨੇ ਹਿੰਦੂਆਂ ਨੂੰ ਕਮਜ਼ੋਰ ਕਰ ਕੇ ਰੱਖ ਦਿੱਤਾ ਸੀ। ਰੱਬ ਦੀ ਪੂਜਾ ਛੱਡ ਕੇ ਲੋਕ ਲੱਖਾਂ ਦੇਵੀ-ਦੇਵਤਿਆਂ, ਪਸ਼ੂਆਂ, ਪਹਾੜਾਂ, ਪੱਥਰਾਂ ਤੇ ਸੱਪਾਂ ਆਦਿ ਦੀ ਪੂਜਾ ਕਰਨ ਲਗ ਪਏ ਸਨ। ਸਾਰਾ ਸਮਾਜ ਵਹਿਮਾਂ-ਭਰਮਾਂ ਅਤੇ ਪਖੰਡਾਂ ਵਿਚ ਫਸਿਆ ਹੋਇਆ ਸੀ। ਪੰਡਿਤ ਗਲ ਵਿਚ ਜੰਜੂ ਪਾ ਕੇ, ਮੱਥੇ ਤਿਲਕ ਲਾ ਕੇ ਤੇ ਬੋਦੀ ਰੱਖ ਕੇ ਆਪਣੇ ਆਪ ਨੂੰ ਪਵਿੱਤਰ ਤੇ ਮਹਾਨ ਸਮਝਦਾ ਸੀ। ਸ਼ੂਦਰ ਪਸ਼ੂਆਂ ਤੋਂ ਵੀ ਭੈੜੀ ਜ਼ਿੰਦਗੀ ਬਤੀਤ ਕਰ ਰਹੇ ਸਨ। ਗਰੀਬ ਤੇ ਨਾਰੀ ਦੀ ਹਾਲਤ ਬਹੁਤ ਤਰਸਯੋਗ ਸੀ। ਮੁਗਲ ਰਾਜੇ ਹਿੰਦੂਆਂ ਦੀ ਫੁੱਟ ਦਾ ਫਾਇਦਾ ਉਠਾ ਕੇ ਉਨ੍ਹਾਂ 'ਤੇ ਜਬਰ ਜ਼ੁਲਮ ਢਾਹ ਰਹੇ ਸਨ। ਉਸ ਵੇਲੇ ਦੀ ਸੜਦੀ-ਬਲਦੀ ਦੁਨੀਆਂ ਨੂੰ ਠੰਢਕ ਪਾਉਣ ਵਾਸਤੇ 1469 ਈਸਵੀ ਵਿਚ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ।

ਗੁਰੂ ਨਾਨਕ ਦੇਵ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਲੋਕਾਂ ਨੂੰ ਸਮਝਾਇਆ ਕਿ ਰੱਬ ਇਕ ਹੈ, ਉਹ ਮੌਤ ਤੋਂ ਰਹਿਤ ਹੈ, ਉਹ ਸਰਬ-ਸ਼ਕਤੀਮਾਨ ਹੈ, ਉਹ ਸਭ ਕੁਝ ਕਰਨ-ਕਰਾਉਣ ਵਾਲਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਸਾਰੇ ਦੇਵੀ-ਦੇਵਤਿਆਂ, ਪਸ਼ੂਆਂ, ਪਹਾੜਾਂ ਆਦਿ ਨੂੰ ਛੱਡ ਕੇ ਉਸ ਪਰਵਰਦਗਾਰ ਦੀ ਅਰਾਧਨਾ ਕਰੀਏ। ਇਹ ਸਾਰੇ ਪਖੰਡ ਜਿਵੇਂ ਜੰਜੂ ਪਾਉਣਾ, ਬੋਦੀ ਰੱਖਣੀ, ਸੁਆਹ ਮਲਣੀ, ਜਟਾਂ ਰੱਖਣੀਆਂ ਜਾਂ ਘਰੜ ਕਰਾਉਣਾ, ਤੀਰਥਾਂ 'ਤੇ ਇਸ਼ਨਾਨ ਕਰਨੇ ਆਦਿ ਦਾ ਆਤਮਿਕ ਜੀਵਨ ਅਤੇ ਰੱਬ ਨਾਲ ਕੋਈ ਸਬੰਧ ਨਹੀਂ। ਅਸੀਂ ਵਹਿਮਾਂ-ਭਰਮਾਂ ਤੇ ਪਖੰਡਾਂ ਨੂੰ ਛੱਡ ਕੇ, ਉਸ ਪ੍ਰਭੂ ਦਾ ਨਾਮ ਜਪਣਾ ਹੈ।

ਬਾਬੇ ਨਾਨਕ ਨੇ ਸਾਨੂੰ ਜ਼ਿੰਦਗੀ ਨੂੰ ਸਫਲ ਬਣਾਉਣ ਵਾਸਤੇ ਤਿੰਨ ਮੁਢਲੇ ਸਿਧਾਂਤ ਦਿੱਤੇ-ਨਾਮ ਜਪਣਾ, ਸੱਚ ਬੋਲਣਾ ਅਤੇ ਧਰਮ ਦੀ ਕਿਰਤ ਕਰਨੀ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੱਖ ਤੋਂ ਸਿੰਘ ਬਣਾ ਦਿੱਤਾ। ਉਨ੍ਹਾਂ ਸਿੱਖ ਨੂੰ ਸਿਪਾਹੀ ਦਾ ਰੂਪ ਦਿੱਤਾ ਅਤੇ ਫੌਜੀ ਵਰਦੀ ਪਹਿਨਣ ਵਾਸਤੇ ਹਦਾਇਤ ਕੀਤੀ ਤੇ ਜ਼ੁਲਮ ਵਿਰੁਧ ਲੜਨ ਲਈ ਹਰ ਵੇਲੇ ਤਿਆਰ-ਬਰ-ਤਿਆਰ ਰਹਿਣ ਲਈ ਆਖਿਆ।

ਸਿੱਖ ਇਕ ਸਿੱਖਿਆਰਥੀ ਹੈ, ਜਿਹੜਾ ਹਰ ਵੇਲੇ ਕੁਝ ਸਿੱਖਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਕੋਈ ਸਿੱਖ ਗੁਰੂਘਰ ਜਾਂਦਾ ਹੈ ਤਾਂ ਉਸ ਨੇ ਆਪਣੇ ਹੰਕਾਰ ਨੂੰ ਛੱਡ ਕੇ ਸੱਚ ਬੋਲਣਾ ਸਿੱਖਣਾ ਹੈ ਅਤੇ ਆਪਣੇ ਵਿਚ ਤਿਆਗ ਦੀ ਭਾਵਨਾ ਪੈਦਾ ਕਰਨੀ ਅਤੇ ਚੰਗਾ ਭਾਈਚਾਰਾ ਕਾਇਮ ਕਰਨਾ ਹੁੰਦਾ ਹੈ। ਦਸਵੇਂ ਪਾਤਸ਼ਾਹ ਨੇ ਸਾਨੂੰ ਹੁਕਮ ਦਿੱਤਾ, ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ। ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨਾ ਹੈ, ਉਸ ਦਾ ਅਧਿਐਨ ਕਰਨਾ ਹੈ ਅਤੇ ਉਸ ਵਿਚ ਜੋ ਕੁਝ ਲਿਖਿਆ ਹੈ, ਉਸ ਅਨੁਸਾਰ ਆਪਣੀ ਜ਼ਿੰਦਗੀ ਢਾਲਣ ਦੀ ਕੋਸ਼ਿਸ਼ ਕਰਨੀ ਹੈ।

ਅਨੇਕਾਂ ਹੀ ਐਸੇ ਪ੍ਰਾਣੀ ਹਨ ਜੋ ਅੰਮ੍ਰਿਤਧਾਰੀ ਹਨ, ਸੱਚ ਬੋਲਦੇ ਨੇ, ਧਰਮ ਦੀ ਕਿਰਤ ਕਰਦੇ ਨੇ, ਨਾਮ ਜਪਦੇ ਨੇ, ਹੰਕਾਰ ਛੱਡ ਕੇ ਗੁਰੂ ਘਰਾਂ ਵਿਚ ਸੇਵਾ ਕਰਦੇ ਨੇ। ਉਹ ਰੱਬ ਦਾ ਰੂਪ ਨੇ ਅਤੇ ਉਹ ਪੂਜਣਯੋਗ ਨੇ, ਪਰ ਕੁਝ ਐਸੇ ਵੀ ਹਨ, ਜਿਨ੍ਹਾਂ ਦੀ ਸਿੱਖੀ ਕੇਵਲ ਬਾਣੇ ਤੱਕ ਸੀਮਤ ਹੈ, ਧਰਮ ਅਤੇ ਰੱਬ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ। ਝੂਠ ਬੋਲਣਾ ਉਨ੍ਹਾਂ ਦਾ ਰੋਜ਼ ਦਾ ਕੰਮ ਹੈ। ਉਹ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬੈਠ ਕੇ ਸ਼ਰ੍ਹੇਆਮ ਝੂਠ ਬੋਲਦੇ ਨੇ। ਬਾਣੀ ਵਿਚ ਜ਼ਿਕਰ ਆਉਂਦਾ ਹੈ, ਸਚੁ ਸਾਲਾਹੀ ਧੰਨ ਗੁਰਦੁਆਰ॥ ਉਹ ਹੀ ਗੁਰਦੁਆਰਾ ਧੰਨ ਹੈ ਜਿਥੇ ਸੱਚ ਚੱਲਦਾ ਹੈ, ਪਰ ਇਹ ਲੋਕ ਤਾਂ ਗੁਰੂ ਘਰ ਦੀ ਗੋਲਕ ਦੀ ਦੁਰਵਰਤੋਂ ਕਰਦੇ ਨੇ। ਇਨ੍ਹਾਂ ਵਾਸਤੇ ਤਾਂ ਗੁਰੂ ਘਰ ਇਮੀਗ੍ਰੇਸ਼ਨ ਦਾ ਦਫਤਰ ਹੈ ਜਿਥੋਂ ਇਹ ਆਪਣੇ ਰਿਸ਼ਤੇਦਾਰਾਂ ਅਤੇ ਕੁਝ ਹੋਰ ਲੋਕਾਂ ਨੂੰ ਅਮਰੀਕਾ ਦਾ ਵੀਜ਼ਾ ਦਿਵਾ ਕੇ ਧਨ ਕਮਾਉਂਦੇ ਨੇ। ਵੈਸੇ ਤਾਂ ਇਹ ਅੰਮ੍ਰਿਤਧਾਰੀ ਨੇ, ਇਨ੍ਹਾਂ ਨੂੰ ਸਿੰਘ ਆਖਣਾ ਚਾਹੀਦਾ ਹੈ, ਪਰ ਅਸਲ ਵਿਚ ਤਾਂ ਇਹ ਸਿੱਖ ਅਖਵਾਉਣ ਦੇ ਵੀ ਹੱਕਦਾਰ ਨਹੀਂ ਹਨ; ਕਿਉਂਕਿ ਜੇ ਕਛਹਿਰਾ ਅਤੇ ਕਿਰਪਾਨ ਨਾਲ ਸਿੱਖ ਬਣਦੇ ਹੁੰਦੇ ਤਾਂ ਗੁਰੂ ਗੋਬਿੰਦ ਸਿੰਘ ਨੇ ਮਿੱਟੀ ਦਾ ਤੇਲ ਪਾ ਕੇ ਮਸੰਦ ਕਿਉਂ ਫੂਕਣੇ ਸਨ। ਮਸੰਦ ਵੀ ਤਾਂ ਵੱਡੇ-ਵੱਡੇ ਕਛਹਿਰੇ ਪਾਉਂਦੇ ਸਨ, ਵੱਡੀਆਂ-ਵੱਡੀਆਂ ਕਿਰਪਾਨਾਂ ਪਹਿਨਦੇ ਸਨ।

ਗੁਰੂ ਗੋਬਿੰਦ ਸਿੰਘ ਵੇਲੇ ਚੇਤੋ ਨਾਂ ਦਾ ਮਸੰਦ ਹੁੰਦਾ ਸੀ। ਉਹ ਮਸੰਦਾਂ ਦਾ ਵੀ ਸਰਦਾਰ ਸੀ ਅਤੇ ਉਸ ਨੂੰ ਮੁਖੀ ਮਸੰਦ ਆਖਦੇ ਸਨ। ਚੇਤੋ ਨੇ ਗੁਰੂਘਰ ਦੇ ਗਹਿਣੇ ਚੋਰੀ ਕੀਤੇ ਅਤੇ ਗੁਰੂ ਜੀ ਅੱਗੇ ਝੂਠ ਬੋਲਿਆ, ਮੁੱਕਰ ਗਿਆ ਕਿ ਉਸ ਨੇ ਚੋਰੀ ਕੀਤੀ ਹੈ। ਗੁਰੂ ਜੀ ਤਾਂ ਆਪ ਜਾਣੀ-ਜਾਣ ਸਨ। ਉਨ੍ਹਾਂ ਸਿੰਘਾਂ ਨੂੰ ਹੁਕਮ ਦਿੱਤਾ ਕਿ ਪਹਿਲਾਂ ਚੇਤੋ ਦੀਆਂ ਲੱਤਾਂ ਅਤੇ ਬਾਹਾਂ ਵੱਢੀਆਂ ਜਾਣ, ਫਿਰ ਗੁੜ ਦਾ ਕੜਾਹਾ ਗਰਮ ਕੀਤਾ ਜਾਵੇ ਅਤੇ ਚੇਤੋ ਨੂੰ ਉਸ ਤਪਦੇ ਗੁੜ ਦੇ ਕੜਾਹੇ ਵਿਚ ਸੁਟ ਕੇ ਇਸ ਦੇ ਸਿਰ ਵਿਚ ਤਪਦਾ ਤਪਦਾ ਗੁੜ ਪਾ ਕੇ ਸਾੜਿਆ ਜਾਵੇ।

ਅੱਜ ਇਨ੍ਹਾਂ ਮਸੰਦਾਂ ਦੀਆਂ ਔਲਾਦਾਂ ਗੁਰੂ ਘਰਾਂ ਉਤੇ ਕਬਜ਼ਾ ਕਰ ਕੇ ਬੈਠੀਆਂ ਹਨ। ਅੱਜ ਕੱਲ੍ਹ ਵੀ ਗੁਰੂ ਘਰਾਂ ਵਿਚ ਕੁਝ ਮਸੰਦ ਹੁੰਦੇ ਹਨ ਅਤੇ ਇਕ ਉਨ੍ਹਾਂ ਦਾ ਸਰਦਾਰ ਹੁੰਦਾ ਹੈ ਜਿਸ ਨੂੰ ਅਸੀਂ ਮੁਖੀ ਮਸੰਦ ਕਹਿ ਸਕਦੇ ਹਾਂ। ਸਿੱਖ ਤਾਂ ਉਹ ਹੈ ਜੋ, ਆਪਣਾ ਵਿਚਾਰ ਵਿਰਾਨਾ ਸਾਂਢੇ। ਸਿੱਖ ਆਪਣਾ ਵਿਗਾੜ ਕੇ ਵੀ ਦੂਸਰੇ ਦਾ ਸੁਆਰਦਾ ਹੈ, ਪਰ ਇਹ ਮਸੰਦ ਤਾਂ ਗੁਰੂ ਘਰ 'ਤੇ ਕਬਜ਼ਾ ਰੱਖਣ ਲਈ ਕੋਈ ਵੀ ਗਲਤ ਤੋਂ ਗਲਤ ਕੰਮ ਕਰਨ ਲਈ ਤਿਆਰ ਹਨ।

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰ ਪਲਟੀਐ॥
(ਪੰਨਾ 966)

ਗੁਰੂ ਨਾਨਕ ਦੇਵ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ, ਸਾਰੇ ਗੁਰੂ ਇਕ ਹੀ ਜੋਤ ਹਨ। ਤਕਰੀਬਨ ਢਾਈ ਸੌ ਸਾਲ ਦੀ ਕਮਾਈ ਤੋਂ ਬਾਅਦ, ਉਨ੍ਹਾਂ ਨੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ਗੁਰੂ ਗ੍ਰੰਥ ਸਾਹਿਬ ਪੜ੍ਹਨ ਤੋਂ ਬਾਅਦ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਨੇ ਸੱਚ ਬੋਲਣ, ਨਾਮ ਜਪਣ, ਧਰਮ ਦੀ ਕਿਰਤ ਕਰਨ, ਨਿਮਰਤਾ ਵਿਚ ਰਹਿਣ, ਚੁਗਲੀ ਨਿੰਦਾ ਨਾ ਕਰਨ ਉਤੇ ਜ਼ੋਰ ਦਿੱਤਾ ਹੈ, ਵਹਿਮਾਂ-ਭਰਮਾਂ ਤੋਂ ਬਚਣ ਬਾਰੇ ਕਿਹਾ ਹੈ ਅਤੇ ਧਾਰਮਿਕ ਭੇਖ ਨੂੰ ਭੰਡਿਆ ਹੈ,

ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਾਸਾਈ॥

ਭਗਤ ਕਬੀਰ ਜੀ ਫਰਮਾਉਂਦੇ ਹਨ:

ਗੱਲੀ ਜਿਨ੍ਹਾ ਜਪਮਾਲੀਆਂ
ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਸਿ ਕੇ ਠਗ॥

ਇਹ ਲੋਕ ਗਲ ਵਿਚ ਮਾਲਾ ਪਾ ਕੇ ਅਤੇ ਹੱਥਾਂ ਵਿਚ ਲੋਟੇ ਚੁੱਕੀ ਫਿਰਦੇ ਨੇ। ਇਹ ਕੋਈ ਧਰਮੀ ਬੰਦੇ ਨਹੀਂ, ਇਹ ਤਾਂ ਬਨਾਰਸ ਦੇ ਠੱਗ ਹਨ।

ਇਨ੍ਹਾਂ ਪੰਡਿਤਾਂ ਦੀ ਜਗ੍ਹਾ ਹੁਣ ਮਸੰਦਾਂ ਨੇ ਲੈ ਲਈ ਹੈ। ਇਨ੍ਹਾਂ ਨੇ ਵੀ ਗਲਾਂ ਵਿਚ ਕਿਰਪਾਨਾਂ ਪਾ ਕੇ ਅਤੇ ਸਿਰਾਂ ਉਤੇ ਵੱਡੇ-ਵੱਡੇ ਪੱਗੜ ਬੰਨ੍ਹ ਕੇ ਗੁਰੂਘਰਾਂ ਨੂੰ ਲੁੱਟਣਾ ਸ਼ੁਰੂ ਕੀਤਾ ਹੋਇਆ ਹੈ। ਇਹ ਵੀ ਬਨਾਰਸ ਦੇ ਠੱਗਾਂ ਨਾਲੋਂ ਘੱਟ ਨਹੀਂ ਹਨ। ਇਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਨਹੀਂ ਮੰਨਦੇ, ਕਿਉਂਕਿ ਇਹ ਕਹਿੰਦੇ ਹਨ ਕਿ ਇਹ ਬਾਣੀ ਤਾਂ ਗੁਰੂ ਸਾਹਿਬਾਨ ਨੇ ਹਿੰਦੂਆਂ ਨੂੰ ਸਮਝਾਉਣ ਵਾਸਤੇ ਲਿਖੀ ਸੀ। ਇਹ ਮਸੰਦ ਆਪਣੇ ਆਪ ਨੂੰ ਪੱਕੇ ਸਿੱਖ ਸਮਝਦੇ ਹਨ, ਕਿਉਂਕਿ ਇਨ੍ਹਾਂ ਨੇ ਬਾਣਾ ਪਾਇਆ ਹੋਇਆ ਹੈ। ਜੇ ਕੋਈ ਹੋਰ ਸਿੱਖ, ਕਿੰਨਾ ਵੀ ਸੱਚਾ ਹੋਵੇ, ਇਨ੍ਹਾਂ ਨੂੰ ਕੋਈ ਸੁਝਾਅ ਦੇਣ ਦੀ ਕੋਸ਼ਿਸ਼ ਕਰੇ, ਤਾਂ ਇਨ੍ਹਾਂ ਕੋਲੋਂ ਉਸ ਨੂੰ ਇਹ ਸੁਣਨਾ ਪੈਂਦਾ ਹੈ, "ਸਿੱਖ ਤਾਂ ਬਣ ਲਓ ਪਹਿਲਾਂ... ਗੁਰੂ ਵਾਲੇ ਤਾਂ ਬਣ ਲਓ ਪਹਿਲਾਂ।"

ਸਵਾਲ ਹੈ, 1699 ਈਸਵੀ ਵਿਚ ਵਿਸਾਖੀ ਵਾਲੇ ਦਿਨ ਦਸਵੇਂ ਪਾਤਸ਼ਾਹ ਨੇ ਅੰਮ੍ਰਿਤ ਛਕਾ ਕੇ ਸਿੱਖ ਨੂੰ ਸਿੰਘ ਦਾ ਰੂਪ ਦਿੱਤਾ ਸੀ, ਕੀ ਉਸ ਤੋਂ ਪਹਿਲਾਂ ਕੋਈ ਸਿੱਖ ਨਹੀਂ ਸਨ? ਕੀ ਸਾਰੇ ਹੀ ਸਿੱਖ ਬੇਗੁਰੇ ਸਨ? ਕੁਝ ਲੋਕ ਇਹ ਸਮਝਦੇ ਹਨ ਕਿ ਉਹ ਇਸ ਕਰ ਕੇ ਮਹਾਨ ਹਨ ਕਿ ਉਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਹੈ। ਉਹ ਇਸ ਦਾ ਬਹੁਤ ਹੰਕਾਰ ਕਰਦੇ ਹਨ, ਪਰ ਗੁਰੂ ਜੀ ਤਾਂ ਧਾਰਮਿਕ ਭੇਖ ਦਾ ਹੰਕਾਰ ਕਰਨ ਵਾਲਿਆਂ 'ਤੇ ਤਕੜੀ ਚੋਟ ਮਾਰਦੇ ਹਨ,

ਭੇਖ ਕਰੈ ਬਹੁਤੁ ਚਿਤ ਡੋਲੈ
ਅੰਤਰਿ ਕਾਮੁ ਕ੍ਰੋਧੁ ਅਹੰਕਾਰੁ॥
ਅਤੇ
ਅੰਤਰਿ ਲੋਭ ਹਲਕੁ ਦੁਖੁ ਭਾਰੀ
ਬਿਨੁ ਬਿਬੇਕ ਭਰਮਾਇ॥ (ਪੰਨਾ 1132)

ਇਹ ਧਾਰਮਿਕ ਭੇਖੀ ਲੋਕ ਕੁੱਤਿਆਂ ਦੀ ਨਿਆਈਂ ਹਨ। ਇਹ ਮਾਇਆ ਦੇ ਲੋਭੀ ਬੜੇ ਹੰਕਾਰੀ ਹੋ ਚੁੱਕੇ ਹਨ ਅਤੇ ਗੁਰੂ ਘਰਾਂ ਵਿਚ ਕੁੱਤਿਆਂ ਦੀ ਤਰ੍ਹਾਂ ਭੌਂਕਦੇ ਤੇ ਲੜਦੇ ਹਨ। ਕਈ ਵਾਰ ਇਨ੍ਹਾਂ ਦੀ ਭੁੱਖ ਇੰਨੀ ਵਧ ਜਾਂਦੀ ਹੈ ਕਿ ਇਹ ਹਲਕ ਜਾਂਦੇ ਹਨ। ਆਪਣੇ-ਪਰਾਏ ਦਾ ਇਨ੍ਹਾਂ ਨੂੰ ਫਰਕ ਨਹੀਂ ਪਤਾ ਲੱਗਦਾ, ਇਹ ਆਪ ਵੀ ਦੁਖੀ ਹੁੰਦੇ ਹਨ ਅਤੇ ਦੂਜਿਆਂ ਨੂੰ ਵੀ ਵੱਢਦੇ ਹਨ।

ਕੁਰਾਨ ਸ਼ਰੀਫ ਵਿਚ ਲਿਖਿਆ ਹੈ ਕਿ ਅੱਲ੍ਹਾ ਨੇ ਹਰ ਪ੍ਰਾਣੀ ਦੇ ਗਲ ਵਿਚ ਤਖਤੀ ਪਾਈ ਹੋਈ ਹੈ ਜਿਸ ਉਤੇ ਹਰ ਰੋਜ਼ ਦਾ ਲੇਖਾ-ਜੋਖਾ ਲਿਖਿਆ ਜਾਂਦਾ ਹੈ ਅਤੇ ਇਕ ਦਿਨ ਇਸ ਦਾ ਹਿਸਾਬ ਜ਼ਰੂਰ ਹੋਣਾ ਹੈ। ਇਸ ਕਰ ਕੇ ਹਰ ਸਿੱਖ ਨੇ ਪਰਮਾਤਮਾ ਤੋਂ ਡਰ ਕੇ ਰਹਿਣਾ ਹੈ। ਮਨ ਮੂੜੇ ਦੇਖਿ ਰਹਿਉ ਪ੍ਰਭ ਸੁਆਮੀ॥ ਪਰ ਸਾਡੇ ਚੌਧਰੀਆਂ ਨੂੰ ਇਹ ਨਹੀਂ ਪਤਾ ਕਿ ਪਰਮਾਤਮਾ ਇਨ੍ਹਾਂ ਦੀਆਂ ਸਾਰੀਆਂ ਕਰਤੂਤਾਂ ਦੇਖ ਰਿਹਾ ਹੈ।

ਸਿੱਖ ਉਹ ਹੈ ਜੋ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦਾ ਹੈ ਅਤੇ ਦਸਾਂ ਗੁਰੂਆਂ ਦੀ ਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਕਰਦਾ ਹੈ, ਸਦਾ ਸੱਚ ਬੋਲਦਾ ਹੈ, ਨਾਮ ਜਪਦਾ ਹੈ, ਧਰਮ ਦੀ ਕਿਰਤ ਕਰਦਾ ਹੈ, ਹੰਕਾਰ ਨੂੰ ਆਪਣੇ ਅੰਦਰੋਂ ਕੱਢਦਾ ਹੈ। ਸਿੱਖ ਨੂੰ ਅੰਮ੍ਰਿਤ ਛਕਣਾ ਚਾਹੀਦਾ ਹੈ, ਪਰ ਉਸ ਨੂੰ ਮਨ ਵਿਚ ਇਹ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਇਕੱਲਾ ਬਾਣਾ ਪਾਉਣ ਨਾਲ ਪ੍ਰਾਣੀ ਅੰਮ੍ਰਿਤਧਾਰੀ ਨਹੀਂ ਬਣਦਾ। ਜਦੋਂ ਤੱਕ ਉਹ ਅੰਮ੍ਰਿਤ ਬਾਣੀ ਦੀ ਆਪਣੇ ਦਿਲ ਵਿਚ ਧਾਰਨਾ ਨਹੀਂ ਕਰਦਾ, ਬਾਣੇ ਦਾ ਆਤਮਿਕ ਜੀਵਨ ਅਤੇ ਰੱਬ ਨਾਲ ਕੋਈ ਸਬੰਧ ਨਹੀਂ ਹੈ।

# ਜੱਫੀਆਂ ਵੱਫੀਆਂ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਕਿਸੇ ਨੂੰ ਮਿਲਣ ਸਮੇਂ ਚਾਅ ਭਰੇ ਸਵਾਗਤੀ ਭਾਵਨਾਵਾਂ ਦੇ ਪ੍ਰਗਟਾਵੇ ਲਈ ਕੀਤੀ ਜਾਂਦੀ ਸਰੀਰਕ ਹਰਕਤ ਲਈ ਵਰਤੀਆਂ ਜਾਂਦੀਆਂ ਉਕਤੀਆਂ ਹਨ: ਗਲਵੱਕੜੀ ਪਾਉਣਾ, ਅੰਗ ਲਾਉਣਾ, ਸੀਨੇ ਲਾਉਣਾ, ਬਗਲਗੀਰ ਹੋਣਾ, ਗਲੇ ਲਾਉਣਾ, ਕਲਾਵੇ ਵਿਚ ਲੈਣਾ ਆਦਿ। ਇਹ ਸਭ ਉਕਤੀਆਂ ਠੰਡੀਆਂ ਜਿਹੀਆਂ ਹਨ, ਇਨ੍ਹਾਂ ਰਾਹੀਂ ਪੰਜਾਬੀ ਸੁਭਾਅ ਦਾ ਖੁਲ੍ਹਾਪਣ ਅਤੇ ਆਪਮੁਹਾਰਾਪਣ ਸਾਹਮਣੇ ਨਹੀਂ ਆਉਂਦਾ। ਪੰਜਾਬੀ ਲੋਕ ਗਰਮਜੋਸ਼, ਨਿਰਉਚੇਚ, ਡੁਲ੍ਹ-ਡੁਲ੍ਹ ਪੈਂਦੇ ਭਾਵਨਾਵਾਂ ਦੇ ਪ੍ਰਗਟਾਵੇ ਲਈ ਜੱਫੀ ਪਾਉਂਦੇ ਹਨ। ਪੰਜਾਬੀ ਸਭਿਅਤਾ ਵਿਚ ਜੱਫੀ ਪਾਉਣਾ ਗਲੇ ਲਾਉਣ ਦੇ ਤੁੱਲ ਹੁੰਦਿਆਂ ਇਸ ਤੋਂ ਵੀ ਅੱਗੇ ਦੋ ਜਣਿਆਂ ਦੇ ਮਿਲਾਪ ਦਾ ਗਹਿਗੱਚ ਜਸ਼ਨ ਹੈ। ਕੜਾਕੇਦਾਰ, ਵੱਟ-ਕੱਢਵੀਂ ਪੰਜਾਬੀ ਜੱਫੀ ਦੇ ਦਰਸ਼ਨ ਕਰਨੇ ਹੋਣ ਤਾਂ ਵਿਆਹਾਂ ਸਮੇਂ ਹੁੰਦੀਆਂ ਮਿਲਣੀਆਂ ਦੇਖੋ। ਜੱਫੀ ਕਾਹਦੀ, ਇਥੇ ਤਾਂ ਇਕ ਦੂਜੇ ਨੂੰ ਤੋਲਿਆ ਹੀ ਜਾਂਦਾ ਹੈ। ਪੰਜਾਬੀ ਲੋਕ ਆਪਣੀਆਂ ਸ਼ੁਭ ਭਾਵਨਾਵਾਂ ਦਾ ਸਰੀਰ ਰਾਹੀਂ ਖੁੱਲ੍ਹ ਕੇ ਪ੍ਰਦਰਸ਼ਨ ਕਰਦੇ ਹਨ। ਇਕ ਭੀੜ ਦੇ ਹਾਸੇ ਵਿਚ ਪੰਜਾਬੀ ਦਾ ਬੁਲੰਦ ਠਹਾਕਾ ਵੱਖ ਹੀ ਸੁਣਾਈ ਦਿੰਦਾ ਹੈ। ਪੰਜਾਬੀ ਭੰਗੜੇ ਦੇ ਹਰਮਨਪਿਆਰਾ ਹੋਣ ਦਾ ਇਕ ਕਾਰਨ ਭਾਵਾਂ ਦਾ ਜ਼ੋਰਦਾਰ ਸਰੀਰਕ ਪ੍ਰਗਟਾਉ ਹੈ। ਸ਼ਾਇਦ ਪੰਜਾਬੀ ਗੀਤ-ਸੰਗੀਤ ਵਿਚ ਵੀ ਇਹੀ ਸੁਰ ਸੁਣਦੀ ਹੈ।

ਜੱਫੀ ਵਿਪਰੀਤ ਲਿੰਗਾਂ ਵਿਚਕਾਰ ਸਰੀਰਕ ਪਿਆਰ ਕ੍ਰੀੜਾ ਦੀ ਵੀ ਸੰਕੇਤਕ ਹੈ, ਇਸ ਲਈ ਕਈ ਲੋਕ ਇਸ ਸ਼ਬਦ ਦੀ ਵਰਤੋਂ ਤੋਂ ਪ੍ਰਹੇਜ ਕਰਦੇ ਹਨ। ਹੀਰ ਵਾਰਿਸ ਵਿਚੋਂ ਮਿਸਾਲ ਲੈਂਦੇ ਹਾਂ,

ਰਾਂਝਾ ਆਖਦਾ ਜਾਹ ਕੀ ਵੇਖਦੀ ਹੈਂ,
ਬੁਰਾ ਮੌਤ ਥੀਂ ਏਹ ਵਿਜੋਗ ਹੈ ਨੀ।
ਪਏ ਧਾੜਵੀ ਲੁਟ ਲੈ ਚੱਲੇ ਮੈਨੂੰ,
ਏਹ ਦੁੱਖ ਕੀ ਜਾਣਦਾ ਲੋਗ ਹੈ ਨੀ।
ਮਿਲੀ ਸੈਦੇ ਨੂੰ ਹੀਰ ਤੇ ਸਵਾਹ ਮੈਨੂੰ,
ਤੇਰੇ ਨਾਮ ਦਾ ਅਸਾਂ ਨੂੰ ਟੋਗ ਹੈ ਨੀ।
ਬੁੱਕਲ ਲੇਫ ਦੀ ਤੇ ਜੱਫੀ ਵਹੁਟੀਆਂ ਦੀ,
ਇਹ ਰੁਤ ਸਿਆਲ ਦਾ ਭੋਗ ਹੈ ਨੀ।

ਜੱਫੀ ਦਾ ਪੁਲਿੰਗ ਜੱਫਾ ਹੈ ਪਰ ਜੱਫੇ ਦੌਰਾਨ ਦੋ ਬੰਦਿਆਂ ਵਿਚਕਾਰ ਸਵਾਗਤੀ ਭਾਵਾਂ ਦਾ ਆਦਾਨ-ਪ੍ਰਦਾਨ ਨਹੀਂ ਹੁੰਦਾ। ਸ਼ਾਇਦ ਇਸ ਤੋਂ ਕੁਝ ਉਲਟ ਗੱਲ ਜ਼ਰੂਰ ਹੈ। ਜੱਫੇ ਦਾ ਇਕ ਅਰਥ ਤਾਂ ਕਿਸੇ ਨੂੰ ਧੱਕੇ ਨਾਲ ਕਾਬੂ ਕਰ ਲੈਣਾ ਹੈ ਜਿਵੇਂ ਭੀੜ ਵਿਚ ਉਸ ਔਰਤ ਨੂੰ ਇਕ ਓਪਰੇ ਆਦਮੀ ਨੇ ਜੱਫਾ ਪਾ ਲਿਆ। ਕਬੱਡੀ ਦੀ ਖੇਡ ਵਿਚ ਜੱਫਾ ਦਾ ਮਤਲਬ ਹੈ, ਕਬੱਡੀ ਪਾਉਣ ਵਾਲੇ ਖਿਡਾਰੀ (ਧਾਵੀ) ਦੇ ਲੱਕ ਨੂੰ ਜ਼ੋਰ ਨਾਲ ਇਸ ਤਰ੍ਹਾਂ ਵਲ ਲੈਣਾ ਕਿ ਉਸ ਲਈ ਆਪਣੇ ਆਪ ਨੂੰ ਛੁਡਾਉਣਾ ਮੁਸ਼ਕਿਲ ਹੋ ਜਾਵੇ। ਇਸ ਕਰਕੇ ਜੱਫਾ ਪਾਉਣ ਵਾਲੇ ਨੂੰ ਜਾਫੀ ਕਿਹਾ ਜਾਂਦਾ ਹੈ। 'ਜੱਫਾ ਪਾਉਣਾ' ਜਾਂ 'ਜੱਫਾ ਮਾਰਨਾ' ਵਾਕੰਸ਼ਾਂ ਦਾ ਮਤਲਬ ਹੈ, ਕਿਸੇ ਵਿਅਕਤੀ ਜਾਂ ਵਸਤੂ ਨੂੰ ਇਕ ਤਰ੍ਹਾਂ ਮੱਲੋ ਮੱਲੀ ਆਪਣੇ ਕਬਜ਼ੇ ਵਿਚ ਰੱਖਣਾ ਜਿਵੇਂ ਧਨ ਨੂੰ ਜੱਫਾ ਮਾਰਨਾ। ਕੁਸ਼ਤੀ ਕਰਦਿਆਂ ਪਹਿਲਵਾਨ ਅਤੇ ਲੜਾਈ ਕਰਦਿਆਂ ਦੋ ਧਿਰਾਂ ਜੱਫਮ-ਜੱਫਾ ਜਾਂ ਜੱਫੋ-ਜੱਫੀ ਹੋ ਜਾਂਦੀਆਂ ਹਨ। ਅੱਜ ਕਲ੍ਹ ਕਬੱਡੀ ਦੇ ਪ੍ਰਸੰਗ ਵਿਚ ਜੱਫੇ ਲਈ ਜੱਫ ਸ਼ਬਦ ਵੀ ਵਰਤਿਆ ਜਾਣ ਲੱਗਾ ਹੈ। ਉਂਜ ਉਲਝੇ ਜਾਂ ਖੁੱਥੜ ਵਾਲਾਂ ਨੂੰ ਜੱਫ ਕਿਹਾ ਜਾਂਦਾ ਹੈ। 'ਜੱਫ ਬਝ ਜਾਣਾ' ਦਾ ਮਤਲਬ ਹੈ, ਵਾਲਾਂ ਵਿਚ ਅੜਕਾਂ ਪੈ ਜਾਣੀਆਂ। ਇਕ ਕਹਾਵਤ ਹੈ, 'ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜੱਫੇ।'

ਮੁਢਲੇ ਤੌਰ 'ਤੇ ਹਿੰਦੀ ਵਿਚ ਜੱਫੀ ਸ਼ਬਦ ਨਹੀਂ ਮਿਲਦਾ ਪਰ ਹੁਣ ਤਾਂ ਜੱਫੀਆਂ-ਪੱਪੀਆਂ ਵੀ ਚੱਲਣ ਲੱਗ ਪਈਆਂ ਹਨ। ਅਜਿਤ ਵਡਨੇਰਕਰ ਅਨੁਸਾਰ ਵੱਡੀ ਸਕਰੀਨ ਰਾਹੀਂ ਪੰਜਾਬੀ ਜੱਫੀ ਹਿੰਦੀ ਸਮੇਤ ਹੋਰ ਭਾਸ਼ਾਵਾਂ ਵਿਚ ਵੀ ਪਹੁੰਚ ਗਈ ਹੈ। ਫਿਲਮਾਂ ਵਿਚ ਪਹਿਲੀ ਵਾਰ ਇਸ ਸ਼ਬਦ ਦੀ ਵਰਤੋਂ ਦਾ ਪਤਾ ਮੈਨੂੰ 60ਵਿਆਂ ਵਿਚ ਆਈ ਫਿਲਮ 'ਸਗਾਈ' ਦੇ ਇਸ ਗਾਣੇ ਤੋਂ ਲੱਗਾ ਸੀ,

"ਓ ਭਾਪੇ ਨਾ ਸ਼ਰਮਾ,
ਕੁਛ ਗਰਮੀ ਸਰਦੀ ਖਾਹ,
ਆਜ ਖੁਸ਼ੀ ਕਾ ਦਿਨ ਹੈ
ਪਿਆਰੇ ਜੱਫੀ ਵੱਫੀ ਪਾ।"

ਸ਼ਾਇਦ ਪਹਿਲਾਂ ਵੀ ਕਿਸੇ ਹੋਰ ਫਿਲਮ ਵਿਚ ਇਹ ਸ਼ਬਦ ਆਇਆ ਹੋਵੇ। ਕੋਈ ਇਕ ਦਹਾਕਾ ਪਹਿਲਾਂ ਸੰਜੇ ਦੱਤ ਦੀ ਫਿਲਮ 'ਮੁੰਨਾ ਭਾਈ ਐਮ. ਬੀ. ਬੀ. ਐਸ.' ਤੋਂ 'ਜਾਦੂ ਕੀ ਝੱਪੀ' ਉਕਤੀ ਪ੍ਰਚਲਿਤ ਹੋ ਗਈ ਜਿਸ ਦਾ ਮਤਲਬ ਹੈ ਕਿ ਕਿਸੇ ਬਹੁਤ ਦੁਖੀ ਆਦਮੀ ਨੂੰ ਨੌ-ਬਰ-ਨੌ ਕਰਨ ਲਈ ਪਿਆਰ ਭਰੀ ਜੱਫੀ ਕਾਫੀ ਹੁੰਦੀ ਹੈ। ਹਿੰਦੀ ਵਿਚ ਪ੍ਰਚਲਿਤ ਝੱਪੀ ਸ਼ਬਦ ਵੀ ਪੰਜਾਬੀ ਜੱਫੀ ਦਾ ਹੀ ਰੂਪ ਹੈ ਤੇ ਇਸ ਦੀ ਉਮਰ ਇਨ੍ਹਾਂ ਫਿਲਮਾਂ ਜਿੰਨੀ ਹੀ ਹੈ। ਬਾਲੀਵੁੱਡ ਪੰਜਾਬੀਆਂ ਨਾਲ ਭਰਿਆ ਪਿਆ ਹੈ। ਇਸ ਲਈ ਭਾਵੇਂ ਪੰਜਾਬੀ ਫਿਲਮਾਂ ਬਹੁਤ ਘਟ ਬਣਦੀਆਂ ਹਨ ਪਰ ਹਿੰਦੀ ਫਿਲਮਾਂ ਵਿਚ ਪੰਜਾਬੀ ਕਲਾ, ਸੰਸਕ੍ਰਿਤੀ ਅਤੇ ਭਾਸ਼ਾ ਦੀ ਖੁਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਜਾਣਕਾਰ ਦੱਸਦੇ ਹਨ ਕਿ ਤਾਮਿਲ ਫਿਲਮਾਂ ਵਿਚ



ਵੀ ਪੰਜਾਬੀ ਦੀ ਪੁੱਠ ਚੜ੍ਹਨ ਲੱਗ ਪਈ ਹੈ।

ਅਮਰਵੰਤ ਸਿੰਘ ਦੇ ਕੋਸ਼ 'ਅਰਬੀ ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ' ਅਨੁਸਾਰ ਜੱਫੀ ਸ਼ਬਦ ਅਰਬੀ ਜਫਾਅ ਜਿਸ ਦਾ ਮਤਲਬ ਜ਼ੁਲਮ, ਸਿਤਮ ਆਦਿ ਹੈ, ਤੋਂ ਬਣਿਆ ਹੈ। ਕੋਸ਼ ਵਿਚ ਜੱਫਾ/ਜੱਫੀ ਦਾ ਪੰਜਾਬੀ ਅਰਥ 'ਦੋਹਾਂ ਬਾਹਾਂ ਵਿਚ ਲੈ ਕੇ ਘੁਟਣ ਦੀ ਕ੍ਰਿਆ, ਘੁੱਟ ਕੇ ਛਾਤੀ ਨਾਲ ਲਾਉਣ ਦੀ ਕ੍ਰਿਆ' ਦੱਸਿਆ ਹੈ। ਹੂਬਹੂ ਇਨ੍ਹਾਂ ਹੀ ਸ਼ਬਦਾਂ ਵਿਚ 'ਮਹਾਨ ਕੋਸ਼' ਨੇ ਜੱਫੀ ਸ਼ਬਦ ਦਾ ਅਰਥਾਪਣ ਕੀਤਾ ਹੈ। ਸਪੱਸ਼ਟ ਹੈ ਕਿ ਅਮਰਵੰਤ ਸਿੰਘ ਨੇ 'ਮਹਾਨ ਕੋਸ਼' ਦੀ ਮੱਖੀ 'ਤੇ ਮੱਖੀ ਮਾਰੀ ਹੈ। ਸ਼ਾਇਦ ਭਾਈ ਕਾਹਨ ਸਿੰਘ ਨਾਭਾ ਨੇ ਜੱਫੀ ਵਿਚ ਘੁਟਣ ਦੀ ਕ੍ਰਿਆ ਨਾਲ ਹੁੰਦੀ ਸਰੀਰਕ ਪੀੜ ਨੂੰ ਜ਼ੁਲਮ, ਸਿਤਮ ਨਾਲ ਮਿਲਾ ਕੇ ਦੇਖਦਿਆਂ ਅਜਿਹਾ ਨਤੀਜਾ ਕੱਢਿਆ ਹੈ। ਪਰ ਜੱਫੀ ਦੀ ਕ੍ਰਿਆ ਵਿਚ ਕਿਸੇ ਦੀ ਖਿੜੇ ਮੱਥੇ ਸਵੀਕ੍ਰਿਤੀ ਦੇ ਭਾਵ ਉਭਰਦੇ ਹਨ। ਕਈਆਂ ਨੂੰ ਪਰਪੀੜਨ ਨਾਲ ਸੁਆਦ ਆਉਂਦਾ ਹੈ ਪਰ ਜੱਫੀ ਵਿਚ ਅਜਿਹੀ ਪੀੜਾ ਦਾ ਕੋਈ ਖਾਸ ਅਨੁਭਵ ਨਹੀਂ ਹੁੰਦਾ। ਜੇ ਅਰਬੀ ਜਾਂ ਇਸ ਤੋਂ ਅੱਗੇ ਫਾਰਸੀ ਵਿਚ ਦਾਖਲ ਹੋ ਗਏ ਜਫਾ ਸ਼ਬਦ ਦੇ ਅਰਥ ਕੁਝ ਹੱਦ ਤੀਕ ਘੁੱਟਣ ਦੇ ਹੁੰਦੇ ਤਾਂ ਸਾਨੂੰ ਜੱਫੀ ਸ਼ਬਦ ਦੇ ਇਸ ਮੂਲ ਤੋਂ ਬਣੇ ਹੋਣ ਵਿਚ ਵਜ਼ਨ ਜਾਪਦਾ। ਆਵਾਸੀ ਸ਼ਬਦ ਦੇ ਅਰਥਾਂ ਵਿਚ ਜੇ ਏਨਾ ਫਰਕ ਪੈਂਦਾ ਹੋਵੇ ਤਾਂ ਕੋਸ਼ਕਾਰ ਨੂੰ ਘੱਟੋ ਘੱਟ ਕੁਝ ਸੰਕੇਤ ਤਾਂ ਦੇਣਾ ਚਾਹੀਦਾ ਹੈ ਕਿ ਅਜਿਹਾ ਕਿਉਂ ਹੈ?

ਮੁਢਲੇ ਤੌਰ 'ਤੇ ਅਰਬੀ ਭਾਸ਼ਾ ਦੇ ਲਫਜ਼ 'ਜਫਾ' ਵਿਚ ਖਰਵੇਂਪਣ ਦੇ ਭਾਵ ਹਨ। ਜ਼ੁਲਮ ਸਿਤਮ ਵਾਲੇ ਅਰਥ ਫਾਰਸੀ ਵਿਚ ਜਾ ਕੇ ਨਿਖਰਦੇ ਹਨ। ਉਰਦੂ, ਪੰਜਾਬੀ ਆਦਿ ਸ਼ਾਇਰੀ ਵਿਚ ਜਫਾ ਤੇ ਵਫਾ-ਦੋ ਟਕਰਾਵੇਂ ਸ਼ਬਦ ਅਕਸਰ ਹੀ ਇਕੋ ਵਾਕ ਵਿਚ ਮਿਲਦੇ ਹਨ। ਮਸ਼ਹੂਰ ਗੀਤ ਹੈ, 'ਹਮ ਨੇ ਜਫਾ ਨਾ ਸੀਖੀ ਤੁਮਕੋ ਵਫਾ ਨਾ ਆਈ।' ਇਸ ਤਰ੍ਹਾਂ ਅਸੀਂ ਜਫਾ ਸ਼ਬਦ ਨੂੰ ਬਹੁਤਾ ਬੇਵਫਾਈ ਦੇ ਅਰਥਾਂ ਵਿਚ ਹੀ ਸਮਝਦੇ ਹਾਂ।

'ਜ' ਅਤੇ 'ਝ' ਧੁਨੀ ਵਿਚ ਤੇਜ਼ੀ, ਫੁਰਤੀ, ਜਲਦਬਾਜ਼ੀ ਦਾ ਭਾਵ ਹੈ। ਅਸੀਂ ਇਨ੍ਹਾਂ ਦੋਨਾਂ ਧੁਨੀਆਂ ਤੋਂ ਬਣੇ ਕੁਝ ਸ਼ਬਦਾਂ 'ਤੇ ਵਿਚਾਰ ਕਰਦੇ ਹਾਂ। 'ਜ' ਧੁਨੀ ਤੋਂ 'ਜੱਪ' ਜਿਹਾ ਧਾਤੂ ਸਾਹਮਣੇ ਆਉਂਦਾ ਹੈ ਜਿਸ ਵਿਚ ਘੁੱਟਣ, ਨਪੀੜਨ, ਦੱਬਣ ਦੇ ਭਾਵ ਹਨ। ਪਾਲੀ ਭਾਸ਼ਾ ਦੇ ਸ਼ਬਦ ਜੱਪਾ ਦਾ ਅਰਥ ਹੈ-ਲਾਲਸਾ, ਲੋਭ, ਮੋਹ ਆਦਿ। ਬੰਗਾਲੀ ਜਾਪਟਾ ਦਾ ਅਰਥ ਹੈ-ਘੁੱਟ ਕੇ ਫੜਨਾ, ਜੱਫੀ ਪਾਉਣਾ। ਅਸੀਂ ਪਿਛੇ ਦੇਖਿਆ ਹੈ ਕਿ ਜੱਫੀ ਦੌਰਾਨ ਦੂਜੇ ਵੱਲ ਅਹੁਲ ਕੇ ਉਸ ਦੇ ਸਰੀਰ 'ਤੇ ਟੁੱਟ ਪੈਣ ਦੀ ਕ੍ਰਿਆ ਪ੍ਰਦਰਸ਼ਤ ਹੁੰਦੀ ਹੈ। ਇਹ ਕ੍ਰਿਆ ਝਟਾਪਟੀ ਵਿਚ ਹੁੰਦੀ ਹੈ। ਪੰਜਾਬੀ ਤੇ ਹਿੰਦੀ ਦੇ ਝਪ ਸ਼ਬਦ ਵਿਚ ਤੇਜ਼ੀ, ਫੁਰਤੀ, ਚੰਚਲਤਾ ਦੇ ਭਾਵ ਹਨ, "ਝਪ ਝੂਲਤ ਕਲਗੀ ਬਰ ਤੁੰਗਾ।" (ਗੁਪ੍ਰਸੂ)। ਇਸੇ ਦਾ ਇਕ ਰੂਪ ਹੈ ਝਬ,

ਅੱਜ ਘਰ ਵਿਚ ਨਵੀਂ ਕਪਾਹ ਕੁੜੇ,
ਤੂੰ ਝਬ ਝਬ ਵੇਲਣਾ ਡਾਹ ਕੁੜੇ,
ਰੂੰ ਵੇਲ ਪਿੰਜਾਵਣ ਜਾਹ ਕੁੜੇ,
ਮੁੜ ਕੱਲ੍ਹ ਨਾ ਤੇਰਾ ਜਾਣ ਕੁੜੇ।
ਕਰ ਕੱਤਣ ਵੱਲ ਧਿਆਨ ਕੁੜੇ।

ਝੱਬ ਜਾਂ ਝਪ ਅੱਖ ਝਪਕਣ ਦਾ ਸਮਾਂ ਵੀ ਹੈ ਇਸ ਲਈ ਇਸ ਤੋਂ ਅੱਖ ਦਾ ਝਪਕਣਾ ਸ਼ਬਦ ਵੀ ਬਣਿਆ ਹੈ। ਝਪਕੀ ਉਹ ਹੈ ਜੋ ਅੱਖ ਦੇ ਝਪਕਣ ਸਮੇਂ ਜਿੰਨੀ ਨੀਂਦ ਹੈ। ਸੰਸਕ੍ਰਿਤ ਵਿਚ ਇਕ ਸ਼ਬਦ ਮਿਲਦਾ ਹੈ, 'ਝੰਪ' ਜਿਸ ਵਿਚ ਉਛਲਨਾ-ਕੁੱਦਣਾ ਦੇ ਭਾਵ ਹਨ। ਲਹਿੰਦੀ ਵਿਚ ਝੱਪਣਾ ਸ਼ਬਦ ਇਸੇ ਅਰਥ ਵਿਚ ਮੌਜੂਦ ਹੈ। ਸਬੱਬ ਹੈ ਕਿ ਇਹ ਅੰਗਰੇਜ਼ੀ ਜੰਪ (Jump) ਨਾਲ ਧੁਨੀ ਅਤੇ ਅਰਥ ਪੱਖੋਂ ਸਾਂਝ ਰੱਖਦਾ ਹੈ ਪਰ ਦੋਵੇਂ ਸ਼ਬਦ ਸੁਜਾਤੀ ਨਹੀਂ ਹਨ। ਧੁਨੀ-ਅਨੁਕਰਣਕ ਸ਼ਬਦ ਵੱਖੋ-ਵੱਖ ਭਾਸ਼ਾਵਾਂ ਵਿਚ ਸੁਤੰਤਰ ਤੌਰ 'ਤੇ ਉਤਪੰਨ ਹੋ ਸਕਦੇ ਹਨ। ਜੱਫੀ ਦੇ ਅਰਥਾਂ ਵਿਚ ਗੁਰਬਾਣੀ ਵਿਚ ਉਪਲਬਧ ਸਭ ਤੋਂ ਨਜ਼ਦੀਕੀ ਦਾ ਸ਼ਬਦ ਹੈ, ਝਪੀੜਾ, "ਮੇਰੇ ਮਨਿ ਤਨਿ ਪ੍ਰੀਤਿ ਲਗਾਈ ਹਰਿ ਮਿਲਿਓ ਲਾਇ ਝਪੀੜਾ॥" ਸੰਭਵ ਹੈ, ਝਪੀੜਾ ਸ਼ਬਦ ਝਪ+ਪੀੜਾ ਤੋਂ ਬਣਿਆ ਹੋਵੇ ਜਿਸ ਵਿਚ ਝਬਦੇ ਆ ਕੇ ਕਿਸੇ ਨੂੰ ਪੀੜਨ ਅਰਥਾਤ ਘੁੱਟਣ ਦਾ ਅਰਥ ਉਜਾਗਰ ਹੁੰਦਾ ਹੈ।

ਵਾਲਟਰ ਪੁਲਨ ਹੇਅਰਜ਼ ਦੇ 'ਅੰਗਰੇਜ਼ੀ-ਪੰਜਾਬੀ ਕੋਸ਼' ਵਿਚ ਮੈਨੂੰ ਜੱਫੀ ਦਾ ਇਕ ਰੁਪਾਂਤਰ ਜਾਂਭੜੀ ਮਿਲਿਆ ਹੈ। ਮਰਾਠੀ ਵਿਚ ਜੱਫੀ ਲਈ ਝੌਂਬੜਾ ਅਤੇ ਬੰਗਾਲੀ ਵਿਚ ਜਪਟਾਨੋ ਹੈ। ਇਹ ਸਭ ਸ਼ਬਦ ਝਪਟਣਾ ਦੇ ਨਜ਼ਦੀਕ ਹਨ। 'ਝ' ਧੁਨੀ ਵਿਚ ਹਿਲਜੁੱਲ, ਗਤੀ, ਤੇਜ਼ੀ ਆਦਿ ਦੇ ਭਾਵ ਹਨ। ਉਪਰ ਗਿਣਾਏ ਗਏ ਸਾਰੇ ਸ਼ਬਦਾਂ ਵਿਚ ਇਹੋ ਭਾਵ ਹਨ। ਇਸ ਤਰ੍ਹਾਂ ਜੱਫੀ ਦੀ ਕ੍ਰਿਆ ਵਿਚ ਵੀ ਤੇਜ਼ੀ ਨਾਲ ਅੱਗੇ ਵੱਲ ਵਧਦੇ ਹੋਏ ਕਿਸੇ ਨੂੰ ਕਾਬੂ ਕਰਨ ਦੇ ਭਾਵ ਸਾਹਮਣੇ ਆਉਂਦੇ ਹਨ।

# ਜੂੜੇ ਵਾਲਾ ਮੁੰਡਾ

ਪ੍ਰਿੰਸੀਪਲ ਸਰਵਣ ਸਿੰਘ ਦਾ ਲਿਖਿਆ ਰੇਖਾ ਚਿੱਤਰ ਪਹਿਲੀ ਵਾਰ 1975-76 ਵਿਚ ਪੜ੍ਹਿਆ ਸੀ। ਪੰਜਾਬ ਦੇ ਮਹਾਨ ਖਿਡਾਰੀਆਂ ਨੂੰ ਰੌਚਕ ਨਾਮ ਦੇ ਕੇ ਉਨ੍ਹਾਂ ਬਾਰੇ ਲਿਖਿਆ ਸੀ, ਬਹੁਤ ਦਿਲਚਸਪ। ਮੈਂ ਅੱਜ ਵੀ ਉਨ੍ਹਾਂ ਦੇ ਲਿਖੇ ਲੇਖ ਬੜੇ ਸ਼ੌਕ ਨਾਲ ਪੜ੍ਹਦਾ ਹਾਂ। ਕੁਝ ਦਿਨ ਪਹਿਲਾਂ ਉਨ੍ਹਾਂ ਦਾ ਸਿੱਖ ਹਾਕੀ ਖਿਡਾਰੀਆਂ ਬਾਰੇ ਲਿਖਿਆ ਲੇਖ ਪੜ੍ਹਿਆ ਤਾਂ ਸੋਚ ਮੈਨੂੰ ਆਪਣੇ ਨਾਲ ਖੇਡਦੇ ਸਿੱਖ ਖਿਡਾਰੀਆਂ ਵੱਲ ਲੈ ਗਈ। ਪੁਰਾਣੇ ਸਾਥੀ ਬੜੇ ਚੇਤੇ ਆਏ। ਇਕ ਚੇਤਾ ਹੋਰ ਵੀ ਆਇਆ ਜੋ ਜੂੜੇ ਉਤੇ ਚਿੱਟਾ ਰੁਮਾਲ

ਪਰਦੀਪ ਸੈਨ ਹੋਜ਼ੇ

ਬੰਨ੍ਹੀ ਅੱਠ ਕੁ ਸਾਲ ਦੇ ਮੁੰਡੇ ਦਾ ਹੈ। ਉਸ ਅਤੇ ਉਸ ਦੇ ਪਰਿਵਾਰ ਨੂੰ ਨਾ ਮੈਂ ਉਦੋਂ ਜਾਣਦਾ ਸੀ ਅਤੇ ਨਾ ਹੀ ਅੱਜ। ਇਸੇ ਤਰ੍ਹਾਂ ਉਹ ਪਰਿਵਾਰ ਵੀ ਮੈਨੂੰ ਨਹੀਂ ਜਾਣਦਾ। ਉਹਦੀ ਨਿੱਕੀ ਜਿਹੀ ਕਹਾਣੀ ਕੋਈ ਅੱਠ ਕੁ ਸਾਲ ਪਹਿਲਾਂ ਦੀ ਹੈ। ਇਸ ਨੂੰ ਸ਼ੁਰੂ ਕਰਨ ਲਈ ਮੈਨੂੰ ਉਸ ਬਾਰੇ ਅਤੇ ਜਿਸ ਸੌਕਰ ਲੀਗ ਵਿਚ ਉਹ ਖੇਡਦਾ ਸੀ, ਬਾਰੇ ਦੱਸਣਾ ਪਵੇਗਾ। ਨਾਲੇ ਆਪਣੇ ਬਾਰੇ ਜਾਣਕਾਰੀ ਦੇਣੀ ਪਵੇਗੀ।

ਮੇਰਾ ਪਿਛੋਕੜ ਪਿੱਛੋਂ ਸੌਕਰ ਦਾ ਹੈ, ਪਰ ਵਿਦੇਸ਼ ਆਉਣ ਨਾਲ ਇਹ ਰਾਬਤਾ ਬਿਲਕੁਲ ਟੁੱਟ ਚੁੱਕਾ ਸੀ। ਪੱਕੇ ਹੋ ਕੇ ਪਰਿਵਾਰ ਬਣਾ ਲਿਆ, ਬੇਟੇ ਦਾ ਜਨਮ ਹੋਇਆ। ਜਦੋਂ ਮੇਰਾ ਬੇਟਾ ਛੇ-ਸੱਤ ਸਾਲ ਦਾ ਹੋਇਆ ਤਾਂ ਮੇਰੇ ਅੰਦਰ ਫਿਰ ਸੌਕਰ ਦਾ ਕੀੜਾ ਜਾਗ ਪਿਆ। ਮੈਂ ਉਸ ਨੂੰ ਲੈ ਕੇ ਆਪਣੇ ਨੇੜੇ ਦੀ ਸੌਕਰ ਲੀਗ ਵਿਚ ਦਾਖਲ ਕਰਵਾਉਣ ਚਲਾ ਗਿਆ। ਉਥੇ ਫਾਰਮ ਭਰਨ ਵਾਲੇ ਗੋਰੇ ਨੇ ਮੈਨੂੰ ਮੇਰੀ ਸੌਕਰ ਦੀ ਜਾਣਕਾਰੀ ਬਾਰੇ ਪੁੱਛਿਆ। ਜਦੋਂ ਮੈਂ ਉਸ ਨੂੰ ਜਾਣਕਾਰੀ ਦਿੱਤੀ ਤਾਂ ਉਹ ਹੈਰਾਨ ਸੀ। ਗੋਰੇ ਲੋਕ ਜ਼ਿਆਦਾ ਸੌਕਰ ਬਾਰੇ ਨਹੀਂ ਸਨ ਜਾਣਦੇ। ਉਸ ਨੇ ਮੈਨੂੰ ਦੱਸਿਆ ਕਿ ਲੀਗ ਕੋਲ ਪ੍ਰੋਗਰਾਮ ਹੈ, ਜੋ ਨਵੇਂ ਕੋਚਾਂ ਦੀ ਟਰੇਨਿੰਗ ਦਾ ਪ੍ਰਬੰਧ ਕਰਦੀ ਹੈ। ਤੈਨੂੰ ਕਾਫੀ ਜਾਣਕਾਰੀ ਹੈ, ਸੋ ਤੂੰ ਟੀਮ ਦਾ ਕੋਚ ਬਣ ਜਾ।

ਉਸ ਨੇ ਦੱਸਿਆ ਕਿ ਲੀਗ ਮੁਫਤ ਵਿਚ ਕੋਚਾਂ ਦੀ ਵਰਕਸ਼ਾਪ ਲਾਉਂਦੀ ਹੈ, ਜਿਸ ਵਿਚ ਸੌਕਰ ਤੋਂ ਇਲਾਵਾ ਬੱਚਿਆਂ ਨਾਲ ਕਿਵੇਂ ਵਿਹਾਰ ਕਰਨਾ ਹੈ, ਤੇ ਉਨ੍ਹਾਂ ਦੇ ਹੌਸਲੇ ਕਿਵੇਂ ਬੁਲੰਦ ਰੱਖਣੇ ਹਨ, ਬਾਰੇ ਦੱਸਿਆ ਜਾਂਦਾ ਹੈ। ਇਹ 'ਰੀਕ੍ਰੀਏਸ਼ਨ ਲੀਗ' ਸੀ, ਭਾਵ 'ਨੋ ਪਰੌਫਿਟ'। ਸਾਰੇ ਜਣੇ ਮੁਫਤ ਸੇਵਾ ਕਰਦੇ ਸਨ। ਉਸ ਸਮੇਂ ਲੀਗ ਵਿਚ ਅੱਠ ਸੌ ਦੇ ਕਰੀਬ ਬੱਚੇ ਸਨ ਜੋ ਬਾਅਦ ਵਿਚ ਮੇਰੇ ਹੁੰਦੇ ਹੀ ਸੋਲਾਂ ਸੌ ਤੋਂ ਉਪਰ ਹੋ ਗਏ। ਕੁੱਲ ਟੀਮਾਂ ਦੀ ਗਿਣਤੀ ਸੌ ਤੋਂ ਉਪਰ ਸੀ। ਹਰ ਟੀਮ ਕੋਲ ਕੋਚ ਅਤੇ ਸਹਾਇਕ ਕੋਚ ਸੀ।

ਮੈਂ ਨਵਾਂ ਸੀ ਅਤੇ ਗੋਰਿਆਂ ਵਿਚ ਇਕੱਲਾ ਹੀ ਪੰਜਾਬੀ, ਇਸ ਕਰ ਕੇ ਮੈਂ ਇਸ ਜ਼ਿੰਮੇਵਾਰੀ ਤੋਂ ਇਨਕਾਰ ਕਰ ਦਿੱਤਾ, ਪਰ ਉਨ੍ਹਾਂ ਮੈਨੂੰ ਮੇਰੇ ਬੇਟੇ ਦੀ ਟੀਮ ਵਿਚ ਸਹਾਇਕ ਕੋਚ ਬਣਾ ਲਿਆ। ਹੈਡ ਕੋਚ ਲਾਟੀਨੋ ਸੀ, ਬਹੁਤ ਵਧੀਆ ਇਨਸਾਨ ਅਤੇ ਲੀਗ ਦੇ ਬੋਰਡ ਦਾ ਮੈਂਬਰ ਵੀ। ਮੇਰੇ ਉਸ ਨਾਲ ਵਧੀਆ ਸਬੰਧ ਬਣ ਗਏ ਜੋ ਅੱਜ ਵੀ ਹਨ। ਮੈਂ ਲੀਗ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਕੋਚਿੰਗ ਦੇ ਕੈਂਪ ਵੀ ਲਾਏ। ਮੇਰੇ ਹੈਡ ਕੋਚ ਦਾ ਮੁੰਡਾ ਮੇਰੇ ਮੁੰਡੇ ਤੋਂ ਇਕ ਸਾਲ ਵੱਡਾ ਸੀ। ਸੋ, ਜਦੋਂ ਉਹ ਵਡੀ ਉਮਰ ਦੇ ਗਰੁੱਪ ਵਿਚ ਚਲ ਗਿਆ ਤਾਂ ਮੈਂ ਆਪਣੇ ਬੇਟੇ ਨੂੰ ਉਮਰ ਕਰ ਕੇ ਉਸੇ ਗਰੁੱਪ ਵਿਚ ਰੱਖਿਆ ਅਤੇ ਉਸ ਦੀ ਟੀਮ ਦਾ ਕੋਚ ਬਣ ਗਿਆ। ਲੀਗ ਅਤੇ ਰੂਲਜ਼ ਬਾਰੇ ਦੱਸਣਾ ਵੀ ਜ਼ਰੂਰੀ ਹੈ। ਲੀਗ ਨੂੰ ਬੱਚਿਆਂ ਦੀ ਉਮਰ ਦੇ ਹਿਸਾਬ ਨਾਲ ਵੰਡਿਆ ਗਿਆ ਸੀ; ਜਿਵੇਂ ਅੰਡਰ-6, ਅੰਡਰ-8, ਅੰਡਰ-10, ਅੰਡਰ-12, ਅਤੇ ਅੰਡਰ-14 ਆਖਰੀ ਉਮਰ ਗਰੁੱਪ ਸੀ। ਸਾਲ ਵਿਚ ਦੋ ਸੀਜ਼ਨ ਸਨ-ਸਪਰਿੰਗ ਅਤੇ ਫਾਲ। ਸੋ, ਹਰ ਬੱਚਾ ਇਕ ਉਮਰ ਗਰੁੱਪ ਵਿਚ ਚਾਰ ਸੀਜ਼ਨ ਖੇਡਦਾ ਸੀ। ਉਸ ਤੋਂ ਬਾਅਦ ਉਮਰ ਦੇ ਹਿਸਾਬ ਨਾਲ ਉਪਰ ਵਾਲੇ ਗਰੁੱਪ ਵਿਚ ਚਲਾ ਜਾਂਦਾ ਸੀ।



ਲੀਗ ਦਾ ਮੁੱਖ ਉਦੇਸ਼ ਬੱਚਿਆਂ ਦਾ ਸ਼ੁਗਲ, ਸੇਫਟੀ ਅਤੇ ਬਰਾਬਰੀ ਸੀ। ਜਿੱਤ ਹਾਰ ਦੀ ਲੀਗ ਬਹੁਤੀ ਪ੍ਰਵਾਹ ਨਹੀਂ ਸੀ ਕਰਦੀ। ਰੰਗ ਭੇਦ, ਅਮੀਰ ਗਰੀਬ ਦਾ ਕੋਈ ਮਤਲਬ ਨਹੀਂ ਸੀ। ਦਾਖਲੇ ਦੇ ਪੈਸਿਆਂ ਵਿਚੋਂ ਬੱਚਿਆਂ ਨੂੰ ਟੀ-ਸ਼ਰਟ, ਸ਼ੌਰਟ ਅਤੇ ਸੌਕਸ ਦਿੱਤੇ ਜਾਂਦੇ ਸਨ। ਇਨ੍ਹਾਂ ਉਪਰ ਟੀਮ ਦਾ ਲੋਗੋ ਹੁੰਦਾ ਸੀ। ਗੇਮ ਤੋਂ ਪਹਿਲਾਂ ਡਰੈਸ ਕੋਰਡ ਚੈਕ ਕੀਤਾ ਜਾਂਦਾ ਸੀ। ਕੋਈ ਵੀ ਅਮੀਰ ਬੱਚਾ ਨਾਮੀ ਬਰਾਂਡ ਦੇ ਸੌਕਸ ਜਾਂ ਸ਼ੌਰਟ ਪਾ ਕੇ ਨਹੀਂ ਖੇਡ ਸਕਦਾ ਸੀ। ਕੋਈ ਦਸਤਾਨੇ ਜਾਂ ਰੰਗੇ ਵਾਲਾਂ ਨਾਲ ਵੀ ਨਹੀਂ ਖੇਡ ਸਕਦਾ ਸੀ। ਇਹ ਸਭ ਕੁਝ ਬੱਚਿਆਂ ਨੂੰ ਬਰਾਬਰ ਰੱਖਣ ਲਈ ਕੀਤਾ ਜਾਂਦਾ ਸੀ।


ਮੇਰਾ ਕੰਮ-ਕਾਰ ਠੀਕ ਸੀ। ਹਫਤੇ ਵਿਚ ਦੋ ਦਿਨ ਪ੍ਰੈਕਟਿਸ ਅਤੇ ਹਰ ਸਨਿਚਰਵਾਰ ਗੇਮ ਹੁੰਦੀ ਸੀ। ਮੈਂ ਸਨਿਚਰਵਾਰ ਸਾਰਾ ਦਿਨ ਗਰਾਊਂਡਾਂ ਵਿਚ ਰਹਿ ਕੇ ਲੀਗ ਦੀ ਸੇਵਾ ਕਰਦਾ। ਇਸ ਨਾਲ ਲੀਗ ਵਿਚ ਮੇਰਾ ਕਾਫੀ ਪ੍ਰਭਾਵ ਸੀ।

ਜਦੋਂ ਮੈਂ ਅੰਡਰ-12 ਲਈ ਆਪਣੇ ਬੇਟੇ ਦੀ ਟੀਮ ਦਾ ਕੋਚ ਸੀ, ਮੈਨੂੰ ਇਕ ਸਿੱਖ ਪਰਿਵਾਰ ਨਜ਼ਰ ਆਇਆ। ਉਨ੍ਹਾਂ ਦੀ ਬੋਲੀ ਅਤੇ ਕੱਪੜਿਆਂ ਤੋਂ ਅੰਦਾਜ਼ਾ ਲਾਇਆ ਕਿ ਪਰਿਵਾਰ ਅਜੇ ਨਵਾਂ ਹੀ ਇੰਡੀਆ ਤੋਂ ਆਇਆ ਹੈ। ਗੋਰਿਆਂ ਦੇ ਮੁਲਕ ਅਤੇ ਉਨ੍ਹਾਂ ਦੀ ਲੀਗ ਵਿਚ ਉਸ ਪਰਿਵਾਰ ਦਾ ਸੱਤ ਕੁ ਸਾਲ ਦਾ ਮੁੰਡਾ ਖੇਡਣ ਲੱਗ ਪਿਆ। ਮੇਰੀ ਟੀਮ ਦਾ ਉਮਰ ਗਰੁੱਪ ਉਚਾ ਹੋਣ ਕਰ ਕੇ ਕਦੀ ਮੁਲਾਕਾਤ ਨਹੀਂ ਹੋਈ। ਸ਼ਾਇਦ ਉਹ ਮੈਨੂੰ ਪੰਜਾਬੀ ਨਾ ਵੀ ਸਮਝਦੇ ਹੋਣ, ਪਰ ਜਦੋਂ ਵੀ ਮੇਰੀ ਨਿਗ੍ਹਾ ਉਸ ਜੂੜੇ ਵਾਲੇ ਮੁੰਡੇ ਉਤੇ ਪੈਂਦੀ ਤਾਂ ਨਿਵੇਕਲਾ ਹੀ ਲੱਗਦਾ ਸੀ। ਸੋਲਾਂ ਸੌ ਵਿਚ ਇਕੱਲਾ, ਵੱਖਰੀ ਦਿਖ।

ਸੀਜ਼ਨ ਖਤਮ ਹੋਣ ਤੋਂ ਬਾਅਦ ਟੂਰਨਾਮੈਂਟ ਦੇ ਦਿਨ ਸਨ। ਕਿਸੇ ਹੋਰ ਪਰਿਵਾਰ ਦਾ ਕੋਈ ਮਸਲਾ ਆ ਗਿਆ ਤਾਂ ਟੀਮ ਦੇ ਬੋਰਡ ਮੈਂਬਰ ਕੁਝ ਕਾਰਨਾਂ ਕਰ ਕੇ ਉਸ ਬੱਚੇ ਨੂੰ ਕੱਢਣ ਦਾ ਫੈਸਲਾ ਕਰ ਚੁੱਕੇ ਸਨ। ਉਸ ਪਰਿਵਾਰ ਨੇ ਆਪਣੀ ਹਾਰ ਦੇਖਦਿਆਂ ਜੂੜੇ ਵਾਲੇ ਇਸ ਮੁੰਡੇ ਦਾ ਨਾਮ ਵਿਚ ਲੈ ਆਂਦਾ। ਤਰਕ ਇਹ ਸੀ ਕਿ ਜੇ ਰੁਮਾਲ ਬੰਨ੍ਹ ਕੇ ਇਹ ਬੱਚਾ ਖੇਡ ਸਕਦਾ ਹੈ ਤਾਂ ਸਾਡਾ ਬੱਚਾ ਵੀ ਖੇਡ ਸਕਦਾ ਹੈ। ਬੋਰਡ ਦੇ ਮੈਂਬਰਾਂ ਨੂੰ ਨਾ ਤਾਂ ਸਿੱਖ ਧਰਮ ਬਾਰੇ ਜਾਣਕਾਰੀ ਸੀ ਅਤੇ ਨਾ ਕਲਚਰ ਬਾਰੇ। ਉਨ੍ਹਾਂ ਲਈ ਇਸ ਨੂੰ ਕੱਢਣਾ ਸੌਖਾ ਸੀ। ਮੇਰੇ ਕੋਚ ਮਿੱਤਰ ਨੇ ਉਨ੍ਹਾਂ ਨੂੰ ਮੇਰੇ ਨਾਲ ਗੱਲ ਕਰਨ ਲਈ ਮਨਾ ਲਿਆ। ਉਹ ਮੇਰੇ ਕਲਚਰ ਬਾਰੇ ਜਾਣਦਾ ਸੀ।

ਲੀਗ ਦੇ ਪੁਰਤਗਾਲੀ ਪ੍ਰਧਾਨ ਨੇ ਮੇਰੇ ਨਾਲ ਫੋਨ 'ਤੇ ਗੱਲ ਕੀਤੀ ਤਾਂ ਮੈਂ ਉਸ ਨੂੰ ਗੰਭੀਰ ਮਸਲਾ ਦੱਸਿਆ। ਉਸ ਨੇ ਮੈਨੂੰ ਮੀਟਿੰਗ ਵਿਚ ਆਉਣ ਨੂੰ ਆਖਿਆ। ਉਸ ਰਾਤ ਮੈਂ ਕਾਫੀ ਪ੍ਰੇਸ਼ਾਨ ਸੀ। ਉਸ ਮੁੰਡੇ ਦਾ ਕੇਸ ਪੇਸ਼ ਕਰਨ ਲਈ ਘਰ ਪਈਆਂ ਕਿਤਾਬਾਂ ਵਿਚੋਂ ਕੋਈ ਖਾਸ ਨਹੀਂ ਮਿਲਿਆ। ਕੁਝ ਜਾਣਕਾਰੀ ਹਾਕੀ ਦੇ ਸਿੱਖ ਖਿਡਾਰੀਆਂ ਦੀ ਇੰਟਰਨੈਟ ਤੋਂ ਇਕੱਠੀ ਕੀਤੀ, ਪਰ ਉਸ ਜੂੜੇ ਵਾਲੇ ਮੁੰਡੇ ਜਾਂ ਉਸ ਦੇ ਪਰਿਵਾਰ ਨੂੰ ਕੋਈ ਪਤਾ ਨਹੀਂ ਸੀ। ਉਹ ਫੀਫਾ ਦੀ ਪ੍ਰਵਾਹ ਕੀਤੇ ਬਗੈਰ ਆਪਣੀ ਹੀ ਲੀਗ ਦੇ ਲਿਖੇ ਨਿਯਮਾਂ ਮੁਤਾਬਕ ਫੈਸਲਾ ਲੈਣਾ ਚਾਹੁੰਦੇ ਸਨ। ਮੈਨੂੰ ਹਾਰ ਦਾ ਅਹਿਸਾਸ ਹੋਣ ਲੱਗਾ। ਉਸ ਸਮੇਂ ਮੇਰੇ ਕੋਲ ਇਕ ਹੀ ਪੱਤਾ ਰਹਿ ਗਿਆ ਸੀ, ਜੋ ਮੈਂ ਕਈ ਸਾਲ ਅਮਰੀਕਾ ਵਿਚ ਰਹਿ ਕੇ ਸਿੱਖ ਲਿਆ ਸੀ। ਉਨ੍ਹਾਂ ਨੂੰ ਸਾਫ ਦੱਸ ਦਿੱਤਾ ਕਿ ਜੇ ਤੁਸੀਂ ਇਸ ਮੁੰਡੇ ਨੂੰ ਧਰਮ ਜਾਂ ਉਸ ਦੀ ਪਛਾਣ ਕਰ ਕੇ ਕੱਢਿਆ ਤਾਂ ਪਰਿਵਾਰ ਤੁਹਾਨੂੰ ਕੋਰਟ ਵਿਚ ਲੈ ਜਾਵੇਗਾ ਅਤੇ ਇਹ ਲੀਗ ਵੀ ਬੰਦ ਹੋ ਜਾਵੇਗੀ।

ਆਖਰਕਾਰ ਉਸ ਜੂੜੇ ਵਾਲੇ ਮੁੰਡੇ ਦੀ ਬਹਾਲੀ ਹੋ ਗਈ। ਇਹ ਖੁਸ਼ੀ ਦਾ ਪਲ ਸੀ ਜੋ ਬਾਅਦ ਵਿਚ ਥੋੜ੍ਹੀ ਨਿਰਾਸ਼ਾ ਵਿਚ ਬਦਲ ਗਿਆ। ਸੀਜ਼ਨ ਖਤਮ ਹੋ ਗਿਆ ਅਤੇ ਨਵਾਂ ਸੀਜ਼ਨ ਸ਼ੁਰੂ ਸੀ। ਲੀਗ ਦਾ ਪ੍ਰਧਾਨ ਮੈਨੂੰ ਇਕ ਦਿਨ ਪੁੱਛਦਾ ਕਿ ਉਹ ਜੂੜੇ ਵਾਲਾ ਮੁੰਡਾ ਨਹੀਂ ਦਿਸਦਾ, ਕੀ ਉਹ ਖੇਡਣਾ ਛੱਡ ਗਿਆ ਹੈ? ਮੈਂ ਉਸ ਨਾਲ ਅੱਖ ਮਿਲਾਏ ਬਿਨਾ ਕਹਿ ਦਿੱਤਾ, ਮੈਨੂੰ ਨਹੀਂ ਪਤਾ। ਅੱਖ ਨਾ ਮਿਲਾਉਣ ਦਾ ਕਾਰਨ ਸੀ ਕਿ ਉਹ ਅਜੇ ਵੀ ਖੇਡਦਾ ਸੀ, ਪਰ ਬਗੈਰ ਜੂੜੇ ਤੋਂ। ਕਾਰਨ ਮੈਨੂੰ ਅੱਜ ਵੀ ਨਹੀਂ ਪਤਾ। ਉਹ ਮੁੰਡਾ ਹੁਣ ਸੋਲਾਂ ਕੁ ਸਾਲ ਦਾ ਹੋਵੇਗਾ। ਖੁਸ਼ ਰਹੇ, ਆਬਾਦ ਰਹੇ, ਜੂੜੇ ਨਾਲ ਜਾਂ ਬਗੈਰ ਜੂੜੇ ਤੋਂ।



ਸਦਾਬਹਾਰ ਗੁਲਜ਼ਾਰ ਸਿੰਘ ਸੰਧੂ-2

# ਵਿਆਹ ਵਿਥਿਆ

*ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਹੀ ਜਾਪਦੀਆਂ ਹਨ। ਉਨ੍ਹਾਂ ਦੀਆਂ ਗਲਪ ਰਚਨਾਵਾਂ ਪਾਠਕ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। 'ਪੰਜਾਬ ਟਾਈਮਜ਼' ਦੇ ਪਾਠਕ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵਰਗਾ ਇਨਕਲਾਬੀ ਗੀਤ ਲਿਖਣ ਵਾਲੇ ਸ਼ਾਇਰ ਸੰਤ ਰਾਮ ਉਦਾਸੀ ਅਤੇ ਨਾਟਕਕਾਰ (ਨਾਟਕਬਾਜ਼) ਬਲਵੰਤ ਗਾਰਗੀ ਬਾਰੇ ਲੰਮੇ ਲੇਖ ਪੜ੍ਹ ਚੁਕੇ ਹਨ। ਹੁਣ ਉਨ੍ਹਾਂ ਸਾਹਿਤਕਾਰ-ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਇਹ ਲੰਮਾ ਲੇਖ ਭੇਜਿਆ ਹੈ ਜੋ ਉਨ੍ਹਾਂ ਦੀ ਮਾਰਚ ਮਹੀਨੇ ਛਪ ਰਹੀ ਪੁਸਤਕ 'ਪੰਜਾਬ ਦੇ ਕੋਹੇਨੂਰ ਭਾਗ ਦੂਜਾ' ਵਿਚ ਸ਼ਾਮਲ ਹੋਵੇਗਾ। ਇਹ ਲੇਖ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਪ੍ਰਿੰਸੀਪਲ ਸਰਵਣ ਸਿੰਘ ਵੀ ਸੰਧੂ ਜੱਟ ਹਨ। ਹੁਣ ਇਹ ਫੈਸਲਾ ਪਾਠਕਾਂ 'ਤੇ ਛਡਦੇ ਹਾਂ ਕਿ ਉਹ ਇਸ ਲੇਖ ਵਿਚ ਆਪਣੇ ਸੰਧੂ ਭਰਾ (ਗੁਲਜ਼ਾਰ ਸੰਧੂ) ਦੀ ਵਡਿਆਈ ਕਰਦੇ ਹਨ ਜਾਂ ਫਿਰ ਸ਼ਰੀਕ ਬਣ ਕੇ ਉਨ੍ਹਾਂ ਦੇ ਪਾਜ਼ ਉਧੇੜਦੇ ਹਨ। ਪਿਛਲੇ ਅੰਕ ਵਿਚ ਉਨ੍ਹਾਂ ਗੁਲਜ਼ਾਰ ਸੰਧੂ ਦੀ ਦਿੱਲੀ ਸਰਗਰਮੀ ਬਾਰੇ ਦੱਸਿਆ ਸੀ, ਐਤਕੀਂ ਵਿਆਹ ਦੀ ਦਿਲਚਸਪ ਵਿਥਿਆ ਸੁਣਾਈ ਹੈ। -ਸੰਪਾਦਕ*

ਗੁਲਜ਼ਾਰ ਸੰਧੂ ਲਈ ਸਾਹਿਤਕਾਰੀ ਸ਼ੁਗਲ ਵੀ ਹੈ ਤੇ ਮਨਪ੍ਰਚਾਵਾ ਵੀ ਅਤੇ ਸਰੋਕਾਰਾਂ ਨੂੰ ਜ਼ੁਬਾਨ ਦੇਣ ਦਾ ਉਪਰਾਲਾ ਵੀ। ਉਹ ਮਿਲਣ ਵਰਤਣ 'ਚ ਦਰਿਆ ਦਿਲ ਬੰਦਾ ਹੈ। 'ਲੱਠਾ ਬੰਦਾ' ਵਿਸ਼ੇਸ਼ਣ ਅਜਿਹੇ ਬੰਦਿਆਂ ਬਾਰੇ ਹੀ ਵਰਤਿਆ ਜਾਂਦੈ। ਉਹਦਾ ਕਿਸੇ ਨਾਲ ਵੈਰ ਨਹੀਂ, ਵਿਰੋਧ ਨਹੀਂ, ਵਾਧਾ ਨਹੀਂ, ਵੱਟਾ ਨਹੀਂ। ਯਾਰਾਂ ਦਾ ਜਿਗਰੀ ਯਾਰ, ਦਿਲਦਾਰ, ਰੰਗਲਾ ਸੱਜਣ, ਖੁੱਲ੍ਹਦਿਲਾ ਇਨਸਾਨ ਤੇ ਪਰਉਪਕਾਰੀ ਜਿਊੜਾ। ਡਾ. ਹਰਿਭਜਨ ਸਿੰਘ ਦੇ ਕਹਿਣ ਅਨੁਸਾਰ, ਦੋਸਤੀ ਦੀ ਕਲਾ ਦਾ ਉਹ ਬੇਜੋੜ ਕਲਾਕਾਰ ਹੈ। ਉਹ ਜਦੋਂ ਕਦੇ ਡਿੱਗਿਆ, ਹਮੇਸ਼ਾ ਪੈਰਾਂ ਭਾਰ ਹੀ ਡਿੱਗਿਆ ਜਿਸ ਕਰ ਕੇ ਤੁਰਤ ਖੜ੍ਹਾ ਹੋ ਜਾਂਦਾ ਰਿਹਾ। ਉਹਦੇ ਜੀਵਨ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦੈ ਕਿ ਉਹ ਕਿਤੇ ਵੀ ਬੱਝ ਕੇ ਬਹਿਣ ਵਾਲਾ ਬੰਦਾ ਨਹੀਂ ਸੀ। ਅੱਜ ਏਥੇ, ਭਲਕੇ ਓਥੇ। ਉਹਨੇ ਪੜ੍ਹਾਈ ਕਰਨ ਲਈ ਸਕੂਲ ਬਦਲੇ, ਟਿਕਾਣੇ ਬਦਲੇ,



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਨੌਕਰੀਆਂ ਬਦਲੀਆਂ, ਰੈਣ ਬਸੇਰੇ ਬਦਲੇ ਤੇ ਹੋਰ ਵੀ ਕਾਫੀ ਕੁਝ ਬਦਲਿਆ, ਪਰ ਵਿਆਹ ਇਕੋ ਕਰਾਇਆ ਤੇ ਉਹੀ ਤੋੜ ਚੜ੍ਹਾਇਆ!

ਜੰਮਿਆ ਉਹ ਪੁਆਧ ਵਿਚ, ਸਕੂਲੀ ਪੜ੍ਹਾਈ ਮਾਲਵੇ 'ਚ ਕੀਤੀ ਅਤੇ ਕਾਲਜ ਦੀ ਵਿਦਿਆ ਦੁਆਬੇ ਦੇ ਮਾਹਿਲਪੁਰ ਕਾਲਜ ਤੋਂ ਲਈ। ਦਿੱਲੀ, ਲੁਧਿਆਣੇ, ਚੰਡੀਗੜ੍ਹ ਤੇ ਪਟਿਆਲੇ ਨੌਕਰੀ ਕੀਤੀ। ਦੁਨੀਆਂ ਦੇ ਅਨੇਕਾਂ ਦੇਸ਼ ਤੇ ਸ਼ਹਿਰ ਗਾਹੇ। 25 ਦੇਸ਼ 75 ਗੱਲਾਂ। ਡੇਰਾ ਡਾਂਗ 'ਤੇ ਨਹੀਂ, ਕਲਮ 'ਤੇ ਰੱਖਿਆ। ਸਿਹਤ ਵਿਭਾਗ ਦਿੱਲੀ ਦੀ ਡਾਇਰੈਕਟਰ ਡਾ. ਸੁਰਜੀਤ ਕੌਰ ਪੰਨੂੰ ਸੰਗ ਵਿਆਹੇ ਜਾਣ ਪਿੱਛੋਂ ਵੀ ਉਹ ਜਿਹੋ ਜਿਹਾ ਪਹਿਲਾਂ ਸੀ, ਉਹੋ ਜਿਹਾ ਹੀ ਬਾਅਦ ਵਿਚ ਰਿਹਾ। ਬੇਪ੍ਰਵਾਹ ਦਾ ਬੇਪ੍ਰਵਾਹ। ਫੱਕਰ ਦਾ ਫੱਕਰ। ਵਾਧੇ ਘਾਟੇ ਵੱਲੋਂ ਨਿਸ਼ਚਿੰਤ। ਭਾਵੇਂ ਗੱਡੇ ਲੰਘ ਜਾਣ! ਵਿਆਹ ਕਰਵਾ ਕੇ ਵੀ ਉਹ ਕਬੀਲਦਾਰ ਨਹੀਂ ਬਣਿਆ।

ਚਲੋ ਉਹਦੇ ਵਿਆਹ ਦੀ ਗੱਲ ਵੀ ਕਰ ਲਈਏ। ਬਕੌਲ ਬੂਟਾ ਸਿੰਘ, ਵਿਆਹ ਤੋਂ ਸੰਧੂ ਨੂੰ ਉਨਾ ਹੀ ਡਰ ਲੱਗਦਾ ਸੀ ਜਿੰਨਾ ਕਾਂ ਨੂੰ ਗੁਲੇਲੇ ਤੋਂ। ਇਸੇ ਡਰ ਦਾ ਮਾਰਾ ਉਹ ਪਿੰਡੋਂ ਦਿੱਲੀ ਟਿੱਭ ਆਇਆ ਸੀ ਤੇ ਮਾਮਿਆਂ ਕੋਲ ਰਹਿ ਕੇ ਟੈਕਸੀ ਡਰਾਈਵਰ ਬਣਨ ਦੀਆਂ ਤਿਆਰੀਆਂ ਕਰਨ ਲੱਗ ਪਿਆ ਸੀ। ਹਰਚਰਨ ਸਿੰਘ ਬਾਠ ਵੀ ਉਨ੍ਹਾਂ ਦਿਨਾਂ ਵਿਚ ਟੈਕਸੀ ਚਲਾਉਣ ਦਾ ਕੰਮ ਸਿੱਖ ਰਿਹਾ ਸੀ। ਦੋਵੇਂ ਜੱਟਾਂ ਦੇ ਮੁੰਡੇ, ਦੋਵੇਂ ਘਰਾਂ ਤੋਂ ਨੱਠੇ, ਡਰਾਈਵਰ ਬਣਨ ਦੇ ਚਾਅ ਵਿਚ ਇਕੱਠੇ ਹੋ ਗਏ। ਇਕ ਹੀ ਮੁਲਾਕਾਤ ਵਿਚ ਦੋਹਾਂ ਦੀ ਦੋਸਤੀ ਪੱਕੀ ਹੋ ਗਈ। ਫਿਰ ਦੋਵੇਂ ਦੋਸਤ ਟੈਕਸੀ ਡਰਾਈਵਰੀ ਦਾ ਕੰਮ ਵਿਚੇ ਛੱਡ ਕੇ ਗਿਆਨੀ ਕਰਨ ਲੱਗ ਪਏ। ਉਨ੍ਹੀਂ ਦਿਨੀਂ ਗੁਲਜ਼ਾਰ ਦੀ ਹਾਲਤ ਮੱਸਿਆ ਦੇ ਮੇਲੇ ਤੋਂ ਮੁੜੇ ਮੁੰਡੇ ਵਰਗੀ ਸੀ... ਸੁਰਮਈ ਰੰਗ ਦੀ ਫਰਲੇ ਵਾਲੀ ਪੱਗ, ਲੰਮੀ ਕਮੀਜ਼, ਖਾਕੀ ਚਾਦਰਾ, ਦੁਖੱਲੀ ਲੰਮੀ ਨੋਕ ਵਾਲੀ ਜੁੱਤੀ। ਠੋਡੀ 'ਤੇ ਆਏ ਚੂੰਢੀ ਕੁ ਵਾਲਾਂ ਨੂੰ ਤਲੀ ਨਾਲ ਘੁੱਟ ਘੁੱਟ ਰੱਖ, ਸ਼ਹਿਰੀ ਮੁੰਡਾ ਬਣ, ਉਹ ਸਾਰਾ ਸਾਰਾ ਦਿਨ ਭਖੀਆਂ ਦੁਪਹਿਰਾਂ ਵਿਚ ਭੌਂਦਾ ਰਹਿੰਦਾ। ਪਹਿਲਾਂ ਸਾਈਕਲ, ਤੇ ਪਿੱਛੋਂ ਮੋਟਰ ਸਾਈਕਲ ਵਾਲਾ ਹੋ ਕੇ ਵੀ ਉਹਨੇ ਵਿਆਹ ਕਰਾਉਣ ਵਿਚ ਦਿਲਚਸਪੀ ਨਾ ਲਈ।

ਦੋਸਤ ਮਿੱਤਰ ਆਸ ਲਾਹੀ ਬੈਠੇ ਸਨ ਕਿ ਉਹਨੇ ਕਿਥੇ ਵਿਆਹ ਕਰਾਉਣਾ! ਕਿਥੇ ਬੱਝ ਕੇ ਬਹਿਣਾ? ਪਹਿਲੀ ਗੱਲ ਤਾਂ ਪਸੰਦ ਦੀ ਕੁੜੀ ਨਹੀਂ ਮਿਲਣੀ, ਮਿਲ ਗਈ ਤਾਂ ਅਗਲੀ ਦੇ ਪਸੰਦ ਨਹੀਂ ਆਉਣਾ। ਉਮਰ ਵੀ ਸੁੱਖ ਨਾਲ ਤੀਹਾਂ ਤੋਂ ਟੱਪ ਗਈ ਸੀ। ਉਨ੍ਹਾਂ ਦਿਨਾਂ ਵਿਚ ਤੀਹਾਂ ਤੋਂ ਟੱਪੇ ਨੂੰ ਰਿਸ਼ਤੇ ਘੱਟ ਹੀ ਜੁੜਦੇ ਸਨ। ਗਾਰਗੀ ਵਰਗੇ ਡਰਾਮੇਬਾਜ਼ ਦੀ ਗੱਲ ਹੋਰ ਸੀ, ਗੁਲਜ਼ਾਰ ਵਰਗੇ ਕਹਾਣੀਕਾਰ ਦੀ ਹੋਰ, ਪਰ ਗੱਲ ਤਾਂ ਸੰਜੋਗਾਂ ਦੀ ਸੀ। ਉਹਦੇ ਸੰਜੋਗ ਰਲੇ ਹੋਏ ਸਨ। ਵਿਆਹ ਉਹਦਾ ਦੇਰ ਨਾਲ ਹੋਇਆ, 33ਵੇਂ ਸਾਲ ਦੀ ਉਮਰ ਵਿਚ। ਬੀਬੀ ਸੁਰਜੀਤ ਕੌਰ ਦਾ ਓਦੂੰ ਵੀ ਪਛੜ ਕੇ, 37ਵੇਂ ਸਾਲ ਵਿਚ। ਲਾੜਾ ਅੰਗਰੇਜ਼ੀ ਦੀ ਐਮ.ਏ. ਤੇ ਲਾੜੀ ਐਮ.ਬੀ.ਬੀ.ਐਸ.। ਜੇ ਕੋਈ ਕਹਿੰਦਾ, “ਵਿਆਹ ਬੜਾ ਲੇਟ ਕਰਾਇਆ” ਤਾਂ ਸਫਾਈ ਦਿੰਦੇ, “ਲੇਟ ਕਿਥੇ? ਬਲਵੰਤ ਗਾਰਗੀ ਨਾਲੋਂ ਤਾਂ ਫੇਰ ਵੀ ਪਹਿਲਾਂ ਕਰਾ ਲਿਆ।”

ਗੁਲਜ਼ਾਰ ਸੰਧੂ ਦੇ ਪਿਤਾ ਸ. ਹਰੀ ਸਿੰਘ ਕੋਲ ਦੁਆਬੇ ਦੀ 15 ਕਿੱਲੇ ਜ਼ਮੀਨ ਸੀ। ਨਾਲ ਜਗੀਰਦਾਰ ਹੋਣ ਦੀ ਟੌਅਰ। ਜ਼ਮੀਨ ਦੇ ਸਿਰ 'ਤੇ ਗੁਲਜ਼ਾਰ 9 ਸਾਲ ਦੀ ਨਿਆਣੀ ਉਮਰ ਵਿਚ ਮੰਗਿਆ ਗਿਆ। ਮੰਗੇਤਰ ਦੇ ਪੜ੍ਹਨੋਂ ਹਟ ਜਾਣ ਤੇ ਸੰਧੂ ਦੇ ਪੜ੍ਹਦੇ ਰਹਿਣ ਕਾਰਨ ਉਹ ਮੰਗਣੀ ਟੁੱਟ ਗਈ। ਪੰਦਰਵੇਂ ਸਾਲ ਦੀ ਉਮਰ ਵਿਚ ਉਹਦਾ ਦੁਬਾਰਾ ਮੰਗਣਾ ਹੋਇਆ। ਦੂਜੀ ਮੰਗਣੀ ਤੋਂ ਵਿਆਹ ਲਈ ਗੁਲਜ਼ਾਰ ਤੇ ਉਹਦੇ ਘਰਦਿਆਂ ਨੇ ਜੁਆਬ ਤਾਂ ਨਹੀਂ ਦਿੱਤਾ, ਪਰ ਹੋਰ ਪੜ੍ਹਨ ਤੇ ਨੌਕਰੀ ਜੋਗਾ ਹੋਣ ਦੀਆਂ ਗੱਲਾਂ ਸੁਣ ਕੇ ਅਗਲਿਆਂ ਨੇ ਕੁੜੀ ਕਿਤੇ ਹੋਰ ਵਿਆਹੁਣ 'ਚ ਈ ਭਲਾ ਸਮਝਿਆ। ਉਂਜ ਇਹ ਕੋਈ ਨਵੀਂ ਗੱਲ ਨਹੀਂ ਸੀ। ਡਾ. ਮਹਿੰਦਰ ਸਿੰਘ ਰੰਧਾਵਾ ਤੇ ਹਾਕੀ ਦੇ 'ਗੋਲਡਨ ਹੈਟ ਟ੍ਰਿਕ' ਵਾਲੇ ਓਲੰਪੀਅਨ ਬਲਬੀਰ ਸਿੰਘ ਦੀਆਂ ਪਹਿਲੀਆਂ ਮੰਗਣੀਆਂ ਵੀ ਸਿਰੇ ਨਹੀਂ ਸੀ ਚੜ੍ਹੀਆਂ। ਡਾ. ਰੰਧਾਵਾ ਚੌਥੇ ਤੇ ਬਲਬੀਰ ਸਿੰਘ ਪੰਜਵੇਂ ਥਾਂ ਵਿਆਹਿਆ ਗਿਆ ਸੀ। ਸੰਧੂ ਦਾ ਵਿਆਹ ਵੀ ਉਥੇ ਹੀ ਹੋਇਆ ਜਿਥੇ ਸੰਜੋਗ ਸਨ। ਵਿਆਹ ਪਿੱਛੋਂ ਉਮੈਦਵਾਰੀ ਹੋਈ, ਪਰ ਬਾਲ-ਬੱਚਾ ਨਾ ਹੋਇਆ। ਸੁੱਖ ਨਾਲ ਰਿਸ਼ਤੇਦਾਰਾਂ ਦੇ ਬੱਚੇ ਬਥੇਰੇ ਹਨ। ਬੱਚਿਆਂ ਦਾ ਉਸ ਨੇ ਕਦੇ ਝੋਰਾ ਨਹੀਂ ਝੁਰਿਆ, ਪਰ ਡਾ. ਅਤਰ ਸਿੰਘ ਦੱਸਦਾ ਹੁੰਦਾ ਸੀ, “ਇਕੇਰਾਂ ਸੰਧੂ ਕਨਾਟ ਪਲੇਸ ਵਿਚ ਕਾਕੇ ਦੇ ਢਾਬੇ 'ਤੇ ਦੋਸਤਾਂ ਨਾਲ ਖਾਂਦਾ ਪੀਂਦਾ ਨਸ਼ੇ 'ਚ ਹੋ ਗਿਆ। ਨਾਲੇ ਰੋਈ ਜਾਵੇ, ਨਾਲੇ ਤਾਜ਼ੀ ਮਿਲੀ ਤਨਖਾਹ ਦੇ ਨੋਟ ਖਿਲਾਰਦਾ ਕਹੀ ਜਾਵੇ, ਆਪਣੇ ਕਿਹੜਾ ਜੁਆਕ ਰੋਂਦੇ ਆ।”

ਖਿਲਰੇ ਨੋਟ ਫਿਰ ਅਤਰ ਸਿੰਘ ਨੇ ਹੀ 'ਕੱਠੇ ਕਰ ਕੇ ਸੰਭਾਲੇ ਸਨ।

ਸੰਧੂ ਜੋੜੇ ਨੇ ਵਸੀਅਤ ਲਿਖ ਦਿੱਤੀ ਹੈ ਕਿ ਮਰਨ ਉਪਰੰਤ ਦੇਹਾਂ ਮੈਡੀਕਲ ਸੰਸਥਾਵਾਂ ਨੂੰ ਦਾਨ ਕਰ ਦਿੱਤੀਆਂ ਜਾਣ। ਮਰਨਾ ਖੁਸ਼ੀ ਨਾਲ ਮਨਾਇਆ ਜਾਵੇ। ਦੇਹ ਦਾਨ ਦਾ ਕਾਰਡ ਹੁਣ ਉਨ੍ਹਾਂ ਦੀ ਜੇਬ ਵਿਚ ਰਹਿੰਦੈ ਕਿ ਜਿਥੇ ਪ੍ਰਾਣ ਪੰਖੇਰੂ ਉਡ ਜਾਣ, ਉਥੋਂ ਦੀ ਨੇੜਲੀ ਮੈਡੀਕਲ ਸੰਸਥਾ ਨੂੰ ਸਬੂਤੀ ਦੇਹ ਦੇ ਦਿੱਤੀ ਜਾਵੇ। ਰਿਸ਼ਤੇਦਾਰਾਂ ਨੂੰ ਪਹਿਲਾਂ ਹੀ ਕਿਹਾ ਹੋਇਐ ਕਿ ਰੋਣ-ਕੁਰਲਾਉਣ ਤੇ ਮਾਤਮ ਮਨਾਉਣ ਦੀ ਥਾਂ ਖੁਸ਼ੀ ਮਨਾਈ ਜਾਵੇ। ਮੋਟੀਆਂ ਗੱਲਾਂ ਦੋ ਹਨ। ਪਹਿਲੀ ਇਹ ਕਿ ਦੇਹੀ ਕਿਸੇ ਦੇ ਕੰਮ ਆ ਜਾਵੇ। ਜੇ ਹੋ ਸਕੇ ਤਾਂ ਜਿਉਂਦੀ ਜਾਗਦੀ ਵੀ ਵਰਤ ਸਕਦੇ ਹਨ, ਪਰ ਉਦੋਂ ਜਦੋਂ ਹੋਸ਼ 'ਤੇ ਪੋਚਾ ਫਿਰ ਜਾਏ। ਰੌਲਾ ਹੀ ਕੋਈ ਨਹੀਂ। ਰੋਣਾ ਕਾਹਦਾ? 'ਰੋਣਾ ਕਾਹਦਾ' ਕਹਿ ਕੇ ਉਹ ਉਚੀ ਉਚੀ ਹੱਸਦੈ।

ਪੰਜਾਬ ਰੈੱਡ ਕਰਾਸ ਦਾ ਸਕੱਤਰ ਬਣਨ 'ਤੇ ਕਾਨਾ ਸਿੰਘ ਨੇ ਗੁਲਜ਼ਾਰ ਨੂੰ ਪੁੱਛਿਆ, “ਸਾਹਿਤਕਾਰ ਦਾ ਪੱਤਰਕਾਰੀ ਵੱਲ ਮੁੜਨਾ ਤਾਂ ਸਮਝ ਆਉਂਦਾ ਹੈ, ਪਰ ਰੈੱਡ ਕਰਾਸ ਤੇ ਫੈਮਲੀ ਪਲਾਨਿੰਗ ਦੀਆਂ ਮੈਂਬਰੀਆਂ ਤੇ ਅਹੁਦੇ ਕਿਸ ਲਈ ਤੇ ਕਿਉਂ?”

ਸੰਧੂ ਦਾ ਜਵਾਬ ਸੀ, “ਫੈਮਲੀ ਪਲਾਨਿੰਗ ਨਾਲ ਈ ਤਾਂ ਮੇਰੀ ਸ਼ਾਦੀ ਹੋਈ ਸੀ। ਮੇਰੇ ਵਿਆਹ ਵੇਲੇ ਮੈਂ ਖੇਤੀ ਮੰਤਰਾਲੇ ਵਿਚ ਅਸਿਸਟੈਂਟ ਐਡੀਟਰ ਸਾਂ ਤੇ ਮੇਰੀ ਹੋਣ ਵਾਲੀ ਪਤਨੀ ਸੁਰਜੀਤ ਭਾਰਤ ਸਰਕਾਰ ਦੀ ਫੈਮਲੀ ਪਲਾਨਿੰਗ ਸੰਸਥਾ ਦੀ ਮੈਡੀਕਲ ਅਫਸਰ ਤੇ ਇਨਚਾਰਜ। ਮੈਨੂੰ ਦੋਸਤਾਂ ਨੇ ਪੁੱਛਣਾ ਕਿ ਮੈਂ ਆਪਣੇ ਤੋਂ ਵੱਡੀ ਅਫਸਰ ਨਾਲ ਸ਼ਾਦੀ ਕਿਉਂ ਕੀਤੀ, ਤਾਂ ਮੇਰੇ ਕੋਲ ਘੜਿਆ ਘੜਾਇਆ ਉਤਰ ਸੀ, “ਮੇਰਾ ਮਹਿਕਮਾ ਵਧਦੀ ਵਸੋਂ ਦੇ ਹਾਣ ਦਾ ਅਨਾਜ ਨਹੀਂ ਪੈਦਾ ਕਰ ਸਕਿਆ ਤਾਂ ਵਸੋਂ ਕੱਟਣ ਵਾਲੇ ਮਹਿਕਮੇ ਦੀ ਸ਼ਰਣ ਲੈਣੀ ਪਈ। ਮੈਂ ਰੈੱਡ ਕਰਾਸ ਵੀ ਏਸੇ ਰਸਤੇ ਗਿਆ। ਸੁਰਜੀਤ ਕੋਲ ਸੇਵਾ ਮੁਕਤ ਹੋਣ ਪਿੱਛੋਂ ਕੋਈ ਕੰਮ ਨਹੀਂ ਸੀ। ਮੈਂ ਉਸ ਵੇਲੇ ਦੀ ਸਰਕਾਰ ਤੋਂ ਉਹਦੇ ਲਈ ਕੰਮ ਮੰਗਣ ਗਿਆ। ਉਲਟਾ ਮੇਰੇ ਨਾਂ ਰੈੱਡ ਕਰਾਸ ਦੀ ਸਕੱਤਰੀ ਮੜ੍ਹੀ ਗਈ। ਮੇਰਾ ਕਸੂਰ ਏਨਾ ਹੀ ਹੈ ਕਿ ਮੈਂ ਨਾਂਹ ਨਹੀਂ ਕਰ ਸਕਿਆ। ਮੈਨੂੰ ਨਾਂਹ ਕਰਨੀ ਹੀ ਨਹੀਂ ਆਉਂਦੀ।” ਗੱਲ ਮੁਕਾ ਕੇ ਉਹਨੇ ਤਾਂ ਹੱਸਣਾ ਹੀ ਸੀ, ਕਾਨਾ ਸਿੰਘ ਵੀ ਹੱਸੇ ਬਿਨਾ ਨਾ ਰਹਿ ਸਕੀ।

ਗੁਲਜ਼ਾਰ ਦਾ ਪਹਿਲਾ ਨਾਂ ਬਲਬੀਰ ਸੀ ਜੋ ਬੱਲਾ ਹੋ ਗਿਆ, ਫਿਰ ਗੁਲਜ਼ਾਰਾ ਰੱਖਿਆ ਗਿਆ। ਜਿਵੇਂ ਦਰਬਾਰ, ਪਿਆਰ, ਸਰਦਾਰ ਆਪਣੇ ਨਾਂ ਰੱਖ ਲੈਣ- ਦਰਬਾਰਾ, ਪਿਆਰਾ, ਸਰਦਾਰਾ। ਡਾ. ਜੌਹਲ ਨੇ ਤਾਂ ਆਪਣਾ ਨਾਂ ਅਖੀਰ ਤਕ ਸਰਦਾਰਾ ਹੀ ਰੱਖਿਆ ਹੋਇਐ, ਪਰ ਸੰਧੂ ਨੇ ਗੁਲਜ਼ਾਰਾ ਤੋਂ ਗੁਲਜ਼ਾਰ ਕਰ ਲਿਆ। ਪਿਛਲਾ ਕੰਨਾ ਉਹ ਕਿਤੇ ਸੁੱਟ ਬੈਠਾ। ਹੁਣ ਪਛਤਾਉਂਦਾ ਕਿ ਓਸ ਕੰਨੇ ਤੋਂ ਬਿਨਾ ਉਹ ਕੰਨਾ ਲੱਗੇ ਡਾ. ਸਰਦਾਰਾ ਸਿੰਘ ਜੌਹਲ ਦੀ ਡਾਹੀ ਨਹੀਂ ਲੈ ਸਕਿਆ।

ਸਰਟੀਫਿਕੇਟ 'ਤੇ ਉਹ ਗੁਲਜ਼ਾਰਾ ਸਿੰਘ ਸੰਧੂ ਹੀ ਹੈ, ਪਰ ਲੇਖਕ ਦੇ ਤੌਰ 'ਤੇ ਗੁਲਜ਼ਾਰ ਸਿੰਘ ਸੰਧੂ। ਪਹਿਲਾਂ ਮੈਂ ਵੀ ਆਪਣੇ ਨਾਂ ਨਾਲ ਸਰਵਣ ਸਿੰਘ ਸੰਧੂ ਲਿਖਦਾ ਸੀ। ਮੈਨੂੰ ਸੰਧੂ ਲਾਉਣੋਂ ਗੁਲਜ਼ਾਰ ਸੰਧੂ ਨੇ ਹਟਾਇਆ। ਅਖੇ ਦੋ ਸੰਧੂਆਂ ਦਾ ਭੁਲੇਖਾ ਪੈ ਜਿਆ ਕਰੂ। ਦਲੀਲ ਦਿੱਤੀ, “ਜੇ ਮੇਰਾ ਨਾਂ ਗੁਲਜ਼ਾਰਾ ਰਹਿੰਦਾ ਤਾਂ ਮੈਂ ਹੀ ਸੰਧੂ ਲਾਹ ਦਿੰਦਾ, ਕਿਉਂਕਿ ਨਵੀਂ ਪੀੜ੍ਹੀ 'ਚ ਕਿਸੇ ਦਾ ਨਾਂ ਗੁਲਜ਼ਾਰਾ ਨਹੀਂ ਰੱਖਿਆ ਜਾਣਾ। ਨਵੀਂ ਪੀੜ੍ਹੀ 'ਚ ਸਰਵਣ ਨਾਂ ਵੀ ਕਿਸੇ ਨੇ ਨੀ ਰੱਖਣਾ, ਸੋ ਤੂੰ ਹੀ ਲਾਹ ਦੇ।”

ਮੈਂ ਵੱਡੇ ਭਰਾ ਦੀ ਦਲੀਲ ਮੰਨ ਲਈ ਤੇ ਲੇਖਕ ਦੇ ਤੌਰ 'ਤੇ ਆਪਣੇ ਨਾਂ ਨਾਲੋਂ ਸੰਧੂ ਲਾਹ ਦਿੱਤਾ, ਪਰ ਸਰਟੀਫਿਕੇਟਾਂ 'ਚ ਨਾ ਸੰਧੂ ਲਹਿਣਾ ਸੀ, ਨਾ ਲਿਹਾ।

1960ਵਿਆਂ 'ਚ ਦਿੱਲੀ ਉਹਦੇ ਕੋਲ ਮੋਟਰ ਸਾਈਕਲ ਸੀ ਤੇ ਮੇਰੇ ਕੋਲ ਹਰਕੁਲੀਸ ਸਾਈਕਲ। ਉਹ ਪੰਜਾਬ ਤੋਂ ਆਏ ਲੇਖਕਾਂ ਨੂੰ ਸਵਾਰੀ ਦਿੰਦਾ, ਦਾਰੂ ਪਿਆਉਂਦਾ, ਮੁਰਗੇ ਛਕਾਉਂਦਾ, ਘਰ ਰੱਖਦਾ ਤੇ ਮੋਟਰ ਸਾਈਕਲ 'ਤੇ ਛੱਡਣ ਜਾਂਦਾ। ਜਾਣ ਵੇਲੇ ਪੀਣ ਖਾਣ ਵਾਲੇ ਦੇ ਝੋਲੇ 'ਚ ਰਾਹ ਜੋਗਾ ਸਮਾਨ ਵੀ ਪਾ ਦਿੰਦਾ। ਮੈਂ ਅੜੇ ਥੁੜੇ ਖਾਲਸਾ ਕਾਲਜ ਦੇ ਡੀ.ਪੀ.ਈ. ਸਰਦਾਰ ਪ੍ਰੀਤਮ ਸਿੰਘ ਬੈਂਸ ਤੋਂ ਪੈਸੇ ਫੜ ਕੇ ਡੰਗ ਸਾਰਦਾ। ਮੇਰਾ ਉਹਦੇ ਨਾਲ ਕੀ ਮੁਕਾਬਲਾ ਸੀ? ਸੰਧੂ ਸਰਦਾਰੀ ਮੈਂ ਵੱਡੇ ਭਾਈ ਨੂੰ ਛੱਡਣ ਵਿਚ ਹੀ ਭਲਾ ਸਮਝਿਆ।

---

ਪ੍ਰੀਤਮ ਸਿੰਘ ਬੈਂਸ ਵੀ ਪਰਉਪਕਾਰੀ ਬੰਦਾ ਸੀ। ਉਸ ਕੋਲ ਗੁਲਜ਼ਾਰ ਸੰਧੂ ਛੇ ਕੁ ਮਹੀਨੇ ਰਿਹਾ ਸੀ। ਦੋਹਾਂ 'ਚ ਖੁੱਲ੍ਹਦਿਲੇ ਸੁਭਾਅ ਦੀ ਸਾਂਝ ਸੀ। ਜਦੋਂ ਉਹ ਬੈਂਸ ਨੂੰ ਆਪਣੇ ਵਿਆਹ ਦਾ ਸੱਦਾ ਦੇਣ ਗਿਆ ਤਾਂ ਬੈਂਸ ਨੇ ਪੁੱਛਿਆ, “ਵਿਆਹ ਕੀਹਦੇ ਨਾਲ ਹੋ ਰਿਹੈ?”

ਸੰਧੂ ਨੇ ਹੁੱਬ ਕੇ ਦੱਸਿਆ, “ਮਾਝੇ ਦੀ ਕੁੜੀ ਐ, ਪੰਨੂੰਆਂ ਦੀ ਧੀ।”

ਦੁਆਬੀਆ ਬੈਂਸ ਬੋਲਿਆ, “ਮਾਝੇ ਵਾਲੇ ਤਾਂ ਆਪਾਂ ਦੁਆਬੇ ਵਾਲਿਆਂ ਨੂੰ ਕੁੱਟਣਗੇ।”

ਸੰਧੂ ਨੇ ਕਿਹਾ, “ਜੀਹਦੇ ਨਾਲ ਵਿਆਹ ਹੋ ਰਿਹਾ, ਉਹਦਾ ਭਰਾ ਗੁਰਬਚਨ ਸਿੰਘ ਗੁਰਾ ਬੜਾ ਘੈਂਟ ਬੰਦਾ। ਉਹ ਨੀਂ ਕੁੱਟਣ ਦਿੰਦਾ।”

ਗੁਰਬਚਨ ਸਿੰਘ 'ਗੁਰਾ' ਖਾਲਸਾ ਕਾਲਜ ਅੰਮ੍ਰਿਤਸਰ ਦਾ ਤਕੜਾ ਖਿਡਾਰੀ ਸੀ। ਲੜਾਈ ਭੜਾਈ ਨੂੰ ਕਾਇਮ। ਪ੍ਰੀਤਮ ਸਿੰਘ ਬੈਂਸ ਉਹਦੇ ਨਾਲ ਪੜ੍ਹਦਾ ਰਿਹਾ ਸੀ। ਉਸ ਨੇ ਕਿਹਾ, “ਜੇ ਗੁਰੇ ਦੀ ਭੈਣ ਐਂ ਤਾਂ ਉਹ ਹੋਰ ਵੀ ਕੁੱਟਣਗੇ।”

ਸੰਧੂ ਨੇ ਪੁੱਛਿਆ, “ਤਾਂ ਫੇਰ ਕੀ ਕਰੀਏ? ਜਵਾਬ ਦੇ ਦੇਈਏ?”

ਬੈਂਸ ਕੁਝ ਪਲ ਚੁੱਪ ਰਿਹਾ। ਸੋਚ ਕੇ ਬੋਲਿਆ, “ਜਵਾਬ ਦਿੱਤਾ ਤਾਂ ਘਰ ਆ ਕੇ ਕੁੱਟਣਗੇ। ਹੁਣ ਤਾਂ ਵਿਆਹ ਕਰਾਉਣਾ ਈ ਪਊ, ਦੇਖੀ ਜਾਊ ਜਿਵੇਂ ਹੋਊ!”

ਉਹਦੀ ਜਨੇਤ ਨੁਸ਼ਹਿਰਾ ਪੰਨੂੰਆਂ ਢੁੱਕੀ। ਕੋਈ ਜਨੇਤੀ ਅੱਗੋਂ ਪਹੁੰਚ ਗਿਆ, ਕੋਈ ਪਿੱਛੋਂ। ਲਾੜਾ ਲੇਟ ਪੁੱਜਾ। ਅਗਾਂਹ ਸਵਾਗਤੀ ਤਿਆਰ ਖੜ੍ਹੇ ਸਨ। ਸੰਧੂ ਦਾ ਕੋਟ ਜਨੇਤ ਵਾਲੀ ਬੱਸ 'ਚ ਰਹਿ ਗਿਆ ਸੀ। ਹੋਰ ਦੇਰੀ ਕਰਨ ਦੀ ਥਾਂ ਉਸ ਨੇ ਕਾਹਲੀ ਵਿਚ ਆਪਣੇ ਇਕ ਸਿਗਰਟਾਂ ਪੀਣੇ ਦੋਸਤ ਦਾ ਕੋਟ ਪਾ ਲਿਆ। ਮਗਰੋਂ ਦੋਸਤ ਨੂੰ ਸਿਗਰਟ ਪੀਣ ਦੀ ਤਲਬ ਹੋਈ ਤਾਂ ਉਸ ਨੇ ਭਰੀ ਸਭਾ ਵਿਚ ਸਜੇ ਬੈਠੇ ਲਾੜੇ ਦੀ ਜੇਬ ਵਿਚੋਂ ਸਿਗਰਟਾਂ ਦੀ ਡੱਬੀ ਆਣ ਕੱਢੀ। ਵੇਖਣ ਵਾਲੇ ਹੈਰਾਨ! ਏਨਾ ਸ਼ੁਕਰ ਰਿਹਾ ਕਿ ਵਿਆਹ ਵਿਚ ਵਿਘਨ ਨਹੀਂ ਪਿਆ।



*ਗੁਲਜ਼ਾਰ ਸਿੰਘ ਸੰਧੂ ਅਤੇ ਸੁਰਜੀਤ ਕੌਰ ਸੰਧੂ*

ਡਾ. ਸੁਰਜੀਤ ਕੌਰ ਪੰਨੂੰ ਦਿੱਲੀ ਵਿਚ ਗੁਲਜ਼ਾਰ ਸਿੰਘ ਸੰਧੂ ਤੋਂ ਵੱਡੀ ਅਫਸਰ ਸੀ। ਕੁੜੀ ਮਾਝੇ ਦੀ, ਮੁੰਡਾ ਦੁਆਬੇ ਦਾ। ਸੁਰਜੀਤ ਕੌਰ ਦੇ ਪਿਤਾ ਸ. ਹਰਬੰਸ ਸਿੰਘ ਪੰਨੂੰ ਬਾਰਾਂ ਤੇਰਾਂ ਸਾਲ ਪਹਿਲਾਂ ਗੁਜ਼ਰ ਗਏ ਸਨ। ਵਿਆਹ ਉਸ ਦੀ ਮਾਤਾ ਬਚਿੰਤ ਕੌਰ ਤੇ ਭਰਾ ਗੁਰਬਚਨ ਸਿੰਘ ਨੇ ਕਰਨਾ ਸੀ। ਇਲਾਕੇ 'ਚ ਉਨ੍ਹਾਂ ਦੀ ਚੰਗੀ ਪੈਂਠ ਸੀ। ਗੁਲਜ਼ਾਰ ਨੇ ਉਨ੍ਹਾਂ ਨਾਲ ਸਾਵੇਂ ਹੋਣ ਲਈ ਸੰਤ ਸਿੰਘ ਸੇਖੋਂ, ਪ੍ਰੋ. ਮੋਹਣ ਸਿੰਘ, ਸਾਧੂ ਸਿੰਘ ਹਮਦਰਦ, ਸ਼ਾਦੀ ਸਿੰਘ, ਕੁਲਵੰਤ ਸਿੰਘ ਵਿਰਕ, ਸ.ਸ. ਮੀਸ਼ਾ, ਸ਼ਿਵ ਕੁਮਾਰ ਤੇ ਕੁਝ ਹੋਰ ਨਾਮੀ ਲੇਖਕਾਂ ਨੂੰ ਜਨੇਤੀ ਬਣਨ ਦਾ ਸੱਦਾ ਦਿੱਤਾ। ਬੱਸ ਭਰ ਕੇ ਸਹੁਰਿਆਂ ਦੇ ਪਿੰਡ ਨੂੰ ਤੋਰ ਦਿੱਤੀ। ਆਪ ਕਾਰ ਵਿਚ ਜਲੰਧਰੋਂ ਮੋਹਣ ਸਿੰਘ ਤੇ ਹਮਦਰਦ ਹੋਰਾਂ ਨੂੰ ਲੈ ਕੇ ਪਹੁੰਚਣਾ ਸੀ। ਸੰਧੂ ਨੂੰ ਮੋਹਣ ਸਿੰਘ ਦੇ ਘਰੋਂ ਪਤਾ ਲੱਗਾ ਕਿ ਉਹ ਬਾਹਰ ਪਿੱਪਲ ਹੇਠ ਸ਼ਤਰੰਜ ਖੇਡ ਰਹੇ ਹਨ। ਆਬਾਦੀ ਦੇ ਘਣੇ ਪਿੱਪਲਾਂ 'ਚੋਂ ਉਹ ਪਿੱਪਲ ਮਸਾਂ ਲੱਭਾ ਜਿਥੇ ਮੋਹਣ ਸਿੰਘ ਤੇ ਸਾਧੂ ਸਿੰਘ ਹਮਦਰਦ ਨੇ ਸ਼ਤਰੰਜ ਦੀ ਬਿਸਾਤ ਵਿਛਾਈ ਹੋਈ ਸੀ। ਉਥੇ ਗਿਆਨੀ ਸ਼ਾਦੀ ਸਿੰਘ ਵੀ ਹਾਜ਼ਰ ਸੀ। ਅੱਗੇ ਹੀ ਲੇਟ ਹੋਣ ਦੀ ਦੁਹਾਈ ਪਾ ਕੇ ਸੰਧੂ ਨੇ ਉਹ ਮਸੀਂ ਉਠਾਏ।

ਕਾਰ ਭਜਾ ਕੇ ਉਹ ਨੌਸ਼ਹਿਰੇ ਪਹੁੰਚੇ। ਲਾੜੇ ਦੀ ਉਡੀਕ 'ਚ ਖੜ੍ਹੀ ਬਰਾਤ ਨੂੰ ਸੁਖ ਦਾ ਸਾਹ ਆਇਆ। ਤਦੇ ਬੱਕਰੀਆਂ ਨਾਲ ਭਰੇ ਟਰੱਕ 'ਚੋਂ ਤਾਜ਼ਾ ਖਿਜ਼ਾਬ ਲਾਈ ਸੰਤ ਸਿੰਘ ਸੇਖੋਂ ਉਤਰਿਆ। ਮਾਵੇ ਵਾਲੀ ਪੱਗ, ਸੂਟ ਨਾਲ ਮੇਲ ਖਾਂਦੀ ਟਾਈ ਤੇ ਲਿਸ਼ਕਦੇ ਬੂਟ। ਆਉਂਦਾ ਹੀ ਕਹਿੰਦਾ, ਹੋਰ ਕੋਈ ਸਵਾਰੀ ਨੀ ਮਿਲੀ, ਹਾਰ ਕੇ ਬੱਕਰੀਆਂ ਵਾਲੇ ਟਰੱਕ 'ਤੇ ਚੜ੍ਹ ਕੇ ਆਇਆਂ!

ਰਾਤੀਂ ਦਾਰੂ ਦਾ ਭੰਨਿਆ ਸ਼ਿਵ ਕੁਮਾਰ ਵੀ ਪੁੱਜ ਗਿਆ। ਕੁੜੀ ਵਾਲਿਆਂ ਨੇ ਸਮਝਿਆ ਮੁੰਡੇ ਵਾਲਿਆਂ ਨੇ ਕੋਈ ਗਾਉਣ ਵਾਲਾ ਲਿਆਂਦਾ ਹੋਊ। ਅਖੇ, ਸੇਵਾ ਕਰੋ ਇਹਦੀ। ਤਰਾਰੇ 'ਚ ਕਰੋ ਇਹਨੂੰ। ਅਨੰਦ ਕਾਰਜ ਹੋਏ ਤਾਂ ਕਹਿੰਦੇ, ਪੜ੍ਹਾਓ ਸਿਹਰਾ ਹੁਣ। ਸ਼ਿਵ ਕੁਮਾਰ 'ਲੂਣਾ' ਵਿਚੋਂ 'ਧੀਆਂ ਦੇ ਦੁੱਖ ਬੁਰੇ' ਗਾਉਣ ਲੱਗਾ। ਆਵਾਜ਼ ਵਿਚ ਲੋਹੜੇ ਦਾ ਸੋਜ਼। ਧੀਆਂ ਦਾ ਦਰਦ। ਮਝੈਲਾਂ ਦੇ ਅਥਰੂ ਵਹਿ ਤੁਰੇ ਤੇ ਨਾਲ ਹੀ ਦੁਆਬੀਆਂ ਦੇ।

ਸੰਧੂ ਦੱਸਦਾ ਹੈ- ਮੋਹਣ ਸਿੰਘ, ਹਮਦਰਦ, ਵਿਰਕ ਤੇ ਬਟਾਲਵੀ ਵਰਗੇ ਲੇਖਕ ਮੇਰੇ ਮੂੰਹ ਨੂੰ ਓਨੇ ਨਹੀਂ, ਜਿੰਨੇ ਸੇਖੋਂ ਦੀ ਸੰਗਤ ਕਾਰਨ ਆਏ ਸਨ। ਸੇਖੋਂ ਨੇ ਵੀ ਮੇਰੀ ਜੰਜੇ ਆਉਣ ਦਾ ਕਸ਼ਟ ਮੇਰੇ ਲਈ ਨਹੀਂ ਸੀ ਝੱਲਿਆ, ਉਸ ਨੇ ਜਲਾਲ ਉਸਮਾ ਪਿੰਡ ਦੀ ਬੀਬੀ ਨੂੰ ਬਚਨ ਦਿੱਤਾ ਹੋਇਆ ਸੀ ਜਿਹੜੀ ਫਤਿਹਗੜ੍ਹ ਸਾਹਿਬ ਦੇ ਕਾਲਜ ਵਿਚ ਸੇਖੋਂ ਦੇ ਪ੍ਰਿੰਸੀਪਲ ਹੋਣ ਵੇਲੇ ਪ੍ਰੋਫੈਸਰ ਹੁੰਦੀ ਸੀ ਤੇ ਜਿਸ ਦੇ ਹੁਸਨਾਂ ਦੇ ਮਤਵਾਲੇ ਹੋਏ ਸੇਖੋਂ ਨੇ ਵਾਰਿਸ ਦੀ ਹੀਰ ਅੰਗਰੇਜ਼ੀ ਵਿਚ ਅਨੁਵਾਦੀ ਸੀ। ਅਗਲੇ ਦਿਨ ਅਨੰਦ ਕਾਰਜ ਤੋਂ ਪਹਿਲਾਂ ਸੇਖੋਂ ਨੇ ਸਭ ਤੋਂ ਜ਼ਰੂਰੀ ਕੰਮ ਇਹ ਕੀਤਾ ਸੀ ਕਿ ਉਸ ਬੀਬੀ ਨੂੰ ਉਸ ਦੇ ਪਿੰਡ ਜਾ ਕੇ ਆਪਣੇ ਨਾਲ ਲੈ ਆਇਆ ਸੀ। ਮੇਰੇ ਵਿਆਹ ਸਮੇਂ ਸਾਰਾ ਮਾਹੌਲ ਕੁਝ ਏਸ ਤਰ੍ਹਾਂ ਦਾ ਹੋ ਗਿਆ ਸੀ ਜਿਵੇਂ ਉਸ ਦਿਨ ਵਿਆਹ ਮੇਰਾ ਨਹੀਂ, ਸੇਖੋਂ ਦਾ ਸੀ!

ਇਕ ਦੰਦ ਕਥਾ ਅਨੁਸਾਰ, ਵਿਸ਼ਵਾਸ ਬਣਿਆ ਹੋਇਆ ਹੈ ਕਿ ਸੰਧੂਆਂ ਦੀਆਂ ਸੁੱਤਿਆਂ ਵੀ ਅੱਖਾਂ ਖੁੱਲ੍ਹੀਆਂ ਰਹਿੰਦੀਆਂ ਹਨ। ਸੁੱਤਿਆਂ ਅੱਖਾਂ ਖੁੱਲ੍ਹੀਆਂ ਰਹਿਣ ਦੀ ਗੱਲ ਭਾਵੇਂ ਸੱਚ ਹੋਵੇ ਭਾਵੇਂ ਝੂਠ, ਪਰ ਇਹ ਸੱਚ ਹੈ ਕਿ ਗੁਲਜ਼ਾਰ ਸੰਧੂ ਦੀਆਂ ਅੱਖਾਂ ਬਹੁਤੀ ਦੇਰ ਜਾਗਦੀਆਂ ਨਹੀਂ ਰਹਿ ਸਕਦੀਆਂ। ਉਹ ਕਿਸੇ ਵੀ ਥਾਂ ਵੇਲੇ ਕੁਵੇਲੇ ਸੌਂ ਜਾਣ ਦਾ ਆਦੀ ਹੈ। ਮੰਜੇ ਉਤੇ ਤਾਂ ਹਰ ਕੋਈ ਸੌਂਦਾ ਹੈ; ਉਹ ਕੁਰਸੀ, ਮੇਜ਼, ਵੱਟ-ਬੰਨੇ, ਇਥੋਂ ਤਕ ਕਿ ਕਾਰ ਚਲਾਉਂਦਾ ਵੀ ਠੌਂਕਾ ਲਾ ਲੈਂਦਾ ਹੈ। ਸ਼ੁਕਰ ਹੈ ਕਿ ਸੁੱਤਿਆਂ ਕੋਈ ਵੱਡਾ ਹਾਦਸਾ ਨਹੀਂ ਕੀਤਾ। ਅੱਖ ਮਿਚਦਿਆਂ ਹੀ ਉਹ ਕਾਰ ਸੜਕ ਤੋਂ ਲਾਹ ਲੈਂਦਾ ਹੈ ਤੇ ਸੀਟ ਉਤੇ ਹੀ ਟੇਢਾ ਹੋ ਜਾਂਦਾ ਹੈ। 'ਦੇਸ਼ ਸੇਵਕ' ਦੀ ਐਡੀਟਰੀ ਕਰਦਾ ਉਹ ਅਕਸਰ ਛੱਤ 'ਤੇ ਜਾ ਸੌਂਦਾ ਸੀ। ਇਕ ਵਾਰ ਹਰਕਿਸ਼ਨ ਸਿੰਘ ਸੁਰਜੀਤ 'ਦੇਸ਼ ਸੇਵਕ' ਦੇ ਦਫਤਰ ਆਇਆ ਤਾਂ ਸੰਧੂ ਲੱਭੇ ਨਾ। ਕੰਮ ਜ਼ਰੂਰੀ ਸੀ। ਜਨਰਲ ਮੈਨੇਜਰ ਨੂੰ ਲੈ ਕੇ ਲੱਭਦੇ ਲਭਾਉਂਦੇ ਛੱਤ 'ਤੇ ਚੜ੍ਹੇ ਤਾਂ ਉਹ ਧੁੱਪੇ ਸ਼ਤੀਰੀਆਂ ਜੋੜ ਕੇ ਬਣਾਏ 'ਪਲੰਘ' ਉਤੇ ਘੁਰਾੜੇ ਮਾਰਦਾ ਲੱਭਿਆ।

ਉਹ ਦੱਸਦਾ ਹੈ ਕਿ ਉਹਨੇ ਜਿਥੇ ਵੀ ਨੌਕਰੀ ਕੀਤੀ, ਸੌਣ ਦਾ ਪ੍ਰਬੰਧ ਪਹਿਲਾਂ ਕੀਤਾ, ਭਾਵੇਂ ਸ਼ਤੀਰੀਆਂ ਜੋੜ ਕੇ ਹੀ ਕੀਤਾ!

**(ਚਲਦਾ)**

# ਗੁਜਰਾਤ ਫਾਈਲਾਂ



## ਪਰਦਾਪੋਸ਼ੀ ਦੀ ਚੀਰਫਾੜ

*'ਗੁਜਰਾਤ ਫਾਈਲਾਂ' ਕਿਤਾਬ ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਮਿਸਾਲੀ ਲਿਖਤ ਹੈ ਜਿਸ 'ਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ, ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



# ਪੁਲਿਸ ਬਨਾਮ ਸਿਆਸਤਦਾਨ

**ਕਾਂਡ ਸੱਤਵਾਂ**

### ਤੁਸੀਂ ਪੜ੍ਹ ਚੁੱਕੇ ਹੋ...

*ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਦਿਆਂ ਉਹ ਖੁਦ ਡਿਪਰੈਸ਼ਨ ਦੇ ਗੇੜ ਵਿਚ ਜਾ ਧਸੀ। ਇਕ ਦਿਨ ਅਚਾਨਕ ਮੁੰਬਈ ਦੇ ਡਾਕਟਰ ਚਿਟਨਿਸ ਦੇ ਮਸ਼ਵਰੇ ਨੇ ਉਸ ਅੰਦਰ ਫਿਰ ਚਿਣਗ ਬਾਲੀ। ਫਿਰ ਜਦੋਂ ਅੰਮੜੀ ਵਲੋਂ ਅਖਬਾਰ ਪੜ੍ਹਦਿਆਂ ਸੋਹਰਾਬੂਦੀਨ ਦਾ ਜ਼ਿਕਰ ਆਇਆ ਤਾਂ ਰਾਣਾ ਦੇ ਜ਼ਿਹਨ ਅੰਦਰ ਉਹ ਨਰੇਂਦਰ ਮੋਦੀ ਘੁੰਮ ਗਿਆ ਜਿਹੜਾ ਸਵਾਲ ਪੁੱਛਣ 'ਤੇ ਉਸ ਵੱਲ ਬਿਨਾ ਅੱਖ ਝਪਕਾਏ ਅਤੇ ਬਿਨਾ ਕੁਝ ਬੋਲੇ ਲਗਾਤਾਰ ਤਿੱਖਾ ਝਾਕਦਾ ਰਿਹਾ ਸੀ। ਇਸੇ ਮੋਦੀ ਦੇ ਬਖੀਏ ਉਧੇੜਨ ਲਈ ਫਿਰ ਰਾਣਾ ਨੇ ਲੱਕ ਬੰਨ੍ਹ ਲਿਆ ਅਤੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾ ਕੇ ਸਬੂਤ ਜੁਟਾਉਣ ਲੱਗੀ। ਉਸ ਨੇ ਤਤਕਾਲੀ ਮੰਤਰੀ ਮਾਇਆ ਕੋਡਨਾਨੀ, ਅਤਿਵਾਦੀ ਵਿਰੋਧੀ ਦੇ ਮੁਖੀ ਜੀ.ਐਲ. ਸਿੰਘਲ, ਸਾਬਕਾ ਪੁਲਿਸ ਅਫਸਰ ਰਾਜਨ ਪ੍ਰਿਯਾਦਰਸ਼ੀ, ਪੁਲਿਸ ਅਫਸਰ ਊਸ਼ਾ ਰਾਡਾ ਤੇ ਅਸ਼ੋਕ ਨਰਾਇਣ ਨਾਲ ਮੁਲਾਕਾਤਾਂ ਕੀਤੀਆਂ ਅਤੇ ਗੁੱਝੇ ਭੇਤ ਕਢਵਾਏ। ਹੁਣ ਪੜ੍ਹੋ ਅੱਗੇ...*

ਮੈਂ ਜੀ.ਸੀ. ਰੈਗਰ ਨੂੰ 2002 ਦੀ ਹਿੰਸਾ ਦੌਰਾਨ (ਉਦੋਂ ਉਹ ਗੁਜਰਾਤ ਇੰਟੈਲੀਜੈਂਸ ਦਾ ਮੁਖੀ ਸੀ ਅਤੇ ਬਾਅਦ ਵਿਚ ਸੋਹਰਾਬੂਦੀਨ ਮੁਕਾਬਲੇ ਦੌਰਾਨ ਡੀ.ਜੀ.ਪੀ. ਹੋਣ ਸਮੇਂ) ਉਸ ਦਿਨ ਮਿਲੀ ਜਦੋਂ ਹਰ ਕੋਈ ਹਿੰਦ-ਪਾਕਿਸਤਾਨ ਕ੍ਰਿਕਟ ਮੈਚ ਨੂੰ ਲੈ ਕੇ ਜੋਸ਼ 'ਚ ਸੀ। ਅਜੇ ਨੇ ਆਪਣੇ ਟਿਕਾਣੇ ਉਪਰ ਸਕਰੀਨਿੰਗ ਦਾ ਇੰਤਜ਼ਾਮ ਕੀਤਾ ਜਿਸ ਵਿਚ ਉਹਦੇ ਮਿੱਤਰਾਂ ਨੇ ਸ਼ਾਮਲ ਹੋਣਾ ਸੀ ਅਤੇ ਉਹਨੇ ਮੈਨੂੰ ਵੀ ਸੱਦਾ ਦਿੱਤਾ ਸੀ। ਮੈਂ ਜਾਣਾ ਚਾਹੁੰਦੀ ਸੀ, ਪਰ ਅਜੇ ਦੇ ਮਿੱਤਰਾਂ ਨੂੰ ਪਤਾ ਲੱਗ ਜਾਣ ਦੇ ਡਰੋਂ ਨਹੀਂ ਗਈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਦੇ ਗੂੜ੍ਹੇ ਸਿਆਸੀ ਸਬੰਧ ਸਨ। ਉਹ ਪਹਿਲਾਂ ਹੀ ਮੈਨੂੰ ਦੱਸ ਚੁੱਕਾ ਸੀ ਕਿ ਉਸ ਦੇ ਨਜ਼ਦੀਕੀ ਮਿੱਤਰਾਂ ਵਿਚੋਂ ਇਕ ਅਨਾਰ ਪਟੇਲ ਸੀ ਜੋ ਸ਼ਹਿਰ ਵਿਚ ਇਕ ਐਨ.ਜੀ.ਓ. ਚਲਾਉਂਦੀ ਸੀ। ਅਨਾਰ ਪਟੇਲ ਗੁਜਰਾਤ ਦੀ ਮੁੱਖ ਮੰਤਰੀ ਆਨੰਦੀਬੇਨ ਦੀ ਧੀ ਹੈ।

ਜਦੋਂ ਉਸ ਦੁਪਹਿਰ ਨੂੰ ਮੈਂ ਰੈਗਰ ਨੂੰ ਮਿਲਣ ਗਈ, ਉਹ ਮੈਚ ਸ਼ੁਰੂ ਹੋਣ ਦੀ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਸੀ। 'ਮੈਨੂੰ ਉਮੀਦ ਹੈ ਸਰ, ਅਫ਼ਰੀਦੀ ਛੱਕਾ ਬਣਾਉਣ ਦਾ ਆਗਾਜ਼ ਵੀ ਨਹੀਂ ਕਰ ਸਕੇਗਾ; ਕਿਉਂਕਿ ਜਿਵੇਂ ਨਜ਼ਰ ਆ ਰਿਹਾ ਹੈ ਸਾਡੀ ਗੇਂਦਬਾਜ਼ੀ ਵਾਲੀ ਕਤਾਰ ਬਹੁਤੀ ਮਜ਼ਬੂਤ ਨਹੀਂ ਹੈ', ਮੈਂ ਆਪਣੇ ਦੋ ਟੋਟਕੇ ਸਾਂਝੇ ਕੀਤੇ। ਰੈਗਰ ਨੇ ਰਾਜਸਥਾਨੀ ਚਿਵੜਾ ਤੇ ਚਾਹ ਪਰੋਸੀ ਅਤੇ ਗੁਜਰਾਤ ਆਈ.ਬੀ. ਦੇ ਮੁਖੀ ਦੇ ਕਾਰਜਕਾਲ ਦੀਆਂ ਯਾਦਾਂ ਸਾਂਝੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਸੋਹਰਾਬੂਦੀਨ ਦੇ ਫਰਜ਼ੀ ਮੁਕਾਬਲੇ ਵਾਲੇ ਮਾਮਲਿਆਂ ਵਿਚ ਸੀ.ਬੀ.ਆਈ. ਅੱਗੇ ਪੇਸ਼ ਹੋਇਆ ਸੀ ਅਤੇ ਅਖ਼ਬਾਰੀ ਰਿਪੋਰਟਾਂ ਅਨੁਸਾਰ ਉਦੋਂ ਭਾਰੀ ਦਬਾਓ ਹੇਠ ਸੀ।

ਇਹ ਇਕਲੌਤੀ ਮੁਲਾਕਾਤ ਸੀ। ਮੈਨੂੰ ਬਹੁਤ ਜ਼ਿਆਦਾ ਤੌਖਲੇ ਸਨ, ਕਿਉਂਕਿ ਮੈਨੂੰ ਕੋਈ ਇਲਮ ਨਹੀਂ ਸੀ ਕਿ ਰੈਗਰ ਕਿਧਰ ਖੜ੍ਹਾ ਸੀ ਅਤੇ ਉਸ ਤੋਂ ਕਿੰਨਾ ਕੁ ਸੱਚ ਕਢਵਾਇਆ ਜਾ ਸਕਦਾ ਸੀ। ਮਾਈਕ ਵਾਪਸ ਆ ਗਿਆ ਸੀ, ਅਸੀਂ ਅਜੇ ਨਹਿਰੂ ਫਾਊਂਡੇਸ਼ਨ ਵਿਖੇ ਦੁਬਾਰਾ ਜਾਣਾ ਸੀ। ਅਸੀਂ ਰੈਗਰ ਨੂੰ ਉਸ ਦੇ ਦਫ਼ਤਰ ਵਿਖੇ ਮਿਲੇ ਜਿਥੇ ਉਸ ਨੂੰ ਸੇਵਾ-ਮੁਕਤੀ ਤੋਂ ਬਾਅਦ ਨਕਲੀ ਸ਼ਰਾਬ ਦੇ ਮਾਮਲਿਆਂ ਦੀ ਦੇਖਰੇਖ ਦੇ ਅਹੁਦੇ ਉਪਰ ਤਾਇਨਾਤ ਕੀਤਾ ਗਿਆ ਸੀ। 2002 ਦੀ ਗੁਜਰਾਤ ਹਿੰਸਾ ਦੌਰਾਨ ਇੰਟੈਲੀਜੈਂਸ ਦੇ ਏ.ਡੀ.ਜੀ.ਪੀ. ਰਹੇ ਆਰ.ਬੀ. ਸ੍ਰੀਕੁਮਾਰ ਨੇ ਹਿੰਸਾ ਤੋਂ ਬਾਅਦ ਦਿੱਤੀ ਇੰਟਰਵਿਊ ਵਿਚ ਕਿਹਾ ਸੀ:

ਬਹੁਤ ਸਾਰੇ ਅਧਿਕਾਰੀ ਆਪਣੇ ਉਪਰਲਿਆਂ ਨੂੰ ਖ਼ੁਸ਼ ਰੱਖਣ ਲਈ ਡੱਕਾ ਦੂਹਰਾ ਨਹੀਂ ਕਰਦੇ। ਇਥੋਂ ਤਕ ਕਿ ਮੇਰੇ ਤੋਂ ਪਹਿਲਾਂ ਇਸ ਅਹੁਦੇ ਉਪਰ ਤਾਇਨਾਤ ਅਫਸਰ ਜੀ.ਸੀ. ਰੈਗਰ ਵੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਗਿਆ। ਬਾਅਦ ਵਿਚ, ਤਰੱਕੀ ਨਾਲ ਸਨਮਾਨਿਆ ਗਿਆ ਹਾਲਾਂਕਿ ਉਹ ਮੇਰਾ ਜੂਨੀਅਰ ਸੀ। ਉਸ ਨੂੰ ਤਾਂ ਸੇਵਾ-ਮੁਕਤੀ ਤੋਂ ਬਾਅਦ ਅਹੁਦਾ ਵੀ ਦਿੱਤਾ ਗਿਆ ਹੈ, ਨਕਲੀ ਸ਼ਰਾਬ ਕਮਿਸ਼ਨ ਦੇ ਮੈਂਬਰ ਦਾ ਅਹੁਦਾ ਜੋ ਹਾਈਕੋਰਟ ਦੇ ਜੱਜ ਦੇ ਮਤਹਿਤ ਆਉਂਦਾ ਹੈ।

ਰੈਗਰ ਜਿਸ ਦਾ ਨਾਂ ਸੰਜੀਵ ਭੱਟ ਨੇ ਸੁਪਰੀਮ ਕੋਰਟ ਵਿਚ ਦਿੱਤੇ ਹਲਫ਼ਨਾਮੇ 'ਚ ਲਿਆ ਸੀ, ਨੇ ਇਸ ਦੀ ਤਸਦੀਕ ਕਰਨ ਤੋਂ ਜਾਂ ਇਸ ਤੋਂ ਇਨਕਾਰ ਕਰਨ ਤੋਂ ਨਾਂਹ ਕਰ ਦਿੱਤੀ ਕਿ ਕੀ ਭੱਟ 27 ਫਰਵਰੀ 2002 ਨੂੰ ਮੁੱਖ ਮੰਤਰੀ ਵਲੋਂ ਸੱਦੀ ਮੀਟਿੰਗ ਵਿਚ ਸ਼ਾਮਲ ਸੀ। ਉਸ ਨੇ ਇਕ ਸਥਾਨਕ ਅਖ਼ਬਾਰ ਨੂੰ ਦੱਸਿਆ ਸੀ- 'ਮੈਂ ਕੁਝ ਨਹੀਂ ਕਹਿ ਸਕਦਾ, ਮੈਂ ਉਸ ਦਿਨ ਛੁੱਟੀ 'ਤੇ ਸੀ।'

ਤੱਤਕਾਲੀ ਡੀ.ਜੀ.ਪੀ. (ਜਿਸ ਬਾਰੇ ਭੱਟ ਨੇ ਆਪਣੇ ਹਲਫ਼ਨਾਮੇ ਵਿਚ ਕਿਹਾ ਸੀ ਕਿ ਉਸ ਨੇ ਉਸ ਨੂੰ ਮੀਟਿੰਗ ਵਿਚ ਜਾਣ ਅਤੇ ਸਹਾਇਤਾ ਕਰਨ ਲਈ ਕਿਹਾ) ਨੇ 2002 ਦੀ ਹਿੰਸਾ ਦੀ ਜਾਂਚ ਬਾਰੇ ਮੀਡੀਆ ਨਾਲ ਗੱਲ ਕਰਨ ਤੋਂ ਨਾਂਹ ਕਰ ਦਿੱਤੀ ਸੀ ਅਤੇ ਉਸ ਵਲੋਂ ਕੋਈ ਸੁਰਾਗ਼ ਨਹੀਂ ਮਿਲ ਰਿਹਾ ਸੀ।

ਰੈਗਰ ਮੁੰਬਈ ਹਿੰਸਾ ਅਤੇ ਇਸ ਤੋਂ ਪਿੱਛੋਂ ਜੋ ਮੁਕਾਬਲੇ ਬਣਾਏ ਗਏ ਦੋਹਾਂ ਵਿਚ ਸ਼ਾਮਲ ਅਹਿਮ ਹਸਤੀਆਂ ਵਿਚੋਂ ਇਕ ਸੀ, ਗੁਜਰਾਤ ਅੰਦਰ ਮੁਜਰਮਾਨਾ ਸਾਜ਼ਿਸ਼ ਦੀਆਂ ਦੋ ਬਦਕਿਸਮਤ ਅਤੇ ਉਘੜਵੀਆਂ ਮਿਸਾਲਾਂ। ਵੀ.ਐਲ. ਸੋਲੰਕੀ (ਜੋ ਸੋਹਰਾਬੂਦੀਨ ਮੁਕਾਬਲੇ ਦੀ ਜਾਂਚ ਦੌਰਾਨ ਪੁਲਿਸ ਅਫ਼ਸਰਾਂ ਵਿਚੋਂ ਇਕ ਸੀ) ਨੇ ਸੀ.ਬੀ.ਆਈ. ਨੂੰ ਲਿਖਤੀ ਬਿਆਨ ਦਿੱਤਾ ਸੀ ਜੋ ਬਾਅਦ ਵਿਚ ਚਾਰਜਸ਼ੀਟ ਵਿਚ ਸ਼ਾਮਲ ਕੀਤਾ ਗਿਆ। ਬਿਆਨ ਵਿਚ ਕਿਹਾ ਗਿਆ:

ਨਵੰਬਰ 2006 ਦੇ ਪਹਿਲੇ ਹਫ਼ਤੇ, ਉਸ (ਆਈ.ਜੀ. ਗੀਤਾ ਜੌਹਰੀ) ਨੇ ਮੈਨੂੰ ਆਪਣੇ ਚੈਂਬਰ ਵਿਚ ਮਿਲਣ ਦਾ ਨਿਰਦੇਸ਼ ਦਿੱਤਾ। ਇਸ ਮੁਤਾਬਿਕ ਮੈਂ ਗਾਂਧੀਨਗਰ ਚਲਾ ਗਿਆ। ਸ਼ੁਰੂ ਵਿਚ ਉਸ ਨੇ ਮੇਰੇ ਨਾਲ ਜਾਂਚ ਦੀ ਪ੍ਰਗਤੀ ਬਾਰੇ ਵਿਚਾਰ-ਵਟਾਂਦਰਾ ਕੀਤਾ। ਥੋੜ੍ਹੇ ਚਿਰ ਬਾਅਦ ਗੀਤਾ ਜੌਹਰੀ ਨੇ ਮੈਨੂੰ ਦੱਸਿਆ ਸੀ ਕਿ ਉਸ ਦਿਨ ਭਿਆਨਕ ਘਟਨਾ ਵਾਪਰੀ ਸੀ। ਸੂਬਾਈ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਧੀਕ ਡੀ.ਜੀ.ਪੀ. ਜੀ.ਸੀ.ਰੈਗਰ ਅਤੇ ਡੀ.ਜੀ.ਪੀ. ਪੀ.ਸੀ.ਪਾਂਡੇ ਸਮੇਤ ਉਸ ਨੂੰ ਆਪਣੇ ਦਫ਼ਤਰ ਵਿਖੇ ਸੱਦਿਆ ਸੀ ਅਤੇ ਜਾਂਚ ਦੀ ਪ੍ਰਗਤੀ ਬਾਰੇ ਉਨ੍ਹਾਂ ਨਾਲ ਚਰਚਾ ਕੀਤੀ ਸੀ।

ਉਹਨੇ ਮੈਨੂੰ ਦੱਸਿਆ ਸੀ ਕਿ ਸੂਬਾਈ ਗ੍ਰਹਿ ਮੰਤਰੀ ਦਾ ਮਿਜ਼ਾਜ ਬਹੁਤ ਵਿਗੜਿਆ ਹੋਇਆ ਸੀ ਅਤੇ ਉਸ ਨੇ ਉਸ ਤੋਂ ਮੇਰੇ ਬਾਰੇ ਪੁੱਛ-ਗਿੱਛ ਕੀਤੀ ਸੀ ਕਿ ਮੇਰੇ ਵਰਗਾ ਪੁਲਿਸ ਇੰਸਪੈਕਟਰ ਐਸੀਆਂ ਰਿਪੋਰਟਾਂ ਲਿਖਣ ਦੀ ਹਿੰਮਤ ਕਿਵੇਂ ਕਰ ਸਕਦਾ ਸੀ ਜੋ ਡੀ.ਜੀ. ਵਨਜਾਰਾ ਅਤੇ ਰਾਜ ਕੁਮਾਰ ਪਾਂਡਿਅਨ ਵਰਗੇ ਸੀਨੀਅਰ ਅਫ਼ਸਰਾਂ ਨੂੰ ਮੁਸ਼ਕਿਲ ਵਿਚ ਪਾ ਦੇਣ ਜੋ ਸੋਹਰਾਬੂਦੀਨ ਦੇ ਮੁਕਾਬਲੇ ਲਈ ਜ਼ਿੰਮੇਵਾਰ ਸਨ।

ਮੀਟਿੰਗ ਦੀ ਤਫ਼ਸੀਲ ਦਿੰਦਿਆਂ ਸੁਪਰੀਮ ਕੋਰਟ ਨੇ ਸੀ.ਬੀ.ਆਈ. ਨੂੰ ਦੱਸਿਆ ਸੀ ਕਿ ਦਸੰਬਰ 2006 ਵਿਚ ਅਮਿਤ ਸ਼ਾਹ ਵਲੋਂ ਗੁਜਰਾਤ ਦੇ ਡੀ.ਜੀ.ਪੀ. ਪੀ.ਸੀ. ਪਾਂਡੇ, ਏ.ਡੀ.ਜੀ.ਪੀ. ਸੀ.ਆਈ.ਡੀ. ਜੀ.ਸੀ. ਰੈਗਰ ਅਤੇ ਆਈ.ਜੀ.ਪੀ, ਸੀ.ਆਈ.ਡੀ. ਗੀਤਾ ਜੌਹਰੀ (ਜੋ ਉਦੋਂ ਮਾਮਲੇ ਦੀ ਮੁਖੀ ਜਾਂਚ ਅਫਸਰ ਸੀ) ਨਾਲ ਜੋ ਮੀਟਿੰਗ ਕੀਤੀ ਗਈ ਸੀ, ਉਸ ਵਿਚ ਉਸ ਨੇ ਕਥਿਤ ਤੌਰ 'ਤੇ ਮੰਗ ਕੀਤੀ ਸੀ ਕਿ ਜੌਹਰੀ ਦੇ ਡਿਪਟੀ ਸੋਲੰਕੀ ਵਲੋਂ ਜੋ ਅਫ਼ਸਰਾਂ ਨੂੰ ਫਸਾਉਣ ਵਾਲੀਆਂ ਜਾਂਚ ਰਿਪੋਰਟਾਂ ਤਿਆਰ ਕੀਤੀਆਂ ਗਈਆਂ ਸਨ, ਉਨ੍ਹਾਂ ਨੂੰ ਬਦਲਿਆ ਜਾਵੇ। ਸੋਲੰਕੀ ਨੇ ਸਹਿਯੋਗ ਕਰਨ ਤੋਂ ਨਾਂਹ ਕਰ ਦਿੱਤੀ। ਇਸ ਦੀ ਥਾਂ ਉਹਨੇ ਪ੍ਰਜਾਪਤੀ ਨਾਲ ਗੱਲਬਾਤ ਕਰਨ ਦਾ ਯਤਨ ਕੀਤਾ ਜੋ ਸੋਹਰਾਬੂਦੀਨ ਤੇ ਕੌਸਰ ਬੀ ਦੇ ਅਗਵਾ ਦਾ ਗਵਾਹ ਸੀ। ਨਵੰਬਰ 2006 ਵਿਚ ਪ੍ਰਜਾਪਤੀ ਖੁੱਲ੍ਹੀ ਅਦਾਲਤ ਵਿਚ ਚੀਕਿਆ ਸੀ ਕਿ ਪੁਲਿਸ ਨੇ ਉਹਨੂੰ ਮਾਰ ਦੇਣਾ ਹੈ, ਕਿਉਂਕਿ ਉਸ ਕੋਲ ਕੇਸ ਦਾ ਭੇਤ ਸੀ। ਜਦੋਂ ਸੋਲੰਕੀ ਨਾਲ ਉਸ ਦੀ ਗੱਲਬਾਤ ਹੋਣ ਜਾ ਰਹੀ ਸੀ, ਉਸ ਤੋਂ ਥੋੜ੍ਹਾ ਪਹਿਲਾਂ ਹੀ ਉਸ ਦਾ 'ਮੁਕਾਬਲਾ' ਬਣਾ ਦਿੱਤਾ ਗਿਆ।

18 ਮਹੀਨੇ ਤੋਂ ਵੱਧ ਸਮੇਂ ਤਕ ਚੱਲਣ ਵਾਲੀ ਜਾਂਚ ਤੋਂ ਬਾਅਦ ਸੀ.ਬੀ.ਆਈ. ਵਲੋਂ ਪੇਸ਼ ਕੀਤੀ ਚਾਰਜਸ਼ੀਟ ਵਿਚ ਸ਼ਾਹ ਅਤੇ 19 ਹੋਰ ਬੰਦਿਆਂ ਦੇ ਨਾਂ ਸ਼ਾਮਲ ਕਰ ਲਏ ਗਏ ਜਿਨ੍ਹਾਂ ਵਿਚ ਆਹਲਾ ਪੁਲਿਸ ਅਫਸਰ ਪਾਂਡੇ, ਜੌਹਰੀ, ਓ.ਪੀ.ਮਾਥੁਰ, ਰਾਜ ਕੁਮਾਰ ਪਾਂਡਿਅਨ, ਡੀ. ਵਨਜਾਰਾ ਅਤੇ ਆਰ.ਕੇ. ਪਟੇਲ ਸ਼ਾਮਲ ਸਨ। ਉਨ੍ਹਾਂ ਉਪਰ ਗੁੰਡੇ ਸੋਹਰਾਬੂਦੀਨ ਨੂੰ ਫਰਜ਼ੀ ਮੁਕਾਬਲੇ ਵਿਚ ਮਾਰਨ ਦੇ ਗਵਾਹ ਪ੍ਰਜਾਪਤੀ ਦਾ ਸਫ਼ਾਇਆ ਕਰਨ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਇਆ ਗਿਆ ਸੀ। ਗੁਜਰਾਤ ਕਾਡਰ ਦੇ ਨੌਂ ਆਈ.ਪੀ.ਐਸ. ਅਫਸਰ ਗਵਾਹਾਂ ਵਜੋਂ ਸਾਹਮਣੇ ਆਏ: ਜੀ.ਸੀ. ਰੈਗਰ (ਜੋ ਉਦੋਂ ਏ.ਡੀ.ਜੀ.ਪੀ., ਸੀ.ਆਈ.ਡੀ. ਕ੍ਰਾਈਮ ਸੀ), ਰਜਨੀਸ਼ ਰਾਏ, ਆਈ.ਐਮ. ਦੇਸਾਈ (ਜੋ ਉਦੋਂ ਸੀ.ਆਈ.ਡੀ. ਕ੍ਰਾਈਮ ਵਿਚ ਸੀ ਤੇ ਮਾਮਲੇ ਦੀ ਨਜ਼ਰਸਾਨੀ ਕਰ ਰਿਹਾ ਸੀ), ਪੀ.ਪੀ.ਪਾਂਡੇ (ਏ.ਡੀ.ਜੀ.ਪੀ., ਸੀ.ਆਈ.ਡੀ. ਕ੍ਰਾਈਮ), ਵੀ.ਵੀ. ਰਾਬੜੀ (ਸੀ.ਆਈ.ਡੀ. ਕ੍ਰਾਈਮ ਦਾ ਸਾਬਕਾ ਮੁਖੀ), ਰਾਜਨ ਪ੍ਰਿਯਾਦਰਸ਼ੀ (ਸੇਵਾ-ਮੁਕਤ), ਸੁਧੀਰ ਸਿਨਹਾ (ਗੁਜਰਾਤ ਆਈ.ਬੀ. ਦਾ ਤਤਕਾਲੀ ਮੁਖੀ), ਏ.ਕੇ.ਸ਼ਰਮਾ (ਡੀ.ਆਈ.ਜੀ. ਕ੍ਰਾਈਮ ਬਰਾਂਚ ਅਹਿਮਦਾਬਾਦ) ਅਤੇ ਮਾਯੁਰ ਚਾਵੜਾ (ਡੀ.ਐਸ.ਪੀ., ਮੁੱਖ ਮੰਤਰੀ ਸਕਿਓਰਿਟੀ)।

ਸੀ.ਬੀ.ਆਈ. ਅਫ਼ਸਰਾਂ ਨੇ ਕਿਹਾ ਕਿ ਰੈਗਰ ਅਤੇ ਰਾਏ ਮੁੱਖ ਗਵਾਹ ਸਨ।

ਚਾਰਜਸ਼ੀਟ ਵਿਚ ਕਿਹਾ ਗਿਆ ਕਿ ਦਸੰਬਰ 2006 ਦੇ ਅੱਧ ਵਿਚ, ਅਮਿਤ ਸ਼ਾਹ (ਜੋ ਉਦੋਂ ਸੂਬੇ ਦਾ ਗ੍ਰਹਿ ਮੰਤਰੀ ਸੀ) ਨੇ ਆਪਣੇ ਦਫ਼ਤਰ ਵਿਚ ਮੀਟਿੰਗ ਸੱਦੀ ਜਿਸ ਵਿਚ ਪਾਂਡੇ, ਜੌਹਰੀ ਅਤੇ ਰੈਗਰ ਸ਼ਾਮਲ ਹੋਏ। ਸ਼ਾਹ ਨੇ ਸ਼ੇਖ਼ ਮਾਮਲੇ ਦੀ ਜਾਂਚ ਬਾਰੇ ਨਾਖ਼ੁਸ਼ੀ ਜ਼ਾਹਿਰ ਕੀਤੀ ਅਤੇ ਜੌਹਰੀ ਨੂੰ ਖ਼ਾਸ ਦਸਤਾਵੇਜ਼ ਨਸ਼ਟ ਕਰਨ ਲਈ ਕਿਹਾ।

ਸੀ.ਬੀ.ਆਈ. ਨੇ ਕਿਹਾ- 'ਰੈਗਰ ਨੇ ਗੁਜ਼ਾਰਿਸ਼ ਕੀਤੀ ਕਿ ਉਸ ਨੂੰ ਇਸ ਵਿਚੋਂ ਬਾਹਰ ਰੱਖਿਆ ਜਾਵੇ, ਪਰ ਪਾਂਡੇ ਅਤੇ ਜੌਹਰੀ ਇਨ੍ਹਾਂ ਸਾਜ਼ਿਸ਼ੀ ਹਦਾਇਤਾਂ ਵਿਚ ਆਪਣੀ ਇੱਛਾ ਨਾਲ ਭਾਈਵਾਲ ਸਨ।'

ਰੈਗਰ ਨੇ ਸੀ.ਬੀ.ਆਈ. ਨੂੰ ਦੱਸਿਆ ਕਿ ਜਦੋਂ ਉਹ ਸੋਹਰਾਬੂਦੀਨ ਦੇ ਫਰਜ਼ੀ ਮੁਕਾਬਲੇ ਨੂੰ ਨਜਿੱਠ ਰਿਹਾ ਸੀ ਤਾਂ ਉਸ ਉਪਰ ਤੱਤਕਾਲੀ ਜੂਨੀਅਰ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਲਗਾਤਾਰ ਦਬਾਓ ਪੈ ਰਿਹਾ ਸੀ। 'ਉਹ ਮੇਰੇ ਵਲੋਂ ਕੀਤੇ ਕੰਮ ਤੋਂ ਨਾਖੁਸ਼ ਸੀ। ਉਹ ਮੇਰੇ ਤੋਂ ਗ਼ੈਰਕਾਨੂੰਨੀ ਕੰਮ ਕਰਵਾਉਣਾ ਚਾਹੁੰਦਾ ਸੀ, ਪਰ ਇਸ ਦਾ ਮੇਰੇ ਉਪਰ ਬਹੁਤ ਦਬਾਓ ਰਿਹਾ। ਲਿਹਾਜ਼ਾ, ਮੈਂ ਤਬਾਦਲਾ ਕਰਾਉਣਾ ਚਾਹਿਆ। ਉਸੇ ਦਿਨ, ਗ੍ਰਹਿ ਮੰਤਰੀ ਨੇ ਮੇਰਾ ਤਬਾਦਲਾ ਕਰਾਈ ਵਿਖੇ ਕਰਨ ਦੇ ਹੁਕਮ ਦੇ ਦਿੱਤੇ।

ਇਕ ਹੋਰ ਅਫ਼ਸਰ ਨੂੰ ਉਸ ਦੀ ਥਾਂ ਇਸ ਕੰਮ ਦਾ ਚਾਰਜ ਦਿੱਤਾ ਗਿਆ। ਰੈਗਰ ਨੇ ਕਿਹਾ- 'ਮੈਂ ਸ਼ਾਹ ਤੋਂ ਤਬਾਦਲੇ ਲਈ ਕੁਝ ਦਿਨਾਂ ਦੀ ਮੋਹਲਤ ਮੰਗੀ, ਪਰ ਉਸ ਨੇ ਮੇਰਾ ਉਸੇ ਦਿਨ ਤਬਾਦਲਾ ਕਰ ਦਿੱਤਾ।'


ਉਸ ਨੇ ਇਹ ਵੀ ਕਿਹਾ ਕਿ ਤੱਤਕਾਲੀ ਪੁਲਿਸ ਇੰਸਪੈਕਟਰ ਵੀ.ਐਲ. ਸੋਲੰਕੀ (ਜੋ ਮਾਮਲੇ ਦੀ ਜਾਂਚ ਕਰ ਰਿਹਾ ਸੀ) ਨੇ ਮਾਮਲੇ ਸਬੰਧੀ ਉਦੈਪੁਰ ਜਾਣ ਲਈ ਉਸ ਦੀ ਇਜਾਜ਼ਤ ਕਦੇ ਨਹੀਂ ਲਈ। ਫਿਰ ਏ.ਡੀ.ਜੀ.ਪੀ. ਓ.ਪੀ. ਮਾਥੁਰ ਨੇ ਆਪਣੇ ਬਿਆਨ ਵਿਚ ਕਿਹਾ ਕਿ ਜਦੋਂ ਜੌਹਰੀ ਨੂੰ ਇਸ ਨੂੰ ਲੈ ਕੇ ਸ਼ੱਕ ਹੋਇਆ ਕਿ ਪਧੇਰੀਆ ਗਵਾਹ ਨਾਥੂਭਾ ਜਡੇਜਾ ਨੂੰ ਮੁਕਰਾਉਣ ਲਈ ਜ਼ਿੰਮੇਵਾਰ ਸੀ ਤਾਂ ਡੀ.ਐਸ.ਪੀ. ਪਧੇਰੀਆ ਅਤੇ ਆਈ.ਜੀ. ਗੀਤਾ ਜੌਹਰੀ ਦਰਮਿਆਨ ਇਸ ਨੂੰ ਲੈ ਕੇ ਮੱਤਭੇਦ ਪੈਦਾ ਹੋ ਗਏ ਸਨ। ਪੂਰਾ ਪ੍ਰਸੰਗ ਮੁੱਖ ਸਕੱਤਰ ਦੇ ਧਿਆਨ ਵਿਚ ਲਿਆਂਦਾ ਗਿਆ ਜਿਸ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਖ਼ੁਦ ਹੀ ਹੱਲ ਕਰਨਾ ਚਾਹੀਦਾ ਹੈ। ਬਾਅਦ ਵਿਚ ਇਹ ਹੱਲ

(ਬਾਕੀ ਅਗਲੇ ਸਫੇ 'ਤੇ)

*ਮੈਨੂੰ ਬਾਲੀਵੁੱਡ ਦੇ ਗੁਜਰਾਤੀ ਫਿਲਮਸਾਜ਼ ਰਾਹੁਲ ਢੋਲਕੀਆ ਨਾਲ ਗੱਲਬਾਤ ਚੇਤੇ ਹੈ ਜਿਸ ਦੀ ਗੁਜਰਾਤ ਹਿੰਸਾ 'ਤੇ ਆਧਾਰਤ ਫਿਲਮ 'ਪਰਜ਼ਾਨੀਆ' ਨੂੰ ਸੂਬੇ ਅੰਦਰ ਸਿਨੇਮਾ ਘਰਾਂ ਵਿਚ ਦਿਖਾਏ ਜਾਣ ਦੀ ਮਨਾਹੀ ਕਰ ਦਿੱਤੀ ਗਈ ਸੀ। ਜੁਹੂ, ਮੁੰਬਈ ਦੇ ਕੋਸਤਾ ਕੌਫੀ ਵਿਚ ਬੈਠ ਕੇ ਰਾਹੁਲ ਨੇ ਜਦੋਂ ਫੰਡ ਹਾਸਲ ਕਰਨ ਅਤੇ ਫਿਲਮ 'ਪਰਜ਼ਾਨੀਆ' ਬਣਾਉਣ ਦੇ ਆਪਣੇ ਤਜਰਬੇ ਸੁਣਾਏ ਤਾਂ ਮੇਰੇ ਲਈ ਇਹ ਬਹੁਤ ਮਜ਼ੇਦਾਰ ਕਹਾਣੀ ਸੀ। ਹਿੰਦੂ ਸੱਜੇਪੱਖੀ ਵਲੋਂ ਵਿਰੋਧ ਪ੍ਰਦਰਸ਼ਨ ਕੀਤੇ ਜਾਣ ਤਕ ਉਸ ਦੇ ਪ੍ਰੋਡਿਊਸਰ ਦੇ ਇਹ ਚਿਤ-ਚੇਤੇ ਵੀ ਨਹੀਂ ਸੀ ਕਿ ਫਿਲਮ ਹਿੰਸਾ ਦੌਰਾਨ ਸੂਬੇ ਅੰਦਰ ਘੱਟਗਿਣਤੀ ਨਾਲ ਹੋਏ ਅਨਿਆਂ ਵਿਰੁਧ ਸੀ।*




*ਫਰਜ਼ੀ ਮੁਕਾਬਲਿਆਂ ਵਿਚ ਭੂਮਿਕਾ ਨਿਭਾਉਣ ਵਾਲੇ ਕਿਰਦਾਰਾਂ ਬਾਰੇ ਮੈਂ ਜਾਣਦੀ ਸੀ, ਪਰ ਜਿਸ ਤਰੀਕੇ ਨਾਲ ਸਰਕਾਰ ਨੇ ਹਰ ਕਿਰਦਾਰ ਨੂੰ ਚਲਾਕੀ ਨਾਲ ਪ੍ਰਭਾਵਿਤ ਅਤੇ ਇਸਤੇਮਾਲ ਕੀਤਾ ਸੀ, ਉਸ ਦੀ ਥਾਹ ਪਾਉਣਾ ਸੌਖਾ ਨਹੀਂ ਸੀ। ਰੈਗਰ ਨਿਸ਼ਚਿੰਤ ਸੀ, ਕਿਉਂਕਿ ਉਸ ਨੂੰ ਪਤਾ ਸੀ ਕਿ ਮੈਂ ਪੀ.ਸੀ.ਪਾਂਡੇ, ਅਸ਼ੋਕ ਨਰਾਇਣ, ਰਾਜਨ ਪ੍ਰਿਯਾਦਰਸ਼ੀ ਨਾਲ ਪਹਿਲਾਂ ਹੀ ਗੱਲ ਕਰ ਚੁੱਕੀ ਸੀ ਅਤੇ ਉਸ ਨੂੰ ਇਹ ਜਚਿਆ ਹੋਇਆ ਸੀ ਕਿ ਮੈਂ ਗੁਜਰਾਤ ਦੀ ਸ਼ਾਨਾਮੱਤੀ ਪੁਲਿਸ ਉਪਰ ਕੰਮ ਕਰ ਰਹੀ ਸੀ।*



ਕਰ ਲਿਆ ਗਿਆ, ਜਦਕਿ ਜੌਹਰੀ ਨੇ ਉਸ ਨੂੰ ਭਰੋਸੇ ਵਿਚ ਨਹੀਂ ਲਿਆ, ਉਸ ਨੇ ਸੀ.ਬੀ.ਆਈ. ਨੂੰ ਦੱਸਿਆ।

ਇਨ੍ਹਾਂ ਬਿਆਨਾਂ ਦੇ ਵੇਰਵੇ ਉਸ ਤੋਂ ਬਾਅਦ ਸਾਹਮਣੇ ਆਏ ਜਦੋਂ ਮਾਰਚ 2011 ਵਿਚ ਮੈਂ ਆਪਣਾ ਸਟਿੰਗ ਓਪਰੇਸ਼ਨ ਕਰ ਕੇ ਗੁਜਰਾਤ ਤੋਂ ਆ ਗਈ ਸੀ।

ਦਸੰਬਰ ਵਿਚ ਜਦੋਂ ਮੈਂ ਅਤੇ ਮਾਈਕ, ਰੈਗਰ ਨੂੰ ਉਸ ਦੇ ਦਫ਼ਤਰ ਵਿਚ ਮਿਲੇ, ਸੀ.ਬੀ.ਆਈ. ਵਲੋਂ ਉਸ ਨੂੰ ਪੁੱਛ-ਗਿੱਛ ਲਈ ਅਜੇ ਵੀ ਸੱਦਿਆ ਜਾ ਰਿਹਾ ਸੀ। ਮੈਂ ਮਾਈਕ ਨੂੰ ਹਾਲਤ ਦੀ ਨਜ਼ਾਕਤ ਸਮਝਾ ਦਿੱਤੀ ਅਤੇ ਇਹ ਵੀ ਕਿ ਹੋ ਸਕਦਾ ਹੈ ਕਿ ਉਸ ਤੋਂ ਕੋਈ ਵੀ ਭੇਤ ਲੈਣ ਵਿਚ ਸਾਨੂੰ ਕਾਮਯਾਬੀ ਨਾ ਮਿਲੇ। 'ਮਾਈਕ ਆਪਾਂ ਅੱਜ ਉਸ ਨੂੰ ਸਿਆਸਤ ਬਾਰੇ ਕੋਈ ਸਵਾਲ ਨਾ ਕਰੀਏ, ਆਪਾਂ ਵਿਦੇਸ਼ੀਆਂ ਵਾਲਾ ਇਹ ਦਿਖਾਵਾ ਕਰੀਏ ਕਿ ਸਾਨੂੰ ਇਨ੍ਹਾਂ ਗੱਲਾਂ ਬਾਰੇ ਉਕਾ ਹੀ ਜਾਣਕਾਰੀ ਨਹੀਂ।'

ਰੈਗਰ ਮਾਈਕ ਨਾਲ ਬਹੁਤ ਅਪਣੱਤ ਨਾਲ ਪੇਸ਼ ਆਇਆ, ਉਸ ਨੂੰ ਗੁਜਰਾਤ ਦੇ ਅਨੁਭਵ ਬਾਰੇ ਸਵਾਲ ਪੁੱਛਦਾ ਰਿਹਾ। ਮਾਈਕ ਨੇ ਉਸ ਨੂੰ 'ਅਮਦਾਬਾਦ ਨੀ ਗੁਫ਼ਾ' ਪਲਦੀ ਅਤੇ ਸਰਖੇਜ ਰੋਜ਼ਾ ਵਿਖੇ ਕੀਤੀ ਸ਼ੂਟਿੰਗ ਬਾਰੇ ਦੱਸਿਆ। ਮੈਂ ਇਹ ਨਿਸ਼ਚੇ ਨਾਲ ਨਹੀਂ ਕਹਿ ਸਕਦੀ ਸੀ ਕਿ ਸਿਰਫ਼ ਗੁਜਰਾਤੀਆਂ ਨੂੰ ਹੀ ਵਿਦੇਸ਼ੀ ਜਾਂ ਅਮਰੀਕਨ ਚੀਜ਼ਾਂ ਨਾਲ ਐਨਾ ਮੋਹ ਸੀ, ਜਾਂ ਜੋ ਗੱਲਬਾਤ ਵਿਚ ਜਿੰਨਾ ਵਿਸ਼ਵਾਸ ਅਸੀਂ ਦੋਵੇਂ ਦਿਖਾ ਰਹੇ ਸੀ, ਉਸ ਕਰ ਕੇ ਇਹ ਅਫ਼ਸਰ ਸਾਡੀ ਕਹਾਣੀ ਉਪਰ ਫਟਾਫਟ ਯਕੀਨ ਕਰ ਰਹੇ ਸਨ।

ਮੈਨੂੰ ਬਾਲੀਵੁੱਡ ਦੇ ਗੁਜਰਾਤੀ ਫਿਲਮਸਾਜ਼ ਰਾਹੁਲ ਢੋਲਕੀਆ ਨਾਲ ਗੱਲਬਾਤ ਚੇਤੇ ਹੈ ਜਿਸ ਦੀ ਗੁਜਰਾਤ ਹਿੰਸਾ 'ਤੇ ਆਧਾਰਤ ਫਿਲਮ 'ਪਰਜ਼ਾਨੀਆ' ਨੂੰ ਸੂਬੇ ਅੰਦਰ ਸਿਨੇਮਾ ਘਰਾਂ ਵਿਚ ਦਿਖਾਏ ਜਾਣ ਦੀ ਮਨਾਹੀ ਕਰ ਦਿੱਤੀ ਗਈ ਸੀ। ਜੁਹੂ, ਮੁੰਬਈ ਦੇ ਕੋਸਤਾ ਕੌਫ਼ੀ ਵਿਚ ਬੈਠ ਕੇ ਰਾਹੁਲ ਨੇ ਜਦੋਂ ਫੰਡ ਹਾਸਲ ਕਰਨ ਅਤੇ ਫਿਲਮ 'ਪਰਜ਼ਾਨੀਆ' ਬਣਾਉਣ ਦੇ ਆਪਣੇ ਤਜਰਬੇ ਸੁਣਾਏ ਤਾਂ ਮੇਰੇ ਲਈ ਇਹ ਬਹੁਤ ਮਜ਼ੇਦਾਰ ਕਹਾਣੀ ਸੀ। ਹਿੰਦੂ ਸੱਜੇਪੱਖੀ ਵਲੋਂ ਵਿਰੋਧ ਪ੍ਰਦਰਸ਼ਨ ਕੀਤੇ ਜਾਣ ਤਕ ਉਸ ਦੇ ਪ੍ਰੋਡਿਊਸਰ ਦੇ ਇਹ ਚਿਤ-ਚੇਤੇ ਵੀ ਨਹੀਂ ਸੀ ਕਿ ਫਿਲਮ ਹਿੰਸਾ ਦੌਰਾਨ ਸੂਬੇ ਅੰਦਰ ਘੱਟਗਿਣਤੀ ਨਾਲ ਹੋਏ ਅਨਿਆਂ ਵਿਰੁੱਧ ਸੀ। ਰਾਹੁਲ ਇਕ ਅਮਰੀਕਨ ਚੈਨਲ ਲਈ ਕੰਮ ਕਰਦਾ ਸੀ ਅਤੇ ਉਸ ਨੇ ਗੁਜਰਾਤ ਬਾਰੇ ਪਰਵਾਸੀ ਹਿੰਦੁਸਤਾਨੀਆਂ ਲਈ ਫਿਲਮ ਬਣਾਉਣ ਦਾ ਪੱਤਾ ਖੇਡਿਆ ਸੀ। ਜਿਨ੍ਹਾਂ ਨੂੰ ਮੈਂ ਗੁਜਰਾਤ ਵਿਚ ਮਿਲੀ ਸੀ, ਉਨ੍ਹਾਂ ਬਾਰੇ ਮੇਰਾ ਬਿਰਤਾਂਤ ਵੀ ਇਸ ਨਾਲ ਮਿਲਦਾ-ਜੁਲਦਾ ਸੀ। ਪ੍ਰੋਡਿਊਸਰਾਂ ਅਤੇ ਸਬੰਧਤ ਅਫ਼ਸਰਾਂ ਵਲੋਂ ਢੋਲਕੀਆ ਉਪਰ ਯਕੀਨ ਕਰਨ ਲਈ ਇਹ ਪ੍ਰਸੰਗ ਕਾਫ਼ੀ ਸੀ। ਇਕ ਮੌਕੇ ਜਦੋਂ ਉਸ ਨੂੰ ਆਪਣੀ ਫਿਲਮ ਲਈ ਗੁਜਰਾਤ ਹਿੰਸਾ ਦੀ ਫੁਟੇਜ ਦੀ ਲੋੜ ਪਈ, ਉਸ ਨੇ ਇਕ ਅਖ਼ਬਾਰ ਤਕ ਪਹੁੰਚ ਕੀਤੀ ਜਿਸ ਕੋਲ ਸਬੰਧਤ ਟੇਪਾਂ ਪਈਆਂ ਸਨ। ਮਾਮਲਿਆਂ ਦਾ ਮੁਖੀ ਇਸ ਗੱਲੋਂ ਪ੍ਰਭਾਵਿਤ ਸੀ ਕਿ ਉਹ ਅਮਰੀਕਾ ਤੋਂ ਹੈ। ਇਹ ਪਤਾ ਲੱਗਣ 'ਤੇ ਤਾਂ ਉਹ ਹੋਰ ਵੀ ਪ੍ਰਭਾਵਤ ਹੋਇਆ ਸੀ ਕਿ ਢੋਲਕੀਆ ਦੇ ਦਾਦਾ ਹਿੰਦੂ ਮਹਾਸਭਾ ਦੇ ਚੇਅਰਪਰਸਨ ਸਨ। ਉਸ ਨੂੰ ਹਰ ਉਸ ਚੀਜ਼ ਤਕ ਪਹੁੰਚਣ ਦੀ ਇਜਾਜ਼ਤ ਮਿਲ ਗਈ ਜੋ ਉਸ ਨੂੰ ਚਾਹੀਦੀ ਸੀ।

ਪਰ ਔਕੜ ਰੈਗਰ ਦੀ ਸੀ। ਪਹਿਲੀ ਮਿਲਣੀ ਵਿਚ ਉਸ ਨੂੰ ਸਾਡੇ ਨਾਲ ਗੱਲਬਾਤ ਦੀ ਬਹੁਤ ਤਾਂਘ ਸੀ, ਉਦੋਂ ਤਾਂ ਉਸ ਨੇ ਮੈਨੂੰ ਵਿਆਹ ਵਿਚ ਦੇਰੀ ਨਾ ਕਰਨ ਲਈ ਬਜ਼ੁਰਗਾਂ ਵਾਲਾ ਭਾਸ਼ਣ ਵੀ ਦਿੱਤਾ ਕਿ ਇਕ ਉਮਰ ਤੋਂ ਬਾਅਦ ਲੜਕੀ ਲਈ ਢੁੱਕਵਾਂ ਵਰ ਲੱਭਣਾ ਮੁਸ਼ਕਿਲ ਹੋ ਜਾਂਦਾ ਹੈ। ਉਹ ਰਾਜਸਥਾਨ ਦੇ ਪੁਰਾਣੇ ਖ਼ਿਆਲਾਂ ਵਾਲੇ ਪਰਿਵਾਰ ਵਿਚੋਂ ਸੀ ਅਤੇ ਉਹ ਅਮਿਤ ਸ਼ਾਹ ਦੇ ਗੁੱਸੇ ਦੇ ਡਰੋਂ ਉਸ ਮਾਮਲੇ ਵਿਚ ਉਸ ਦੇ ਖ਼ਿਲਾਫ਼ ਗਵਾਹੀ ਦੇਣ ਵਿਚ ਮੁਸ਼ਕਿਲ ਮਹਿਸੂਸ ਕਰ ਰਿਹਾ ਸੀ, ਪਰ ਫਰਜ਼ੀ ਮੁਕਾਬਲਿਆਂ ਵਿਚ ਉਸ ਦੇ ਕਸੂਰਵਾਰ ਹੋਣ ਬਾਰੇ ਦਿਨੋ-ਦਿਨ ਵਧਦੇ ਜਾ ਰਹੇ ਸਬੂਤਾਂ ਦੇ ਮੱਦੇਨਜ਼ਰ ਉਸ ਨੇ ਆਖਿਰਕਾਰ ਗਵਾਹ ਬਣਨ ਦਾ ਫ਼ੈਸਲਾ ਕਰ ਲਿਆ ਸੀ, ਪਰ ਮੇਰੇ ਨਾਲ ਗੱਲਬਾਤ ਦੇ ਦੂਜੇ ਦਿਨ ਰੈਗਰ ਨੇ ਜੋ ਖ਼ੁਲਾਸਾ ਕੀਤਾ, ਉਹ ਸੁੰਨ ਕਰਨ ਵਾਲਾ ਸੀ।

ਫਰਜ਼ੀ ਮੁਕਾਬਲਿਆਂ ਵਿਚ ਭੂਮਿਕਾ ਨਿਭਾਉਣ ਵਾਲੇ ਕਿਰਦਾਰਾਂ ਬਾਰੇ ਮੈਂ ਜਾਣਦੀ ਸੀ, ਪਰ ਜਿਸ ਤਰੀਕੇ ਨਾਲ ਸਰਕਾਰ ਨੇ ਹਰ ਕਿਰਦਾਰ ਨੂੰ ਚਲਾਕੀ ਨਾਲ ਪ੍ਰਭਾਵਿਤ ਅਤੇ ਇਸਤੇਮਾਲ ਕੀਤਾ ਸੀ, ਉਸ ਦੀ ਥਾਹ ਪਾਉਣਾ ਸੌਖਾ ਨਹੀਂ ਸੀ। ਰੈਗਰ ਨਿਸ਼ਚਿੰਤ ਸੀ, ਕਿਉਂਕਿ ਉਸ ਨੂੰ ਪਤਾ ਸੀ ਕਿ ਮੈਂ ਪੀ.ਸੀ.ਪਾਂਡੇ, ਅਸ਼ੋਕ ਨਰਾਇਣ, ਰਾਜਨ ਪ੍ਰਿਯਾਦਰਸ਼ੀ ਨਾਲ ਪਹਿਲਾਂ ਹੀ ਗੱਲ ਕਰ ਚੁੱਕੀ ਸੀ ਅਤੇ ਉਸ ਨੂੰ ਇਹ ਜਚਿਆ ਹੋਇਆ ਸੀ ਕਿ ਮੈਂ ਗੁਜਰਾਤ ਦੀ ਸ਼ਾਨਾਮੱਤੀ ਪੁਲਿਸ ਉਪਰ ਕੰਮ ਕਰ ਰਹੀ ਸੀ।

ਮੈਂ ਉਸ ਨਾਲ ਭੁਜ ਵਿਚ ਆਏ ਭੂਚਾਲ ਬਾਰੇ ਗੱਲ ਕੀਤੀ ਅਤੇ ਉਸ ਨੇ ਸਾਨੂੰ ਭੂਚਾਲ ਦੀ ਤੀਬਰਤਾ ਬਾਰੇ ਨੋਟਸ ਤੇ ਜਾਨੀ ਨੁਕਸਾਨ ਦੇ ਵੇਰਵੇ ਦਿੱਤੇ, ਉਸ ਦੌਰਾਨ ਗੁਜਰਾਤ ਪੁਲਿਸ ਨੂੰ ਜੋ ਮੁਸ਼ਕਿਲ ਕੰਮ ਕਰਨਾ ਪਿਆ ਸੀ, ਉਸ ਦੇ ਵੇਰਵੇ। ਭੋਲੇਪਣ ਦਾ ਪੂਰਾ ਦਿਖਾਵਾ ਕਰਦੇ ਹੋਏ ਮੈਂ ਉਸ ਨੂੰ ਪੁੱਛਿਆ ਕਿ ਗੁਜਰਾਤ ਵਿਚ ਸੱਚੀਮੁੱਚੀ ਉਸ ਤਰ੍ਹਾਂ ਦੀ ਪਾਲਾਬੰਦੀ ਹੋ ਚੁੱਕੀ ਸੀ ਜੋ ਪ੍ਰਭਾਵ ਬਣਿਆ ਹੋਇਆ ਹੈ। ਉਹ ਬੋਲਿਆ- 'ਉਫ਼! ਤੁਹਾਨੂੰ ਅੰਦਾਜ਼ਾ ਨਹੀਂ ਹੈ ਕਿ ਇਥੇ 2002 ਵਿਚ ਕੀ ਹੋਇਆ ਸੀ।' ਜਦੋਂ ਉਸ ਨੇ ਹਿੰਸਾ ਬਾਰੇ ਦੱਸਿਆ ਤਾਂ ਮੇਰਾ ਭੋਲੇਪਣ ਦਾ ਦਿਖਾਵਾ ਉਤਸੁਕਤਾ ਵਿਚ ਬਦਲ ਗਿਆ। ਮੈਂ ਉਸ ਨੂੰ ਦੱਸਿਆ ਕਿ ਮੇਰੇ ਕੋਲ ਹੋਰ ਅਫ਼ਸਰਾਂ ਨਾਲ ਹੋਈ ਗੱਲਬਾਤ ਦੇ ਨੋਟਸ ਹਨ। ਰੈਗਰ ਇੰਟੈਲੀਜੈਂਸ ਦਾ ਮੁਖੀ ਸੀ ਜਿਸ ਦਾ ਭਾਵ ਸੀ ਕਿ ਗੁਜਰਾਤ ਹਿੰਸਾ ਦੌਰਾਨ ਉਸ ਕੋਲ ਅਹਿਮ ਅਹੁਦਾ ਸੀ।

**ਸਵਾਲ:** ਪਰ ਮੈਨੂੰ ਮੋਦੀ ਦੀ ਭੂਮਿਕਾ ਬਾਰੇ ਦੱਸੋ, ਕਿਉਂਕਿ ਹਰ ਕੋਈ ਉਸ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ?

**ਜਵਾਬ:** ਮੈਨੂੰ ਇਸ ਬਾਰੇ ਨਾ ਹੀ ਬੁਲਵਾਓ ਤਾਂ ਚੰਗਾ ਹੈ। ਇਸ ਵਿਚੋਂ ਅਜੇ ਮੇਰਾ ਖਹਿੜਾ ਮਸਾਂ ਛੁੱਟਿਆ ਹੈ।

**ਸਵਾਲ:** ਜਦੋਂ ਇਹ ਵਾਪਰ ਰਿਹਾ ਸੀ, ਤੁਸੀਂ ਉਥੇ ਸੀ?

**ਜਵਾਬ:** ਮੈਂ ਉਥੇ ਸੀ।

**ਸਵਾਲ:** ਇਹ ਦੁਖਦੀ ਰਗ ਹੈ?

**ਜਵਾਬ:** ਹਾਂ, ਮੈਂ ਫ਼ਸਾਦਾਂ ਦੇ ਉਨ੍ਹਾਂ ਤਿੰਨ ਮਹੀਨਿਆਂ ਨੂੰ ਭੁੱਲ ਜਾਣਾ ਚਾਹੁੰਦਾ ਹਾਂ। ਕੁਝ ਐਸਾ ਵਾਪਰਿਆ ਜੋ ਵਾਪਰਨਾ ਨਹੀਂ ਸੀ ਚਾਹੀਦਾ।

**ਸਵਾਲ:** ਸੱਚਮੁੱਚ? ਤੁਹਾਡੇ ਮਨ ਨੂੰ ਵੀ ਠੇਸ ਪਹੁੰਚੀ ਹੋਵੇਗੀ?

**ਜਵਾਬ:** ਹਾਂ, ਪਹੁੰਚਾਈ।

**ਸਵਾਲ:** ਅਸ਼ੋਕ ਨਰਾਇਣ ਨੇ ਵੀ ਇਹ ਕਿਹਾ ਸੀ।

**ਜਵਾਬ:** ਹਾਂ, ਉਹ ਵੀ ਮੁਸ਼ਕਿਲ ਵਿਚੋਂ ਗੁਜ਼ਰਿਆ ਸੀ। ਇਹ ਅਜੇ ਵੀ ਲੋਕਾਂ ਦੇ ਮਨਾਂ ਵਿਚ ਤਾਜ਼ਾ ਹੈ, ਹਰ ਥਾਂ ਇਸੇ ਤਰ੍ਹਾਂ ਹੈ। ਅਮਰੀਕਾ ਅਜੇ ਵੀ ਉਸ (ਮੋਦੀ) ਨੂੰ ਉਥੇ ਵੜਨ ਨਹੀਂ ਦਿੰਦਾ। ਐਨਾ ਹਰਮਨਪਿਆਰਾ ਹੋਣ ਦੇ ਬਾਵਜੂਦ। ਹੁਣੇ ਜਿਹੇ ਵਿਕੀਲੀਕਸ ਵਿਚ ਕਿਹਾ ਗਿਆ ਸੀ ਕਿ ਅਮਰੀਕਾ ਹੁਣ ਉਸ ਨਾਲ ਚੰਗੇ ਸਬੰਧ ਬਣਾਉਣੇ ਚਾਹੁੰਦਾ ਹੈ, ਪਰ ਬਾਅਦ ਵਿਚ ਉਸੇ ਵਿਕੀਲੀਕਸ ਨੇ ਉਸ ਬਾਰੇ ਅਸ਼ਿਸ਼ਟ ਗੱਲਾਂ ਕਹੀਆਂ। ਸੋ, ਉਸ ਨੂੰ ਲੈ ਕੇ ਮੀਡੀਆ ਵਿਚ ਵਾਹਵਾ ਕੁਝ ਆ ਗਿਆ।

**ਸਵਾਲ:** ਇਹ ਬਹੁਤ ਹੀ ਘਿਨਾਉਣਾ ਸੀ ਜੋ ਇਸ ਮੁਲਕ ਨੇ ਦੇਖਿਆ। ਮੁੰਬਈ ਤੋਂ ਵੀ ਭੈੜਾ?

**ਜਵਾਬ:** ਹਾਂ, ਮੁੰਬਈ ਵਿਚ ਤਾਂ ਦੋ ਦਿਨ ਹੀ ਹੋਇਆ ਸੀ। ਇਥੇ ਮਹੀਨਿਆਂ ਬੱਧੀ ਲਗਾਤਾਰ ਚੱਲਦਾ ਰਿਹਾ।

**ਸਵਾਲ:** ਉਹ ਕਿਵੇਂ? ਐਨਾ ਲੰਮਾ ਵਕਤ ਕਿਉਂ ਹੋਣ ਦਿੱਤਾ ਗਿਆ?

**ਜਵਾਬ:** ਇਹ ਤੁਹਾਨੂੰ ਨਰਾਇਣ ਨੇ ਦੱਸਿਆ ਹੀ ਹੋਵੇਗਾ, ਉਹ ਉਦੋਂ ਗ੍ਰਹਿ ਸਕੱਤਰ ਸੀ?

**ਸਵਾਲ:** ਹਾਂ, ਉਸ ਨੇ ਕਿਹਾ, ਉਹ ਬਹੁਤ ਪ੍ਰੇਸ਼ਾਨ ਸੀ। ਉਹ ਸਰਕਾਰ ਦੀ ਬਹੁਤ ਨੁਕਤਾਚੀਨੀ ਕਰ ਰਿਹਾ ਸੀ, ਕਿ ਸੂਬਾ ਸਰਕਾਰ ਹਰਕਤ ਵਿਚ ਨਹੀਂ ਆਈ।

**ਜਵਾਬ:** ਉਹ ਗ੍ਰਹਿ ਸਕੱਤਰ ਸੀ। ਉਹ ਸਰਕਾਰ ਦਾ ਸਭ ਤੋਂ ਅਹਿਮ ਅਹਿਲਕਾਰ ਸੀ। ਜੋ ਉਹ ਕਹਿ ਰਿਹਾ ਹੈ, ਸੱਚ ਹੀ ਹੋਵੇਗਾ।

**ਸਵਾਲ:** ਕੀ ਤੁਹਾਡਾ ਸਾਰਿਆਂ ਦਾ ਮੋਹ ਭੰਗ ਹੋ ਗਿਐ?

**ਜਵਾਬ:** ਹਾਂ, ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਾਰਿਆਂ ਦਾ ਮੋਹ ਭੰਗ ਹੋਇਆ, ਸਾਰਿਆਂ ਦਾ ਮਨ ਦੁਖੀ ਹੋਇਆ। ਇਹ ਖੇਡ ਖੇਡਣ ਵਾਲੇ ਸਿਰਫ਼ ਸਿਆਸਤਦਾਨ ਨਹੀਂ ਸਨ, ਪੁਲਸੀਏ ਵੀ ਇਸ ਲਈ ਜ਼ਿੰਮੇਵਾਰ ਸਨ।

**ਸਵਾਲ:** ਹਿੰਸਾ ਮੌਕੇ ਇਹ ਸਿਆਸਤਦਾਨ ਪੁਲਿਸ ਗੱਠਜੋੜ ਵਰਗੀ ਚੀਜ਼ ਸੀ?

**ਜਵਾਬ:** ਇਕ ਹੱਦ ਤਕ ਇੰਵ ਹੀ ਸੀ, ਕਿਉਂਕਿ ਇਕੇਰਾਂ ਜਦੋਂ ਹਾਲਤ ਹੱਥੋਂ ਨਿਕਲ ਜਾਂਦੀ ਹੈ, ਫਿਰ ਬਹੁਤਾ ਕੁਝ ਨਹੀਂ ਕੀਤਾ ਜਾ ਸਕਦਾ।

**ਸਵਾਲ:** ਪਰ ਉਸ (ਮੋਦੀ) ਨੇ ਇਸ ਦਾ ਬਹੁਤ ਲਾਹਾ ਲਿਆ। ਅੱਜ ਉਹ ਜੋ ਹੈ, ਉਸ ਹਿੰਸਾ ਦੀ ਬਦੌਲਤ ਹੀ ਹੈ।

**ਜਵਾਬ:** ਹਾਂ, ਬਿਲਕੁਲ। ਉਹ ਸਿਰ 'ਤੇ ਖੜ੍ਹੀਆਂ ਚੋਣਾਂ ਤੋਂ ਭੈਭੀਤ ਸਨ, ਪਰ ਇਹੀ ਉਨ੍ਹਾਂ ਲਈ ਲਾਹੇਵੰਦੀਆਂ ਬਣ ਗਈਆਂ। ਉਹ ਸੋਚਦੇ ਸਨ ਕਿ ਉਨ੍ਹਾਂ ਨੇ ਉਸੇ ਦੀ ਖ਼ਾਤਰ ਹੀ ਤਾਂ ਇਹ ਕੁਝ ਕੀਤਾ ਸੀ।

ਛੇਤੀ ਹੀ ਗੱਲਬਾਤ ਨੇ ਫਰਜ਼ੀ ਮੁਕਾਬਲਿਆਂ ਵੱਲ ਮੋੜਾ ਕੱਟ ਲਿਆ। ਜਦੋਂ ਜਾਂਚ ਹੋਈ, ਉਦੋਂ ਰੈਗਰ ਵਧੀਕ ਡੀ.ਜੀ.ਪੀ. ਸੀ। ਉਸ ਸਾਲ ਮਈ ਅਤੇ ਜੂਨ ਵਿਚ ਸੀ.ਬੀ.ਆਈ. ਉਸ ਤੋਂ ਰੋਜ਼ ਦਸ ਘੰਟੇ ਤੋਂ ਵੱਧ ਪੁੱਛ-ਗਿੱਛ ਕਰਦੀ ਰਹੀ ਸੀ। ਫਿਰ ਵੀ ਉਹ ਕਹਾਣੀ ਬਾਰੇ ਮੈਨੂੰ ਆਪਣਾ ਪੱਖ ਦੱਸਦੇ ਹੋਏ ਖੁਸ਼ ਸੀ।



ਰਾਹੁਲ ਸ਼ਰਮਾ

***ਸਵਾਲ: ਕਿਸੇ ਨੇ ਮੈਨੂੰ ਰਾਹੁਲ ਸ਼ਰਮਾ ਨਾਂ ਦੇ ਅਫ਼ਸਰ ਨੂੰ ਮਿਲਣ ਲਈ ਕਿਹਾ ਸੀ। ਜ਼ਾਹਰਾ ਤੌਰ 'ਤੇ ਉਹ ਸੱਚਾ ਹੈ ਅਤੇ ਇਸੇ ਕਰ ਕੇ ਸਰਕਾਰ ਦੀਆਂ ਨਜ਼ਰਾਂ ਵਿਚ ਚੰਗਾ ਨਹੀਂ?
ਜਵਾਬ: ਮੁਸਲਮਾਨਾਂ ਦੀਆਂ ਜ਼ਿੰਦਗੀਆਂ ਬਚਾਉਣ ਕਰ ਕੇ (ਸਰਕਾਰ ਵਲੋਂ) ਉਸ ਦੀ ਜਾਂਚ ਕਰਵਾਈ ਜਾ ਰਹੀ ਹੈ। ਉਸ ਨੇ ਸਕੂਲ ਵਿਚ ਮੁਸਲਿਮ ਬੱਚਿਆਂ ਦੀ ਜਾਨ ਬਚਾਈ, ਨਾ ਸਿਰਫ਼ ਉਨ੍ਹਾਂ ਨੂੰ ਬਚਾਇਆ, ਸਗੋਂ ਕੁਝ ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਅਤੇ ਉਹ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਰਿਹਾ ਸੀ, ਇਸ ਕਰ ਕੇ ਉਨ੍ਹਾਂ ਨੇ ਉਸ ਨੂੰ ਉਥੋਂ ਬਦਲ ਦਿੱਤਾ।...***

**ਸਵਾਲ:** ਮੁਕਾਬਲਿਆਂ ਦਾ ਕੀ ਮਾਜਰਾ ਹੈ? ਤੁਸੀਂ ਉਥੇ ਮੌਜੂਦ ਸੀ।

**ਜਵਾਬ:** ਸਿਰਫ਼ ਇਕ ਵਿਚ ਮੌਜੂਦ ਸੀ। ਇਕ ਮੁਜਰਿਮ (ਸੋਹਰਾਬੂਦੀਨ) ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ। ਬੇਵਕੂਫ਼ੀ ਇਹ ਕੀਤੀ ਗਈ ਕਿ ਉਨ੍ਹਾਂ ਨੇ ਉਸ ਦੀ ਪਤਨੀ ਨੂੰ ਵੀ ਮਾਰ ਦਿੱਤਾ।

**ਸਵਾਲ:** ਕੁਝ ਮੰਤਰੀ ਵੀ ਇਸ ਵਿਚ ਸ਼ਾਮਲ ਸਨ?

**ਜਵਾਬ:** ਅਮਿਤ ਸ਼ਾਹ ਸ਼ਾਮਲ ਸੀ।

**ਸਵਾਲ:** ਉਹ ਮੁੱਖ ਮੰਤਰੀ ਦੇ ਨੇੜੇ ਸੀ?

**ਜਵਾਬ:** ਹਾਂ। ਮੁੱਖ ਮੰਤਰੀ ਦੇ ਸਭ ਤੋਂ ਨਜ਼ਦੀਕੀਆਂ ਵਿਚੋਂ ਇਕ ਸੀ।

**ਸਵਾਲ:** ਮੁੱਖ ਮੰਤਰੀ ਉਸ ਨੂੰ ਗ੍ਰਿਫ਼ਤਾਰ ਹੋਣ ਤੋਂ ਬਚਾ ਨਹੀਂ ਸਕਦਾ ਸੀ?

**ਜਵਾਬ:** ਉਹ ਇਹ ਨਹੀਂ ਸੀ ਕਰ ਸਕਦਾ (ਉਸ ਦੇ ਖ਼ਿਲਾਫ਼ ਸਬੂਤ ਸਨ)।

**ਸਵਾਲ:** ਅੱਛਾ, ਫਿਰ ਤਾਂ ਉਹ ਖ਼ੁਦ ਵੀ ਇਸ ਵਿਚ ਸ਼ਾਮਲ ਰਿਹਾ ਹੋਵੇਗਾ?

**ਜਵਾਬ:** ਜੇ ਉਹ ਦਖ਼ਲ ਦਿੰਦਾ ਹੈ ਤਾਂ ਉਹ ਵੀ ਫਸਦਾ ਹੈ, ਇਸ ਪੱਖੋਂ ਇਹ ਬੰਦਾ (ਸੀ.ਐਮ.) ਚਲਾਕ ਹੈ। ਉਹ ਸਭ ਕੁਝ ਜਾਣਦਾ ਸੀ ਪਰ ਉਸ ਨੇ ਵਿੱਥ ਬਣਾਈ ਰੱਖੀ, ਇਸ ਕਰ ਕੇ ਉਹ ਇਸ ਵਿਚ ਨਹੀਂ ਫਸਿਆ।

**ਸਵਾਲ:** ਅੱਛਾ, ਤੁਹਾਡੇ ਮਾਮਲੇ ਵਿਚ ਮੈਂ ਪੜ੍ਹ ਰਹੀ ਸੀ, ਉਨ੍ਹਾਂ ਨੇ ਕਿਸੇ ਫ਼ੋਨ ਰਿਕਾਰਡ ਦੇ ਕਾਰਨ ਮੰਤਰੀ ਨੂੰ ਫੜ ਲਿਆ?

**ਜਵਾਬ:** ਹਾਂ।

**ਸਵਾਲ:** ਕੀ ਤੁਸੀਂ ਜੋ ਦੇਖ ਰਹੇ ਹੋ, ਉਸ ਦੇ ਉਲਟ ਉਥੇ ਸੱਚੇ ਅਫ਼ਸਰ ਵੀ ਹਨ?

**ਜਵਾਬ:** ਹਾਂ, ਕਾਫ਼ੀ ਐਸੇ ਹਨ, ਪਰ ਨੁਕਸਾਨ ਪਹੁੰਚਾਉਣ ਲਈ ਤਾਂ ਕੁਝ ਕੁ ਗੰਦੀਆਂ ਮੱਛੀਆਂ ਹੀ ਕਾਫ਼ੀ ਹੁੰਦੀਆਂ ਹਨ। ਫਿਰ ਵੀ ਕੁਝ ਚੰਗੇ ਅਫ਼ਸਰ ਬਚੇ ਹੋਏ ਹਨ ਜਿਨ੍ਹਾਂ ਦੀ ਬਦੌਲਤ ਹੁਣ ਮੰਤਰੀਆਂ ਉਪਰ ਪਰਚੇ ਦਰਜ ਹੋ ਰਹੇ ਹਨ।

**ਸਵਾਲ:** ਕਿਸੇ ਨੇ ਮੈਨੂੰ ਰਾਹੁਲ ਸ਼ਰਮਾ ਨਾਂ ਦੇ ਅਫ਼ਸਰ ਨੂੰ ਮਿਲਣ ਲਈ ਕਿਹਾ ਸੀ। ਜ਼ਾਹਰਾ ਤੌਰ 'ਤੇ ਉਹ ਸੱਚਾ ਹੈ ਅਤੇ ਇਸੇ ਕਰ ਕੇ ਸਰਕਾਰ ਦੀਆਂ ਨਜ਼ਰਾਂ ਵਿਚ ਚੰਗਾ ਨਹੀਂ?

**ਜਵਾਬ:** ਮੁਸਲਮਾਨਾਂ ਦੀਆਂ ਜ਼ਿੰਦਗੀਆਂ ਬਚਾਉਣ ਕਰ ਕੇ (ਸਰਕਾਰ ਵਲੋਂ) ਉਸ ਦੀ ਜਾਂਚ ਕਰਵਾਈ ਜਾ ਰਹੀ ਹੈ। ਉਸ ਨੇ ਸਕੂਲ ਵਿਚ ਮੁਸਲਿਮ ਬੱਚਿਆਂ ਦੀ ਜਾਨ ਬਚਾਈ, ਨਾ ਸਿਰਫ਼ ਉਨ੍ਹਾਂ ਨੂੰ ਬਚਾਇਆ, ਸਗੋਂ ਕੁਝ ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਅਤੇ ਉਹ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਰਿਹਾ ਸੀ, ਇਸ ਕਰ ਕੇ ਉਨ੍ਹਾਂ ਨੇ ਉਸ ਨੂੰ ਉਥੋਂ ਬਦਲ ਦਿੱਤਾ।... ਸਰਕਾਰ ਵਾਲੇ ਪਾਸਿਓਂ ਸਮੱਸਿਆ ਸੀ, ਤੇ ਸ਼ੁਰੂ ਵਿਚ ਉਨ੍ਹਾਂ ਨੇ ਕਦੇ ਵੀ ਮਹਿਸੂਸ ਨਹੀਂ ਕੀਤਾ ਕਿ ਹਾਲਤ ਐਨੀ ਮਾੜੀ ਹੋਵੇਗੀ। ਸ਼ੁਰੂ ਵਿਚ ਉਹ ਫ਼ਸਾਦੀਆਂ ਦੇ ਖ਼ਿਲਾਫ਼ ਤਾਕਤ ਦਾ ਇਸਤੇਮਾਲ ਨਹੀਂ ਸੀ ਕਰਨਾ ਚਾਹੁੰਦੇ, ਜਿਸ ਕਰ ਕੇ ਹਾਲਾਤ ਕਾਬੂ ਤੋਂ ਬਾਹਰ ਹੋ ਗਏ।

**ਸਵਾਲ:** ਇਹ ਸੱਚ ਹੈ ਕਿ ਉਹ ਉਨ੍ਹਾਂ ਹਿੰਦੂਆਂ ਪ੍ਰਤੀ ਨਰਮੀ ਵਰਤਣਾ ਚਾਹੁੰਦੇ ਸਨ (ਜੋ) ਮੁਸਲਮਾਨਾਂ ਦੇ ਖ਼ਿਲਾਫ਼ ਸਨ।

**ਜਵਾਬ:** ਸ਼ੁਰੂ ਵਿਚ ਇੰਵ ਹੀ ਸੀ, ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਸੀ ਕਿ ਹਾਲਤ ਐਨੀ ਵਿਗੜ ਜਾਵੇਗੀ, ਪਰ ਤੁਸੀਂ ਜੋ ਕਿਹਾ, ਉਹ ਸੱਚ ਹੈ।

**ਸਵਾਲ:** ਤੁਹਾਡੇ ਅਫ਼ਸਰਾਂ ਨੂੰ ਹਿੰਦੂਆਂ, ਫ਼ਸਾਦੀਆਂ ਪ੍ਰਤੀ ਨਰਮੀ ਨਾਲ ਪੇਸ਼ ਆਉਣ ਲਈ ਕਿਹਾ ਗਿਆ ਸੀ?

**ਜਵਾਬ:** ਸਾਨੂੰ ਨਹੀਂ, ਪਰ ਜੋ ਲੋਕ ਕੁਝ ਅਹਿਮ ਅਹੁਦਿਆਂ ਜਾਂ ਥਾਂਵਾਂ ਉਪਰ ਸਨ, ਉਨ੍ਹਾਂ ਨੂੰ ਇਹ ਹਦਾਇਤਾਂ ਦਿੱਤੀਆਂ ਗਈਆਂ।

**ਸਵਾਲ:** ਮੋਦੀ ਤੋਂ ਪਹਿਲਾਂ ਕੇਸ਼ੂਭਾਈ ਪਟੇਲ ਮੁੱਖ ਮੰਤਰੀ ਹੁੰਦਾ ਸੀ? ਉਹ ਕਿਵੇਂ ਸੀ?

**ਜਵਾਬ:** ਮੋਦੀ ਦੇ ਮੁਕਾਬਲੇ ਉਹ ਸੰਤ ਸੁਭਾਅ ਦਾ ਬੰਦਾ ਸੀ। ਤੁਲਨਾ 'ਚ ਕਹਿਣਾ ਹੋਵੇ, ਤਾਂ ਮੇਰਾ ਮਤਲਬ ਹੈ ਕਿ ਕੇਸ਼ੂਭਾਈ ਕਿਸੇ ਦਾ ਜਾਣ-ਬੁਝ ਕੇ ਨੁਕਸਾਨ ਨਹੀਂ ਸੀ ਕਰਵਾਉਂਦਾ। ਧਰਮ ਚਾਹੇ ਕੋਈ ਵੀ ਹੋਵੇ। ਉਹ ਉਨ੍ਹਾਂ ਦਾ ਇਸ ਕਰ ਕੇ ਨੁਕਸਾਨ ਕਰਵਾ ਦੇਵੇ ਕਿਉਂਕਿ ਉਹ ਮੁਸਲਮਾਨ ਸਨ, ਉਹ ਇਸ ਦੀ ਇਜਾਜ਼ਤ ਨਹੀਂ ਸੀ ਦਿੰਦਾ।

**ਸਵਾਲ:** ਪਰ ਸਰ, ਨਿਰਪੱਖ ਨਜ਼ਰੀਏ ਤੋਂ ਦੇਖੀਏ ਤਾਂ ਬਹੁਤ ਸਾਰੇ ਤੱਥ ਕਲਪਨਾ ਨਾਲ ਰਲਗੱਡ ਹੋਏ ਨਹੀਂ ਜਾਪਦੇ?

**ਜਵਾਬ:** ਤੁਸੀਂ ਜਾਣਦੇ ਹੋ, ਇਹ ਮੁਸ਼ਕਿਲ ਹੈ, ਇਹ ਲੋਕ ਸਿੱਧੇ ਹੁਕਮ ਨਹੀਂ ਦਿੰਦੇ, ਸਾਰੇ ਹੁਕਮ ਅਦਿੱਖ ਹੁੰਦੇ ਹਨ। ਇਸ ਨੂੰ ਕਾਨੂੰਨ ਪੱਖੋਂ ਵੀ ਵਿਚਾਰਨਾ ਹੋਵੇਗਾ। ਮਸਲਨ, ਜੇ ਮੁੱਖ ਸਕੱਤਰ ਕਹਿੰਦਾ ਹੈ ਕਿ ਮੈਂ ਤੁਹਾਡੇ ਹੁਕਮਾਂ ਦੀ ਪਾਲਣਾ ਨਹੀਂ ਕਰਾਂਗਾ ਅਤੇ ਮੁੱਖ ਮੰਤਰੀ ਕਹਿੰਦਾ ਹੈ ਕਿ ਤੈਨੂੰ ਕਰਨੀ ਹੀ ਪਵੇਗੀ, ਫਿਰ ਜੋ ਵਾਪਰਦਾ ਹੈ, ਉਹ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਹੁੰਦੀ ਹੈ; ਜਦਕਿ ਪੁਲਿਸ ਫੋਰਸ ਵਿਚ ਇਹ ਜ਼ਿੰਮੇਵਾਰੀ ਮੇਰੀ ਹੈ।

**ਸਵਾਲ:** ਤੁਸੀਂ ਇਕ ਮਜ਼ੇਦਾਰ ਚੀਜ਼ ਸਾਹਮਣੇ ਲਿਆਂਦੀ ਹੈ। ਮਸਲਨ, ਜਦੋਂ ਤੁਸੀਂ ਕਿਹਾ ਕਿ ਮੁਕਾਬਲਿਆਂ ਦੀ ਜਾਂਚ ਦੌਰਾਨ ਤੁਸੀਂ ਸਿਆਸੀ ਦਬਾਓ ਹੇਠ ਸੀ; ਫਿਰ ਤੁਸੀਂ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦੇ ਸੀ ਜਿਨ੍ਹਾਂ ਨੇ ਤੁਹਾਡੇ ਉਪਰ ਦਬਾਓ ਪਾਇਆ ਸੀ? ਮਸਲਨ, ਇਹ ਗ੍ਰਹਿ ਮੰਤਰੀ?

**ਜਵਾਬ:** ਨਿਸ਼ਚਿਤ ਸਬੂਤ ਹੋਣੇ ਜ਼ਰੂਰੀ ਹਨ। ਸਾਡੇ ਖ਼ਿਲਾਫ਼ ਇਹੀ ਸਬੂਤ ਹੈ। ਜਦੋਂ ਉਸ ਨੇ ਮੈਨੂੰ ਕਰਨ ਲਈ ਕਿਹਾ ਤਾਂ ਮੈਂ ਉਸ ਸ਼ਾਹ ਨੂੰ ਕਹਿ ਦਿੱਤਾ ਸੀ ਕਿ ਮੈਂ ਖ਼ਾਸ ਤਰ੍ਹਾਂ ਦੇ ਕੰਮ ਨਹੀਂ ਕਰਾਂਗਾ। ਉਥੇ ਬਹੁਤ ਸਾਰੇ ਐਸੇ ਬੰਦੇ ਹਨ ਜੋ ਕਹਿਣਗੇ 'ਹਾਂ ਸਰ ਅਸੀਂ ਇਹ ਕਰਾਂਗੇ', ਕਿਉਂਕਿ ਉਨ੍ਹਾਂ ਦੇ ਹਿਤ ਹੋਰ ਹਨ।

**ਸਵਾਲ:** ਗੀਤਾ ਜੌਹਰੀ ਦਾ ਕੀ ਬਣਿਆ? ਉਸ ਨੇ ਕਿਹਾ ਸੀ ਕਿ ਸੋਹਰਾਬੂਦੀਨ ਦਹਿਸ਼ਤਗਰਦ ਸੀ।

**ਜਵਾਬ:** ਦੇਖੋ, ਮਾਮਲਾ ਉਨਾ ਸੋਹਰਾਬੂਦੀਨ ਦਾ ਨਹੀਂ ਹੈ ਜਿੰਨਾ ਉਸ ਦੀ ਪਤਨੀ ਦਾ ਹੈ। ਜੇ ਸੋਹਰਾਬੂਦੀਨ ਸਹੀ ਜਾਂ ਕਾਨੂੰਨਨ ਮੁਕਾਬਲੇ ਵਿਚ ਮਾਰਿਆ ਗਿਆ ਹੁੰਦਾ, ਇਹ ਸਮੱਸਿਆ ਨਹੀਂ ਹੋਣੀ ਸੀ। ਮਾਮਲਾ ਉਸ ਦੀ ਪਤਨੀ ਦਾ ਸੀ, ਉਸ ਨੂੰ ਕਿਉਂ ਮਾਰਿਆ ਗਿਆ? ਉਹ ਵੀ ਤਿੰਨ ਦਿਨ ਬਾਅਦ?

ਰੈਗਰ ਨੇ ਸਭ ਕੁਝ ਕਹਿ ਦਿੱਤਾ ਸੀ। ਦਰਅਸਲ, ਉਸ ਨੇ ਕੁਝ ਵੀ ਅਣਕਿਹਾ ਨਹੀਂ ਛੱਡਿਆ ਸੀ। ਉਸ ਨੇ ਸਾਨੂੰ ਜੋ ਇਕ ਇਕ ਲਫ਼ਜ਼ ਕਿਹਾ; ਮੋਦੀ, ਸ਼ਾਹ ਦਾ ਇਸ ਵਿਚ ਹੱਥ ਅਤੇ ਆਹਲਾ ਪੁਲਿਸ ਅਧਿਕਾਰੀਆਂ ਦੀ ਉਨ੍ਹਾਂ ਨਾਲ ਮਿਲੀਭੁਗਤ ਸਾਨੂੰ ਘੂਰ ਰਹੀ ਸੀ। ਮੈਂ ਅੰਦਰੋਂ-ਅੰਦਰੀ ਗੁੱਸੇ ਨਾਲ ਰਿਝ ਰਹੀ ਸੀ। ਮਾਈਕ ਮੇਰੇ ਗੁੱਸੇ ਨੂੰ ਮਹਿਸੂਸ ਕਰ ਸਕਦਾ ਸੀ, ਜਦੋਂ ਅਸੀਂ ਰੈਗਰ ਦੀ ਰਿਹਾਇਸ਼ ਤੋਂ ਤੁਰੇ ਤਾਂ ਉਸ ਨੇ ਮੇਰਾ ਹੱਥ ਘੁੱਟ ਲਿਆ। ਇਹ ਬੇਸ਼ਰਮੀ ਦੀ ਹੱਦ ਸੀ। ਰੈਗਰ ਨੇ ਗੁਜਰਾਤ ਹਿੰਸਾ ਅਤੇ ਫਰਜ਼ੀ ਮੁਕਾਬਲਿਆਂ ਵਿਚ ਰਾਜ ਦੀ ਮਿਲੀਭੁਗਤ ਬਾਰੇ ਸਹਿਜ ਭਾਅ ਹੀ ਬਾਕੀ ਗੱਲਬਾਤ ਦੀ ਤਸਦੀਕ ਕਰ ਦਿੱਤੀ ਸੀ।

ਕੀ ਰੈਗਰ ਨੇ ਇਹ ਸਿੱਟਾ ਨਹੀਂ ਸੀ ਕੱਢਿਆ ਕਿ ਆਈ.ਪੀ.ਐਸ. ਅਫ਼ਸਰ ਰਾਹੁਲ ਸ਼ਰਮਾ ਨੂੰ ਰਾਜ ਵਲੋਂ ਗੁਜਰਾਤ ਦੇ ਇਕ ਮਦਰੱਸੇ ਅੰਦਰ ਮੁਸਲਿਮ ਵਿਦਿਆਰਥੀਆਂ ਦੀਆਂ ਜ਼ਿੰਦਗੀਆਂ ਬਚਾਉਣ ਬਦਲੇ ਨਿਸ਼ਾਨਾ ਬਣਾਇਆ ਜਾ ਰਿਹਾ ਸੀ? ਕੀ ਅਸੀਂ ਅਜੇ ਵੀ ਇਹ ਵਿਸ਼ਵਾਸ ਕਰ ਸਕਦੇ ਸੀ ਕਿ ਮੀਡੀਆ ਗੁਜਰਾਤ ਦੇ ਤੱਤਕਾਲੀ ਮੁੱਖ ਮੰਤਰੀ ਅਤੇ ਉਸ ਦੇ ਮੰਤਰੀਆਂ ਮਗਰ ਹੱਥ ਧੋ ਕੇ ਪਿਆ ਹੋਇਆ ਸੀ? ਇਨ੍ਹਾਂ ਟੇਪਾਂ ਉਪਰ ਰਿਕਾਰਡ ਸਬੂਤ ਇਸ ਦੇ ਉਲਟ ਕਹਿ ਰਹੇ ਸਨ।

ਮੇਰਾ ਸਿਰ ਫਟ ਰਿਹਾ ਸੀ। ਮੈਂ ਆਪਣੇ ਪਰਿਵਾਰ ਲਈ ਤਾਂਘ ਰਹੀ ਸੀ, ਮੈਂ ਆਪਣੇ ਲੋਕਾਂ ਦੀ ਬੁੱਕਲ ਦੇ ਨਿੱਘ ਲਈ ਤਾਂਘ ਰਹੀ ਸੀ। ਇਸ ਬਦਕਿਸਮਤ ਸੂਬੇ ਅੰਦਰ ਜੋ ਨਫ਼ਰਤ ਫੈਲਾਈ ਜਾ ਰਹੀ ਸੀ, ਮੈਂ ਉਸ ਤੋਂ ਦੂਰ ਭੱਜ ਜਾਣਾ ਚਾਹੁੰਦੀ ਸੀ ਜਿਸ ਦੇ ਪਰਦੇ ਨਿੱਤ ਕੋਈ ਨਾ ਕੋਈ ਬੰਦਾ ਮੇਰੇ ਅੱਗੇ ਫਰੋਲ ਰਿਹਾ ਸੀ। ਮੈਨੂੰ ਅਰਾਮ ਦੀ ਜ਼ਰੂਰਤ ਸੀ।

ਮੈਂ ਪਾਨੀ ਦਾ ਦਰਵਾਜ਼ਾ ਖੜਕਾਇਆ। ਉਹ ਕਿਸੇ ਸਥਾਨਕ ਦਸਤਕਾਰ ਤੋਂ ਕੁਝ ਸਜਾਵਟੀ ਸਮਾਨ ਖ਼ਰੀਦ ਕੇ ਲਿਆਈ ਸੀ ਅਤੇ ਉਸ ਨੂੰ ਆਪਣੀ ਕੰਧ ਉਪਰ ਸਜਾਉਣ ਲੱਗੀ ਹੋਈ ਸੀ। ਦਰਵਾਜ਼ਾ ਖੋਲ੍ਹ ਕੇ ਉਹ ਨਿੱਘੀ ਮੁਸਕਾਨ ਬਖੇਰਦੀ ਹੋਈ ਬੋਲੀ- 'ਆਜਾ, ਮੇਰੀ ਮਦਦ ਕਰ'... ਤੇ ਫਿਰ ਉਹ ਦੱਸਦੀ ਰਹੀ ਕਿ ਗੁਜਰਾਤ ਕਿੰਨਾ ਖ਼ੂਬਸੂਰਤ ਹੈ। ਹਾਂ, ਮੈਂ ਬੁੜਬੁੜਾਈ। ਚੰਗਾ ਹੁੰਦਾ ਜੇ ਪਾਨੀ ਸੱਚਮੁੱਚ ਉਸ ਨਫ਼ਰਤ ਨੂੰ ਦੇਖ ਸਕਦੀ ਜੋ ਮੈਂ ਦੇਖੀ ਸੀ। ਉਹ ਗੁਜਰਾਤ ਦੇ ਬਹੁਤ ਸਾਰੇ ਨੌਜਵਾਨਾਂ ਵਾਂਗ ਅਠਾਰਾਂ ਕੁ ਸਾਲ ਦੀ ਸੀ। ਉਨ੍ਹਾਂ ਵਿਚ ਐਨੀ ਨਫ਼ਰਤ ਕਿਉਂ ਭਰੀ ਜਾ ਰਹੀ ਸੀ? ਕੁਝ ਚਿਰ ਲਈ ਮੇਰਾ ਮਨ ਕੋਈ ਕੰਮ ਕਰਨ ਤੋਂ ਉਚਾਟ ਹੋ ਗਿਆ ਸੀ। ਮੈਂ ਅਜੇ ਨੂੰ ਫ਼ੋਨ ਕੀਤਾ।

ਇਕ ਕਾਲਜ ਮੇਲਾ ਹੋ ਰਿਹਾ ਸੀ, ਉਸ ਕੋਲ ਇਸ ਦੇ ਕੁਝ ਪਾਸ ਸਨ। ਉਸ ਨੇ ਮੈਨੂੰ ਆ ਕੇ ਨਾਲ ਲੈ ਜਾਣ ਦੀ ਪੇਸ਼ਕਸ਼ ਕੀਤੀ। ਮੈਂ ਕਾਲਾ ਕੁੜਤਾ ਪਹਿਨ ਲਿਆ, ਅੱਖਾਂ ਦੁਆਲੇ ਕਜਲੇ ਦੀ ਧਾਰ ਲਗਾਈ ਅਤੇ ਹਾਰ-ਸ਼ਿੰਗਾਰ ਕਰ ਕੇ ਉਚੀ ਅੱਡੀ ਵਾਲੀ ਜੁੱਤੀ ਪਹਿਨ ਲਈ। ਮਾਈਕ ਮੇਰੇ ਨਾਲ ਜਾਣ ਲਈ ਨਾ ਮੰਨਿਆ, ਉਹ ਕੋਈ ਕਿਤਾਬ ਪੜ੍ਹ ਰਿਹਾ ਸੀ। ਉਸ ਨੇ ਮਸ਼ਵਰਾ ਦਿੱਤਾ ਕਿ ਮੈਂ ਇਕ ਦਿਨ ਲਈ ਵਿਦਿਆਰਥਣ ਬਣ ਜਾਵਾਂ ਅਤੇ ਉਥੇ ਜਾ ਕੇ ਜੀਅ ਭਰ ਕੇ ਨੱਚਾਂ ਅਤੇ ਸ਼ਾਮ ਦੇ ਨਜ਼ਾਰੇ ਲਵਾਂ। ਮੈਨੂੰ ਇਸ ਦੀ ਡਾਢੀ ਜ਼ਰੂਰਤ ਸੀ। ਉਸ ਸ਼ਾਮ ਨੂੰ ਮੈਂ ਮਹਿਸੂਸ ਕੀਤਾ ਕਿ ਫਾਊਂਡੇਸ਼ਨ ਦੇ ਬਾਹਰ ਇਕ ਬੰਦਾ ਗੱਡੀ ਵਿਚ ਬੈਠਾ ਸੀ ਜਿਸ ਨੂੰ ਮੈਂ ਸਵੇਰੇ ਵੀ ਉਥੇ ਦੇਖਿਆ ਸੀ।

ਸ਼ਾਇਦ ਇਹ ਮੇਰਾ ਵਹਿਮ ਹੀ ਸੀ। ਕਾਲਜ ਜਾਣ ਲਈ ਆਟੋ ਲੈਣ ਦੀ ਬਜਾਏ ਮੈਂ ਅਜੇ ਨੂੰ ਮੈਸੇਜ ਕਰ ਦਿੱਤਾ ਕਿ ਮੈਨੂੰ ਆ ਕੇ ਲੈ ਜਾਵੇ। ਉਸ ਸ਼ਾਮ ਨੂੰ ਮੈਂ ਫੋਟੋ ਖਿੱਚੀਆਂ, ਵਿਦਿਆਰਥੀਆਂ ਨਾਲ ਨੱਚੀ ਅਤੇ ਖ਼ੂਬ ਗੀਤ ਗਾਏ। ਅਗਲੇ ਦਿਨ ਬਾਹਰ ਜੋ ਕਾਰ ਖੜ੍ਹੀ ਸੀ, ਉਹ ਗਾਇਬ ਸੀ।

*(ਚਲਦਾ)*

***ਰੈਗਰ ਨੇ ਸਭ ਕੁਝ ਕਹਿ ਦਿੱਤਾ ਸੀ। ਦਰਅਸਲ, ਉਸ ਨੇ ਕੁਝ ਵੀ ਅਣਕਿਹਾ ਨਹੀਂ ਛੱਡਿਆ ਸੀ। ਉਸ ਨੇ ਸਾਨੂੰ ਜੋ ਇਕ ਇਕ ਲਫ਼ਜ਼ ਕਿਹਾ; ਮੋਦੀ, ਸ਼ਾਹ ਦਾ ਇਸ ਵਿਚ ਹੱਥ ਅਤੇ ਆਹਲਾ ਪੁਲਿਸ ਅਧਿਕਾਰੀਆਂ ਦੀ ਉਨ੍ਹਾਂ ਨਾਲ ਮਿਲੀਭੁਗਤ ਸਾਨੂੰ ਘੂਰ ਰਹੀ ਸੀ। ਮੈਂ ਅੰਦਰੋਂ-ਅੰਦਰੀ ਗੁੱਸੇ ਨਾਲ ਰਿਝ ਰਹੀ ਸੀ। ਮਾਈਕ ਮੇਰੇ ਗੁੱਸੇ ਨੂੰ ਮਹਿਸੂਸ ਕਰ ਸਕਦਾ ਸੀ, ਜਦੋਂ ਅਸੀਂ ਰੈਗਰ ਦੀ ਰਿਹਾਇਸ਼ ਤੋਂ ਤੁਰੇ ਤਾਂ ਉਸ ਨੇ ਮੇਰਾ ਹੱਥ ਘੁੱਟ ਲਿਆ। ਇਹ ਬੇਸ਼ਰਮੀ ਦੀ ਹੱਦ ਸੀ। ਰੈਗਰ ਨੇ ਗੁਜਰਾਤ ਹਿੰਸਾ ਅਤੇ ਫਰਜ਼ੀ ਮੁਕਾਬਲਿਆਂ ਵਿਚ ਰਾਜ ਦੀ ਮਿਲੀਭੁਗਤ ਬਾਰੇ ਸਹਿਜ ਭਾਅ ਹੀ ਬਾਕੀ ਗੱਲਬਾਤ ਦੀ ਤਸਦੀਕ ਕਰ ਦਿੱਤੀ ਸੀ।***



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

# ਸਿਰਫ ਚਾਰ ਦਿਨ-2

*'ਪੰਜਾਬ ਟਾਈਮਜ਼' ਦੇ ਸੁਘੜ ਪਾਠਕਾਂ ਨੇ ਕਾਨਾ ਸਿੰਘ ਦੀਆਂ ਲਿਖਤਾਂ ਨੂੰ ਗਾਹੇ-ਬ-ਗਾਹੇ ਖੂਬ ਹੁੰਗਾਰਾ ਭਰਿਆ ਹੈ। ਸੱਚਮੁੱਚ ਉਹ ਸ਼ਬਦਾਂ ਦੀ ਜਾਦੂਗਰ ਹੈ। ਉਹਦੀ ਹਰ ਲਿਖਤ ਸਹਿਜ ਅਤੇ ਸੂਹਜ ਦੀ ਤਸਦੀਕ ਹੋ ਨਿਬੜਦੀ ਹੈ। ਉਹ ਗੱਲਾਂ ਗੱਲਾਂ ਵਿਚ ਹੋਰ ਗੱਲਾਂ ਲਈ ਪਿੜ ਮੋਕਲਾ ਕਰਦੀ ਜਾਂਦੀ ਹੈ। ਉਹਦੀ ਭਾਖਾ ਦੀ ਪੋਠੋਹਾਰੀ ਪੁੱਠ ਉਹਦੀ ਰਚਨਾ ਨੂੰ ਹੋਰ ਵੀ ਸੁਆਦਲੀ ਬਣਾ ਦਿੰਦੀ ਹੈ। 'ਸਿਰਫ ਚਾਰ ਦਿਨ' ਵਾਲਾ ਬਿਰਤਾਂਤ ਉਸ ਨੇ ਇਸ ਢੰਗ ਨਾਲ ਸਿਰਜਿਆ ਹੈ ਕਿ ਪਾਠਕ ਵੀ ਉਹਦੀ ਪੀੜ ਨਾਲ ਪੀੜ ਹੋਈ ਜਾਂਦਾ ਹੈ। ਇਹ ਪੀੜ ਨਿੱਜ ਤੋਂ ਪਰ ਵੱਲ ਸਫਰ ਕਰਦੀ ਪ੍ਰਤੀਤ ਹੁੰਦੀ ਹੈ। ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਪਾਠਕ ਪਿਛਲੇ ਅੰਕ ਵਿਚ ਪੜ੍ਹ ਚੁੱਕੇ ਹਨ, ਐਤਕੀਂ ਦੂਜੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਸ਼ਾਹਦਰੇ ਦੇ ਖਾਸ ਵੱਡੇ ਬਾਜ਼ਾਰ ਵਿਚ ਸੀ ਨਗਰਪਾਲਿਕਾ ਦਾ ਇਕੋ ਇਕ ਹਸਪਤਾਲ ਜਿਸ ਦੇ ਪਿਛਵਾੜੇ ਹੀ ਸੀ ਸਾਡਾ ਘਰ। ਉਸ ਹਸਪਤਾਲ ਵਿਚ ਇਕ ਨਰਸ ਸੀ, ਸਦਾ ਨੀਲੀ ਧੋਤੀ ਵਿਚ। ਸ਼ਾਇਦ ਮਰੀਅਮ ਸੀ ਉਸ ਦਾ ਨਾਂ। ਪਤਾ ਨਹੀਂ ਉਹ ਟਰੇਂਡ ਸੀ ਜਾਂ ਨਹੀਂ, ਪਰ ਸਾਡੇ ਗੁਆਂਢ ਵਿਚ ਰਹਿੰਦੀਆਂ ਭਾਬੀ ਸੀਤਾ ਤੇ ਵੀਰਾਂ ਭਾਬੀ ਮੁਤਾਬਕ ਉਹ ਬਹੁਤ ਸਿਆਣੀ ਸੀ, ਡਾਕਟਰਾਂ ਦੀ ਡਾਕਟਰ। ਉਨ੍ਹਾਂ ਦੇ ਕਹਿਣ 'ਤੇ ਮਾਂ ਮੈਨੂੰ ਉਸ ਕੋਲ ਲੈ ਗਈ।

ਉਹ ਨਰਸ ਹੀ ਸੀ ਸ਼ਾਹਦਰੇ ਦੀਆਂ ਜ਼ਨਾਨਾ ਬਿਮਾਰੀਆਂ ਦੇ ਇਲਾਜ ਦੀ ਮਾਹਿਰ। ਸਵਾ ਲੱਖ। ਉਸ ਮੈਨੂੰ ਤਖ਼ਤੇ 'ਤੇ ਲਿਟਾ ਕੇ ਡੂਸ਼ ਦੇ ਦਿੱਤਾ। ਗਰਮ ਗਰਮ ਪਾਣੀ ਦਾ ਸਿੱਧਾ ਫੁਹਾਰਾ ਮੇਰੇ ਧੁਰ ਅੰਦਰ। ਉਸ ਹੱਥ ਪਾ ਕੇ ਦੂਰ ਤੱਕ ਤਕਿਆ ਵੀ। ਇਸ ਤੋਂ ਪਹਿਲਾਂ ਕਦੇ ਕਿਸੇ ਨੇ ਇੰਜ ਮੈਨੂੰ ਨੰਗਿਆਂ ਨਹੀਂ ਸੀ ਕੀਤਾ। ਬਹੁਤ ਬੁਰਾ ਲੱਗਾ। ਅਤਿ ਦੀ ਗਿਲਾਨੀ, ਪਰ ਉਸ ਨਰਸ ਦੀ ਜਾਣਕਾਰੀ ਵੀ ਤਾਂ ਸ਼ਾਹਦਰੇ ਦੇ ਉਸ ਤੇਲੀਵਾੜੇ ਬਾਜ਼ਾਰ ਦੇ ਉਸ ਮੋੜ ਤੱਕ ਦੀ ਹੀ ਸੀ।

ਪੰਜ ਦਿਨ ਲਗਾਤਾਰ ਡੂਸ਼ ਹੁੰਦੇ ਗਏ। ਮੇਰੀ ਬਿਮਾਰੀ ਹੋਰ ਵਧ ਗਈ। ਮਾਜੂਆਂ ਨੇ ਕੰਮ ਕਰਨਾ ਛੱਡ ਦਿੱਤਾ। ਮੈਂ ਮੰਜੇ 'ਤੇ ਪੈ ਗਈ। ਟੱਟੀ-ਪਿਸ਼ਾਬ ਵੀ ਮੰਜੇ ਉਤੇ ਹੀ। ਵੱਡੀਆਂ ਤਿੰਨੇ ਭੈਣਾਂ ਮੁੰਬਈ, ਕਲਕੱਤੇ ਤੇ ਲਖਨਊ ਸਨ, ਆਪੋ ਆਪਣੇ ਘਰ ਤੇ ਵੱਡੇ ਵੀਰ ਜੀ, ਬੰਗਲੌਰ। ਦੂਜੇ ਵੱਡੇ ਵੀਰਾਂ ਪਾਲ ਤੇ ਭਗਤ ਨਾਲ ਮੈਂ ਅੱਖ ਨਾ ਮਿਲਾਂਦੀ ਤੇ ਨਿੱਕੇ ਦੋਵੇਂ ਤਾਂ ਅਜੇ ਬਾਲਕ ਹੀ ਸਨ।

ਕੇਹੀ ਕੁਵੱਲੀ ਬਿਮਾਰੀ ਸੀ ਜਿਸ ਦਾ ਗਿਆਨ ਤਾਂ ਸਭ ਨੂੰ ਸੀ, ਪਰ ਜਿਸ ਦਾ ਹੋਠਾਂ 'ਤੇ ਨਾਂ ਲੈਣਾ ਵਰਜਿਤ ਸੀ। ਛਿਮਾਹੀ ਇਮਤਿਹਾਨ ਤੱਕ ਇਹੋ ਹਾਲਤ ਰਹੀ। ਲੇਟ ਕੇ ਪੜ੍ਹਨ ਕਾਰਨ ਜਾਂ ਖ਼ੂਨ ਦੀ ਕਮੀ ਕਾਰਨ ਮੇਰੀ ਨਜ਼ਰ ਕਮਜ਼ੋਰ ਹੋ ਗਈ। ਨਜ਼ਰ ਦੂਰ ਦੀ ਕਮਜ਼ੋਰ ਹੋਈ ਤੇ ਨੰਬਰ ਮਨਫੀ ਚਾਰ। ਡਾਕਟਰ ਨੇ ਕਿਹਾ ਕਿ ਜੇ ਲਗਾਤਾਰ ਐਨਕ ਨਾ ਲਾਈ ਤਾਂ ਨਜ਼ਰ ਹੋਰ ਵੀ ਕਮਜ਼ੋਰ ਹੋ ਜਾਵੇਗੀ। ਐਨਕ ਬਣ ਗਈ। ਮਾਂ ਦਾ ਹੁਕਮ ਹੋਇਆ ਕਿ ਜਾਂ ਤਾਂ ਮੈਂ ਐਨਕ ਘਰ ਵਿਚ ਹੀ ਲਾਵਾਂ, ਤੇ ਜਾਂ ਫਿਰ ਸਕੂਲ ਵਿਚ ਪੈਰ ਪਾਉਣ ਤੋਂ ਬਾਅਦ। ਰਾਹ ਵਿਚ ਬਿਲਕੁਲ ਨਹੀਂ।

ਮਾਂ ਦੇ ਵਿਚਾਰ ਅਨੁਸਾਰ ਸੁਨਹਿਰੀ ਫਰੇਮ ਵਾਲੀ ਉਹ ਐਨਕ ਫੈਸ਼ਨ ਸੀ ਅਤੇ ਐਨਕ ਕਾਰਨ ਮੁੰਡਿਆਂ ਦਾ ਮੇਰੇ ਵੱਲ ਹੋਰ ਆਕਰਸ਼ਿਤ ਹੋਣ ਦਾ ਉਸ ਨੂੰ ਡਰ ਸੀ। ਜਿਵੇਂ ਸ਼ੋਖ ਰੰਗ ਦੇ ਕੱਪੜੇ ਪਾਉਣ ਦੀ, ਕੱਜਲ ਪਾਉਣ ਦੀ, ਦੋ ਗੁੱਤਾਂ ਕਰਨ ਦੀ ਜਾਂ ਸਿਰੋਂ ਨੰਗਿਆਂ ਬਾਹਰ ਜਾਣ ਦੀ ਮਨਾਹੀ ਸੀ, ਉਸੇ ਤਰ੍ਹਾਂ ਰਾਹ ਵਿਚ ਐਨਕ ਲਾਉਣ ਦੀ ਵੀ ਮਾਂ ਵਲੋਂ ਇਜਾਜ਼ਤ ਨਹੀਂ ਸੀ।

ਰੋਗ ਦੀ ਮਾਨਸਿਕ ਪੀੜ ਦਾ ਵੱਡਾ ਇਜਾਫਾ ਓਦੋਂ ਹੁੰਦਾ, ਜਦੋਂ ਸਕੂਲ ਵਿਚ ਅੱਧੀ ਛੁੱਟੀ ਵੇਲੇ ਇਕੱਠੀਆਂ ਹੋਈਆਂ ਮੇਰੀਆਂ ਜਮਾਤਣਾਂ ਵਿਚ ਮਾਹਵਾਰੀ ਦਾ ਜ਼ਿਕਰ ਤੁਰਦਾ। ਕਦੇ ਕੋਈ ਇਕ 'ਭਿੱਟੀ' ਹੁੰਦੀ ਤੇ ਕਦੇ ਕੋਈ। ਸਾਡੇ ਘਰ-ਪਰਿਵਾਰ ਵਿਚ ਅਜਿਹੀ ਕੋਈ ਸੁੱਚ-ਭਿੱਟ ਨਹੀਂ ਸੀ, ਪਰ ਉਨ੍ਹਾਂ ਸ਼ਰਮਾ, ਜੈਨ ਜਾਂ ਅਗਰਵਾਲ, ਗੁਪਤਾ, ਰਸਤੌਗੀ ਆਦਿ ਸਥਾਨਕ ਪਰਿਵਾਰਾਂ ਦੀਆਂ ਕੁੜੀਆਂ ਦੇ ਘਰਾਂ ਵਿਚ ਮਹਾਵਾਰੀ ਦੇ ਦਿਨਾਂ ਵਿਚੋਂ ਲੰਘ ਰਹੀ ਇਸਤਰੀ ਦਾ ਭਾਂਡਾ-ਬਿਸਤਰਾ ਵੱਖਰਾ ਹੁੰਦਾ ਸੀ। ਅੱਜ ਸੋਚਦੀ ਹਾਂ ਕਿ ਜ਼ਰੂਰ ਇਹ ਰਵਾਇਤ ਇਸ ਹਾਲਤ ਵਿਚੋਂ ਗੁਜ਼ਰ ਰਹੀ ਔਰਤ ਨੂੰ ਆਰਾਮ ਦੇਣ ਲਈ ਹੀ ਸ਼ੁਰੂ ਹੋਈ ਹੋਵੇਗੀ। ਤਫਰੀਹ ਵੇਲੇ 'ਭਿੱਟੀ' ਹੋਈ ਕੁੜੀ ਗਰੁਪ ਦੀ ਸਾਂਝੀ ਥਾਲੀ ਨੂੰ ਹੱਥ ਨਾ ਲਾਉਂਦੀ।

ਸਬਜ਼ੀ, ਦਾਲ, ਰਾਇਤੇ, ਚਟਣੀਆਂ, ਪੂਰੀਆਂ ਕਚੌਰੀਆਂ ਅਤੇ ਮਿਸ਼ਠਾਨ ਦੀਆਂ ਕਟੋਰੀਆਂ ਸਭ ਆਪਸ ਵਿਚ ਵੰਡਦੀਆਂ-ਬਦਲਦੀਆਂ ਪਰ 'ਭਿੱਟੀ' ਹੋਈ ਕੁੜੀ ਵੱਖ ਹੀ ਬਹਿੰਦੀ। ਉਸ ਦੀ ਥਾਲੀ ਛੂਹਣਾ ਵੀ ਸਭ ਲਈ ਵਰਜਿਤ ਹੁੰਦਾ। ਸਭ ਸਹੇਲੀਆਂ ਉਪਰ ਵਾਰੋ-ਵਾਰ ਭਿੱਟਣ ਦਾ ਵਕਫਾ ਆਉਂਦਾ, ਤੇ ਚਲਾ ਜਾਂਦਾ ਸੀ, ਤੇ ਇਕ ਮੈਂ ਸਾਂ ਜੋ ਸਦਾ ਸਦਾ ਲਈ ਭਿੱਟੀ ਰਹਿੰਦੀ। ਕੀ ਦੱਸਦੀ ਤੇ ਕੀ ਨਾ।

ਮੈਂ ਭਾਵੇਂ ਸਭ ਦੀ ਚਹੇਤੀ ਸਾਂ, ਤੇ ਉਹ ਵਸਾਹ ਵੀ ਨਹੀਂ ਖਾਂਦੀਆਂ ਸਨ ਮੇਰਾ, ਪਰ ਅੱਧੀ ਛੁੱਟੀ ਦੀ ਘੰਟੀ ਵਜਦਿਆਂ ਹੀ ਮੈਂ ਉਨ੍ਹਾਂ ਸਭਨਾਂ ਤੋਂ ਵੱਖ ਅਤੇ ਓਹਲੇ ਹੋ ਜਾਂਦੀ। ਉਂਜ ਵੀ ਮੇਰਾ ਨਾਸ਼ਤਾ ਤਾਂ ਮਾਂ ਦਾ ਦਿੱਤਾ ਹੋਇਆ ਦੇਸੀ ਘਿਓ ਵਿਚ ਬਣਿਆ ਮੂੰਗ ਦੀ ਦਾਲ ਦੇ ਆਟੇ ਦਾ ਚੂਰਮਾ ਹੀ ਹੁੰਦਾ ਸੀ, ਤੇ ਜਾਂ ਫਿਰ ਗਾਜਰਾਂ ਤੇ ਕੋਈ ਫਲ। ਕੀ ਵੰਡਦੀ ਤੇ ਕੀ ਵੰਡਾਂਦੀ?

ਛੇ ਸੱਤ ਮਹੀਨੇ ਲੰਘ ਗਏ। ਕੋਈ ਫਰਕ ਨਾ ਪਿਆ। ਡੂਸ਼ਾਂ ਮਗਰੋਂ ਹਾਲਤ ਬਦ ਤੋਂ ਬਦਤਰ ਹੋ ਗਈ। ਅਕਤੂਬਰ ਵਿਚ ਵੀਰ ਜੀ ਆ ਗਏ, ਬੰਗਲੌਰੋਂ। ਸ਼ਾਇਦ ਮਾਪਿਆਂ ਨੇ ਮੇਰੇ ਬਾਰੇ ਇਤਲਾਹ ਦਿੱਤੀ ਹੋਵੇ। ਉਨ੍ਹਾਂ ਆਉਂਦਿਆਂ ਹੀ ਮੈਨੂੰ ਇਰਵਿਨ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ। ਛੇ ਦਹਾਕਿਆਂ ਤੋਂ ਵੱਧ ਦਾ ਸਮਾਂ ਭਾਵੇਂ ਗੁਜ਼ਰ ਚੁੱਕਿਆ ਹੈ, ਪਰ ਹੁਣ ਵਾਂਗ ਹੀ ਤਾਜ਼ਾ ਹੈ, ਉਹ ਪਲ ਜਦੋਂ ਵੀਰ ਜੀ ਦੇ ਗਲ ਲੱਗ ਕੇ ਮੈਂ ਫੁੱਟ ਫੁੱਟ ਰੋ ਰਹੀ ਸਾਂ ਵਾਰ-ਵਾਰ ਪੁੱਛਦੀ, "ਆਖਰ ਮੇਰੇ ਨਾਲ ਹੀ ਇੰਜ ਕਿਉਂ?"

"ਚੰਗੇ ਅਤੇ ਨੇਕ ਬੱਚਿਆਂ ਕੀ ਹੋਰਨਾਂ, ਨਾਲੋਂ ਵੱਧ ਤਕਲੀਫਾਂ ਸਹਾਰਨੀਆਂ ਪੈਨੀਆਂ ਨੁ। ਤੂੰ ਚੰਗੀ ਏਂ ਨਾ, ਇਸੇ ਕਰ ਕੇ...।"

ਵੀਰ ਜੀ ਨੂੰ ਮੇਰੇ ਅੰਦਰ ਵੱਧ ਰਹੀ ਦੋਸ਼ੀ ਭਾਵਨਾ ਅਤੇ ਸਵੈ-ਤਰਸ ਦਾ ਪੂਰਾ ਕਿਆਸ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਵੀ ਜਵਾਨੀ ਵਿਚ ਪੈਰ ਪਾਉਣ ਵੇਲੇ ਬੜੀ ਤਕਲੀਫ ਹੋਈ ਸੀ।

"ਮੈਂ ਸੁੱਕ ਕੇ ਕੰਡਾ ਹੋ ਗਿਆ ਸਾਂ ਜਦਕਿ ਪਿੰਡੀ ਬੋਰਡਿੰਗ ਵਿਚ ਰਹਿਨੇ ਮੇਰੇ ਨਾਲ ਨੇ ਜਾਤਕਾਂ ਕੀ ਕੋਈ ਤਕਲੀਫ ਨਹੀਂ ਸੀ ਹੋਈ। ਹੋ ਸਕਨੈ ਸਾਡੇ ਖ਼ੂਨ ਵਿਚ ਹੀ ਕੋਈ ਕਮੀ ਹੋਵੈ। ਤਾਹੀਓਂ ਤੈ ਅਸਾਂ ਸਾਰਿਆਂ ਕੀ ਗਰਮੀਆਂ ਵਿਚ ਨਕਸੀਰ ਆ ਜਾਨੀ ਐ। ਨਿੱਕੀ ਉਮਰ ਵਿਚ ਤੁੱਘੀ ਖ਼ੂਨੀ ਪੇਚਸ ਵੀ ਤੈ ਡਾਢੀ ਲੱਗੀ ਸੀ ਨਾ...।" ਵੀਰ ਜੀ ਨੇ ਸਮਝਾਇਆ।

ਵੀਰ ਜੀ ਦੇ ਇਨ੍ਹਾਂ ਧਰਵਾਸਿਆਂ ਤੋਂ ਮੈਨੂੰ ਪੂਰਾ ਯਕੀਨ ਹੋ ਗਿਆ ਕਿ ਮੁੰਡਿਆਂ ਨੂੰ ਵੀ ਮਾਹਵਾਰੀ ਆਉਂਦੀ ਹੈ। ਬਹੁਤ ਦੇਰ ਤੱਕ ਮੇਰਾ ਇਹ ਵਿਸ਼ਵਾਸ ਬਣਿਆ ਰਿਹਾ। ਯਾਦ ਹੈ ਕਿ ਮੈਂ ਦਿਲਜੀਤ ਨੂੰ ਵੀ ਦੱਸ ਦਿੱਤਾ ਸੀ ਅਤੇ ਇੰਦੂ, ਕੁਸੁਮ, ਮੇਨਕਾ, ਸੁਚਿੰਤਾ ਅਰ ਕਰੁਣਾ ਨੂੰ ਵੀ। ਉਹ ਹੱਸ ਹੱਸ ਦੂਹਰੀਆਂ ਹੋਣ ਅਤੇ ਮੇਰਾ ਮਜ਼ਾਕ ਉਡਾਉਣ। ਉਨ੍ਹਾਂ ਦ੍ਰਿੜ੍ਹਤਾ ਨਾਲ ਆਖਣਾ ਕਿ ਮੁੰਡਿਆਂ ਨੂੰ ਮਾਹਵਾਰੀ ਨਹੀਂ ਆਉਂਦੀ।

"ਮੇਰੇ ਵੀਰ ਜੀ ਮੇਰੇ ਨਾਲ ਝੂਠ ਨਹੀਂ ਬੋਲ ਸਕਦੇ।" ਮੈਂ ਆਪਣੀ ਥਾਂ ਸੱਚੀ ਸਾਂ।

"ਵੀਰ ਜੀ ਕਹਿੰਦੇ ਹਨ...", ਮੈਂ ਗੱਲ ਸ਼ੁਰੂ ਕਰਨ ਹੀ ਲੱਗਦੀ ਕਿ ਸਭ ਸਹੇਲੀਆਂ ਮੂੰਹਾਂ 'ਤੇ ਹੱਥ ਰੱਖ ਕੇ ਹਾ... ਹਾ... ਕਰਨ ਲਗਦੀਆਂ।

"ਏਨੀਆਂ ਬੇਸ਼ਰਮੀ ਵਾਲੀਆਂ ਗੱਲਾਂ ਤੂੰ ਆਪਣੇ ਭਰਾ ਨਾਲ ਕਿਵੇਂ ਕਰ ਲੈਂਦੀ ਏਂ।"

ਵੀਰ ਜੀ ਦੀ ਮੈਂ ਲਾਡਲੀ ਭੈਣ ਸਾਂ, ਬਾਲੜੀ। ਉਹ ਗਿਆਨ ਵਿਗਿਆਨ ਦੀ ਮੈਨੂੰ ਕਾਫੀ ਜਾਣਕਾਰੀ ਦੇਂਦੇ। ਤੇਰ੍ਹਾਂ ਸਾਲਾਂ ਦੀ ਉਮਰ ਵਿਚ ਮੈਨੂੰ ਪਤਾ ਲੱਗ ਗਿਆ ਸੀ ਕਿ ਬੱਚੇ ਰੱਬ ਦੀ ਦੇਣ ਨਾਲੋਂ ਵੱਧ ਮਾਪਿਆਂ ਦੀ ਆਪਣੀ ਸਿਆਣਪ ਦੇ ਵੀ ਅਖ਼ਤਿਆਰ ਹੁੰਦੇ ਹਨ ਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਘੱਟ ਬੱਚੇ ਪੈਦਾ ਕਰਨ।

...ਚੰਨ ਵੀ ਇਕ ਤਾਰਾ ਹੈ, ਸਾਡੀ ਧਰਤੀ ਦਾ ਇਕ ਟੁਕੜਾ ਤੇ ਬਹੁਤ ਛੇਤੀ ਅਸੀਂ ਚੰਨ ਉਤੇ ਪੁੱਜ ਜਾਵਾਂਗੇ। ਉਪਰਾਲੇ ਹੋ ਰਹੇ ਹਨ। ...ਵਕਤ ਆਉਣ ਵਾਲਾ ਹੈ ਕਿ ਤੁਸੀਂ ਰੇਡੀਓ ਹੱਥ ਵਿਚ ਫੜੀ ਜਿਥੇ ਚਾਹੋ ਸੁਣ ਸਕੋਗੇ। ਏਥੇ ਹੀ ਬਸ ਨਹੀਂ, ਰੇਡੀਓ ਉਤੇ ਗਾਉਣ ਵਾਲਿਆਂ ਦੀਆਂ ਸ਼ਕਲਾਂ ਵੀ ਦਿਸਣਗੀਆਂ ...ਫੋਨ ਉਤੇ ਵੀ ਸ਼ਕਲਾਂ ਆਉਣਗੀਆਂ ...ਪੁਲਾੜ ਵਿਚ ਵੀ ਧਰਤੀ ਵਾਂਗ ਠਹਿਰ ਸਕਾਂਗੇ...ਕੁੜੀਆਂ ਤੇ ਮੁੰਡਿਆਂ ਦੀ ਅਕਲ ਤੇ ਤਾਕਤ ਵਿਚ ਕੋਈ ਫਰਕ ਨਹੀਂ, ਤੇ ਉਹ ਸਾਰੇ ਕੰਮ ਜੋ ਮੁੰਡੇ ਕਰਦੇ ਨੇ, ਕੁੜੀਆਂ ਵੀ ਕਰ ਸਕਦੀਆਂ ਹਨ ਤੇ ਉਹ ਹਰ ਪੱਖੋਂ ਮੁੰਡਿਆਂ ਦੇ ਬਰਾਬਰ ਦੀਆਂ ਹੱਕਦਾਰ ਹਨ... ਵਗੈਰਾ ਵਗੈਰਾ।

ਮੇਰੀਆਂ ਗੱਲਾਂ ਮੇਰੀਆਂ ਸਹੇਲੀਆਂ ਨੂੰ ਹਊਆ ਵੀ ਲੱਗਦੀਆਂ ਤੇ ਉਹ ਮੈਨੂੰ ਆਦਰ ਦੀ ਦ੍ਰਿਸ਼ਟੀ ਨਾਲ ਵੇਖਦੀਆਂ ਹੋਰ ਹੋਰ ਜਾਣਨ ਲਈ ਉਤਸੁਕ ਵੀ ਹੁੰਦੀਆਂ। ਉਹ ਸਭ ਮੇਰੀ ਬੇਬਾਕੀ ਅਤੇ ਸਪਸ਼ਟਤਾ ਉਤੇ ਵੀ ਹੱਕੀਆਂ ਬੱਕੀਆਂ ਹੁੰਦੀਆਂ। ਵੀਰ ਜੀ ਦੀ ਪਰਵਰਿਸ਼ ਸਦਕੇ ਮੈਂ ਹਮੇਸ਼ਾ ਖੁਦ ਨੂੰ ਹੋਰ ਕੁੜੀਆਂ ਤੋਂ ਵੱਖਰੀ ਪਾਇਆ। ਕੁੜੀਆਂ ਦੀਆਂ ਰਵਾਇਤੀ ਗੱਲਾਂ ਤੋਂ ਮੈਂ ਉਖੜ-ਹੁੱਸੜ ਜਾਂਦੀ। ਹੁਣ ਵੀ ਮੈਂ ਇਸਤਰੀ-ਸਤਸੰਗਾਂ, ਸਭਾਵਾਂ, ਕਿਟੀ ਪਾਰਟੀਆਂ ਜਾਂ ਕੇਵਲ ਤੇ ਕੇਵਲ ਔਰਤ ਜਥੇਬੰਦੀਆਂ ਜਾਂ ਸਮਾਗਮਾਂ ਵਿਚ ਵਸੇਂ ਵਸੇਂ ਸ਼ਾਮਲ ਹੋਣ ਤੋਂ ਕਤਰਾਉਂਦੀ ਹਾਂ।

---

ਇਰਵਿਨ ਹਸਪਤਾਲ ਵਿਚ ਮੈਨੂੰ ਜ਼ਨਾਨੇ ਵਾਰਡ ਵਿਚ ਰੱਖਿਆ ਗਿਆ। ਉਨ੍ਹਾਂ ਜ਼ਨਾਨੀ-ਮਰੀਜ਼ਾਂ ਦਰਮਿਆਨ ਮੈਂ ਇਕੱਲੀ ਹੀ ਕਿਸ਼ੋਰੀ ਸਾਂ, ਅਲ੍ਹੜ ਤੇ ਨਾਦਾਨ। ਮੈਨੂੰ ਘੰਟੇ-ਘੰਟੇ ਬਾਅਦ ਟੀਕੇ ਲੱਗਦੇ।

"ਤੈਨੂੰ ਕੀ ਤਕਲੀਫ ਹੈ?" ਅੱਗੇ ਪਿੱਛੇ ਬਿਸਤਰਿਆਂ 'ਤੇ ਪਈਆਂ ਤੀਵੀਆਂ ਪੁੱਛਣ।

ਮੈਂ ਕੀ ਦੱਸਾਂ? ਬਸ ਨੀਵੀਂ ਪਾਈ ਰੋਂਦੀ ਰਹਾਂ, ਰੋਂਦੀ ਰਹਾਂ। ਨਰਸਾਂ ਤੋਂ ਵੀ ਪੁੱਛਾਂ ਹੋਵਣ।

ਸ਼ਾਮੀ ਚਾਰ ਵਜੇ ਰੋਗਣਾਂ ਦੇ ਸਾਕ-ਸਬੰਧੀ ਉਨ੍ਹਾਂ ਦੀ ਖਬਰ ਲੈਣ ਆਉਣ, ਤਾਂ ਮੇਰੇ ਵਲ ਹੈਰਾਨੀ ਨਾਲ ਝਾਕਣ। ਮੇਰੇ ਵਲ ਸੈਨਤਾਂ ਕਰ ਕਰ ਕੇ ਜਦੋਂ ਵਾਰਡ ਦੀਆਂ ਇਸਤਰੀਆਂ ਮੇਰੀ ਬਿਮਾਰੀ ਦਾ ਜ਼ਿਕਰ ਕਰਨ ਤਾਂ ਸ਼ਰਮ ਦੀ ਮਾਰੀ ਮੈਂ ਸਿਰਹਾਣੇ ਵਿਚ ਮੂੰਹ ਛਿਪਾ ਕੇ ਰੋਵਾਂ, ਰੋਂਦੀ ਜਾਵਾਂ। ਡਸਕੋਰੇ ਹਟਕੋਰੇ। ਮੇਰੀ ਘਿੱਗੀ ਬੱਝ ਜਾਂਦੀ। ਅੱਖਾਂ ਸੁੱਜ ਜਾਂਦੀਆਂ।

ਨਰਸਾਂ ਦੀਆਂ ਤਕਣੀਆਂ ਵਿਚ ਨਿਰਾ ਤਰਸ ਦਸਦਾ ਕਿ ਹੁਣ ਮੈਂ ਨਹੀਂ ਬਚਾਂਗੀ। ਹਾਇ ਇਸ ਤੋਂ ਤਾਂ ਚੰਗਾ ਸੀ, ਜੇ ਮੈਂ ਗੱਡੀਓਂ ਢਹਿ ਕੇ ਐਕਸੀਡੈਂਟ ਨਾਲ ਮਰ ਜਾਂਦੀ। ਹੁਣ ਮੇਰੇ ਮਰਨ ਬਾਅਦ ਮੇਰੇ ਮਾਪੇ ਕੀ ਆਖਣਗੇ ਕਿ ਮੈਂ ਕਿਸ ਬਿਮਾਰੀ ਦੀ ਸ਼ਿਕਾਰ ਸਾਂ। ਇਹ ਚਿੰਤਾ ਵੀ ਮੈਨੂੰ ਨਿਘਾਰਦੀ, ਹੋਰ ਹੋਰ ਹੋਰ।

ਕੁਝ ਦਿਨਾਂ ਪਿਛੋਂ ਖ਼ੂਨ ਪੈਣਾ ਬੰਦ ਹੋ ਗਿਆ। ਵੀਰ ਜੀ ਮੈਨੂੰ ਘਰ ਪੁਚਾਅ ਕੇ, ਤੇ ਅੱਗੇ ਲਈ ਮਾਪਿਆਂ ਨੂੰ ਪੂਰੀਆਂ ਹਦਾਇਤਾਂ ਦੇ ਕੇ ਵਾਪਸ ਪਰਤ ਗਏ।

ਦੋ ਹਫਤੇ ਹੀ ਲੰਘੇ ਸਨ ਕਿ ਮੁੜ ਓਹੀ ਹਾਲ। ਸਕੂਲ ਵਿਚ ਖੇਡਾਂ, ਦੌੜਾਂ, ਥਰੋਬਾਲ, ਬੈਡਮਿੰਟਨ ਆਦਿ ਵਿਚ ਹਰ ਵਿਦਿਆਰਥਣ ਨੂੰ ਆਪਣੇ ਸ਼ੌਕ ਮੁਤਾਬਕ ਹਿੱਸਾ ਲੈਣਾ ਹੁੰਦਾ ਸੀ। ਇਹ ਲਾਜ਼ਮੀ ਸੀ। ਮੇਰੇ ਲਈ ਖੇਡਣਾ, ਕੁੱਦਣਾ ਅਸਲੋਂ ਹੀ ਖਤਰਨਾਕ ਸੀ, ਵਰਜਿਤ ਸੀ। ਵੀਰ ਜੀ ਸਕੂਲ ਵਿਚ ਮੈਡੀਕਲ ਸਰਟੀਫਿਕੇਟ ਦਰਜ ਕਰਵਾ ਗਏ, ਤਾਂ ਜੁ ਮੈਨੂੰ ਕਿਸੇ ਵੀ ਖੇਡ ਲਈ ਮਜਬੂਰ ਨਾ ਕੀਤਾ ਜਾਵੇ। ਖੇਡ ਦੇ ਪੀਰੀਅਡ ਵਿਚ ਮੈਂ ਖੂੰਜੇ ਲੱਗੀ ਚੁੱਪ-ਚਾਪ ਸਭ ਜਮਾਤਣਾਂ ਨੂੰ ਖੇਡਦਿਆਂ ਵੇਖਦੀ ਰਹਿੰਦੀ। ਹੁਣ ਮੇਰੀ ਬਿਮਾਰੀ ਦਾ ਲਗਭਗ ਸਭ ਨੂੰ ਅੰਦਾਜ਼ਾ ਸੀ। ਬਾਹਲੀਆਂ ਨੂੰ ਇਹੀ ਪਤਾ ਸੀ ਕਿ ਮੇਰੀਆਂ ਆਂਤੜੀਆਂ ਕਮਜ਼ੋਰ ਸਨ ਅਤੇ ਖੇਡਣ-ਕੁੱਦਣ ਨਾਲ ਮੈਨੂੰ ਖ਼ੂਨੀ ਪੇਚਿਸ ਦੇ ਦੌਰੇ ਦਾ ਖਤਰਾ ਸੀ।

ਨੌਮਾਹੀ ਇਮਤਿਹਾਨ ਹੋ ਚੁੱਕੇ ਸਨ। ਪੜ੍ਹਾਈ ਦਾ ਬਹੁਤ ਜ਼ੋਰ ਸੀ। ਏ. ਡਿਵੀਜ਼ਨ 'ਤੇ ਗਣਿਤ ਲਈ ਖਾਸ ਸਖਤੀ ਸੀ। ਗਣਿਤ ਕਰ ਕੇ ਹੀ ਸਟੇਟ ਦੇ ਹੋਰ ਸਕੂਲਾਂ ਨੂੰ ਪਛਾੜਿਆ ਜਾ ਸਕਦਾ ਸੀ। ਗਣਿਤ ਦੇ ਅਭਿਆਸ ਲਈ ਮੈਂ ਮੰਜੇ 'ਤੇ ਪਈ ਪਈ ਆਪੇ ਮੱਥਾ ਮਾਰਦੀ ਰਹਿੰਦੀ। ਜੇ ਕਿਧਰੇ ਅੜ ਜਾਵਾਂ ਕਿਸੇ ਗੁੰਝਲ 'ਤੇ, ਤਾਂ ਰਾਤੀਂ ਪਿਤਾ ਜੀ ਭੋਜਨ ਕਰਦੇ ਕਰਦੇ ਮੂੰਹ-ਜ਼ਬਾਨੀ ਹੀ ਹੱਲ ਸੁਝਾਅ ਦੇਂਦੇ। ਉਹ ਕਹਿੰਦੇ, "ਜਿਹੜਾ ਵੀ ਸਵਾਲ ਤੇਰੇ ਕੋਲੋਂ ਗਣਿਤ ਨੇ ਤਰੀਕੇ ਨਾਲ ਨਾ ਕੱਢਿਆ ਜਾਵੇ, ਉਸ ਕੀ ਅਲਜਬਰੇ ਨਾਲ ਕੱਢ ਸਕਨੀ ਏਂ। ਫਰਜ਼ ਕਰ ਲੈ ਕਿ ਸੁਆਲ ਨਾ ਜੁਆਬ ਐਕਸ ਹੈ ਤੇ ਫਿਰ ਹੱਲ, ਕਰਨੀ ਕਰਨੀ ਪਿੱਛੇ ਵੱਲ ਪਰਤਨੀ ਜਾ। ਤੈਂ'ਨ ਸਹੀ ਜਵਾਬ ਮਿਲ ਜਾਸੀ।"

ਇਹ ਢੰਗ ਬਾਅਦ ਵਿਚ ਮੈਨੂੰ ਆਪਣੇ ਬਾਲਕਾਂ ਦੀ ਪੜ੍ਹਾਈ ਵਿਚ ਮਦਦ ਕਰਨ ਵਿਚ ਵੀ ਬਹੁਤ ਰਾਸ ਆਇਆ।

ਮਹੀਨਾ ਹੋ ਗਿਆ ਸੀ ਹਸਪਤਾਲੋਂ ਆਇਆਂ, ਮੇਰੀ ਹਾਲਤ ਬਹੁਤ ਵਿਗੜ ਗਈ। ਹੁਣ ਕੋਈ ਵੀ ਅਹੁੜ-ਪਹੁੜ ਕੰਮ ਨਾ ਆਵੇ। ਮਾਜੂ ਵੀ ਨਾ। ਪਰਨਾਲਿਆਂ ਦੇ ਪਰਨਾਲੇ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਅੱਧ-ਬੇਹੋਸ਼ੀ ਦੀ ਹਾਲਤ ਵਿਚ ਮੈਨੂੰ ਮੁੜ ਹਸਪਤਾਲ ਦਾਖਲ ਕਰਾ ਦਿੱਤਾ ਗਿਆ। ਮੁੜ ਓਸੇ ਤਰ੍ਹਾਂ ਟੀਕਿਆਂ ਨਾਲ ਪੱਛੀ ਜਾਣ ਲੱਗੀ। ਖ਼ੂਨ ਪੈਣਾ ਘੱਟ ਤਾਂ ਜਾਵੇ, ਪਰ ਲੇਟਿਆਂ ਹੀ। ਤੁਰਨ ਨਾਲ ਮੁੜ ਓਵੇਂ ਦਾ ਓਵੇਂ। ਇਸ ਵੇਰਾਂ ਹਸਪਤਾਲ ਵਲੋਂ ਕੋਈ ਆਸ਼ਾਜਨਕ ਜੁਆਬ ਨਾ ਮਿਲਿਆ। ਬੁਝੇ-ਬੁਝੇ ਮਾਪੇ ਮੈਨੂੰ ਘਰ ਲਈ ਲੈ ਤੁਰੇ। ਅੱਖਾਂ ਭਰੀਆਂ। ਚਿਹਰੇ ਉਤਰੇ ਹੋਏ।

ਟਾਂਗਾ ਲਾਲ ਕਿਲ੍ਹੇ ਤੋਂ ਚਾਂਦਨੀ ਚੌਕ ਵਲ ਮੁੜ ਗਿਆ ਸੀ। ਮਾਂ ਅਤੇ ਪਿਤਾ ਜੀ ਦੇ ਵਿਚਕਾਰ ਅਧਲੇਟੀ ਤੇ ਅੱਧਹੋਸ਼ ਜਿਹੀ ਹਾਲਤ ਵਿਚ ਸਾਂ ਮੈਂ। ਆਪਣੀ ਯਾਦ ਵਿਚ ਪਹਿਲੀ ਵੇਰਾਂ ਏਨੀ ਨੇੜੇ ਦੋਹਾਂ ਦੇ ਵਿਚਕਾਰ ਪਈ ਸਾਂ, ਨਹੀਂ ਤਾਂ ਮਾਂ ਹੀ ਸੰਭਾਲਦੀ ਸੀ ਸਾਰਾ ਘਰ ਪਰਿਵਾਰ, ਦੁਨੀਆਂਦਾਰੀ, ਦੁੱਖ-ਸੁੱਖ। ਭਾਪਾ ਜੀ ਤਾਂ ਸਵੇਰੇ-ਸਵੇਰੇ ਹੀ ਨਿਕਲ ਜਾਂਦੇ ਭੋਗਲ, ਪਟਰੋਲ ਪੰਪ 'ਤੇ। ਉਹ ਰਾਤ ਪਈ ਹੀ ਪਰਤਦੇ। ਹਾਂ, ਐਤਵਾਰ ਨੂੰ ਸਾਰਾ ਸੌਦਾ ਲਿਆ ਕੇ ਘਰ ਭਰ ਦੇਂਦੇ। ਕੋਈ ਥੁੜ ਨਹੀਂ ਸੀ ਹੁੰਦੀ ਕਿਸੇ ਵਸਤੂ ਦੀ।

ਮਾਂ ਸੁਤੰਤਰ ਤੇ ਮੁਖਤਿਆਰ ਸੀ ਘਰ-ਗ੍ਰਹਿਸਥੀ ਦੀ ਸੰਭਾਲ ਵਿਚ। ਸਾਡੀਆਂ ਸਾਰੀਆਂ ਲੋੜਾਂ ਪੂਰਨੀਆਂ ਉਸੇ ਦੀ ਜ਼ਿੰਮੇਵਾਰੀ ਸੀ, ਪਰ ਭਾਪਾ ਜੀ ਦੀ ਵੀ ਪੂਰੀ ਸੁਰ ਜਾਪਦੀ ਸੀ ਉਸ ਨਾਲ। ਦੋਹਾਂ ਵਿਚਾਲੇ 'ਤੁਸੀਂ ਤੁਸੀਂ' ਦਾ ਹੀ ਸੰਚਾਰ ਸੀ। ਉਹ ਕਦੋਂ ਆਪਸ ਵਿਚ ਸਲਾਹ-ਮਸ਼ਵਰਾ ਕਰਦੇ ਸਨ, ਕਦੇ ਨਾ ਪਤਾ ਲੱਗਾ।

"ਆਣਦੇ, ਤੇਰੇ ਭਾਪਾ ਜੀ ਕੀ, ਦਸਨੀ ਆਂ ਤੇਰੀ ਕਾਰਸਤਾਨੀ।" ਮਾਂ ਨੇ ਆਖਿਆ ਨਹੀਂ ਕਿ ਸਾਡੇ ਸੋਤਰ ਸੁੱਕੇ ਨਹੀਂ। ਉਹ ਕੁਝ ਦਸਦੀ ਵੀ ਸੀ ਕਦੇ ਕਿ ਨਹੀਂ, ਪਤਾ ਨਹੀਂ। ਉਹ ਆਪੇ ਹੀ ਹਰ ਮਸਲਾ ਨਜਿੱਠ ਲੈਂਦੀ ਸੀ।

"ਬੱਚਿਆਂ ਵਾਸਤੇ ਅੱਖ ਨਾ ਡਰ ਹੀ ਕਾਫੀ ਹੋਨੈ।" ਮਾਂ ਦਾ ਅਕਸਰ ਜੁਮਲਾ ਹੁੰਦਾ ਸੀ।

---

ਟਾਂਗਾ ਗੁਰਦੁਆਰਾ ਸੀਸ ਗੰਜ ਕੋਲ ਪੁੱਜਿਆ ਹੀ ਸੀ ਕਿ ਮਾਂ ਨੇ ਭਾਪਾ ਜੀ ਨੂੰ ਰੁਕਵਾਣ ਦਾ ਇਸ਼ਾਰਾ ਕੀਤਾ। ਇਹ ਮਾਂ ਦੀ ਆਖਰੀ ਜੋਦੜੀ ਹੋਣੀ ਹੈ ਮੈਨੂੰ ਦਰਬਾਰ ਸਾਹਿਬ ਅੱਗੇ ਮੱਥਾ ਟਿਕਾਣ ਦੀ। ਮੈਂ ਸਮਝ ਗਈ।

ਮੱਥਾ ਟੇਕਦਿਆਂ ਟਿਕਾਂਦਿਆਂ ਮਾਂ ਦਾ ਕੜ ਪਾਟ ਗਿਆ। ਭਾਪਾ ਜੀ ਖਾਮੋਸ਼ ਤੇ ਭਿੱਜੇ ਨੈਣ।

"ਹਿਥੇ ਜੈਨ ਮੰਦਰ ਨੇ ਥੱਲੇ ਹਿਕ, ਹਕੀਮ ਬਹਿਨੈ। ਬੜਾ ਨਾਂ ਵੈ ਉਸਨਾ। ਜੇ ਉਸਕੀ ਤਕਾਅ ਲਈਏ ਤਾਂ...।" ਜੋੜੇ ਲੈ ਕੇ ਪਾਉਂਦਿਆਂ ਭਾਪਾ ਜੀ ਨੇ ਆਖਿਆ।

"ਲੈ ਜੁਲੋ। ਕੇ ਪਤਾ ਵਾਹਿਗੁਰੂ ਨੀ ਮਿਹਰ ਹੋ ਜਾਵੈ।" ਮਰੀ ਜਿਹੀ ਆਵਾਜ਼ ਵਿਚ ਮਾਂ ਬੋਲੀ।

ਟਾਂਗਾ ਵਾਪਸ ਮੋੜ ਲਿਆ ਗਿਆ, ਜੈਨ ਮੰਦਰ ਵਲ। ਜੈਨ ਮੰਦਰ ਦੇ ਠੀਕ ਸਾਹਮਣੇ ਲਾਜਪਤ ਰਾਇ ਮਾਰਕੀਟ ਵਿਚ ਸਾਡੀ ਰੈਡੀਮੇਡ ਕਪੜਿਆਂ ਦੀ ਦੁਕਾਨ ਸੀ। ਦਿਹਾੜੀ ਪਾਲ ਵੀਰ ਜੀ ਦੁਕਾਨ 'ਤੇ ਬਹਿੰਦੇ ਸਨ ਤੇ ਸ਼ਾਮੀ ਭਾਪਾ ਜੀ ਪਟਰੋਲ ਪੰਪ ਤੋਂ ਆ ਕੇ ਬੈਠਦੇ। ਇਸ ਇਲਾਕੇ ਦੇ ਚੱਪੇ ਚੱਪੇ ਅਤੇ ਬੰਦੇ ਬੰਦੇ ਤੋਂ ਵਾਕਫ ਸਨ ਉਹ।

ਚੰਦ ਮਿੰਟਾਂ ਵਿਚ ਹੀ ਪਹੁੰਚ ਗਏ ਅਸੀਂ ਵੈਦਖਾਨੇ ਅਤੇ ਵਾਰੀ ਵੀ ਛੇਤੀ ਹੀ ਆ ਗਈ।

ਇਹ ਇਕ ਗੋਰਾ-ਚਿੱਟਾ, ਸੂਟਿਡ-ਬੂਟਿਡ ਤੇ ਬਹੁਤ ਹੀ ਫਬਦਾ ਤੀਹ ਪੈਂਤੀ ਵਰ੍ਹਿਆਂ ਦਾ ਜੁਆਨ ਵੈਦ ਸੀ। ਉਸ ਦੇ ਲਿਸ਼ ਲਿਸ਼ ਕਰਦੇ ਲੰਮੇ ਤੇ ਗੁਲਾਬੀ ਨਾਖ਼ੁਨ ਮੇਰੇ ਚੇਤੇ ਵਿਚ ਜਿਉਂ ਦੇ ਤਿਉਂ ਟਿਕੇ ਹੋਏ ਹਨ।

ਮੈਂ ਤਾਂ ਸੋਚਿਆ ਸੀ ਕੋਈ ਬੁੱਢਾ ਵੈਦ ਹੋਵੇਗਾ, ਬਜ਼ੁਰਗ। ਮਾਂ ਜਿੰਨੇ ਵੀ ਵੈਦਾਂ ਕੋਲ ਪਹਿਲਾਂ ਲਿਜਾ ਚੁੱਕੀ ਸੀ, ਸਭ ਸਾਦ-ਮੁਰਾਦੇ ਤੇ ਵਡੇਰੇ ਹੁੰਦੇ ਸਨ। ਬਾਅਦ ਵਿਚ ਪਤਾ ਲੱਗਾ ਕਿ ਇਹ ਪ੍ਰਸਿੱਧ ਵੈਦ ਕਵੀਰਾਜ ਹਰਨਾਮ ਦਾਸ ਬੀ.ਏ. ਦਾ ਸਾਹਿਬਜ਼ਾਦਾ ਸੀ। ਕਵੀਰਾਜ ਦੀਆਂ ਪੁਸਤਕਾਂ 'ਹਦਾਇਤਨਾਮਾ ਬੀਵੀ' ਅਤੇ 'ਹਦਾਇਤਨਾਮਾ ਖਾਵੰਦ' ਉਨ੍ਹਾਂ ਵੇਲਿਆਂ ਵਿਚ ਵਿਆਹ ਯੋਗ ਜੋੜਿਆਂ ਨੂੰ ਮਾਪਿਆਂ ਵਲੋਂ ਪੜ੍ਹਨ ਲਈ ਭੇਟਾ ਕੀਤੀਆਂ ਜਾਂਦੀਆਂ ਸਨ।

ਵੈਦ ਨੇ ਮੇਰੇ ਨਹੁੰ ਵੇਖੇ, ਨਬਜ਼ ਵੇਖੀ। ਉਸ ਸੱਤ ਪੁੜੀਆਂ ਦਿੱਤੀਆਂ, ਜੋ ਇਕ ਇਕ ਕਰ ਕੇ ਖਾਣੀ ਸੀ ਰੋਜ਼। ਨਿਰਨੇ ਪੇਟ। ਉਸ ਨੇ ਮੇਰੇ ਪਿਤਾ ਜੀ ਦੇ ਹੱਥ ਵਿਚ ਇਕ ਛਪੀ ਛਪਾਈ ਫਹਿਰਿਸਤ ਫੜਾਈ ਜਿਸ ਵਿਚ ਜਿਨ੍ਹਾਂ ਚੀਜ਼ਾਂ ਨੂੰ ਖਾਣਾ ਮਨ੍ਹਾ ਸੀ, ਉਨ੍ਹਾਂ ਅੱਗੇ ਕਾਟੇ ਮਾਰੇ ਹੋਏ ਸਨ। ਵੈਦ ਨੇ 20 ਰੁਪਏ ਫੀਸ ਲਈ। ਇਹ ਉਨ੍ਹਾਂ ਦਿਨਾਂ ਦੀ



***ਕੇਹੀ ਕੁਵੱਲੀ ਬਿਮਾਰੀ ਸੀ ਜਿਸ ਦਾ ਗਿਆਨ ਤਾਂ ਸਭ ਨੂੰ ਸੀ, ਪਰ ਜਿਸ ਦਾ ਹੋਠਾਂ 'ਤੇ ਨਾਂ ਲੈਣਾ ਵਰਜਿਤ ਸੀ। ਛਿਮਾਹੀ ਇਮਤਿਹਾਨ ਤੱਕ ਇਹੋ ਹਾਲਤ ਰਹੀ। ਲੇਟ ਕੇ ਪੜ੍ਹਨ ਕਾਰਨ ਜਾਂ ਖ਼ੂਨ ਦੀ ਕਮੀ ਕਾਰਨ ਮੇਰੀ ਨਜ਼ਰ ਕਮਜ਼ੋਰ ਹੋ ਗਈ। ਨਜ਼ਰ ਦੂਰ ਦੀ ਕਮਜ਼ੋਰ ਹੋਈ ਤੇ ਨੰਬਰ ਮਨਫ਼ੀ ਚਾਰ। ਡਾਕਟਰ ਨੇ ਕਿਹਾ ਕਿ ਜੇ ਲਗਾਤਾਰ ਐਨਕ ਨਾ ਲਾਈ ਤਾਂ ਨਜ਼ਰ ਹੋਰ ਵੀ ਕਮਜ਼ੋਰ ਹੋ ਜਾਵੇਗੀ। ਐਨਕ ਬਣ ਗਈ। ਮਾਂ ਦਾ ਹੁਕਮ ਹੋਇਆ ਕਿ ਜਾਂ ਤਾਂ ਮੈਂ ਐਨਕ ਘਰ ਵਿਚ ਹੀ ਲਾਵਾਂ, ਤੇ ਜਾਂ ਫਿਰ ਸਕੂਲ ਵਿਚ ਪੈਰ ਪਾਉਣ ਤੋਂ ਬਾਅਦ। ਰਾਹ ਵਿਚ ਬਿਲਕੁਲ ਨਹੀਂ। ਮਾਂ ਦੇ ਵਿਚਾਰ ਅਨੁਸਾਰ ਸੁਨਹਿਰੀ ਫਰੇਮ ਵਾਲੀ ਉਹ ਐਨਕ ਫੈਸ਼ਨ ਸੀ ਅਤੇ ਐਨਕ ਕਾਰਨ ਮੁੰਡਿਆਂ ਦਾ ਮੇਰੇ ਵੱਲ ਹੋਰ ਆਕਰਸ਼ਿਤ ਹੋਣ ਦਾ ਉਸ ਨੂੰ ਡਰ ਸੀ।***

*(ਬਾਕੀ ਅਗਲੇ ਸਫੇ 'ਤੇ)*

# ਕਮਰਾ ਕਾਮਨਾ ਕਰਦਾ ਹੈ

## ਜ਼ਿੰਦਗੀ ਦਾ ਨਾਦ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਘਰ ਦੀਆਂ ਬਰਕਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਜਦੋਂ ਘਰ ਦੇ ਸਮੁੱਚੇ ਅਰਥਾਂ 'ਚ ਸਾਡੀ ਜ਼ਿੰਦਗੀ ਦਾ ਹਿੱਸਾ ਬਣਦਾ ਏ ਤਾਂ ਉਹ ਸਾਡੀ ਝੋਲੀ 'ਚ ਹਰ ਤਰ੍ਹਾਂ ਦੀਆਂ ਨਿਆਮਤਾਂ ਪਾਉਂਦਾ, ਸਾਡੀ ਸਰਬ-ਸੁੱਖੀ ਖੁਸ਼ਹਾਲੀ ਦਾ ਸ਼ੁਭਚਿੰਤਕ ਬਣ ਜਾਂਦਾ ਏ। ਉਹ ਘਰ ਦੇ ਬੂਹੇ ਦੀਆਂ ਬਰਕਤਾਂ ਦੀ ਬਾਤ ਪਾ ਚੁਕੇ ਹਨ ਅਤੇ ਵਿਹੜੇ ਦੀਆਂ ਸਿਫਤਾਂ ਕਰਦਿਆਂ ਉਨ੍ਹਾਂ ਦੱਸਿਆ, ਵਿਹੜਾ ਅਕੀਦਤ ਏ, ਨਰੋਈਆਂ ਕਦਰਾਂ-ਕੀਮਤਾਂ ਤੇ ਸਭਿਆਚਾਰ ਦੀ, ਸਾਡੇ ਬੀਤੇ ਹੋਏ ਸਹਿਜ ਸੰਸਾਰ ਦੀ, ਸਾਡੇ ਬਜ਼ੁਰਗਾਂ ਦੀ ਅਸੀਸ ਤੇ ਸਹਿਚਾਰ ਦੀ। ਪਿਛਲੇ ਲੇਖ ਵਿਚ ਉਨ੍ਹਾਂ ਕੰਧਾਂ ਦੀ ਵਾਰਤਾ ਸੁਣਾਉਂਦਿਆਂ ਕਿਹਾ ਸੀ ਕਿ ਕੰਧਾਂ ਇਤਿਹਾਸ ਬਣਦੀਆਂ ਨੇ। ਅਕੀਦਤਯੋਗ ਥਾਂਵਾਂ ਬਣਦੀਆਂ ਨੇ। ਕੰਧਾਂ ਹੁੰਗਾਰਾ ਭਰਦੀਆਂ ਨੇ, ਸੰਵਾਦ ਰਚਾਉਂਦੀਆਂ ਨੇ। ਹਥਲੇ ਲੇਖ ਵਿਚ ਉਨ੍ਹਾਂ ਦੱਸਿਆ ਹੈ ਕਿ ਕੋਈ ਕਮਰਾ, ਕਿਸੇ ਨੂੰ ਨੈਲਸਨ ਮੰਡੇਲਾ, ਭਗਤ ਸਿੰਘ, ਜੈ ਪ੍ਰਕਾਸ਼ ਨਰਾਇਣ ਜਾਂ ਸੂ ਕੁਈ ਬਣਾ ਕੇ ਲੋਕਾਂ ਦੇ ਸਨਮੁਖ ਕਰਦਾ ਏ ਜੋ ਸਮੇਂ ਦੀਆਂ ਮੁਹਾਰਾਂ ਮੋੜਨ ਦੇ ਸਮਰੱਥ ਹੁੰਦੇ ਨੇ। -ਸੰਪਾਦਕ***

ਮਿੱਠੇ-ਮਿੱਠੇ ਸੰਗੀਤ ਨਾਲ ਲਰਜਦਾ ਕਮਰਾ। ਮੱਧਮ ਜਿਹੀ ਲੋਅ 'ਚ ਜਾਗਦੀ ਹਰ ਵਸਤ। ਕਮਰੇ 'ਚ ਪਸਰੇ ਸਕੂਨ 'ਚ ਸ਼ਾਮਲ ਕੰਧਾਂ ਦੀ ਰੂਹਾਨੀ ਚੁੱਪ। ਸਾਹਾਂ ਦੀ ਰੁਮਕਣੀ ਦਾ ਸਾਜ਼ ਆਪਣੀ ਨਿਰੰਤਰਤਾ 'ਚ ਸ਼ਾਮਲ। ਸੁਰਮਈ ਅੱਖਾਂ 'ਚ ਤਰਦੇ ਸੁਪਨਿਆਂ ਦੀ ਕਲਾਨਕਾਸ਼ੀ, ਮਨ ਦਾ ਹਾਸਲ। ਸੁਪਨਿਆਂ 'ਚ ਸੁਪਨਾ ਬਣਿਆ ਕਮਰਾ। ਕਮਰੇ ਦੀ ਸਥੂਲਤਾ ਤੇ ਸਦੀਵਤਾ ਦੀ ਧਰਾਤਲ 'ਤੇ ਜਿਉਂਦੇ ਜੀਵਨ ਦੇ ਨਕਸ਼। ਤੁਰਦੇ ਸਮੇਂ ਦੀਆਂ ਪੈੜਾਂ ਦੇ ਨਿਸ਼ਾਨ। ਕਮਰਾ, ਇਕ ਭਰਪੂਰ ਸੰਸਾਰ।

ਕਮਰੇ, ਘਰ ਦੀਆਂ ਭੁਜਾਵਾਂ। ਘਰ ਵਿਚਲੀਆਂ ਰਾਹਵਾਂ ਤੇ ਦਿਸ਼ਾਵਾਂ। ਘਰ 'ਚ ਸਿਰਜੇ ਨਿੱਕੇ-ਨਿੱਕੇ ਘਰ। ਘਰ-ਸੰਸਾਰ 'ਚ, ਕਮਰਿਆਂ ਦਾ ਆਪਣਾ ਸੰਸਾਰ। ਘਰ, ਕਮਰਿਆਂ ਦੇ ਸਾਹੀਂ ਜੀਂਦਾ ਤੇ ਥੀਂਦਾ।



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 647-702-5445**

ਰੌਸ਼ਨਦਾਨ, ਖਿੜਕੀਆਂ ਤੇ ਬੂਹੇ, ਕਮਰੇ ਦੀ ਪਰਿਭਾਸ਼ਾ, ਕਮਰੇ ਦੀ ਸੰਪੂਰਨਤਾ ਲਈ ਅਭਿਲਾਸ਼ਾ ਅਤੇ ਜੱਗ-ਜਿਉਣ ਦੀ ਆਸ਼ਾ।

ਚਹੁੰ ਪਾਸੀਂ ਖੁੱਲ੍ਹਦੇ ਬੂਹਿਆਂ ਵਾਲਾ ਕਮਰਾ, ਚਾਰ ਦਿਸ਼ਾਵੀਂ ਫੈਲਦੇ ਪ੍ਰਕਾਸ਼ ਦਾ ਸਿਰਨਾਵਾਂ, ਸਭ ਨੂੰ ਹਿੱਕ ਨਾਲ ਲਾਉਣ ਦੀਆਂ ਆਸ਼ਾਵਾਂ। ਸਭ ਦੀਆਂ ਪੂਰੀਆਂ ਹੁੰਦੀਆਂ ਦੁਆਵਾਂ ਅਤੇ ਸਭ ਲਈ ਖੈਰ-ਸੁੱਖ ਤੇ ਸਫਲਤਾ ਦੀਆਂ ਸ਼ੁਭ-ਕਾਮਨਾਵਾਂ। ਸਰਬ-ਸੁਖ ਦੀ ਅਰਦਾਸ ਅਤੇ ਮਨ ਤੋਂ ਮਨ ਤੀਕ ਦਾ ਪਰਵਾਸ।

ਕਮਰੇ 'ਚ ਸਿਮਟਿਆ ਘਰ, ਮੋਹ ਤੇ ਨਿੱਘ ਦੀਆਂ ਤੰਦਾਂ ਦੀ ਮਜ਼ਬੂਤੀ ਤੇ ਸਥਿਰਤਾ ਦਾ ਨਾਂ। ਕਮਰਿਆਂ 'ਚ ਖਿਲਰਿਆ ਘਰ, ਆਪੋ ਆਪਣੇ ਰਾਹਾਂ, ਥਾਂਵਾਂ ਤੇ ਨਾਂਵਾਂ ਨੂੰ ਮਿਲੀ ਜ਼ੁਬਾਨ।

ਕਮਰਾ, ਕਮਰੇ ਦੇ ਬਾਸ਼ਿੰਦਿਆਂ ਦਾ ਸਭ ਤੋਂ ਨੇੜਲਾ ਤੇ ਭਰੋਸੇਯੋਗ ਹਮਰਾਜ। ਉਨ੍ਹਾਂ ਦਾ ਜ਼ੱਰਾ-ਨਵਾਜ਼ ਅਤੇ ਉਨ੍ਹਾਂ ਦਾ ਜਿਉਣ-ਰਾਜ਼।

> ***ਘਰ 'ਚ ਹਰ ਕਮਰੇ ਦੀ ਆਪਣੀ ਤਾਸੀਰ। ਆਪਣੀ ਅਹਿਮੀਅਤ। ਆਪਣਾ ਰੰਗ। ਆਪਣਾ ਜਿਉਣ ਢੰਗ। ਬੱਚਿਆਂ ਦਾ ਕਮਰਾ, ਧੜਕਦਾ ਸੰਗੀਤ। ਉਨ੍ਹਾਂ ਦੇ ਖਿਡੌਣਿਆਂ 'ਚ ਜਿਉਣ ਦੀ ਰੀਝ। ਕਮਰੇ ਦੇ ਦੀਦਿਆਂ 'ਚ, ਬੱਚਿਆਂ ਦੇ ਚਿਹਰੇ 'ਤੇ ਖੇਡਦੀ ਖੁਸ਼ੀ ਦਾ ਝਲਕਾਰਾ। ਬੱਚਿਆਂ 'ਚ ਪਨਪਦਾ ਸੁਖਦ ਅਹਿਸਾਸ। ਆਪਣੀ ਹੋਂਦ ਤੇ ਖੁਦਮੁਖਤਿਆਰੀ ਦਾ ਹੁਲਾਸ। ਚਾਰੇ ਪਾਸੇ ਖਿੱਲਰੇ ਕੱਪੜਿਆਂ, ਖਿਡੌਣਿਆਂ, ਕਿਤਾਬਾਂ, ਕਾਪੀਆਂ, ਗੇਮਾਂ ਦਾ ਕਮਰੇ ਨੂੰ ਬਖਸ਼ਿਆ ਨੂਰਾਨੀ ਰੂਪ। ਖਿੜਿਆ ਸਰੂਪ।***

ਨਿਰੀਆਂ ਕੰਧਾਂ ਨਾਲ ਉਸਰਿਆ ਕਮਰਾ ਕਾਲ ਕੋਠੜੀ। ਹਵਾ ਤੇ ਧੁੱਪ ਨੂੰ ਦੇਸ਼ ਨਿਕਾਲਾ। ਸਾਹਾਂ ਦੀ ਨਿਸ਼ਚਿਤ ਗਿਣਤੀ। ਪਰਮਿਟ ਨਾਲ ਮਿਲਦੀ ਸਾਹਾਂ ਦੀ ਅਉਧ ਤੇ ਅਰਜੋਈ।

ਕਮਰੇ ਦੇ ਬੰਦ ਦਰਵਾਜੇ 'ਜੀ ਆਇਆਂ ਨੂੰ' ਮਿਲਿਆ ਸਰਾਪ। ਬਰੂਹਾਂ 'ਤੇ ਛਿੜਕਿਆ ਸੰਤਾਪ ਅਤੇ ਗੁੰਗੇ ਬੋਲਾਂ ਦਾ ਧੁਖਦਾ ਅਲਾਪ।

ਦਰਵਾਜੇ ਨਾ ਹੋਣ ਤਾਂ ਕਮਰਾ ਗਰੀਬ ਦੀ ਪਨਾਹ। ਲੀਰਾਂ 'ਚ ਲਿਪਟੀ ਨਗਨਤਾ ਦੀ ਕਿਸੇ ਓਹਲੇ ਲਈ ਦੁਆ। ਫੱਕਰਾਂ ਦਾ ਡੇਰਾ। ਕਮਰੇ ਦੀ ਹੋਂਦ ਦਾ ਸਭ ਦੇ ਨਾਮ ਹੋ ਜਾਣਾ ਅਤੇ ਆਪਣੀ ਅਣਹੋਂਦ 'ਚੋਂ ਕਿਸੇ ਦੀ ਹੋਂਦ ਨੂੰ ਉਪਜਾਉਣਾ।

ਕਮਰਾ ਜਦੋਂ ਕਰਾਹੁਣ ਲੱਗ ਪਵੇ ਤਾਂ ਮਨੁੱਖ ਦੀ ਸੀਰ ਜੱਗ ਤੋਂ ਮੁੱਕ ਜਾਂਦੀ ਏ। ਮਾਨਵਤਾ ਦੀ ਨਿਰੰਤਰ ਵਗਦੀ ਨੈਂ ਸੁੱਕ ਜਾਂਦੀ ਏ। ਸਾਹਾਂ ਦੀ ਸਰਗਮ ਰੁਕ ਜਾਂਦੀ ਏ। ਪਤਝੜ ਰੁੱਤ ਦਰ 'ਤੇ ਢੁੱਕ ਜਾਂਦੀ ਏ ਅਤੇ ਸਰਘੀਆਂ ਦੀ ਆਮਦ ਧੁੰਦਾਂ 'ਚ ਲੁਕ ਜਾਂਦੀ ਏ।

ਕਮਰਾ ਮਰ ਗਈ ਹੂਕ ਦਾ ਮਾਤਮ ਮਨਾਉਣ ਤੋਂ ਵਿਰਵਾ ਹੋ ਜਾਂਦਾ ਹੈ, ਜਦੋਂ ਉਸ ਦੇ ਸਾਹਮਣੇ ਅਬਲਾ ਦੀ ਪੱਤ ਲੁੱਟੀ ਜਾਵੇ, ਕਿਸੇ ਦੇ ਸੁਪਨਿਆਂ ਨੂੰ ਵਲੂੰਧਰਿਆ ਜਾਵੇ, ਡੋਡੀਆਂ ਨਾਲ ਭਰੀ ਡਾਲ ਕੜੱਕ ਕਰਕੇ ਤੋੜੀ ਜਾਵੇ ਅਤੇ ਮਾਸੂਮ ਚਾਵਾਂ ਦੀ ਰਾਖ, ਉਸ ਦੇ ਵਿਹੜੇ 'ਚ ਹੀ ਸੁੱਟੀ ਜਾਵੇ।

ਘਰ 'ਚ ਹਰ ਕਮਰੇ ਦੀ ਆਪਣੀ ਤਾਸੀਰ। ਆਪਣੀ ਅਹਿਮੀਅਤ। ਆਪਣਾ ਰੰਗ। ਆਪਣਾ ਜਿਉਣ ਢੰਗ। ਬੱਚਿਆਂ ਦਾ ਕਮਰਾ, ਧੜਕਦਾ ਸੰਗੀਤ। ਉਨ੍ਹਾਂ ਦੇ ਖਿਡੌਣਿਆਂ 'ਚ ਜਿਉਣ ਦੀ ਰੀਝ। ਕਮਰੇ ਦੇ ਦੀਦਿਆਂ 'ਚ, ਬੱਚਿਆਂ ਦੇ ਚਿਹਰੇ 'ਤੇ ਖੇਡਦੀ ਖੁਸ਼ੀ ਦਾ ਝਲਕਾਰਾ। ਬੱਚਿਆਂ 'ਚ ਪਨਪਦਾ ਸੁਖਦ ਅਹਿਸਾਸ। ਆਪਣੀ ਹੋਂਦ ਤੇ ਖੁਦਮੁਖਤਿਆਰੀ ਦਾ ਹੁਲਾਸ। ਚਾਰੇ ਪਾਸੇ ਖਿੱਲਰੇ ਕੱਪੜਿਆਂ, ਖਿਡੌਣਿਆਂ, ਕਿਤਾਬਾਂ, ਕਾਪੀਆਂ, ਗੇਮਾਂ ਦਾ ਕਮਰੇ ਨੂੰ ਬਖਸ਼ਿਆ ਨੂਰਾਨੀ ਰੂਪ। ਖਿੜਿਆ ਸਰੂਪ।

ਕਮਰਿਆਂ ਦਾ ਨਾਮਕਰਨ ਅਜੋਕੀ ਜੀਵਨ-ਸ਼ੈਲੀ ਦਾ ਅਮਿੱਟ ਪ੍ਰਭਾਵ। ਆਪਣੇ ਵਿਚ ਸਭ ਰੂਪਾਂ ਨੂੰ ਸਮਾਉਣ ਦੀ ਸਮਰੱਥਾ ਵਾਲਾ ਕਮਰਾ, ਹੁਣ ਉਚ ਸ਼੍ਰੇਣੀ 'ਚ ਪਹੁੰਚ ਕੇ ਸੌਣ ਦਾ ਕਮਰਾ, ਖਾਣੇ ਦਾ ਕਮਰਾ, ਡਰਾਇੰਗ ਰੂਮ, ਵਾਸ਼-ਰੂਮ, ਰਸੋਈ, ਟੀ.ਵੀ. ਰੂਮ, ਬਾਬਾ ਜੀ ਦਾ ਕਮਰਾ, ਬਜ਼ੁਰਗਾਂ ਦਾ ਕਮਰਾ ਅਤੇ ਨੌਕਰਾਂ ਦਾ ਕਮਰਾ ਤੀਕ ਦਾ ਸਫਰ ਤੈਅ ਕਰ ਚੁਕਾ ਏ।

ਪਰ ਕਮਰਾ ਉਦੋਂ ਆਪਣੀ ਅਉਧ ਲਈ ਹੰਝੂਆਂ ਦੀ ਬਰਸਾਤ ਬਣਦਾ ਏ ਜਦੋਂ ਘਰ ਲਈ ਸਮੁੱਚਾ ਜੀਵਨ ਲੇਖੇ ਲਾਉਣ ਵਾਲੇ ਬਜ਼ੁਰਗਾਂ ਲਈ, ਨੌਕਰਾਂ ਦੇ ਨਾਲ ਦਾ ਕਮਰਾ, ਉਨ੍ਹਾਂ ਦੀ ਆਖਰੀ ਠਾਹਰ ਬਣਦਾ ਏ। ਕਮਰਾ ਕੀ ਕਰ ਸਕਦਾ ਏ? ਇਹ ਤਾਂ ਨਵੇਂ ਮਾਲਕਾਂ ਦੀ ਮਰਜ਼ੀ ਹੁੰਦੀ ਏ।

ਕਮਰੇ 'ਚ ਖਿਲਰੀਆਂ ਕਿਤਾਬਾਂ, ਲਿਖੇ ਹੋਏ ਨੋਟਸ। ਕਾਗਜ਼ਾਂ ਦਾ ਖਿਲਾਰਾ, ਆਸੇ-ਪਾਸੇ ਨਵੇਂ ਖਰੜਿਆਂ ਦਾ ਸੰਸਾਰ। ਆਪਣੀ ਸੋਚ 'ਚ ਮਗਨ ਚਿੰਤਕ। ਐਨਕਾਂ 'ਚੋਂ ਅੱਖਰਾਂ ਦੀ ਰੂਹ ਤੀਕ ਪਹੁੰਚਣ ਦਾ ਸਿਰੜ। ਕਿਤਾਬਾਂ 'ਚ ਕਿਤਾਬਾਂ ਬਣੇ ਮਨੁੱਖ ਤੇ ਕਮਰਾ-ਕਮਰੇ ਦੀ ਵਿਸਮਾਦੀ ਉਡਾਣ।

ਕਮਰਾ, ਹਰ ਰੂਪ 'ਚ, ਕਮਰੇ ਦੇ ਸਮੁੱਚ ਦੀ ਅਰਾਧਨਾ 'ਚੋਂ ਹੀ ਆਪੇ ਨੂੰ ਵਿਸਥਾਰਦਾ ਅਤੇ ਕਮਰੇ ਦੀ ਹੋਂਦ 'ਚੋਂ ਹੀ ਨਵੇਂ ਦਿਸਹੱਦਿਆਂ ਨੂੰ ਨਿਖਾਰਦਾ।

ਕਮਰਾ, ਰੁੱਤਾਂ, ਰੰਗੀਨੀਆਂ ਅਤੇ ਰਾਤਾਂ ਦਾ ਚਸ਼ਮਦੀਦ ਗਵਾਹ। ਭਟਕਣਾ ਨੂੰ ਮਿਲੀ ਪਨਾਹ। ਬੇਲਗਾਮ ਸੋਚਾਂ ਲਈ ਅਟਕਾਅ ਅਤੇ ਤੁਹਾਡੀਆਂ ਅੱਥਰੀਆਂ ਭਾਵਨਾਵਾਂ ਦਾ ਬਦਲਦਾ ਸੁਭਾਅ।

ਕੋਈ ਕਮਰਾ, ਕਿਸੇ ਨੂੰ ਨੈਲਸਨ ਮੰਡੇਲਾ, ਭਗਤ ਸਿੰਘ, ਜੈ ਪ੍ਰਕਾਸ਼ ਨਰਾਇਣ ਜਾਂ ਸੂ ਕੁਈ ਬਣਾ ਕੇ ਲੋਕਾਂ ਦੇ ਸਨਮੁਖ ਕਰਦਾ ਏ ਜੋ ਸਮੇਂ ਦੀਆਂ ਮੁਹਾਰਾਂ ਮੋੜਨ ਦੇ ਸਮਰੱਥ ਹੁੰਦੇ ਨੇ।

ਕਮਰਾ, ਸੁੱਖਾਂ-ਦੁੱਖਾਂ ਦਾ ਚਸ਼ਮਦੀਦ ਗਵਾਹ। ਤੁਹਾਡੇ ਕਰਮ 'ਚ ਮੌਲਦਾ ਚਾਅ। ਹੰਝੂਆਂ 'ਚ ਖੁਰਦੀ ਤੁਹਾਡੀ ਹੋਂਦ ਲਈ ਹਾਅ। ਤੁਹਾਡੀ ਪੀੜਾ ਹਰਨ ਲਈ ਫਿਜ਼ਾ 'ਚ ਗੂੰਜਦੀ ਸਦਾਅ ਅਤੇ ਤੁਹਾਡੇ ਹਰ ਜਿਉਂਦੇ ਪਲ ਲਈ ਉਕਰਿਆ ਉਮਾਹ।

ਕਮਰਾ ਕਾਮਨਾ ਕਰਦਾ ਹੈ ਕਿ ਹਰ ਇੱਕ ਨੂੰ ਸਿਰ ਲਕਾਉਣ ਲਈ ਥਾਂ ਮਿਲੇ, ਤਿੱਖੜ ਦੁਪਹਿਰਾਂ 'ਚ ਤਪਦਿਆਂ ਨੂੰ ਸੰਘਣੀ ਛਾਂ ਮਿਲੇ, ਭਟਕਦਿਆਂ ਨੂੰ ਆਪਣਾ ਨਿੱਕਾ ਜਿਹਾ ਜਹਾਨ ਮਿਲੇ, ਰੂਹਾਂ ਨੂੰ ਆਪਸ 'ਚ ਸਮਾ ਜਾਣ ਲਈ ਪਨਾਹ ਮਿਲੇ ਅਤੇ ਗੁੰਗੇ ਭਾਵਾਂ ਨੂੰ ਜ਼ੁਬਾਨ ਮਿਲੇ।

ਕਮਰਾ, ਨੈਣਾਂ 'ਚ ਤਰਦੇ ਸੁਪਨਿਆਂ ਦੀ ਸੰਗ-ਤਰਾਸ਼ੀ। ਕਮਰੇ ਦੇ ਨਾਂਵੇਂ ਰੁੱਤ ਹੁਲਾਸੀ, ਮੁਖੜੇ 'ਤੇ ਪਸਰੀ ਮੋਨਾਲਿਜ਼ਾ ਹਾਸੀ ਅਤੇ ਸਿਰਜਣਾ ਦੀ ਕਲਾ-ਨਕਾਸ਼ੀ।

ਕਮਰਾ, ਮਸਤਕ 'ਚ ਖੁੱਲ੍ਹਦੇ ਬੂਹੇ-ਬਾਰੀਆਂ ਦਾ ਹਾਣ। ਤੁਹਾਡਾ ਹੁੰਗਾਰਾ ਲੋਚਦੀ ਸੋਚ-ਉਡਾਣ। ਬੀਤੇ ਪਲਾਂ ਦੀ ਅਲਾਹੀ ਅਜ਼ਾਨ। ਤੁਹਾਡਾ ਜੀਅ-ਪ੍ਰਾਣ ਅਤੇ ਮੂਕ ਬੋਲਾਂ ਨੂੰ ਮਿਲੀ ਜ਼ੁਬਾਨ।



ਕਮਰਾ, ਕਰਮ ਦੀ ਕਰਬਲਾ, ਧਰਮ ਦੀ ਅਯੁੱਧਿਆ, ਕ੍ਰਿਸ਼ਨ ਦਾ ਕਰੂਕਸ਼ੇਤਰ ਤੇ ਕਿਰਤ ਦਾ ਕਰਤਾਰਪੁਰ।

ਕਮਰਾ, ਤੁਹਾਡੇ ਹੱਸਣ ਨਾਲ ਹੱਸਦਾ ਅਤੇ ਰੋਣ ਨਾਲ ਰੋਂਦਾ। ਤੁਸੀਂ ਉਦਾਸ ਹੋਵੋ ਤਾਂ ਕਮਰੇ 'ਚ ਉਦਾਸ ਫਿਜ਼ਾ ਪਰਿਕਰਮਾ ਕਰਦੀ। ਤੁਸੀਂ ਬੋਲੋ ਤਾਂ ਕਮਰਾ ਹੁੰਗਾਰਾ ਭਰਦਾ। ਤੁਹਾਡੇ ਨਾਲ ਸੰਵਾਦ ਰਚਾਉਂਦਾ ਤੇ ਸੰਘਣੀ ਚੁੱਪ ਦੇ ਅਰਥ ਸਮਝਾਉਂਦਾ। ਕਮਰਾ, ਜੀਵਨ-ਕਰਮ ਦੀ ਸੁੱਚਮਤਾ। ਮਾਨਸਿਕ ਬਿਰਤੀ ਦੀ ਉਚਮਤਾ ਅਤੇ ਜੀਵਨ-ਜਾਚ 'ਚ ਰਚ ਚੁਕੀ ਸਰਲਤਾ।

ਕਮਰਾ, ਕਮਰੇ ਤੋਂ ਕਮਰੇ ਤੀਕ ਦਾ ਸਫਰ। ਖੁਦੀ ਤੋਂ ਖੁਦ ਤੀਕ ਦੀ ਵਾਟ। ਸਕੂਨ ਦੀ ਮਹਿਕਦੀ ਫਿਜ਼ਾ। ਅਪਣੱਤ ਦਾ ਚੌਗਿਰਦਾ। ਮੁਹੱਬਤ ਦਾ ਚਸ਼ਮਾ। ਮੋਹ ਦੀ ਸੁਖਨ-ਲੋਅ।

ਕਮਰਾ, ਮਨੁੱਖੀ ਜਗਿਆਸਾ ਦਾ ਜਾਗਦਾ ਸਰੋਤ। ਮਸਤਕ 'ਚ ਜਗਦੀ ਜੋਤ ਅਤੇ ਉਸ ਜੋਤ ਦੇ ਚਾਨਣ 'ਚ ਮਨੁੱਖ ਦਾ ਚਮਕਦਾ ਵਜੂਦ।

ਅੱਧੀ ਤੋਂ ਵੱਧ ਬੀਤ ਚੁੱਕੀ ਰਾਤ। ਪਸਰੀ ਡੂੰਘੀ ਚੁੱਪ। ਜਾਗਦੇ ਦੀਦਿਆਂ ਲਈ ਸੁਪਨਈ ਨੀਂਦ ਲੋੜਦਾ ਕਮਰਾ। ਪਰ ਮਨ ਦੇ ਵਿਹੜੇ 'ਚ ਯਾਦਾਂ ਦਾ ਜਮਘਟਾ, ਆਪਣੀ ਹੋਂਦ ਸੰਗ ਜਿਉਣ ਲਈ ਬੇਤਾਬ। ਮਸਤਕ 'ਚ ਰੀਂਗਦਾ, ਬੀਤੇ ਸਮੇਂ ਦਾ ਸੁੱਖਨਵਰ ਇਹਿਤਾਸ, ਅੱਖ ਝਪਕਣ ਤੋਂ ਹੋੜਦਾ। ਵੱਢ-ਵੱਢ ਖਾਂਦੀ ਇਕੱਲ। ਕੰਧਾਂ 'ਤੇ ਲਟਕਦੀਆਂ ਤਸਵੀਰਾਂ ਕਿੰਜ ਹੁੰਗਾਰਾ ਭਰਨ। ਕਿੰਜ ਜਿਉਂਦਿਆਂ ਸੰਗ, ਸੁੱਖ-ਸਾਗਰ ਤਰਨ। ਕਿੰਜ ਵੇਦਨਾ ਹਰਨ। ਕਿੰਜ ਸੰਦਲੀ ਪਲ ਤਲੀ 'ਤੇ ਧਰਨ ਅਤੇ ਦਿਲ ਦੀਆਂ ਬਾਤਾਂ ਦਾ ਹੁੰਗਾਰਾ ਭਰਨ।

ਕਮਰਾ, ਸਬੱਬ ਏ ਰੁੱਸਿਆਂ ਨੂੰ ਮਨਾਉਣ ਦਾ। ਰੋਂਦਿਆਂ ਨੂੰ ਹਸਾਉਣ ਦਾ। ਜ਼ਖ਼ਮਾਂ 'ਤੇ ਮਰਹਮ ਲਾਉਣ ਦਾ। ਆਪਣਿਆਂ ਨੂੰ ਗਲ ਨਾਲ ਲਾਉਣ ਦਾ। ਕਿਸੇ ਦੀ ਖਾਲੀ ਝੋਲ 'ਚ ਸ਼ੁਭ-ਸ਼ਗਨ ਦੀ ਪਾਉਣ ਦਾ। ਕਿਸੇ ਨੂੰ ਦਿਲ ਦੀ ਸਰਗਮ 'ਤੇ ਸਜਾਉਣ ਦਾ। ਸਾਹਾਂ 'ਚ ਸਾਹ ਰਚਾਉਣ ਦਾ ਅਤੇ ਜਿੰਦ ਨੂੰ ਆਪਣਿਆਂ ਦੇ ਨਾਂਵੇਂ ਲਾਉਣ ਦਾ।

ਕਮਰਾ, ਕਰਮਸ਼ੀਲਤਾ ਦੀ ਤਸਵੀਰ। ਕੁਝ ਨਰੋਇਆ ਕਰਨ ਲਈ ਉਕਸਾਉਂਦਾ, ਸੋਚ-ਕਿਸ਼ਤੀ ਨੂੰ ਕਿਨਾਰਾ ਦਿਖਾਉਂਦਾ, ਨੈਣਾਂ 'ਚ ਸੁਪਨੇ ਟਿਕਾਉਂਦਾ, ਉਨ੍ਹਾਂ ਦੀ ਸੰਪੂਰਨਤਾ ਲਈ ਨਰੋਏ ਸੁਝਾਅ ਸੁਝਾਉਂਦਾ ਅਤੇ ਨਵਿਆਂ ਲਈ ਉਕਸਾਉਂਦਾ। ਕਮਰਾ, ਕਦੇ ਮੱਠ ਬਣਦਾ, ਕਦੇ ਹੱਠ ਬਣਦਾ। ਕਦੇ ਦੀਵੇ ਦੀ ਲੋਅ ਬਣਦਾ, ਕਦੇ ਨੈਣਾਂ 'ਚੋਂ ਝਲਕਦਾ ਰੋਹ ਬਣਦਾ। ਕਦੇ ਰੈਣ ਬਸੇਰਾ, ਕਦੇ ਸੂਖਮ ਸਵੇਰਾ। ਕਦੇ ਆਪੇ ਸੰਗ ਸੰਵਾਦ ਦਾ ਸਬੱਬ ਅਤੇ ਕਦੇ ਦਰ ਆਇਆ ਸਬਾਬ। ਕਦੇ ਢਾਰਾ ਬਣਦਾ, ਚੁਬਾਰਾ ਬਣਦਾ ਤੇ ਮਹਿਲ-ਮੁਨਾਰਾ ਬਣਦਾ। ਕਦੇ ਕੱਚੀਆਂ ਕੰਧਾਂ ਦੀ ਅਰਦਾਸ ਅਤੇ ਕਦੇ ਠੰਡ 'ਚ ਠੁਰਕਦੇ ਜਿਸਮਾਂ ਦੀ ਆਸ। ਕਦੇ ਤਿੜਕੀ ਸੋਚ ਦਾ ਵਿਸਥਾਰ ਅਤੇ ਕਦੇ ਝਰਨਿਆਂ ਦੀ ਆਬ-ਸ਼ਾਰ।

ਕਮਰਾ, ਤੁਹਾਡਾ ਸੱਗਵਾਂ ਸਰੂਪ। ਤੁਹਾਡੇ ਸੁਹਜ ਦਾ ਰੂਪ। ਤੁਹਾਡੀ ਸੋਚ ਦਾ ਫੈਲਾਅ। ਤੁਹਾਡੇ ਜੀਵਨ-ਸਲੀਕੇ ਦੀ ਅਦਾ। ਅਦਬ ਦਾ ਵਗਦਾ ਦਰਿਆ। ਤੁਹਾਡੀ ਮਾਨਸਿਕ ਬਿਰਤੀ ਦਾ ਪ੍ਰਗਟਾਅ। ਤੁਹਾਡੇ ਵਿਚਾਰਾਂ ਦਾ ਮੌਲਦਾ ਬ੍ਰਿਖ। ਜਿੰਦੜੀ ਦਾ ਸਿਖਰ। ਤਦੇ ਤਾਂ ਬਾਬੇ ਆਖਿਆ, 'ਮਨ ਪ੍ਰਦੇਸੀ ਜੇ ਥੀਆ ਸਭ ਦੇਸ ਪਰਾਇਆ।'

# ਸਿਰਫ ਚਾਰ ਦਿਨ-2

***(ਪਿਛਲੇ ਸਫੇ ਦੀ ਬਾਕੀ)***

ਗੱਲ ਹੈ ਜਦੋਂ ਸੋਨਾ 50 ਰੁਪਏ ਤੋਲਾ ਸੀ ਤੇ ਉਹ ਵੀ ਬਾਰ੍ਹਾਂ ਮਾਸਿਆਂ, ਅਰਥਾਤ ਅਜ ਦੇ ਚੌਦਾਂ ਗ੍ਰਾਮ ਦਾ ਅਤੇ ਖਾਲਸ ਚੌਵੀ ਕੈਰੇਟ। ਮੈਨੂੰ ਉਨ੍ਹਾਂ ਦਿਨਾਂ 'ਚ ਹਰ ਮਹੀਨੇ 10 ਰੁਪਏ ਜੇਬ ਖਰਚ ਲਈ ਮਿਲਦੇ ਸਨ ਜਿਨ੍ਹਾਂ ਵਿਚੋਂ ਤੀਜੇ ਚੌਥੇ ਮਹੀਨੇ ਪੈਸੇ ਬਚਾ ਕੇ ਮੈਂ 15 ਰੁਪਏ ਦਾ ਕਰੇਬ ਦਾ ਸੂਟ ਵੀ ਖਰੀਦ ਲੈਂਦੀ ਸੀ, ਚੁੰਨੀ ਸਮੇਤ। ਇਹ ਫੀਸ ਮੈਨੂੰ ਬਹੁਤ ਮਹਿੰਗੀ ਲੱਗੀ। ਮਾਂ ਤੇ ਭਾਪਾ ਜੀ ਨੂੰ ਉਕੀ ਨਹੀਂ।

ਸੱਤ ਦਿਨਾਂ ਲਈ ਵੈਦ ਨੇ ਮੁਕੰਮਲ ਆਰਾਮ ਦੀ ਵੀ ਹਦਾਇਤ ਦਿੱਤੀ।

ਤੀਜੇ ਦਿਨ ਹੀ ਖੂਨ ਪੈਣਾ ਬੰਦ ਹੋ ਗਿਆ।

ਸੱਤ ਦਿਨਾਂ ਮਗਰੋਂ ਜਦੋਂ ਮੁੜ ਵੈਦ ਕੋਲ ਲੈ ਕੇ ਗਏ ਤਾਂ ਮੇਰੇ ਵਿਚ ਜ਼ਮੀਨ ਅਸਮਾਨ ਦਾ ਅੰਤਰ ਸੀ। ਲੱਤਾਂ ਵਿਚ ਜਾਨ। ਚਿਹਰੇ ਉਤੇ ਰੌਣਕ ਅਤੇ ਮਨ ਚੜ੍ਹਦੀ ਕਲਾ ਵਿਚ।

"ਹੁਣ ਜੇ ਇਸ ਨੂੰ ਇਕ ਦੋ ਮਹੀਨੇ ਮਾਹਵਾਰੀ ਨਾ ਆਵੇ ਤਾਂ ਕੋਈ ਚਿੰਤਾ ਨਹੀਂ। ਬਸ ਬਹੁਤਾ ਭਾਰ ਨਹੀਂ ਚੁੱਕਣ ਦੇਣਾ ਅਤੇ ਦੋ ਚਾਰ ਮਹੀਨੇ ਲਈ ਮੀਟ-ਮੱਛੀ ਆਦਿ ਗਰਮ ਚੀਜ਼ਾਂ ਦਾ ਪ੍ਰਹੇਜ਼ ਕਰਨਾ।" ਇਹ ਵੈਦ ਦੇ ਸ਼ਬਦ ਸਨ।

ਹੁਣ ਮੈਂ ਸਿਰ ਸੁੱਟ ਕੇ ਇਮਤਿਹਾਨ ਦੀ ਤਿਆਰੀ ਵਿਚ ਜੁਟ ਗਈ। ਸਾਲਾਨਾ ਇਮਤਿਹਾਨ ਵਿਚ ਮੇਰਾ ਹਿਸਾਬ ਦਾ ਪਰਚਾ ਤਸੱਲੀਬਖ਼ਸ ਨਾ ਹੋਇਆ। ਭਗਤ ਵੀਰੇ ਨੂੰ ਮੇਰੇ ਤੇਤੀ ਪ੍ਰਤੀਸ਼ਤ ਅੰਕ ਆਉਣ ਵਿਚ ਵੀ ਸੰਦੇਹ ਸੀ। ਮਾਂ ਕਹਿੰਦੀ, "ਕੋਈ ਗੱਲ ਨਹੀਂ, ਜਾਨ ਹੈ, ਜਹਾਨ ਹੈ। ਬਚੜੀ ਮੌਤ ਨੇ ਮੂੰਹੋਂ ਪਰਤ ਆਈ ਹੈ। ਰੱਬ ਨਾ ਲੱਖ ਲੱਖ ਸ਼ੁਕਰ। ਹੋਰ ਹਿਕ ਸਾਲ ਸਹੀ।"

ਜੇ ਫੇਲ੍ਹ ਹੋ ਗਈ ਤਾਂ ਮੂੰਹ ਦਿਖਾਣ ਜੋਗੀ ਨਹੀਂ ਰਹਿਣਾ ਮੈਂ। ਡਾਢਾ ਫਿਕਰ ਸੀ। ਬਿਮਾਰੀ ਤੋਂ ਹਜ਼ਾਰ ਗੁਣਾ ਵੱਧ ਸੀ ਮੇਰੇ ਲਈ ਇਹ ਨਮੋਸ਼ੀ। ਪਹਿਲਾਂ ਬਿਮਾਰੀ ਖੁਣੋਂ ਤੇ ਹੁਣ ਚਿੰਤਾ ਖੁਣੋਂ ਨਿਘਰਦੀ ਜਾਵਾਂ। ਉਠਦਿਆਂ-ਬੈਠਦਿਆਂ ਮਾਂ ਦੇ ਹੋਠ ਮੂਲਮੰਤਰ ਦੇ ਪਾਠ ਨਾਲ ਫਰਕਦੇ ਰਹਿੰਦੇ। ਉਹ ਸੁੱਖਣਾ ਸੁੱਖਦੀ, "ਹੇ ਵਾਹਿਗੁਰੂ ਮਿਹਰ ਕਰ ਇਸ ਬਾਲੜੀ 'ਤੇ।" ਕਿਧਰੇ ਸਦਮੇ ਨਾਲ ਮੁੜ ਹੀ ਨਾ ਮੈਂ ਬਿਮਾਰ ਹੋ ਜਾਵਾਂ, ਮਾਂ ਦਾ ਤੌਖਲਾ ਸੀ।

ਫੇਲ੍ਹ ਹੋ ਜਾਣ ਦੀ ਸੂਰਤ ਵਿਚ ਮੈਂ ਖੁਦਕੁਸ਼ੀ ਦਾ ਫੈਸਲਾ ਕਰ ਲਿਆ। ਰੋਜ਼ ਕੋਠੇ 'ਤੇ ਚੜ੍ਹ ਕੇ ਚੋਰੀ ਚੋਰੀ ਮਾਚਿਸ ਦੀਆਂ ਤੀਲੀਆਂ ਨੂੰ ਖੁਰਚ ਖੁਰਚ ਕੇ ਕਾਫੀ ਫਾਸਫੋਰਸ ਇਕੱਠਾ ਕਰ ਕੇ ਮੈਂ ਪੁੜੀ ਤਿਆਰ ਕਰ ਲਈ।

ਨਤੀਜਾ ਲੈਣ ਮੈਂ ਸਕੂਲ ਨਾ ਗਈ। ਮਾਂ ਨੇ ਭਗਤ ਵੀਰੇ ਨੂੰ ਭੇਜਿਆ।

ਫਾਸਫੋਰਸ ਦੀ ਪੁੜੀ ਹੱਥ 'ਚ ਫੜੀ ਤੇ ਅੱਖਾਂ ਦੀ ਸ਼ਿਸ਼ਤ ਹੇਠਾਂ ਵੱਲ, ਮੈਂ ਵੀਰ ਦੀ ਉਡੀਕ ਵਿਚ ਕੋਠੇ 'ਤੇ ਬੈਠ ਗਈ। ਮਿੰਟ ਮਿੰਟ ਵਰ੍ਹੇ ਦਾ ਜਾਪੇ।

ਜ਼ਿੰਦਗੀ ਤੇ ਮੌਤ, ਤਰਾਜ਼ੂ ਦੇ ਦੋ ਪਲੜੇ ਉਚੇ ਨੀਵੇਂ ਹੋ ਰਹੇ ਸਨ ਜਦੋਂ ਭਗਤ ਵੀਰ ਦੇ ਪਹੁੰਚਣ ਦਾ ਖੜਾਕ ਹੋਇਆ।

"ਮੁਆਰਖਾਂ, ਮੁਆਰਖਾਂ, ਮਾਸੀ ਜੀ ਮੁਆਰਖਾਂ।" ਇਹ ਭਗਤ ਵੀਰ ਦੇ ਜਿਗਰੀ ਦੋਸਤ ਬਚਨ ਵੀਰ ਜੀ ਦੇ ਲਫਜ਼ ਸਨ। ਉਹ ਦੋਵੇਂ ਹੀ ਗਏ ਸਨ ਮੇਰਾ ਨਤੀਜਾ ਲੈਣ।

"ਕਾਨਾ ਆਪਣੀ ਏ. ਡਿਵੀਜ਼ਨ ਵਿਚੋਂ ਦੂਜੇ ਦਰਜੇ 'ਤੇ ਆਈ ਹੈ ਤੇ ਸਾਰੀ ਅੱਠਵੀਂ ਜਮਾਤ ਵਿਚੋਂ ਥਰਡ।"

"ਜੇ ਹਿਸਾਬ ਨਾ ਪਰਚਾ ਠੀਕ ਕਰ ਲੈਨੀ, ਤਾਂ ਇਸੇ ਹੀ ਫਸਟ ਆਣਾ ਇਹਾ।"

ਭਗਤ ਵੀਰੇ ਦੇ ਹੋਠਾਂ 'ਤੇ ਇਹ ਸ਼ਬਦ ਸਨ ਜਦੋਂ ਮੈਂ ਸੂਟ ਵੱਟ ਕੇ ਮਾਂ ਨਾਲ ਆ ਲਿਪਟੀ, ਗੱਚੋ-ਗੱਚ।

"ਹੇ ਵਾਹਿਗੁਰੂ ਤੇਰਾ ਲੱਖ ਲੱਖ ਸ਼ੁਕਰ ਹੈ, ਸਦਕੇ ਬਲਿਹਾਰੀ, ਤੇਰਾ ਕੀਤਾ ਜਾਤੋ ਨਾਹੀ...।"

ਫਰਕਦੇ ਹੋਠਾਂ ਨਾਲ ਮਾਂ ਨੇ ਮੇਰਾ ਮੱਥਾ ਚੁੰਮ ਲਿਆ। ਉਸ ਉਸੇ ਵੇਲੇ ਭਗਤ ਵੀਰ ਨੂੰ ਪੈਸੇ ਦੇ ਕੇ ਮੱਠੀਆਂ ਤੇ ਲੱਡੂ ਮੰਗਵਾ ਲਏ। ਸਾਰੇ ਮੁਹੱਲੇ ਵਿਚ ਉਹ ਚਾਰ ਚਾਰ ਲੱਡੂ ਅਤੇ ਦੋ ਦੋ ਮੱਠੀਆਂ ਪਾ ਕੇ ਲਫਾਫੇ ਭੇਜਣ ਲੱਗੀ। ਫਾਰਗ ਹੋ ਕੇ ਮਾਂ ਸੰਦਲ ਦਾ ਸ਼ਰਬਤ ਬਣਾਨ ਲੱਗੀ, ਵਧਾਈਆਂ ਦੇਣ ਆਏ ਗਏ ਦੀ ਖ਼ਾਤਰਦਾਰੀ ਲਈ।

ਮਾਂ ਮੁਤਾਬਕ ਇਹ ਮੇਰਾ 'ਦੂਆ ਜਨਮ' ਸੀ। ਮਸਾਂ ਮਹੀਨਾ ਹੀ ਤਾਂ ਰਹਿ ਗਿਆ ਸੀ ਮਾਨਾ ਦੇ ਵਿਆਹ ਵਿਚ। ਪੰਜ ਜੂਨ ਨੂੰ ਉਸ ਦੇ ਵਿਆਹ ਦੀ ਤਾਰੀਕ ਕਦੋਂ ਦੀ ਮੁਕੱਰਰ ਕੀਤੀ ਹੋਈ ਸੀ। ਡੇਢ ਮਹੀਨਾ ਪਹਿਲਾਂ ਤਕ ਮਾਪੇ ਅੰਦਰੋਂ ਬੁਝੇ ਬੁਝੇ ਹੋਏ ਸਨ ਕਿ ਕੀ ਪਤਾ ਕਦੋਂ ਮੇਰੇ ਪ੍ਰਾਣ ਪੰਖੇਰੂ ਉਡ ਜਾਣ। ਸ਼ਾਦੀ ਤੱਕ ਵਕਤ ਕੱਢਾਂਗੀ ਕਿ ਨਹੀਂ, ਕੁਝ ਪਤਾ ਨਹੀਂ ਸੀ। ਕੀ ਪਤਾ ਸ਼ਾਦੀ ਹੋਰ ਸਾਲ ਲਈ ਮੁਲਤਵੀ ਕਰਨੀ ਪੈ ਜਾਵੇ!

ਹੁਣ ਮੈਂ ਬਿਲਕੁਲ ਠੀਕ ਸਾਂ, ਤੰਦਰੁਸਤ ਤੇ ਨੌ-ਬਰ-ਨੌ, ਅਰ ਨੌਵੀਂ ਜਮਾਤ ਵਿਚ ਵੀ।

ਸਾਰੇ ਕੁਨਬੇ, ਬਰਾਦਰੀ ਤੇ ਸਭ ਸਾਕ ਸਬੰਧੀਆਂ ਦੇ ਪਰਿਵਾਰਾਂ ਵਿਚੋਂ ਇਹ ਪਹਿਲੀ ਕੁੜੀ ਸੀ ਜਿਹੜੀ ਨੌਵੀਂ ਜਮਾਤ ਚੜ੍ਹ ਗਈ ਸੀ, ਹੋਰ ਸਾਲ ਤਕ ਮੈਟ੍ਰਿਕ ਪਾਸ ਵੀ ਹੋ ਜਾਵੇਗੀ। ਇਹ ਵੱਡਾ ਹਾਸਲ ਸੀ ਮੇਰਾ ਅਤੇ ਮੇਰੇ ਮਾਪਿਆਂ ਦਾ।

ਉਸ ਨਾ-ਮੁਰਾਦ ਬਿਮਾਰੀ ਦਾ ਉਥੇ ਹੀ ਭੋਗ ਪੈ ਗਿਆ। ਮੈਂ ਹਮੇਸ਼ਾ ਹਮੇਸ਼ਾ ਲਈ ਠੀਕ ਹੋ ਗਈ। ਹੁਣ ਮੈਂ ਵੀ ਹੋਰ ਕੁੜੀਆਂ ਵਾਂਗ ਹਰ ਮਹੀਨੇ ਭਿੱਟਦੀ ਸਾਂ, ਸਿਰਫ ਤੇ ਸਿਰਫ ਚਾਰ ਦਿਨ।

-0-

# ਦੇਸ਼ ਭਗਤੀ, ਪਿਤਰਸੱਤਾ ਅਤੇ 'ਦੰਗਲ'

*ਮਸ਼ਹੂਰ ਅਦਾਕਾਰ ਆਮਿਰ ਖਾਨ ਦੀ ਫਿਲਮ 'ਦੰਗਲ' ਨੇ ਦੇਸ਼-ਵਿਦੇਸ਼ ਅੰਦਰ ਖੂਬ ਧੁੰਮਾਂ ਪਾਈਆਂ ਹਨ। ਲੋਕਾਂ ਦੀ ਪਸੰਦ ਅਤੇ ਕਮਾਈ ਦੇ ਪੱਖੋਂ ਵੀ ਇਹ ਫਿਲਮ ਕਾਮਯਾਬ ਰਹੀ ਹੈ। ਆਲੋਚਕਾਂ ਨੇ ਵੀ ਇਸ ਫਿਲਮ ਦਾ ਭਰਵਾਂ ਸਵਾਗਤ ਕੀਤਾ ਹੈ; ਭਾਵ, ਫਿਲਮ ਨੂੰ ਹਰ ਪਾਸਿਓਂ ਫਿਲਮ ਨੂੰ ਪ੍ਰਸ਼ੰਸਾ ਮਿਲੀ ਹੈ, ਪਰ ਉਘੇ ਲਿਖਾਰੀ ਚੰਦਨ ਪਾਂਡੇ ਨੇ ਇਸ ਫਿਲਮ ਨੂੰ ਇਕ ਹੋਰ ਜ਼ਾਵੀਏ ਤੋਂ ਦੇਖਣ ਦਾ ਯਤਨ ਕੀਤਾ ਹੈ। ਉਸ ਨੇ ਰਵਾਇਤ ਦਾ ਨੁਕਤਾ ਬੜੇ ਜ਼ੋਰ ਨਾਲ ਉਭਾਰਿਆ ਹੈ ਅਤੇ ਦੱਸਿਆ ਹੈ ਕਿ ਕਿਸ ਤਰ੍ਹਾਂ ਅਜਿਹੇ ਨੁਕਤੇ ਅਛੋਪਲੇ ਜਿਹੇ ਦਰਸ਼ਕਾਂ ਅੱਗੇ ਪਰੋਸ ਦਿੱਤੇ ਜਾਂਦੇ ਹਨ। ਇਹ ਨੁਕਤੇ ਅਸਲ ਵਿਚ ਪਿਛਾਂਹਖਿਚੂ ਹੁੰਦੇ ਹਨ, ਪਰ ਓਪਰੀ ਨਜ਼ਰੇ ਇਹ ਅਜਿਹੇ ਨਹੀਂ ਜਾਪਦੇ। ਚੰਦਨ ਪਾਂਡੇ ਦੇ ਇਹ ਵਿਚਾਰ ਗੁਰਮੁਖੀ ਵਿਚ ਅਨੁਵਾਦ ਕਰ ਕੇ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ 'ਪੰਜਾਬ ਟਾਈਮਜ਼' ਲਈ ਭੇਜੇ ਹਨ ਜੋ ਅਸੀਂ ਆਪਣੇ ਸੁਘੜ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*



ਫਿਲਮਾਂ ਵਿਚ ਕਹਾਣੀਆਂ ਆਮ ਤੌਰ 'ਤੇ ਤਿੰਨ ਤਰ੍ਹਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਪਹਿਲਾ ਤਰੀਕਾ ਸੱਚੀਆਂ ਘਟਨਾਵਾਂ ਦਾ ਹੁੰਦਾ ਹੈ, ਆਪਣੀ ਦ੍ਰਿਸ਼ਟੀ ਦੇ ਮੱਦੇਨਜ਼ਰ ਸਿੱਧਾ ਸੱਚਾ ਬਿਆਨ। ਦੂਸਰਾ, ਆਦਿ ਤੋਂ ਅੰਤ ਤਕ ਨਿਰੋਲ ਕਲਪਨਾ। ਤੀਸਰਾ, ਸੱਚੀਆਂ ਘਟਨਾਵਾਂ 'ਚੋਂ ਕੁਝ ਹਿੱਸੇ ਲੈ ਕੇ ਉਨ੍ਹਾਂ ਨੂੰ ਸਮਾਜੀ ਮਨੋਰਥ ਲਈ ਮਨਮਰਜ਼ੀ ਨਾਲ ਮੋੜਾ ਦੇ ਕੇ ਪੇਸ਼ਕਾਰੀ। ਇਹ ਤੀਸਰਾ ਤਰੀਕਾ ਹੀ ਜ਼ਿਆਦਾਤਰ ਕਥਾਕਾਰ ਅਖ਼ਤਿਆਰ ਕਰਦੇ

**ਚੰਦਨ ਪਾਂਡੇ**
**ਅਨੁਵਾਦ: ਬੂਟਾ ਸਿੰਘ**

ਹਨ। ਇਸ ਨੂੰ ਸਮਾਜੀ ਮਨੋਰਥ ਲਈ ਬਣਾਉਣ ਦਾ ਕੰਮ ਦਰਅਸਲ ਲੇਖਕ ਦੀ ਸੋਚ, ਉਸ ਦੀ ਤਿਆਰੀ ਅਤੇ ਸਮਾਜ ਦੇ ਪ੍ਰਤੀ ਉਸ ਦੀ ਵਚਨਬੱਧਤਾ ਉਪਰ ਮੁਨੱਸਰ ਕਰਦਾ ਹੈ।

'ਦੰਗਲ' ਫਿਲਮ ਤੀਸਰੇ ਤਰੀਕੇ ਨਾਲ ਬਿਆਨੀ ਗਈ ਕਥਾ ਹੈ। ਰਾਸ਼ਟਰਮੰਡਲ ਖੇਡਾਂ ਵਿਚ ਗੀਤਾ ਫੋਗਾਟ ਨੂੰ ਮਿਲਿਆ ਸੁਨਹਿਰੀ ਤਮਗਾ ਇਸ ਫਿਲਮ ਦਾ ਸ਼ੁਰੂਆਤੀ ਨੁਕਤਾ ਹੈ। ਮਹਾਵੀਰ ਫੋਗਾਟ ਦੇ ਸੰਘਰਸ਼ਾਂ ਨੂੰ ਸਮੇਟਣ ਵਿਚ ਬਹੁਤ ਜ਼ਿਆਦਾ ਅਸਫ਼ਲ ਇਹ ਫਿਲਮ ਦੇਸ਼ ਭਗਤੀ ਦੇ ਖੋਲ ਵਿਚ ਲਪੇਟ ਦਿੱਤੀ ਜਾਂਦੀ ਹੈ।

ਪੱਤਰਕਾਰ ਸੌਰਵ ਦੁੱਗਲ ਨੇ ਮਹਾਵੀਰ ਫੋਗਾਟ ਦੀ ਜੀਵਨੀ ਲਿਖੀ ਹੈ ਜਿਥੋਂ ਇਸ ਫਿਲਮ ਦਾ ਆਈਡੀਆ ਲਿਆ ਗਿਆ ਹੈ। ਉਸ ਜੀਵਨੀ ਵਿਚ ਮਹਾਵੀਰ ਦੇ ਅੰਦਰੂਨੀ, ਸਮਾਜੀ ਅਤੇ ਘਰੇਲੂ ਸੰਘਰਸਾਂ ਦਾ ਜਿੰਨਾ ਵਧੀਆ ਅਤੇ ਸਟੀਕ ਵਰਨਣ ਹੈ, ਇਹ ਫਿਲਮ ਉਸ ਸਮੁੱਚੇ ਸੰਘਰਸ਼ ਦਾ ਸੌਵਾਂ ਹਿੱਸਾ ਵੀ ਨਹੀਂ ਫੜ ਸਕੀ। ਇਸੇ ਨਾਕਾਮਯਾਬੀ ਕਾਰਨ ਫਿਲਮ, ਦੇਸ਼ ਭਗਤੀ ਦਾ ਸੁਖਾਲਾ ਰਾਹ ਫੜ ਲੈਂਦੀ ਹੈ ਅਤੇ ਉਹ ਸਮੁੱਚਾ ਸੰਘਰਸ਼ ਮਾਮੂਲੀ ਕਥਾ ਵਿਚ ਬਦਲ ਦਿੱਤਾ ਗਿਆ ਹੈ ਜਿਸ ਨੂੰ ਫਿਲਮ ਦੇ ਸ਼ੁਰੂ ਵਿਚ ਹੀ ਦੱਸ ਦਿੱਤਾ ਜਾਂਦਾ ਹੈ- ਇਸ ਫਿਲਮ ਵਿਚ ਗੀਤਾ ਅਤੇ ਮਹਾਵੀਰ ਦੇ ਜੀਵਨ ਨੂੰ 'ਕਥਾ ਰੂਪ' ਦਿੱਤਾ ਗਿਆ ਹੈ। ਇਹ 'ਫਿਕਸ਼ਨ' ਵਾਲਾ ਉਹ ਹਿੱਸਾ ਹੀ ਹੈ ਜੋ ਪੁਰਾਤਨਪੰਥੀ ਹੈ।

'ਦੰਗਲ' ਤੋਂ ਪਹਿਲਾਂ 'ਤਾਰੇ ਜ਼ਮੀਨ ਪਰ' ਦਾ ਜ਼ਿਕਰ ਕਰਦੇ ਹਾਂ। ਉਸ ਫਿਲਮ ਵਿਚ ਵੀ ਇਕ ਪਿਤਾ ਹੈ ਜਿਸ ਦੇ ਆਪਣੇ ਬੱਚਿਆਂ ਤੋਂ ਅਸੀਮ ਅਰਮਾਨ ਹਨ। ਬੜਾ ਬੇਟਾ ਕਾਮਯਾਬ ਹੁੰਦਾ ਨਜ਼ਰ ਆਉਂਦਾ ਹੈ, ਲੇਕਿਨ ਛੋਟਾ ਆਪਣੇ ਅਲੱਗ ਮਿਜ਼ਾਜ ਵਾਲਾ ਹੈ। ਉਹ ਪਿਤਾ ਦੇ ਅਰਮਾਨਾਂ ਉਪਰ ਪਾਣੀ ਫੇਰਦਾ ਰਹਿੰਦਾ ਹੈ। ਫਿਰ ਪਿਤਾ ਅਤੇ ਸਕੂਲ ਦੀਆਂ ਬੇਰਹਿਮੀਆਂ ਵੀ ਹਨ। ਉਥੇ ਆਮਿਰ ਖ਼ਾਨ ਦੇ ਰੂਪ ਵਿਚ ਇਕ ਅਧਿਆਪਕ ਆਉਂਦਾ ਹੈ। ਉਹ ਛੋਟੇ ਬੇਟੇ ਨੂੰ ਨਵਾਂ ਰਾਹ ਦਿਖਾਉਂਦਾ ਹੈ। ਇਥੇ ਗੱਲ ਬਾਪ ਬਨਾਮ ਅਧਿਆਪਕ ਦੀ ਨਹੀਂ ਹੈ। ਅਜਿਹਾ ਹੁੰਦਾ ਵੀ ਨਹੀਂ। ਕਿਸੇ ਦੀ ਵੀ ਜ਼ਿੰਦਗੀ ਵਿਚ ਅਧਿਆਪਕ ਦਾ ਇਕ ਕਿਰਦਾਰ ਹੁੰਦਾ ਹੈ, ਜਿਸ ਦੀ ਇਕ ਹੱਦ ਵੀ ਹੁੰਦੀ ਹੈ; ਉਸੇ ਤਰ੍ਹਾਂ ਪਿਤਾ ਦਾ ਕਿਰਦਾਰ ਵੀ ਆਪਣੀਆਂ ਹੱਦਾਂ ਦੇ ਅੰਦਰ ਰਹਿੰਦਾ ਹੈ।



*ਫਿਲਮ 'ਦੰਗਲ' ਦੇ ਇਕ ਦ੍ਰਿਸ਼ ਵਿਚ ਉਭਰਦਾ ਰਵਾਇਤੀ ਬਾਪ ਦਾ ਕਿਰਦਾਰ।*

ਮੁੱਖ ਗੱਲ ਇਹ ਹੁੰਦੀ ਹੈ ਕਿ ਜ਼ਿੰਦਗੀ ਵਿਚ ਤੁਹਾਡੀ ਦਿਲਚਸਪੀ ਜਗਾਉਣ ਵਿਚ ਕੌਣ ਕਾਮਯਾਬ ਹੁੰਦਾ ਹੈ। ਇਹ ਦਿਲਚਸਪੀ ਹੀ ਬਹੁਭਾਂਤੀ ਜ਼ਿੰਦਗੀ ਦੇ ਮਾਰਗ ਨੂੰ ਤੈਅ ਕਰਦੀ ਹੈ, ਮਿਲਣ ਵਾਲੇ ਲੋਕਾਂ ਦੇ ਬਾਰੇ ਤੈਅ ਕਰਦੀ ਹੈ। 'ਤਾਰੇ ਜ਼ਮੀਨ ਪਰ' ਫਿਲਮ ਵਿਚ ਇਹ ਦਿਲਚਸਪੀ ਚਿਤਰਕਾਰੀ ਦੇ ਰੂਪ ਵਿਚ ਅਧਿਆਪਕ ਜਗਾਉਂਦਾ ਹੈ ਅਤੇ 'ਦੰਗਲ' ਵਿਚ ਕੁਸ਼ਤੀ ਦੇ ਰੂਪ ਵਿਚ ਇਹ ਕੰਮ ਗੀਤਾ ਅਤੇ ਬਬੀਤਾ ਦੀ ਉਹ ਸਹੇਲੀ ਕਰਦੀ ਹੈ ਜਿਸ ਦੇ ਵਿਆਹ ਵਿਚ ਉਹ ਦੋਨੋਂ ਗਈਆਂ ਹੁੰਦੀਆਂ ਹਨ... ਨਹੀਂ ਤਾਂ ਉਸ ਤੋਂ ਪਹਿਲਾਂ ਤਾਂ ਬਾਪ ਦੇ ਲੱਖ ਯਤਨਾਂ ਦੇ ਬਾਵਜੂਦ ਦੋਨੋਂ ਭੈਣਾਂ ਕੁਝ ਵੀ ਸਿੱਖਣ ਲਈ ਰਾਜ਼ੀ ਨਹੀਂ ਹੁੰਦੀਆਂ।

ਅਸਲ ਜ਼ਿੰਦਗੀ ਤੋਂ ਉਲਟ ਫਿਲਮ ਵਿਚ ਬਾਪ ਦਾ ਖ਼ਵਾਬ ਕੁਸ਼ਤੀ ਨੂੰ ਲੈ ਕੇ ਘੱਟ, ਮੁਲਕ ਲਈ ਤਮਗੇ ਜਿੱਤ ਕੇ ਲਿਆਉਣ ਲਈ ਜ਼ਿਆਦਾ ਹੈ... ਇਕ ਪਦਾਰਥਕ ਕਾਮਯਾਬੀ ਜਿਵੇਂ ਅਕਸਰ ਹਿੰਦੁਸਤਾਨੀ ਬਾਪਾਂ ਦਾ ਖ਼ਵਾਬ ਹੁੰਦਾ ਹੈ। ਇਹੀ ਉਹ ਪਹਿਲੂ ਹੈ ਜਿਥੇ ਮਹਾਵੀਰ ਫੋਗਾਟ ਦੇ ਜ਼ਿੰਦਗੀ ਦੇ ਸੰਘਰਸ਼ ਨੂੰ ਪੇਤਲਾ ਪਾ ਦਿੱਤਾ ਗਿਆ ਹੈ। ਕੁਸ਼ਤੀ ਲਈ ਸਮਰਪਿਤ ਇਨਸਾਨ ਨੂੰ, ਕਾਰੋਬਾਰੀ ਫ਼ਾਇਦੇ ਲਈ ਦੇਸ਼ ਭਗਤੀ ਦੀ ਚਾਸ਼ਣੀ ਵਿਚ ਭਿਉਂ ਦਿੱਤਾ ਗਿਆ ਹੈ ਅਤੇ ਦੇਸ਼ ਭਗਤੀ ਦੀ ਚਾਸ਼ਨੀ ਜਦੋਂ ਸਾਰਿਆਂ ਨੂੰ ਜਕੜ ਲੈਂਦੀ ਹੈ ਤਾਂ ਸ਼ੁਰੂ ਹੁੰਦੀ ਹੈ: ਏਜੰਡਾ ਸੈਟਿੰਗ। 'ਨਾ ਖ਼ਾਤਾ ਨਾ ਬਹੀ, ਜੋ ਬਾਪ ਬੋਲੇ ਉਹੀ ਸਹੀ' ਵਾਲੇ ਫਾਰਮੂਲੇ ਉਪਰ ਫਿਲਮ ਅੱਗੇ ਵਧਦੀ ਹੈ। ਇਹ ਪਰਿਵਾਰ-ਢਾਂਚੇ ਦਾ ਸਭ ਤੋਂ ਵੱਡਾ ਹਥਿਆਰ ਹੈ ਕਿ ਬਾਪ ਨੇ ਜੋ ਕਹਿ ਦਿੱਤਾ, ਉਹੀ ਸਹੀ ਹੈ। ਇਹ ਫਿਲਮ ਉਨ੍ਹਾਂ ਸਾਰੇ ਬਾਪਾਂ ਨੂੰ ਤਰਕ ਦਿੰਦੀ ਹੈ ਕਿ ਬਾਪ ਹੀ ਬੱਚਿਆਂ ਦਾ ਭਵਿਖ ਬਣਾਏਗਾ ਅਤੇ ਇਸ ਦੇ ਲਈ ਹਰ ਤਰ੍ਹਾਂ ਦਾ ਸ਼ਾਸਨ ਸਹੀ ਮੰਨਿਆ ਜਾਵੇਗਾ।

ਇਸ ਫਿਲਮ ਵਿਚ ਸਭ ਤੋਂ ਪਹਿਲਾ ਤਾਂ ਵਿਸ਼ਾਲ ਜ਼ਿੰਦਗੀ ਨੂੰ 'ਮਹਾਨ ਭਾਰਤੀ ਪਰਿਵਾਰ' ਵਾਲੀ ਫਾਰਮੂਲਾ ਕਹਾਣੀ ਵਿਚ ਬਦਲ ਦਿੱਤਾ ਗਿਆ ਹੈ ਅਤੇ ਫਿਰ ਮਨਮਰਜ਼ੀ ਨਾਲ ਖ਼ਲਨਾਇਕ ਵੀ ਚੁਣ ਲਏ ਗਏ ਹਨ, ਜਿਵੇਂ ਕੋਚ। ਗਿਰੀਸ਼ ਕੁਲਕਰਨੀ ਨੇ ਉਸ ਪਤਿਤ ਆਦਮੀ ਦੇ ਕਿਰਦਾਰ ਨੂੰ ਜ਼ਬਰਦਸਤ ਢੰਗ ਨਾਲ ਨਿਭਾਇਆ ਹੈ, ਲੇਕਿਨ ਉਸ ਕਿਰਦਾਰ ਦੀ ਲਿਖਾਵਟ-ਬਨਾਵਟ ਉਪਰ ਗ਼ੌਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਆਮਿਰ, ਯਾਨੀ ਬਾਪ ਦੇ ਕਿਰਦਾਰ ਨੂੰ ਮਜ਼ਬੂਤ ਬਣਾਈ ਰੱਖਣ (ਕਿ ਪਰਿਵਾਰ ਹੀ ਸਹੀ ਹੈ) ਲਈ ਕੋਚ ਦੇ ਕਿਰਦਾਰ ਨੂੰ ਗ਼ਲਤ-ਦਰ-ਗ਼ਲਤ ਦਿਖਾਇਆ ਗਿਆ ਹੈ। ਆਖ਼ਿਰਕਾਰ ਉਹ ਕਿਸੇ ਕੀੜੇ-ਮਕੌੜੇ ਵਾਂਗ ਨਜ਼ਰ ਆਉਂਦਾ ਹੈ। ਚੰਗੇ ਕੋਚ ਦੀ ਤਾਂ ਗੱਲ ਹੀ ਛੱਡੋ, ਮਾੜੇ ਤੋਂ ਮਾੜਾ ਕੋਚ ਵੀ ਅਸਲ ਜ਼ਿੰਦਗੀ ਵਿਚ ਐਨੀ ਜੁਗਾੜਬੰਦੀ ਨਾਲ ਆਪਣੀ ਪੁਜੀਸ਼ਨ ਬਣਾਈ ਰੱਖਦਾ ਹੈ ਕਿ ਇਕ ਖਿਡਾਰੀ ਦੇ ਬਾਪ ਤੋਂ ਉਸ ਨੂੰ ਕੋਈ ਖ਼ਤਰਾ ਨਹੀਂ ਹੋ ਸਕਦਾ।

ਕਹਾਣੀ ਇੰਵ ਬਣਾਈ ਗਈ ਹੈ ਕਿ ਜਿਥੇ ਜਿਥੇ ਗੀਤਾ ਨੇ ਆਪਣੇ ਬਾਪ ਦੀ ਗੱਲ ਮੰਨੀ ਹੈ, ਉਥੇ ਉਥੇ ਉਹ ਕਾਮਯਾਬ ਹੋਈ ਹੈ ਅਤੇ ਬਾਪ ਵੀ ਆਪਣੀ ਸਾਰੀ ਗੱਲ ਦੇਸ਼ ਭਗਤੀ ਦੀ ਚਾਸ਼ਣੀ ਵਿਚ ਭਿਉਂ ਕੇ ਹੀ ਕਹਿੰਦਾ ਹੈ। ਦੇਸ਼ ਭਗਤੀ ਦੇ ਨਾਂ ਉਪਰ ਇਸ ਫਿਲਮ ਵਿਚ ਅਨੁਸ਼ਾਸਨ ਨੂੰ ਮਜ਼ਾਕੀਆ ਚੀਜ਼ ਬਣਾ ਦਿੱਤਾ ਗਿਆ ਹੈ। ਕੁਸ਼ਤੀ ਹੀ ਨਹੀਂ, ਦੁਨੀਆ ਦੀਆਂ ਸਾਰੀਆਂ ਖੇਡਾਂ ਲੋੜੀਂਦੀ ਲਗਨ ਅਤੇ ਅਨੁਸ਼ਾਸਨ ਦੀ ਮੰਗ ਕਰਦੀਆਂ ਹਨ। ਫਿਲਮ ਦੀ ਮਨਸ਼ਾ ਕੋਈ ਵੀ ਰਹੀ ਹੋਵੇ, ਇਹ ਫਿਲਮ ਓੜਕ ਪੈਗ਼ਾਮ ਇਹੋ ਦਿੰਦੀ ਹੈ ਕਿ ਬਾਪ ਨਾਂ ਦੀ ਸੱਤਾ ਹੀ ਤੁਹਾਡੇ ਚੰਗੇ ਮਾੜੇ ਦਾ ਖ਼ਿਆਲ ਰੱਖ ਸਕਦੀ ਹੈ।

ਫਿਲਮ ਦਾ ਸਰਵੋਤਮ ਹਿੱਸਾ ਉਹ ਹੈ ਜੋ ਬਾਪ ਅਤੇ ਬੇਟੀ ਦਾ ਦਵੰਦ ਦਿਖਾਉਂਦਾ ਹੈ: ਨਵੇਂ ਬਨਾਮ ਪੁਰਾਣੇ ਦਾ ਆਦਿਮ ਦਵੰਦ। ਆਖ਼ਿਰਕਾਰ ਇਹ ਦਵੰਦ ਬਾਪ ਅਤੇ ਬੇਟੀ ਨੂੰ ਆਹਮੋ-ਸਾਹਮਣੇ ਕਰ ਦਿੰਦਾ ਹੈ। ਬਾਪ ਨੂੰ ਇਹ ਚੁਭਦਾ ਹੈ ਕਿ ਉਸ ਦੇ ਹੀ ਅਖਾੜੇ ਵਿਚ ਉਸ ਦੀ ਹੀ ਬੇਟੀ ਨਵੇਂ ਸਿੱਖੇ ਦਾਅ ਅਜ਼ਮਾ ਰਹੀ ਹੈ। ਉਹ ਖ਼ੁਦ ਬੇਟੀ ਨੂੰ ਕੁਸ਼ਤੀ ਲੜਨ ਦੀ ਚੁਣੌਤੀ ਦਿੰਦਾ ਹੈ। ਬੇਟੀ ਅਜੇ ਤਿਆਰ ਵੀ ਨਹੀਂ ਹੋਈ ਹੁੰਦੀ ਕਿ ਬਾਪ ਉਸ ਨੂੰ ਪਟਕਾ ਕੇ ਮਾਰਦਾ ਹੈ। ਬੇਟੀ ਜੋ ਖਿਡਾਰੀ ਪਹਿਲਾਂ ਹੈ ਅਤੇ ਬੇਟੀ ਬਾਅਦ ਵਿਚ, ਕਹਿੰਦੀ ਹੈ- "ਪਾਪਾ, ਮੈਂ ਤਿਆਰ ਨਹੀਂ ਸੀ"। ਬਾਪ ਦੁਬਾਰਾ ਲਲਕਾਰਦਾ ਹੈ। ਬੇਟੀ ਤਿਆਰੀ ਨਾਲ ਲੜਦੀ ਹੈ ਅਤੇ ਬਾਪ ਨੂੰ ਚਿੱਤ ਕਰ ਦਿੰਦੀ ਹੈ। ਇਹ ਫਿਲਮ ਦਾ ਸਭ ਤੋਂ ਜ਼ਿਆਦਾ ਕਾਬਲੇ-ਤਾਰੀਫ਼ ਹਿੱਸਾ ਹੈ।

ਬਾਪ ਵੀ ਖਿਡਾਰੀ ਰਿਹਾ ਹੈ, ਉਸ ਦਾ ਮਾਣ-ਸਨਮਾਨ ਲਈ ਲੜਨਾ ਸਮਝ ਆਉਂਦਾ ਹੈ। ਕੋਈ ਵੀ ਇੰਵ ਹੀ ਲੜੇਗਾ, ਲੇਕਿਨ ਐਨ ਇਸੇ ਦ੍ਰਿਸ਼ ਤੋਂ ਬਾਅਦ ਫਿਲਮ ਨੂੰ ਰਸਾਤਲ ਵਿਚ ਲੈ ਜਾਣ ਦੀ ਕਵਾਇਦ ਲਿਖ ਦਿੱਤੀ ਗਈ ਹੈ। ਜੇਤੂ ਹੋਣ ਵਾਲੀ ਬੇਟੀ ਨੂੰ ਸ਼ਰਮਿੰਦਾ ਕਰਾਇਆ ਜਾਂਦਾ ਹੈ, ਬਾਪ ਜ਼ਿਆਦਾ ਉਮਰ ਦਾ ਹੋ ਗਿਆ ਹੈ, ਉਹ ਵੱਡੇ ਹਨ, ਉਨ੍ਹਾਂ ਨੇ ਐਨਾ ਕੁਛ ਕੀਤਾ ਹੈ... ਕੁਲ ਨਤੀਜਾ ਇਹ ਕਿ ਗੀਤਾ ਨੂੰ ਆਪਣੇ ਬਾਪ ਨੂੰ ਹਰਾਉਣਾ ਨਹੀਂ ਚਾਹੀਦਾ ਸੀ!

ਸਿੱਧੀ ਜ਼ੋਰ-ਅਜ਼ਮਾਈ ਵਿਚ ਹਾਰਨ ਤੋਂ ਬਾਅਦ ਉਹ ਫਿਰ ਹਿੰਦੁਸਤਾਨੀ ਬਾਪ ਬਣ ਜਾਂਦਾ ਹੈ; ਰਖਵਾਲਾ, ਸਭ ਤੋਂ ਵੱਡਾ ਗਿਆਨੀ, ਯੁੱਧਨੀਤੀਕਾਰ...। ਕਹਾਣੀ ਵਿਚ ਇਹ ਵੀ ਲਿਖ ਦਿੱਤਾ ਗਿਆ ਹੈ ਕਿ ਮਹਾਵੀਰ ਯਾਨੀ ਆਮਿਰ ਨਾ ਮੌਜੂਦ ਹੋਵੇ ਤਾਂ ਬੇਟੀ ਇਕ ਵੀ ਦਾਅ ਸਹੀ ਨਹੀਂ ਲਗਾ ਸਕਦੀ ਅਤੇ ਗੱਲ ਗੱਲ ਵਿਚ ਇਹੀ ਤਰਕ: ਮੁਲਕ ਲਈ ਮੈਡਲ ਲਿਆਉਣਾ ਹੈ। ਸੋਲਜਰ ਨੇ ਕਹਿ ਦਿੱਤਾ, ਤਰਕ ਖ਼ਤਮ। ਤਰਕ ਕਿਉਂਕਿ ਖ਼ਤਮ ਹੋ ਗਏ, ਲਿਹਾਜ਼ਾ ਕੋਈ ਨਹੀਂ ਜਾਨਣਾ ਚਾਹੁੰਦਾ ਕਿ ਮਹਾਵੀਰ ਫੋਗਾਟ ਦਾ ਸੰਘਰਸ਼ ਮੁਲਕ ਲਈ ਤਮਗੇ ਜਿੱਤ ਕੇ ਲਿਆਉਣ ਤੋਂ ਬਹੁਤ ਉਪਰ ਸੰਘਰਸ਼ ਸੀ, ਨਹੀਂ ਤਾਂ ਜਿਸ ਖੇਡ ਵਿਚ ਜਿਸ ਗੀਤਾ ਨੂੰ ਸੁਨਹਿਰੀ ਤਮਗਾ ਮਿਲਿਆ, ਉਸੇ ਵਰ੍ਹੇ ਅਲਕਾ ਤੋਮਰ ਨੂੰ 59 ਕਿਲੋ ਵਰਗ ਅਤੇ ਅਨੀਤਾ ਸ਼ਿਓਰਾਨ ਨੂੰ 67 ਕਿਲੋ ਵਰਗ ਵਿਚ ਸੁਨਹਿਰੀ ਤਮਗਾ ਮਿਲਿਆ ਸੀ; ਭਾਵ ਇਹ ਕਿ ਜੇ ਇਸ ਫਿਲਮ ਨੂੰ ਗੀਤਾ ਫੋਗਾਟ ਅਤੇ ਮਹਾਵੀਰ ਫੋਗਾਟ ਦੇ ਨਾਂ ਉਪਰ ਨਾ ਵੇਚਿਆ ਗਿਆ ਹੁੰਦਾ ਅਤੇ ਹਰ ਦੂਸਰਾ ਡਾਇਲਾਗ ਮੁਲਕ ਦੇ ਲਈ ਤਮਗਾ ਲਿਆਉਣ ਨਾਲ ਸਬੰਧਤ ਨਾ ਹੁੰਦਾ ਤਾਂ ਇਹ ਫਿਲਮ ਆਪਣੇ ਸੱਚੇ ਰੂਪ ਵਿਚ ਪੇਸ਼ ਹੁੰਦੀ। ਲੇਕਿਨ, ਉਪਰ ਕਹੇ ਗਏ ਦੋਨੋਂ ਤੱਥਾਂ ਜ਼ਰੀਏ ਇਕ ਜਕੜ ਬਣਾ ਦਿੱਤੀ ਗਈ ਹੈ ਅਤੇ ਫਿਰ ਸਮੁੱਚੀ ਫਿਲਮ ਇਕ ਆਦਰਸ਼ ਅਤੇ ਦੇਵਤਾ ਵਰਗੇ ਬਾਪ ਉਪਰ ਲਿਖਿਆ ਲੇਖ ਬਣ ਕੇ ਰਹਿ ਗਈ ਹੈ। ਹਿੰਦੁਸਤਾਨ ਦੇ ਨਵੇਂ ਬਾਪਾਂ ਦੇ ਲਈ ਇਹ ਡੁੱਬਦੇ ਲਈ ਤਿਣਕੇ ਦਾ ਸਹਾਰਾ ਬਣ ਕੇ ਆਈ ਹੈ ਜਿਸ ਦੇ ਜ਼ਰੀਏ ਉਹ ਆਪਣੇ ਬੱਚਿਆਂ ਉਪਰ ਆਪਣੀ ਪਿਤਰੀ ਧੌਂਸ ਨੂੰ ਦੂਣੀ-ਸਵਾਈ ਕਰ ਸਕਣ। ਜੋ ਬਾਪ ਬੋਲੇ, ਉਹੀ ਸਹੀ। ਜੋ ਪਰਿਵਾਰ ਬੋਲੇ, ਉਹੀ ਸਹੀ। ਨਹੀਂ ਤਾਂ ਸੋਲਜਰ ਬੋਲ ਕੇ ਬਹਿਸ ਖ਼ਤਮ ਕਰ ਦਿੱਤੀ ਜਾਵੇਗੀ ਅਤੇ ਫ਼ੈਸਲੇ ਲੱਦ ਦਿੱਤੇ ਜਾਣਗੇ।



## ਅਦਾਕਾਰਾ ਜ਼ਾਇਰਾ ਵਸੀਮ ਦਾ ਪਹਿਲਾ ਦੰਗਲ...

'ਦੰਗਲ' ਫਿਲਮ ਅੱਧੀ ਪੰਜਾਬਣ ਅਤੇ ਅੱਧੀ ਕਸ਼ਮੀਰੀ ਕੁੜੀ ਜ਼ਾਇਰਾ ਵਸੀਮ ਦੀ ਪਹਿਲੀ ਫਿਲਮ ਹੈ ਅਤੇ ਪਹਿਲੀ ਹੀ ਫਿਲਮ ਨਾਲ ਉਸ ਦੇ ਕਰੀਅਰ ਨੂੰ ਖੰਭ ਲੱਗ ਗਏ ਹਨ। ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮੁਫ਼ਤੀ ਮਹਿਬੂਬਾ ਨਾਲ ਮੁਲਾਕਾਤ ਤੋਂ ਬਾਅਦ ਉਹ ਇਕਦਮ ਵਿਵਾਦਾਂ ਵਿਚ ਵੀ ਘਿਰ ਗਈ ਸੀ। ਅਸਲ ਵਿਚ ਸੂਬੇ ਦੇ ਲੋਕ ਸਰਕਾਰ ਤੋਂ ਔਖੇ ਹੀ ਇੰਨੇ ਜ਼ਿਆਦਾ ਸਨ ਕਿ ਉਨ੍ਹਾਂ ਨੇ ਜ਼ਾਇਰਾ ਵੱਲੋਂ ਮਹਿਬੂਬਾ ਨੂੰ ਮਿਲਣ ਦੇ ਮਾਮਲੇ ਨੂੰ ਮੁੱਦਾ ਬਣਾ ਲਿਆ। ਚੇਤੇ ਰਹੇ ਕਿ ਸੁਰੱਖਿਆ ਬਲਾਂ ਵੱਲੋਂ ਹਿਜ਼ਬੁਲ ਮੁਜਾਹਿਦੀਨ ਦੇ ਕਮਾਂਡਰ ਬੁਰਹਾਨ ਵਾਨੀ ਨੂੰ ਮਾਰੇ ਜਾਣ 'ਤੇ ਲੋਕਾਂ ਨੇ ਬੜੀ ਤਿੱਖੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਸੀ ਅਤੇ ਸੂਬੇ ਅੰਦਰ ਰੋਸ ਅਤੇ ਰੋਹ ਦੇ ਭਾਂਬੜ ਬਲ ਉਠ ਸਨ। ਇਸ ਰੋਹ ਤੇ ਰੋਸ ਦੌਰਾਨ ਲੋਕ ਸੜਕਾਂ ਉਤੇ ਨਿਕਲ ਆਏ ਅਤੇ ਲੰਮਾ ਸਮਾਂ ਚੱਲੇ ਸੰਘਰਸ਼ ਦੌਰਾਨ ਸੌ ਤੋਂ ਵੱਧ ਜਾਨਾਂ ਚਲੀਆਂ ਗਈਆਂ। ਮਗਰੋਂ ਜ਼ਾਇਰਾ ਵਸੀਮ ਨੇ ਲੋਕਾਂ ਤੋਂ ਮੁਆਫੀ ਵੀ ਮੰਗੀ ਅਤੇ ਕਿਹਾ ਕਿ ਉਸ ਦਾ ਮਕਸਦ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣਾ ਨਹੀਂ ਸੀ, ਉਹ ਤਾਂ ਬੱਸ ਐਵੇਂ ਮੁੱਖ ਮੰਤਰੀ ਨੂੰ ਮਿਲਣ ਚਲੀ ਸੀ।

23 ਅਕਤੂਬਰ 2000 ਨੂੰ ਜਨਮੀ ਜ਼ਾਇਰਾ ਅਜੇ ਦਸਵੀਂ ਵਿਚ ਪੜ੍ਹਦੀ ਹੈ। ਉਹ ਕਾਫੀ ਸੰਗਾਊ ਸੁਭਾਅ ਦੀ ਹੈ। ਫਿਲਮਾਂ ਵਿਚ ਆਉਣ ਬਾਰੇ ਉਹ ਸਿਰਫ ਇੰਨਾ ਹੀ ਆਖਦੀ ਹੈ ਕਿ ਕੁਝ ਕਰ ਗੁਜ਼ਰਨ ਦੀ ਤਮੰਨਾ ਹੀ ਉਸ ਨੂੰ ਇਸ ਪਾਸੇ ਲੈ ਕੇ ਆਈ। ਔਡੀਸ਼ਨ ਦੌਰਾਨ ਇਕ ਹਜ਼ਾਰ ਤੋਂ ਵੀ ਵੱਧ ਕੁੜੀਆਂ ਨੂੰ ਪਛਾੜ ਕੇ ਉਸ ਨੂੰ ਫਿਲਮ 'ਦੰਗਲ' ਦਾ ਗੀਤਾ ਫੋਗਾਟ ਵਾਲਾ ਕਿਰਦਾਰ ਮਿਲਿਆ। ਉਹ ਖੁਦ ਨੂੰ ਖੁਸ਼ਕਿਸਮਤ ਆਖਦੀ ਹੈ ਜਿਸ ਨੂੰ ਪੈਂਦੀ ਸੱਟੇ ਹੀ 'ਦੰਗਲ' ਵਰਗੀ ਫਿਲਮ ਮਿਲੀ ਅਤੇ ਵੱਡੇ ਕਲਾਕਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਹੁਣ ਉਹ ਸਲਮਾਨ ਖਾਨ ਦੀ ਨਵੀਂ ਫਿਲਮ 'ਟਿਊਬ ਲਾਈਟ' ਵਿਚ ਨਜ਼ਰ ਆਵੇਗੀ। ਹਿੰਦ-ਚੀਨ ਜੰਗ ਬਾਰੇ ਬਣਾਈ ਇਸ ਫਿਲਮ ਵਿਚ ਸਲਮਾਨ ਖਾਨ ਅਤੇ ਉਸ ਤੋਂ ਇਲਾਵਾ ਚੀਨ ਦੀ ਅਦਾਕਾਰਾ ਤੇ ਗਾਇਕਾ ਜ਼ੂ ਜ਼ੂ ਵੀ ਕੰਮ ਕਰ ਰਹੀ ਹੈ। ਜ਼ਾਇਰਾ ਚਾਹੁੰਦੀ ਹੈ ਕਿ ਬੁਲੰਦੀਆਂ ਛੂਹਵੇ...!

*-ਗੁਰਜੰਟ ਸਿੰਘ*



## ਅੱਖੀਂ ਡਿੱਠੀ ਕਾਲੇ ਪਾਣੀ ਜੇਲ੍ਹ-3

# ਸਾਵਰਕਰ ਦਾ ਮੁਆਫੀਨਾਮਾ

*ਅੰਡੇਮਾਨ ਨਿਕੋਬਾਰ ਦੀਪ ਸਮੂਹ ਵਿਚ ਪੋਰਟ ਬਲੇਅਰ ਦੀ ਸੈਲੂਲਰ ਜੇਲ੍ਹ ਕਾਲੇ ਪਾਣੀ ਵਜੋਂ ਮਸ਼ਹੂਰ ਹੈ ਜਿਥੇ ਗਦਰੀਆਂ ਨੇ ਇਤਿਹਾਸ ਸਿਰਜਿਆ। ਅੰਗਰੇਜ਼ਾਂ ਨੇ ਦੇਸ਼ ਭਗਤਾਂ ਦਾ ਮਨੋਬਲ ਤੋੜਨ ਲਈ ਉਨ੍ਹਾਂ ਨੂੰ ਇਸ ਉਚੇਚੀ ਬਣਵਾਈ ਜੇਲ੍ਹ ਅੰਦਰ ਡੱਕਿਆ ਸੀ ਅਤੇ ਉਨ੍ਹਾਂ ਉਤੇ ਅਥਾਹ ਤਸ਼ੱਦਦ ਢਾਹੇ, ਪਰ ਗਦਰੀਆਂ ਨੇ ਝੁਕਣ ਦੀ ਥਾਂ ਕੁਰਬਾਨੀਆਂ ਦੀ ਝੜੀ ਲਾਈ ਰੱਖੀ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਦੀ ਆਖਰੀ ਕਿਸ਼ਤ ਵਿਚ ਸਾਵਰਕਰ ਵੱਲੋਂ ਮੰਗੀ ਮੁਆਫੀ ਬਾਰੇ ਖੁਲਾਸਾ ਕੀਤਾ ਹੈ। -ਸੰਪਾਦਕ*

ਸਾਵਰਕਰ ਦਾ ਕਿਰਦਾਰ ਐਨਾ ਘਿਨਾਉਣੇ ਰੂਪ 'ਚ ਗੋਡੇ-ਟੇਕੂ ਸੀ ਕਿ ਹਿੰਦੂਤਵ ਨੂੰ ਆਪਣਾ ਮਾਰਗ-ਦਰਸ਼ਕ ਸਿਧਾਂਤ ਮੰਨਣ ਵਾਲੇ ਮੁੱਖ ਭਾਜਪਾ ਆਗੂ ਵੀ ਕੇਂਦਰੀ ਸੱਤਾ ਉਪਰ ਕਾਬਜ਼ ਹੋ ਕੇ 2002 ਵਿਚ ਹੀ ਉਸ ਨੂੰ ਕੌਮੀ ਨਾਇਕ ਐਲਾਨਣ ਦਾ ਹੌਸਲਾ ਜੁਟਾ ਸਕੇ। ਇਥੋਂ ਉਸ ਨੂੰ ਮਹਾਨ ਦੇਸ਼ ਭਗਤ ਵਜੋਂ ਪੇਸ਼ ਕਰਨ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਇਹ ਸਾਵਰਕਰ ਹੀ ਸੀ ਜਿਸ ਨੇ 'ਇਲਾਕਾਈ ਰਾਸ਼ਟਰਵਾਦ' ਦੀ ਧਾਰਨਾ ਰੱਦ ਕਰ ਕੇ 'ਸਭਿਆਚਾਰਕ ਰਾਸ਼ਟਰਵਾਦ' ਦੀ ਧਾਰਨਾ ਪੇਸ਼ ਕੀਤੀ ਸੀ ਜੋ ਹਿੰਦੂਤਵ ਦੀ ਬੁਨਿਆਦ ਹੈ ਅਤੇ ਇਹ ਕਾਂਗਰਸ ਦੀ ਰਾਸ਼ਟਰਵਾਦ ਦੀ ਧਾਰਨਾ ਦਾ ਸਿੱਧੇ ਤੌਰ 'ਤੇ ਨਿਖੇਧ ਹੈ। ਕਾਂਗਰਸ ਨੇ 1934 ਵਿਚ ਵਿਸ਼ੇਸ਼ ਮਤਾ ਪਾਸ ਕਰ ਕੇ ਆਪਣੇ ਮੈਂਬਰਾਂ ਦੇ ਆਰ.ਐਸ.ਐਸ. ਅਤੇ ਹਿੰਦੂ ਮਹਾਂ ਸਭਾ ਦੇ ਮੈਂਬਰ ਬਣਨ ਉਪਰ ਪਾਬੰਦੀ ਲਾਈ ਸੀ, ਇਸ ਫੈਸਲੇ ਨੂੰ ਬਾਅਦ ਵਿਚ ਕਦੇ ਵੀ ਬਦਲਿਆ ਨਹੀਂ ਗਿਆ। ਉਸੇ ਕਾਂਗਰਸ ਦੇ ਆਗੂ ਹੁਣ ਸਾਵਰਕਰ ਨੂੰ ਨਾਇਕ ਦਾ ਰੁਤਬਾ ਦੇਣ ਅਤੇ ਉਸ ਨੂੰ ਵਡਿਆਉਣ ਵਿਚ ਭਗਵੇਂ ਬ੍ਰਿਗੇਡ ਤੋਂ ਪਿੱਛੇ ਨਹੀਂ ਰਹੇ ਜਿਨ੍ਹਾਂ ਦੇ 'ਰਾਸ਼ਟਰ ਪਿਤਾ' ਨੂੰ ਸਾਵਰਕਰ ਨੇ ਨੱਥੂਰਾਮ ਗੋਡਸੇ ਤੋਂ ਕਤਲ ਕਰਵਾਉਣ ਤੋਂ ਵੀ ਗੁਰੇਜ਼ ਨਹੀਂ



**ਬੂਟਾ ਸਿੰਘ**
ਫੋਨ: +91-94634-74342

ਕੀਤਾ ਸੀ। 4 ਮਈ 2002 ਨੂੰ ਪੋਰਟ ਬਲੇਅਰ ਹਵਾਈ ਅੱਡੇ ਦਾ ਨਾਂ ਬਦਲ ਕੇ ਸਾਵਰਕਰ ਦੇ ਨਾਂ 'ਤੇ ਰੱਖਣ ਲਈ ਲਾਲ ਕ੍ਰਿਸ਼ਨ ਅਡਵਾਨੀ ਉਚੇਚੇ ਉਥੇ ਪਧਾਰੇ। ਜੰਗੇ-ਆਜ਼ਾਦੀ ਬਾਰੇ ਸੈਲੂਲਰ ਜੇਲ੍ਹ ਦੀ ਗੈਲਰੀ ਦਾ ਇਕ ਪੂਰਾ ਹਿੱਸਾ ਸਾਵਰਕਰ ਦੀਆਂ ਤਸਵੀਰਾਂ ਨਾਲ ਸਜਾ ਦਿੱਤਾ ਗਿਆ ਅਤੇ ਸੁਭਾਸ਼ ਚੰਦਰ ਬੋਸ ਦੇ ਬਰਾਬਰ ਸਾਵਰਕਰ ਦੀ ਤਸਵੀਰ ਲਗਾਈ ਗਈ। ਹੁਣ ਇਥੇ ਸੈਲਾਨੀਆਂ ਨੂੰ ਜੇਲ੍ਹ ਦੇ ਜ਼ੁਲਮਾਂ ਵਿਰੁਧ ਦੇਸ਼ ਭਗਤਾਂ ਦੀ ਜੱਦੋਜਹਿਦ ਦੀ ਜਾਣਕਾਰੀ ਦੇਣ ਦੇ ਨਾਂ ਉਪਰ ਜੋ 'ਲਾਈਟ ਐਂਡ ਸਾਊਂਡ' ਪ੍ਰੋਗਰਾਮ ਪੇਸ਼ ਕੀਤਾ ਜਾਂਦਾ ਹੈ, ਉਹ ਵੀ ਸਾਵਰਕਰ ਦੇ ਇਰਦ-ਗਿਰਦ ਹੀ ਘੁੰਮਦਾ ਹੈ।

ਇਸ ਸਿਲਸਿਲੇ ਵਿਚ 26 ਫਰਵਰੀ 2003 ਨੂੰ ਹਿੰਦੁਸਤਾਨ ਦੀ ਪਾਰਲੀਮੈਂਟ ਵਿਚ ਵੀ ਸਾਵਰਕਰ ਦਾ ਬੁੱਤ ਲਗਾ ਦਿੱਤਾ ਗਿਆ। ਮਹਾਰਾਸ਼ਟਰ ਵਿਚ ਕਾਂਗਰਸ ਦੀ ਸਰਕਾਰ ਵੀ ਇਸ ਵਿਚ ਪਿੱਛੇ ਨਹੀਂ ਰਹੀ। 2003 ਵਿਚ ਮਹਾਰਾਸ਼ਟਰ ਸਰਕਾਰ ਵਲੋਂ ਮੁੰਬਈ ਵਿਚ ਵੀ ਸਾਵਰਕਰ ਦਾ ਬੁੱਤ ਲਗਾ ਦਿੱਤਾ ਗਿਆ। ਜਦੋਂ ਸਾਵਰਕਰ ਨੂੰ ਲੈ ਕੇ ਕਾਂਗਰਸ ਆਗੂ ਮਣੀਸ਼ੰਕਰ ਅਈਅਰ ਨੇ ਤੱਥਪੂਰਨ ਸਵਾਲ ਉਠਾਏ ਤਾਂ ਕਾਂਗਰਸ ਸਰਕਾਰ ਨੇ ਇਹ ਸਫਾਈ ਦੇ ਕੇ ਸੰਘ ਪਰਿਵਾਰ ਦੀ ਸਾਵਰਕਰ ਨੂੰ ਮੁੜ ਸਥਾਪਤ ਕਰਨ ਦੀ ਮੁਹਿੰਮ ਉਪਰ ਮੋਹਰ ਲਾ ਦਿੱਤੀ ਕਿ ਸਾਵਰਕਰ ਬਾਰੇ ਅਈਅਰ ਦੇ ਵਿਚਾਰ ਵਿਅਕਤੀਗਤ ਹਨ, ਸਰਕਾਰ ਦੇ ਨਹੀਂ। ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਾਂਗਰਸ ਵੱਲੋਂ ਬਿਆਨ ਦਿੱਤਾ ਕਿ ਇਹ ਗੈਰਜ਼ਰੂਰੀ ਵਿਵਾਦ ਹੈ ਅਤੇ ਮ੍ਰਿਤਕ ਬੰਦੇ ਦੀਆਂ ਬੁਰਾਈਆਂ ਦੀ ਚਰਚਾ ਕਰ ਕੇ ਨੇਕੀ ਹਾਸਲ ਨਹੀਂ ਕੀਤੀ ਜਾ ਸਕਦੀ। ਲਿਹਾਜ਼ਾ ਕਾਂਗਰਸ ਦੀ ਸਹਾਇਤਾ ਨਾਲ ਸੰਘ ਪਰਿਵਾਰ ਉਸ ਨੂੰ ਆਜ਼ਾਦੀ ਦੇ ਮਹਾਂ ਨਾਇਕ ਦੇ ਤੌਰ 'ਤੇ ਮੁਲਕ ਉਪਰ ਥੋਪਣ ਅਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਿਚ ਕਾਮਯਾਬ ਹੋ ਗਿਆ।

ਜੇਲ੍ਹ ਦੇ ਸੱਤ ਨੰਬਰ ਬਲਾਕ ਦੀ ਦੂਜੀ ਮੰਜ਼ਿਲ ਉਪਰ 123 ਨੰਬਰ ਕੋਠੜੀ ਉਪਰ ਵਿਸ਼ੇਸ਼ ਤਖ਼ਤੀ ਲਗਾਈ ਗਈ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਥੇ ਸਾਵਰਕਰ ਨੂੰ ਬੰਦ ਰੱਖਿਆ ਗਿਆ। ਬਾਬਾ ਸੋਹਣ ਸਿੰਘ, ਮਹਾਵੀਰ ਸਿੰਘ ਵਰਗੇ ਕਿਸੇ ਦੇਸ਼ ਭਗਤ ਇਨਕਲਾਬੀ ਦੀ ਕੋਠੜੀ ਦੀ ਇੰਞ ਉਚੇਚੀ ਨਿਸ਼ਾਨਦੇਹੀ ਕੀਤੀ ਹੋਈ ਨਹੀਂ ਮਿਲਦੀ ਜਿਨ੍ਹਾਂ ਨੇ ਆਪਣੇ ਸਿਰਲੱਥ ਕਿਰਦਾਰ ਨੂੰ ਬੇਮਿਸਾਲ ਸਿਰੜ ਨਾਲ ਬੁਲੰਦ ਰੱਖਦਿਆਂ ਜ਼ਾਲਮ ਜੇਲ੍ਹ ਅਫਸਰਾਂ ਦਾ ਗਰੂਰ ਤੋੜਨ ਵਿਚ ਮੁੱਖ ਭੂਮਿਕਾ ਨਿਭਾਈ ਸੀ।

ਸੰਘੀ ਅਤੇ ਕਾਂਗਰਸੀ ਹੁਕਮਰਾਨਾਂ ਵਲੋਂ ਮਿਲ ਕੇ ਉਨ੍ਹਾਂ ਦੇਸ਼ ਭਗਤ ਯੋਧਿਆਂ ਦੀ ਬੀਰਗਾਥਾ ਨੂੰ ਪੀਨਲ ਸੈਟਲਮੈਂਟ ਦੇ ਇਤਿਹਾਸ ਵਿਚੋਂ ਤਕਰੀਬਨ ਮਨਫੀ ਹੀ ਕਰ ਦਿੱਤਾ ਗਿਆ ਜਿਨ੍ਹਾਂ ਵਲੋਂ ਕਾਲੇ ਪਾਣੀ ਕੈਦ ਦੇ ਜ਼ੁਲਮਾਂ ਵਿਰੁਧ ਬਹਾਦਰੀ ਨਾਲ ਟੱਕਰ ਲੈਣ ਦੇ ਸ਼ਾਨਾਂਮੱਤੇ ਕਾਰਨਾਮਿਆਂ ਨੂੰ ਮੁੱਖ ਰੱਖਦਿਆਂ ਅਹਿਮੀਅਤ ਦਿੱਤੀ ਜਾਣੀ ਚਾਹੀਦੀ ਸੀ। ਸਭ ਤੋਂ ਪਹਿਲਾਂ, ਈਸਟ ਇੰਡੀਆ ਕੰਪਨੀ ਵਿਰੁਧ 1857 ਦੇ ਗਦਰ ਦੌਰਾਨ ਗ੍ਰਿਫਤਾਰ ਕੀਤੇ ਯੋਧਿਆਂ ਨੂੰ ਇਥੇ ਭੇਜਿਆ ਗਿਆ। ਅਜੇ ਤਕ ਕਿਸੇ ਵੀ ਸਰਕਾਰ ਵਲੋਂ ਪੁਰਾਣੇ ਰਿਕਾਰਡ ਦੀ ਖੋਜ ਕਰਵਾ ਕੇ ਉਨ੍ਹਾਂ ਵਤਨ ਪ੍ਰੇਮੀਆਂ ਅਤੇ ਹੋਰ ਕੈਦੀਆਂ ਦੀ ਸੂਚੀ ਤਿਆਰ ਕਰਵਾਉਣ ਦਾ ਤਰੱਦਦ ਨਹੀਂ ਕੀਤਾ ਗਿਆ ਜਿਨ੍ਹਾਂ ਨੂੰ ਪਹਿਲੀ ਜੰਗੇ-ਆਜ਼ਾਦੀ ਦੇ ਸਮੇਂ ਤੋਂ ਲੈ ਕੇ ਜਪਾਨ ਵਲੋਂ ਦੂਜੀ ਆਲਮੀ ਜੰਗ ਦੌਰਾਨ ਇਨ੍ਹਾਂ ਟਾਪੂਆਂ ਉਪਰ ਕੈਦ ਰੱਖਿਆ ਗਿਆ। ਜੇਲ੍ਹ ਦੇ ਜ਼ੁਲਮਾਂ ਨਾਲ ਟੱਕਰ ਲੈਣ ਵਾਲੇ ਜਿਨ੍ਹਾਂ ਦੇਸ਼ ਭਗਤਾਂ ਦੇ ਸ਼ਾਨਾਂਮੱਤੇ ਸੰਘਰਸ਼ ਦੇ ਤੱਥ ਸਪਸ਼ਟ ਤੌਰ 'ਤੇ ਹਾਸਲ ਹਨ, ਪਰ ਉਨ੍ਹਾਂ ਨੂੰ ਵੀ ਢੁੱਕਵੀਂ ਜਗ੍ਹਾ ਨਹੀਂ ਦਿੱਤੀ ਗਈ।

1857 ਦੇ ਗ਼ਦਰ ਦੇ ਜਿਨ੍ਹਾਂ ਕੁਝ ਉਘੇ ਆਗੂਆਂ ਨੂੰ ਗ੍ਰਿਫਤਾਰ ਕਰ ਕੇ ਇਥੇ ਭੇਜਿਆ ਗਿਆ, ਉਨ੍ਹਾਂ ਵਿਚੋਂ ਅਲਮਾ ਫਾਜ਼ਿਲ ਹੱਕ ਖ਼ੈਰਾਬਾਦੀ ਅਤੇ ਮੌਲਾਨਾ ਲਿਆਕਤ ਅਲੀ ਨੇ ਜ਼ੁਲਮਾਂ ਦਾ ਮੁਕਾਬਲਾ ਕਰਦਿਆਂ ਇਥੇ ਹੀ ਆਖਰੀ ਸਵਾਸ ਲਏ। ਇਕ ਹੋਰ ਬਾਗ਼ੀ ਜਫਰ ਅਲੀ ਥਾਨੇਸਵਰੀ ਨੂੰ ਵੀਹ ਸਾਲ ਕੈਦ ਰੱਖਿਆ ਗਿਆ। ਇਹ ਸਾਰੇ ਉਚ ਤਾਲੀਮਯਾਫਤਾ ਅਤੇ ਬੁਲੰਦ ਇਖ਼ਲਾਕੀ ਕਿਰਦਾਰ ਵਾਲੇ ਗ਼ਦਰੀ ਸਨ।

ਅਗਲਾ ਪੂਰ ਮੁਸਲਿਮ ਵਹਾਬੀ ਬਾਗ਼ੀਆਂ ਦਾ ਸੀ ਜਿਨ੍ਹਾਂ ਨੇ ਅੰਗਰੇਜ਼-ਵਿਰੋਧੀ ਮੌਲਵੀਆਂ ਦੀ ਅਗਵਾਈ ਹੇਠ ਬਗ਼ਾਵਤ ਕੀਤੀ ਸੀ। ਉਨ੍ਹਾਂ ਨੇ ਵੀ ਵੱਡੀ ਤਾਦਾਦ ਵਿਚ 1857 ਦੇ ਗ਼ਦਰ ਵਿਚ ਹਿੱਸਾ ਲਿਆ ਸੀ। ਵਹਾਬੀਆਂ ਵਿਚੋਂ ਸ਼ੇਰ ਅਲੀ ਅਫਰੀਦੀ ਦਾ ਹਵਾਲਾ ਹੀ ਮਿਲਦਾ ਹੈ ਜਿਸ ਨੇ ਅੰਡੇਮਾਨ ਟਾਪੂਆਂ 'ਤੇ ਕੈਦ ਕੱਟਦਿਆਂ ਵਾਇਸਰਾਏ ਮੀਓ ਨੂੰ ਉਦੋਂ ਮਾਰ ਦਿੱਤਾ ਜਦੋਂ ਉਹ ਦੌਰੇ 'ਤੇ ਗਿਆ ਸੀ। ਉਹ ਖ਼ੈਬਰ ਏਜੰਸੀ ਇਲਾਕੇ ਦੀ ਤਿਰਾਹ ਘਾਟੀ ਨਾਲ ਸਬੰਧਤ ਸੀ। ਉਸ ਨੂੰ ਕਤਲ ਕੇਸ ਵਿਚ ਮੌਤ ਦੀ ਸਜ਼ਾ ਹੋਈ ਸੀ ਜੋ ਘਟਾ ਕੇ ਕਾਲੇਪਾਣੀ ਉਮਰ ਕੈਦ ਵਿਚ ਬਦਲ ਦਿੱਤੀ ਗਈ ਸੀ। ਉਮਰ ਕੈਦ ਭੁਗਤਦਿਆਂ ਉਸ ਨੇ ਮੌਕਾ ਤਾੜ ਕੇ ਲਾਰਡ ਮੀਓ ਨੂੰ ਕਤਲ ਕਰ ਦਿੱਤਾ। ਉਸ ਨੂੰ ਗ੍ਰਿਫਤਾਰ ਕਰ ਕੇ ਮੁਕੱਦਮਾ ਚਲਾਇਆ ਗਿਆ। ਫਾਂਸੀ ਦਿੱਤੇ ਜਾਣ ਵਕਤ ਉਸ ਦਾ ਹੌਸਲਾ ਪਹਿਲਾਂ ਨਾਲੋਂ ਵੀ ਬੁਲੰਦ ਸੀ। ਉਸ ਨੇ ਡਾਢੇ ਮਾਣ ਨਾਲ ਕਿਹਾ ਕਿ ਲਾਰਡ ਮੀਓ ਨੂੰ ਮਾਰ ਕੇ ਉਹ ਬਹੁਤ ਖੁਸ਼ ਹੈ। ਸ਼ੇਰ ਅਲੀ ਨੂੰ 11 ਮਾਰਚ 1872 ਨੂੰ ਫਾਂਸੀ ਦਿੱਤੀ ਗਈ।




*ਡਾਕਟਰ ਦੀਵਾਨ ਸਿੰਘ ਦੀ ਯਾਦ ਵਿਚ ਬਣਾਇਆ ਗੁਰਦੁਆਰਾ।*

ਇਸ ਤੋਂ ਅਗਲੇ ਦਹਾਕਿਆਂ ਵਿਚ ਬਰਤਾਨਵੀ ਰਾਜ ਵਿਰੁਧ ਬਗ਼ਾਵਤ ਕਰਨ ਵਾਲੇ ਹੋਰ ਕਈ ਬਾਗ਼ੀਆਂ ਨੂੰ ਵੀ ਇਥੇ ਭੇਜਿਆ ਗਿਆ ਹੋਵੇਗਾ ਜਿਨ੍ਹਾਂ ਦੇ ਵੇਰਵੇ ਹਾਸਲ ਨਹੀਂ।

1906 ਵਿਚ ਸੈਲੂਲਰ ਜੇਲ੍ਹ ਦੀ ਉਸਾਰੀ ਮੁਕੰਮਲ ਹੋਣ 'ਤੇ ਜੋ ਇਨਕਲਾਬੀ ਇਥੇ ਭੇਜੇ ਗਏ, ਉਹ ਬੰਗਾਲ ਦੇ 1908 ਦੇ ਅਲੀਪੁਰ ਬੰਬ ਕੇਸ ਦੇ ਇਨਕਲਾਬੀ ਸਨ। ਇਸ ਤੋਂ ਪਿੱਛੋਂ ਆਜ਼ਾਦੀ ਲਈ ਅਗਲੀਆਂ ਹਥਿਆਰਬੰਦ ਲਹਿਰਾਂ ਦੇ ਯੋਧਿਆਂ ਨੂੰ ਇਥੇ ਭੇਜ ਕੇ ਤਿਲ-ਤਿਲ ਕਰ ਕੇ ਮਾਰਨ ਦਾ ਸਿਲਸਿਲਾ ਚੱਲਦਾ ਰਿਹਾ। ਬੰਗਾਲ ਦੇ ਗ਼ਦਰੀ, 1915 ਦੀ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਲਾਹੌਰ ਸਾਜ਼ਿਸ਼ ਕੇਸ ਨਾਲ ਸਬੰਧਤ ਸ਼ਹੀਦ ਭਗਤ ਸਿੰਘ ਹੋਰਾਂ ਦੇ ਸਾਥੀ (ਬੀ.ਕੇ. ਦੱਤ, ਡਾ. ਗਯਾ ਪ੍ਰਸਾਦ, ਬਿਜੋਏ ਕੁਮਾਰ ਸਿਨਹਾ, ਸ਼ਿਵ ਵਰਮਾ, ਜੈਦੇਵ ਕਪੂਰ ਆਦਿ), ਚਿਟਾਗਾਂਗ ਹਮਲੇ ਵਿਚ ਸ਼ਾਮਲ ਇਨਕਲਾਬੀਆਂ ਅਤੇ ਹੋਰ ਬਹੁਤ ਸਾਰਿਆਂ ਨੂੰ ਇਥੇ ਕੈਦ ਰੱਖਿਆ ਗਿਆ। ਬੰਗਾਲੀ ਇਨਕਲਾਬੀ ਤ੍ਰਿਲੋਕੀਨਾਥ ਚਕਰਵਰਤੀ ਤੀਹ ਸਾਲ ਜੇਲ੍ਹ ਵਿਚ ਬੰਦ ਰਹੇ। ਇਹ ਸਾਰੇ ਉਹ ਦੇਸ਼ ਭਗਤ ਬਾਗ਼ੀ ਅਤੇ ਇਨਕਲਾਬੀ ਸਨ ਜਿਨ੍ਹਾਂ ਨੇ ਜਿਸਮਾਨੀ ਅਤੇ ਜ਼ਿਹਨੀਂ ਤਸ਼ੱਦਦ ਦੁਆਰਾ ਦੇਸ਼ ਭਗਤਾਂ ਦਾ ਮਨੋਬਲ ਤੋੜਨ ਦੇ ਅੰਗਰੇਜ਼ ਬਸਤੀਵਾਦੀਆਂ ਦੇ ਮਨਸੂਬੇ ਆਪਣੇ ਇਨਕਲਾਬੀ ਸਿਰੜ ਨਾਲ ਨਾ ਸਿਰਫ ਨਾਕਾਮ ਬਣਾ ਦਿੱਤੇ, ਸਗੋਂ ਲੰਮੀਆਂ ਜਾਨ-ਹੂਲਵੀਆਂ ਭੁੱਖ ਹੜਤਾਲਾਂ ਨਾਲ ਜੇਲ੍ਹ ਅਫਸਰਾਂ ਨੂੰ ਝੁਕਾ ਕੇ ਕੈਦੀਆਂ ਨੂੰ ਸਮੂਹਿਕ ਹੱਕ ਦਿਵਾਉਣ ਵਿਚ ਬੇਮਿਸਾਲ ਕਾਮਯਾਬੀਆਂ ਹਾਸਲ ਕੀਤੀਆਂ। ਇਨ੍ਹਾਂ ਜੱਦੋਜਹਿਦਾਂ ਦੌਰਾਨ ਸੈਲੂਲਰ ਜੇਲ੍ਹ ਦੇ ਜ਼ੁਲਮਾਂ ਦਾ ਮੁਕਾਬਲਾ ਕਰਦਿਆਂ ਗ਼ਦਰੀ ਬਾਬਾ ਭਾਨ ਸਿੰਘ ਸੁਨੇਤ, ਰੁਲੀਆ ਸਿੰਘ ਸਰਾਭਾ, ਪੰਡਤ ਰਾਮ ਰੱਖਾ ਬਾਲੀ, ਇੰਦੂ ਭੂਸ਼ਨ ਰਾਏ, ਮਹਾਵੀਰ ਸਿੰਘ, ਮੋਹਨ ਕਿਸ਼ੋਰ ਨਾਮਦਾਸ, ਮੋਹਿਤ ਮੋਇਤ੍ਰਾ ਅਤੇ ਹੋਰ ਕਈ ਇਨਕਲਾਬੀ ਸ਼ਹੀਦ ਹੋਏ। ਸੈਲੂਲਰ ਜੇਲ੍ਹ ਤੋਂ ਇਲਾਵਾ, ਇਨ੍ਹਾਂ ਟਾਪੂਆਂ ਉਪਰ ਹੋਰ ਵੀ ਕਈ ਐਸੀਆਂ ਥਾਂਵਾਂ ਹਨ ਜਿਨ੍ਹਾਂ ਦੀ ਆਪਣੀ ਇਤਿਹਾਸਕ ਅਹਿਮੀਅਤ ਹੈ ਅਤੇ ਇਹ ਥਾਂਵਾਂ ਵੀ ਵੇਖਣਯੋਗ ਹਨ।

**ਵਾਈਪਰ ਜੇਲ੍ਹ:** ਪੋਰਟ ਬਲੇਅਰ ਦੇ ਬਿਲਕੁਲ ਨਾਲ ਨਿੱਕਾ ਜਿਹਾ ਵਾਈਪਰ ਨਾਂ ਦਾ ਟਾਪੂ ਹੈ ਜਿਸ ਉਪਰ ਦੋ ਪੁਰਾਣੀਆਂ ਇਮਾਰਤਾਂ ਮਾੜੀ ਹਾਲਤ ਵਿਚ ਹਨ। ਇਹ ਟਾਪੂ ਸੈਲੂਲਰ ਜੇਲ੍ਹ ਤੋਂ ਪਹਿਲੀ ਪੀਨਲ ਸੈਟਲਮੈਂਟ ਦਾ ਹਿੱਸਾ ਰਿਹਾ ਹੈ। ਉਸ ਵਕਤ ਪੀਨਲ ਸੈਟਲਮੈਂਟ ਮੌਜੂਦਾ ਪੋਰਟ ਬਲੇਅਰ ਦੇ ਨੇੜੇ-ਨੇੜੇ ਮੌਜੂਦ ਬੇਆਬਾਦ ਟਾਪੂਆਂ ਦੇ ਰੂਪ ਵਿਚ ਬਣਾਈ ਖੁੱਲ੍ਹੀ ਜੇਲ੍ਹ ਸੀ ਜਿਥੇ ਲਿਆ ਕੇ ਕੈਦੀਆਂ ਨੂੰ ਅੰਗਰੇਜ਼ ਫ਼ੌਜ ਦੀ ਨਿਗਰਾਨੀ ਹੇਠ ਰੱਖਿਆ ਜਾਂਦਾ ਸੀ ਜਿੱਥੇ ਉਹ ਬਿਨਾ ਕਿਸੇ ਸੁਰੱਖਿਆ ਤੋਂ ਅਤੇ ਗ਼ੈਰ-ਅਨੁਕੂਲ ਪੌਣਪਾਣੀ ਅੰਦਰ ਸਖ਼ਤ ਮੁਸ਼ੱਕਤ ਕਰਦਿਆਂ ਜੰਗਲੀ ਜਾਨਵਰਾਂ ਅਤੇ ਮੂਲਵਾਸੀਆਂ ਦੇ ਹਮਲਿਆਂ ਹੱਥੋਂ ਮਾਰੇ ਜਾਂਦੇ ਸਨ। ਉਸ ਵਕਤ ਸ਼ਾਇਦ ਕੋਈ ਟਾਵਾਂ-ਟਾਵਾਂ ਹੀ ਇਥੋਂ ਜਿਉਂਦਾ ਬਚ ਕੇ ਵਤਨ ਵਾਪਸ ਮੁੜਿਆ ਹੋਵੇਗਾ।

ਟਾਪੂ ਦੇ ਕੰਢੇ ਢਹਿ ਚੁੱਕਾ ਅਦਾਲਤਖ਼ਾਨਾ ਹੈ ਜਿਥੇ ਕੈਦੀਆਂ ਉਪਰ ਮੁਕੱਦਮਾ ਚਲਾਇਆ ਜਾਂਦਾ ਸੀ। ਇਸ ਦਾ ਅਗਲਾ ਹਿੱਸਾ 2003 ਦੀ ਸੁਨਾਮੀ ਦੌਰਾਨ ਢਹਿ ਗਿਆ ਸੀ। ਪ੍ਰਸ਼ਾਸਨ ਵਲੋਂ ਉਸ ਦੀ ਪਹਿਲੀ ਸ਼ਕਲ ਬਹਾਲ ਕਰਨ ਦਾ ਕੋਈ ਯਤਨ ਨਹੀਂ ਕੀਤਾ ਗਿਆ। ਜਿੰਨਾ ਕੁ ਹਿੱਸਾ ਬਚਿਆ ਹੋਇਆ ਹੈ, ਉਹ ਮਾੜੀ ਹਾਲਤ ਵਿਚ ਹੈ। ਪੰਜਾਹ ਕੁ ਮੀਟਰ ਅੱਗੇ ਜਾ ਕੇ ਪਹਾੜੀ ਦੀ ਚੋਟੀ ਉਪਰ ਫਾਂਸੀਘਰ ਹੈ। ਇਹ ਵੀ ਸਾਂਭ-ਸੰਭਾਲ ਦੀ ਅਣਹੋਂਦ ਕਾਰਨ ਖ਼ਤਮ ਹੋਣ ਕੰਢੇ ਹੈ। ਪਤਾ ਨਹੀਂ ਇਥੇ ਕਿੰਨੇ ਦੇਸ਼ ਭਗਤਾਂ ਨੂੰ ਇਥੇ ਫਾਂਸੀ ਦਿੱਤੀ ਗਈ ਹੋਵੇਗੀ? ਇਸ ਦੇ ਬਾਹਰ ਦੇਸ਼ ਭਗਤ ਸ਼ੇਰ ਅਲੀ ਦੀ ਤਸਵੀਰ ਲਗਾਈ ਗਈ ਹੈ।

**ਗੁਰਦੁਆਰਾ ਡਾ. ਦੀਵਾਨ ਸਿੰਘ:** ਇਹ ਡਾ. ਦੀਵਾਨ ਸਿੰਘ ਨੇ ਬਣਾਇਆ ਸੀ। ਇਸ ਦਾ ਇੰਤਜ਼ਾਮ ਇਕ ਕਮੇਟੀ ਕੋਲ ਹੈ ਜੋ ਗੁਰਦੁਆਰੇ ਦੇ ਨਾਲ ਮਿਸ਼ਨਰੀ ਸਕੂਲ ਚਲਾਉਂਦੀ ਹੈ। ਇਹ ਬੜਾ ਕਾਮਯਾਬ ਸਕੂਲ ਹੈ। ਦੀਵਾਨ ਸਿੰਘ ਡਾਕਟਰ ਸਨ ਜਿਨ੍ਹਾਂ ਨੂੰ ਬਰਤਾਨਵੀ ਸਟੇਟ ਪ੍ਰਤੀ ਵਫਾਦਾਰ ਨਾ ਹੋਣ ਕਾਰਨ ਤਬਾਦਲਾ ਕਰ ਕੇ ਪੋਰਟ ਬਲੇਅਰ ਹਸਪਤਾਲ ਵਿਚ ਡਿਉਟੀ 'ਤੇ ਭੇਜਿਆ ਗਿਆ ਸੀ। ਉਥੇ ਜਪਾਨੀ ਫ਼ੌਜ ਵਲੋਂ ਕਬਜ਼ਾ ਕੀਤੇ ਜਾਣ 'ਤੇ ਜਪਾਨੀ ਅਫਸਰਾਂ ਨੂੰ ਸਹਿਯੋਗ ਨਾ ਦੇਣ ਕਾਰਨ ਉਨ੍ਹਾਂ ਨੂੰ ਅੰਗਰੇਜ਼ਾਂ ਦਾ ਜਸੂਸ ਕਰਾਰ ਦੇ ਕੇ ਤਸੀਹੇ ਦੇ ਕੇ ਕਤਲ ਕਰ ਦਿੱਤਾ ਗਿਆ।

**ਹੈਂਫਰੇਗੰਜ ਸਮਾਰਕ:** ਹੈਂਫਰੇਗੰਜ ਪੋਰਟ ਬਲੇਅਰ ਦੇ ਬਿਲਕੁਲ ਨਾਲ ਨਿੱਕਾ ਜਿਹਾ ਜੰਗਲੀ ਇਲਾਕਾ ਹੈ। ਇਥੇ ਜੰਗਲ ਵਿਚ ਉਨ੍ਹਾਂ 44 ਹਿੰਦੁਸਤਾਨੀਆਂ ਦੀ ਯਾਦਗਾਰ ਬਣਾਈ ਗਈ ਹੈ ਜਿਨ੍ਹਾਂ ਨੂੰ ਜਪਾਨੀ ਬਸਤੀਵਾਦੀਆਂ ਨੇ 30 ਜਨਵਰੀ 1944 ਨੂੰ ਇਸ ਸੁੰਨ-ਮਸਾਨ ਜਗ੍ਹਾ ਉਪਰ ਲਿਜਾ ਕੇ ਗੋਲੀਆਂ ਮਾਰ ਦਿੱਤੀਆਂ ਸਨ। ਸੰਭਾਲ ਪੱਖੋਂ ਇਸ ਸ਼ਹੀਦੀ ਸਮਾਰਕ ਦਾ ਹਾਲ ਵੀ ਮਾੜਾ ਹੈ। ਪਤਾ ਲੱਗਿਆ ਕਿ ਇਥੇ ਹਰ ਸਾਲ 30 ਜਨਵਰੀ ਨੂੰ ਮੇਲਾ ਲਗਦਾ ਹੈ।

**ਰੌਸ ਟਾਪੂ:** ਰੌਸ ਟਾਪੂ ਨੂੰ ਅੰਗਰੇਜ਼ ਬਸਤੀਵਾਦੀਆਂ ਨੇ ਅੰਡੇਮਾਨ-ਨਿੱਕੋਬਾਰ ਟਾਪੂ ਸਮੂਹ ਦੇ ਸਦਰ-ਮੁਕਾਮ ਵਜੋਂ ਵਿਕਸਿਤ ਕੀਤਾ ਸੀ। ਸਭ ਤੋਂ ਪਹਿਲਾਂ ਕੈਦੀਆਂ ਨੂੰ ਇਥੇ ਲਿਆ ਕੇ ਜੰਗਲ ਸਾਫ ਕੀਤਾ ਗਿਆ, ਉਨ੍ਹਾਂ ਤੋਂ ਬੇਰਹਿਮੀ ਨਾਲ ਕੰਮ ਲਿਆ ਗਿਆ। ਇਥੇ ਬਸਤੀਵਾਦੀ ਪ੍ਰਸ਼ਾਸਨ ਦੀਆਂ ਜ਼ਰੂਰਤਾਂ ਅਨੁਸਾਰ ਵੱਖ-ਵੱਖ ਇਮਾਰਤਾਂ ਬਣਾਈਆਂ ਗਈਆਂ। ਸੰਭਾਲ ਦੀ ਅਣਹੋਂਦ 'ਚ ਬਸਤੀਵਾਦ ਦੀਆਂ ਇਹ ਨਿਸ਼ਾਨੀਆਂ ਖ਼ਤਮ ਹੋ ਰਹੀਆਂ ਹਨ। ਇਥੇ 1000 ਕੈਦੀ ਰੱਖਣ ਲਈ ਬੈਰਕਾਂ ਬਣਾਈਆਂ ਗਈਆਂ ਸਨ ਜਿਨ੍ਹਾਂ ਦੀ ਹੁਣ ਰਹਿੰਦ-ਖੂੰਹਦ ਹੀ ਰਹਿ ਗਈ ਹੈ।

ਦੂਜੀ ਆਲਮੀ ਜੰਗ ਦੌਰਾਨ 23 ਮਾਰਚ 1942 ਤੋਂ 7 ਅਕਤੂਬਰ 1945 ਤਕ ਇਸ ਟਾਪੂ ਸਮੂਹ ਉਪਰ ਜਪਾਨੀਆਂ ਦਾ ਕਬਜ਼ਾ ਰਿਹਾ। ਇਥੇ ਜਪਾਨੀਆਂ ਦਾ ਬਣਾਇਆ ਬੰਕਰ ਮੌਜੂਦ ਹੈ। ਜਿਨ੍ਹਾਂ ਹਿੰਦੁਸਤਾਨੀਆਂ ਅਤੇ ਅੰਡੇਮਾਨੀਆਂ ਨੂੰ ਜਪਾਨੀਆਂ ਦੀ ਇੱਛਾ ਅਨੁਸਾਰ ਕੰਮ ਨਾ ਕਰਨ ਕਾਰਨ ਬਰਤਾਨੀਆ ਦੇ ਜਾਸੂਸ ਹੋਣ ਦੇ ਇਲਜ਼ਾਮ ਲਾ ਕੇ ਤਸੀਹੇ ਦੇ ਕੇ ਮਾਰਿਆ ਗਿਆ, ਉਸ ਕਤਲੋਗ਼ਾਰਤ ਵਿਚ ਮਾਰੇ ਜਾਣ ਵਾਲਿਆਂ ਦੀਆਂ ਕੁਝ ਯਾਦਗਾਰਾਂ ਵੀ ਬਣਾਈਆਂ ਗਈਆਂ ਹਨ। ਉਸ ਵਕਤ ਸੈਲੂਲਰ ਜੇਲ੍ਹ ਦਾ ਇਸਤੇਮਾਲ ਜਪਾਨੀਆਂ ਵਲੋਂ ਆਪਣੇ ਕੈਦੀਆਂ ਨੂੰ ਤਸੀਹੇ ਦੇਣ, ਮਾਰਨ ਅਤੇ ਕੈਦ ਰੱਖਣ ਲਈ ਕੀਤਾ ਗਿਆ। ਇਨ੍ਹਾਂ ਵਿਚ ਅੰਗਰੇਜ਼ ਅਫਸਰ ਵੀ ਸ਼ਾਮਲ ਸਨ।

ਨਾ ਕੇਵਲ ਇਨ੍ਹਾਂ ਥਾਂਵਾਂ ਦੀ ਕੁਦਰਤੀ ਖ਼ੂਬਸੂਰਤੀ ਲਾਜਵਾਬ ਹੈ, ਸਗੋਂ ਇਥੇ ਜਾ ਕੇ ਅਤੇ ਇਨ੍ਹਾਂ ਇਤਿਹਾਸਕ ਥਾਂਵਾਂ ਨੂੰ ਅੱਖੀਂ ਦੇਖ ਕੇ ਮਨ ਆਜ਼ਾਦੀ ਸੰਗਰਾਮੀਆਂ ਪ੍ਰਤੀ ਖ਼ਾਸ ਤਰ੍ਹਾਂ ਦੀ ਭਾਵੁਕ ਨੇੜਤਾ ਮਹਿਸੂਸ ਕਰਦਾ ਹੈ।

**(ਸਮਾਪਤ)**

## ਸਾਵਰਕਰ ਦੀ ਰਹਿਮ ਦੀ ਦਰਖਾਸਤ

*ਸਾਵਰਕਰ ਵਲੋਂ 30 ਅਗਸਤ 1911 ਵਿਚ ਸਰਕਾਰ ਨੂੰ ਭੇਜੀ ਰਹਿਮ ਦੀ ਪਹਿਲੀ ਦਰਖ਼ਾਸਤ ਦਾ ਦਸਤਾਵੇਜ਼ੀ ਰੂਪ ਨਹੀਂ ਮਿਲਦਾ, ਪਰ ਉਸ ਵਲੋਂ 14 ਨਵੰਬਰ 1913 ਨੂੰ ਜੋ ਦੂਜੀ ਦਰਖ਼ਾਸਤ ਭੇਜੀ ਗਈ, ਉਸ ਵਿਚ 1911 ਵਾਲੀ ਪਹਿਲੀ ਦਰਖ਼ਾਸਤ ਦਾ ਹਵਾਲਾ ਦਿੱਤਾ ਗਿਆ ਹੈ। ਇਸ ਦਾ ਮੁੱਖ ਹਿੱਸਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ।*



... ਹਜ਼ੂਰ, ਅਖ਼ੀਰ ਵਿਚ ਜੋ ਰਹਿਮ ਦੀ ਦਰਖ਼ਾਸਤ ਮੈਂ 1911 ਵਿਚ ਭੇਜੀ ਸੀ, ਕੀ ਮੈਂ ਉਸ ਉਪਰ ਗ਼ੌਰ ਕਰਨ ਅਤੇ ਉਸ ਨੂੰ ਹਿੰਦ ਸਰਕਾਰ ਨੂੰ ਭੇਜੇ ਜਾਣ ਨੂੰ ਮਨਜ਼ੂਰੀ ਦੇਣ ਵੱਲ ਆਪ ਜੀ ਦਾ ਧਿਆਨ ਦਿਵਾਉਣ ਦੀ ਗੁਸਤਾਖ਼ੀ ਕਰ ਸਕਦਾ ਹਾਂ। ਹਿੰਦੁਸਤਾਨੀ ਸਿਆਸਤ ਦੇ ਤਾਜ਼ਾ ਘਟਨਾ-ਵਿਕਾਸ ਅਤੇ ਸਰਕਾਰ ਦੀ ਸੁਲਾਹ ਦੀ ਨੀਤੀ ਨੇ ਇਕ ਵਾਰ ਫਿਰ ਖੁੱਲ੍ਹਾ ਸੰਵਿਧਾਨਕ ਰਾਹ ਮੁਹੱਈਆ ਕੀਤਾ ਹੈ। ਹੁਣ ਸੱਚੇ ਦਿਲੋਂ ਹਿੰਦੁਸਤਾਨ ਅਤੇ ਮਨੁੱਖਤਾ ਦਾ ਭਲਾ ਚਾਹੁਣ ਵਾਲਾ ਕੋਈ ਵੀ ਬੰਦਾ ਉਸ ਕੰਡਿਆਲੇ ਰਾਹ ਉਪਰ ਅੱਖਾਂ ਮੀਟ ਕੇ ਪੈਰ ਨਹੀਂ ਰੱਖੇਗਾ ਜਿਸ ਰਾਹ ਅਸੀਂ ਹਿੰਦੁਸਤਾਨ ਦੀ 1906-07 ਦੀ ਉਤੇਜਿਤ ਅਤੇ ਨਾ-ਉਮੀਦੀ ਵਾਲੀ ਹਾਲਤ ਦੇ ਬਹਿਕਾਵੇ ਵਿਚ ਆ ਕੇ ਪੈ ਗਏ ਸੀ ਅਤੇ ਅਮਨ ਤੇ ਤਰੱਕੀ ਦੇ ਰਾਹ ਤੋਂ ਭਟਕ ਗਏ ਸੀ।

ਲਿਹਾਜ਼ਾ ਜੇ ਸਰਕਾਰ ਆਪਣੀ ਬਹੁਪਰਤੀ ਦਰਿਆਦਿਲੀ ਦੀ ਭਾਵਨਾ ਨਾਲ ਮੈਨੂੰ ਰਿਹਾ ਕਰ ਦੇਵੇ ਤਾਂ ਮੈਂ ਸੰਵਿਧਾਨਕ ਤਰੀਕੇ ਨਾਲ ਤਰੱਕੀ ਅਤੇ ਅੰਗਰੇਜ਼ ਹਕੂਮਤ ਪ੍ਰਤੀ ਵਫਾਦਾਰੀ ਦਾ ਸਭ ਤੋਂ ਤਕੜਾ ਮੁੱਦਈ ਹੋਵਾਂਗਾ। ਇਹ ਐਸੀ ਤਰੱਕੀ ਦੀ ਸਭ ਤੋਂ ਪਹਿਲੀ ਸ਼ਰਤ ਹੈ। ਜਦੋਂ ਤਕ ਅਸੀਂ ਜੇਲ੍ਹ ਵਿਚ ਕੈਦ ਹਾਂ, ਹਜ਼ੂਰ ਦੀ ਹਿੰਦੁਸਤਾਨੀ ਵਫਾਦਾਰ ਪਰਜਾ ਦੇ ਸੈਂਕੜੇ ਹਜ਼ਾਰਾਂ ਘਰਾਂ ਵਿਚ ਸੱਚੀ ਖੁਸ਼ੀ ਅਤੇ ਚਾਅ ਨਹੀਂ ਪਰਤਣਗੇ, ਕਿਉਂਕਿ ਆਪਣਾ ਆਪਣਾ ਹੁੰਦਾ ਹੈ ਅਤੇ ਪਰਾਇਆ ਪਰਾਇਆ, ਪਰ ਜੇ ਸਾਨੂੰ ਰਿਹਾ ਕਰ ਦਿੱਤਾ ਜਾਂਦਾ ਹੈ ਤਾਂ ਸੁਭਾਵਿਕ ਤੌਰ 'ਤੇ ਲੋਕ ਖੁਸ਼ੀਆਂ ਮਨਾਉਣਗੇ ਅਤੇ ਸਰਕਾਰ ਦਾ ਜਸ ਗਾਉਣਗੇ। ਸਰਕਾਰ ਮੁਜਰਿਮ ਨੂੰ ਸਜ਼ਾ ਦੇਣ ਅਤੇ ਬਦਲਾ ਲੈਣ ਨਾਲੋਂ ਮੁਆਫ ਕਰਨ ਅਤੇ ਸੁਧਾਰਨ ਦੀ ਜ਼ਿਆਦਾ ਸੂਝ ਰੱਖਦੀ ਹੈ। ਨਾਲ ਹੀ ਮੇਰੇ ਵਲੋਂ ਸੰਵਿਧਾਨਕ ਰਾਹ ਅਖ਼ਤਿਆਰ ਕੀਤੇ ਜਾਣ ਨਾਲ ਹਿੰਦੁਸਤਾਨ ਅਤੇ ਵਿਦੇਸ਼ਾਂ ਵਿਚ ਕੁਰਾਹੇ ਪਏ ਸਾਰੇ ਨੌਜਵਾਨ ਵਾਪਸ ਇਸ ਰਾਹ ਉਪਰ ਪਰਤ ਆਉਣਗੇ ਜੋ ਮੈਨੂੰ ਆਪਣਾ ਰਾਹਨੁਮਾ ਮੰਨਦੇ ਹਨ। ਮੈਂ ਕਿਸੇ ਵੀ ਸੂਰਤ ਵਿਚ ਸਰਕਾਰ ਦੀ ਇੱਛਾ ਮੁਤਾਬਿਕ ਖ਼ਿਦਮਤ ਕਰਨ ਲਈ ਤਿਆਰ ਹਾਂ। ਮੈਂ ਕਿਉਂਕਿ ਆਪਣਾ ਰਾਹ ਸੁਚੇਤ ਤੌਰ 'ਤੇ ਬਦਲ ਰਿਹਾ ਹਾਂ, ਇਸ ਲਈ ਮੇਰਾ ਭਵਿੱਖੀ ਵਤੀਰਾ ਵੀ ਇਹੀ ਰਹੇਗਾ। ਜੋ ਕੁਝ ਮੈਨੂੰ ਰਿਹਾ ਕਰਨ ਨਾਲ ਹਾਸਲ ਕੀਤਾ ਜਾ ਸਕਦਾ ਹੈ, ਉਹ ਮੈਨੂੰ ਜੇਲ੍ਹ ਵਿਚ ਰੱਖਣ ਨਾਲ ਨਹੀਂ ਹੋਵੇਗਾ। ਕੇਵਲ ਬਲਵਾਨ ਹੀ ਰਹਿਮ-ਦਿਲ ਹੋ ਸਕਦਾ ਹੈ। ਲਿਹਾਜ਼ਾ, ਸ਼ਾਹ ਖ਼ਰਚ ਪੁੱਤਰ ਸਰਕਾਰ ਦੇ ਮਾਪਿਆਂ ਵਰਗੇ ਦੁਆਰ ਨੂੰ ਛੱਡ ਕੇ ਹੋਰ ਜਾ ਵੀ ਕਿੱਧਰ ਸਕਦਾ ਹੈ? ਉਮੀਦ ਹੈ, ਹਜ਼ੂਰ ਇਨ੍ਹਾਂ ਨੁਕਤਿਆਂ ਨੂੰ ਵਿਚਾਰਨ ਦੀ ਕ੍ਰਿਪਾਲਤਾ ਕਰਨਗੇ।



# ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Selling Homes from Gilroy to Sacramento, CA***

***Call us before visiting any model homes to save big time.***

## Just Sold

1. 2465 Becket Dr., Union City, CA 94587
2. 638 Baron Way, Hayward, CA 94544
3. 29145 Eden Shores Dr., Hayward, CA 94545
4. 4356 Queen Ann Dr., Union City, CA 94587
5. 4415 Viejo Way, Union City, CA 94587

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

**Call Sukhi Gill** **Ph: 510-207-9067**

DHMS, Loan Broker

CA BRE Lic.#01180969

NMLS# 352095

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner
2012, 2013 & 2014

Sacramento Office
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

***Follow us on zillow.com and trulia.com***

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.